
# ਲੈਨਿਨ

# ਲੋਕਾਂ ਵਿੱਚ ਕੰਮ ਕਿਵੇਂ ਕਰੀਏ



ਦੁਨੀਆਂ ਭਰ ਦੇ ਮਜ਼ਦੂਰੋ, ਇੱਕ ਹੋ ਜਾਓ!


## ਵ. ਇ. ਲੈਨਿਨ


# ਲੋਕਾਂ ਵਿੱਚ ਕੰਮ ਕਿਵੇਂ ਕਰੀਏ

(ਲੇਖ ਅਤੇ ਤਕਰੀਰਾਂ)


ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਹਿਲੀ ਵਾਰ — 1977
ਇਹ ਐਡੀਸ਼ਨ — ਸਤੰਬਰ 2011

ਟਾਈਟਲ ਕਵਰ — ਅਜੇ ਪਾਲ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 65 ਰੁਪਏ**

# ਤਤਕਰਾ


**ਸਾਡੀ ਲਹਿਰ ਦੇ ਫੌਰੀ ਕੰਮ** .............................................. 5

**ਸੋਸ਼ਲ-ਡੈਮੋਕਰੈਟਿਕ ਲਹਿਰ ਦੇ ਕੰਮਾਂ ਬਾਰੇ** ............................ 12

**ਨਵੇਂ ਕੰਮ ਅਤੇ ਨਵੀਂਆਂ ਤਾਕਤਾਂ** ........................................ 15

**ਰਾਜਨੀਤੀ ਤੇ ਸਿੱਖਿਆਵਾਂ ਨੂੰ ਇੱਕਸੁਰ ਕਰਨ ਬਾਰੇ** ....................... 26

**ਮਾਸਕੋ ਵਿਦਰੋਹ ਦੇ ਸਬਕ** ................................................. 30

**ਡੂਮਾ ਚੋਣਾਂ ਪ੍ਰਤੀ ਬੁਰਜੂਆ ਪਾਰਟੀਆਂ ਅਤੇ ਮਜ਼ਦੂਰਾਂ**
**ਦੀ ਪਾਰਟੀ ਦਾ ਵਤੀਰਾ** .................................................... 40

**ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀ ਪੰਜਵੀਂ**
**ਕਾਂਗਰਸ ਲਈ ਡਰਾਫਟ ਮਤਿਆਂ ਵਿੱਚੋਂ** ..................................... 47

4. ਵੱਡੀ ਪੱਧਰ ’ਤੇ ਗਰੀਬੀ ਤੇ ਆਰਥਕ ਘੋਲ਼ ਦਾ ਤੇਜ਼ ਹੋਣਾ ..................... 47

5. ਗੈਰ–ਪਾਰਟੀ ਮਜ਼ਦੂਰਾਂ ਦੀਆਂ ਜੱਥੇਬੰਦੀਆਂ
ਅਤੇ ਪ੍ਰੋਲੇਤਾਰੀਆਂ ਵਿੱਚ ਅਨਾਰਕੋ–ਸਿੰਡੀਕੇਲਿਸਟ ਰੁਚੀ ....................... 47

**ਮੌਜੂਦਾ ਸਥਿਤੀ ਦਾ ਜਾਇਜ਼ਾ** ................................................ 50

**ਰਾਹੇ ਰਾਹ** ................................................................... 64

**ਇੱਕ ਵਾਰ ਫੇਰ ਪਾਰਟੀਵਾਦ ਤੇ ਗੈਰ-ਪਾਰਟੀਵਾਦ ਬਾਰੇ** ..................... 73

**ਚੌਥੀ ਡੂਮਾ ਲਈ ਚੋਣਾਂ ਦੇ ਮੌਕੇ ’ਤੇ** ....................................... 76

**ਕਿਸਾਨਾਂ ਦੇ ਡਿਪਟੀਆਂ ਦੀ ਕਾਂਗਰਸ** ....................................... 82

**ਇਟਲੀ, ਫ਼ਰਾਂਸੀਸੀ ਅਤੇ ਜਰਮਨ ਕਮਿਊਨਿਸਟਾਂ ਨੂੰ ਵਧਾਈਆਂ ਵਿੱਚੋਂ** .......... 86

**ਖੱਬੇ ਪੱਖੀ ਕਮਿਊਨਿਜ਼ਮ - ਇੱਕ ਬਚਪਨੇ ਦਾ ਰੋਗ** ........................ 93

6. ਕੀ ਇਨਕਲਾਬੀਆਂ ਨੂੰ ਪਿਛਾਂਹ–ਖਿੱਚੂ ਟਰੇਡ
ਯੂਨੀਅਨਾਂ ਵਿੱਚ ਕੰਮ ਕਰਨਾ ਚਾਹੀਦਾ ਹੈ ? ..................................... 93

7. ਕੀ ਸਾਨੂੰ ਬੁਰਜੂਆ ਪਾਰਲੀਮੈਂਟਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ ? ........... 105

**ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ**
**ਦੇ ਮੁਢਲੇ ਕਾਰਜਾਂ ਬਾਰੇ ਥੀਸਸ** ............................................ 117

1. ਪ੍ਰੋਲੇਤਾਰੀਆਂ ਦੀ ਡਿਕਟੇਟਰੀ ਅਤੇ ਸੋਵੀਅਤ ਸੱਤ੍ਹਾ ਦਾ ਖਾਸਾ ............... 118

2. ਪ੍ਰੋਲੇਤਾਰੀ ਦੀ ਡਿਕਟੇਟਰੀ ਲਈ ਫੌਰੀ ਅਤੇ ਵਿਆਪਕ
ਤਿਆਰੀ ਵਿੱਚ ਕੀ ਹੋਵੇ ........................................................ 121
3. ਕਮਿਊਨਿਸਟ ਇੰਟਰਨੈਸ਼ਨਲ ਨਾਲ਼ ਸਬੰਧਤ
ਜਾਂ ਸਬੰਧਤ ਹੋਣ ਦੀਆਂ ਚਾਹਵਾਨ ਪਾਰਟੀਆਂ ਦੀ
ਰਾਜਸੀ ਲਾਈਨ, ਅੱਧ-ਪਚੱਧੇ ਤੌਰ ’ਤੇ ਉਹਨਾਂ
ਦੀ ਬਣਤਰ ਦੀ ਵੀ, ਪੁਸ਼ਟੀ ਕਰਨਾ ............................................ 130
**ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਵਿੱਚ
ਕਮਿਊਨਿਸਟ ਪਾਰਟੀ ਦੇ ਰੋਲ ਬਾਰੇ ਤਕਰੀਰ,**
23, ਜੁਲਾਈ 1920 ........................................................ 135
**ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ
ਵਿੱਚ ਕੌਮੀ ਅਤੇ ਬਸਤੀਵਾਦੀ ਸਵਾਲਾਂ ਬਾਰੇ ਕਮਿਸ਼ਨ ਦੀ ਰਿਪੋਰਟ,**
26, ਜੁਲਾਈ, 1920 ........................................................ 140
**ਆਸਟਰੀਆਈ ਕਮਿਊਨਿਸਟਾਂ ਨੂੰ ਖ਼ਤ ........................................ 146**
**ਕਮਿਊਨਿਸਟ ਇੰਟਰਨੈਸ਼ਨਲ ਦੀ ਤੀਜੀ ਕਾਂਗਰਸ
ਵਿੱਚ ਕਮਿਊਨਿਸਟ ਇੰਟਰਨੈਸ਼ਨਲ ਦੀ ਯੁੱਧਨੀਤੀ ਦੇ ਹੱਕ
ਵਿੱਚ ਤਕਰੀਰ**, 1 ਜੁਲਾਈ, 1921 ............................................ 149

# ਸਾਡੀ ਲਹਿਰ ਦੇ ਫੌਰੀ ਕੰਮ

ਰੂਸੀ ਸੋਸ਼ਲ ਡੈਮੋਕਰੇਸੀ ਨੇ ਵਾਰ ਵਾਰ ਇਹ ਐਲਾਨ ਕੀਤਾ ਹੈ ਕਿ ਰੂਸ ਦੀ ਮਿਨਹਤਕਸ਼ ਜਨਤਾ ਦੀ ਪਾਰਟੀ ਦਾ ਫੌਰੀ ਰਾਜਸੀ ਕੰਮ ਤਾਨਾਸ਼ਾਹੀ ਦਾ ਤਖ਼ਤਾ ਪਲਟਣਾ ਅਤੇ ਰਾਜਸੀ ਮੁਕਤੀ ਪ੍ਰਾਪਤ ਕਰਨਾ ਹੈ। ਇਹ ਕੰਮ ਪੰਦਰਾਂ ਸਾਲ ਪਹਿਲਾਂ ਰੂਸੀ ਸੋਸ਼ਲ ਡੈਮੋਕਰੇਸੀ ਦੇ ਪ੍ਰਤੀਨਿਧਾਂ – ਮਜ਼ਦੂਰ ਮੁਕਤੀ ਗਰੁੱਪ ਦੇ ਮੈਂਬਰਾਂ ਨੇ ਮਿੱਥਿਆ ਸੀ। ਇਸ ਨੂੰ ਇੱਕ ਵਾਰ ਫੇਰ ਢਾਈ ਸਾਲ ਪਹਿਲਾਂ ਰੂਸੀ ਸੋਸ਼ਲ ਡੈਮੋਕਰੈਟਿਕ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਦੁਹਰਾਇਆ, ਜਿਨ੍ਹਾਂ ਨੇ ਕਿ 1898 ਦੀ ਬਹਾਰ ਵਿੱਚ ਰੂਸੀ ਸੋਸ਼ਲ ਡੈਮੋਕਰੈਟਿਕ ਪਾਰਟੀ ਦੀ ਨੀਂਹ ਰੱਖੀ ਸੀ। ਇਨ੍ਹਾਂ ਵਾਰ ਵਾਰ ਦੁਹਰਾਏ ਗਏ ਐਲਾਨਾਂ ਦੇ ਬਾਵਜੂਦ ਵੀ ਰੂਸ ਵਿੱਚ ਸੋਸ਼ਲ ਡੈਮੋਕਰੇਸੀ ਦੇ ਰਾਜਸੀ ਕੰਮਾਂ ਦਾ ਸਵਾਲ ਅੱਜ ਫੇਰ ਉੱਭਰ ਕੇ ਸਾਹਮਣੇ ਆਇਆ ਹੈ। ਸਾਡੀ ਲਹਿਰ ਦੇ ਕਈ ਪ੍ਰਤੀਨਿਧ, ਸਵਾਲ ਦੇ ਉੱਪਰਲਿਖਤ ਹੱਲ ਦੇ ਸਹੀ ਹੋਣ ਬਾਰੇ ਸ਼ੱਕ ਪ੍ਰਗਟ ਕਰਦੇ ਹਨ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਆਰਥਕ ਘੋਲ਼ ਦੀ ਮਹੱਤਤਾ ਸਭ ਤੋਂ ਵੱਧ ਹੈ; ਪ੍ਰੋਲੇਤਾਰੀ ਦੇ ਰਾਜਸੀ ਕੰਮ ਪਿਛਾਂਹ ਧੱਕ ਦਿੱਤੇ ਗਏ ਹਨ, ਸੁੰਗੜ ਜਾਂਦੇ ਹਨ ਅਤੇ ਸੀਮਤ ਕਰ ਦਿੱਤੇ ਜਾਂਦੇ ਹਨ ਅਤੇ ਇਹ ਵੀ ਕਿਹਾ ਜਾਂਦਾ ਹੈ ਕਿ ਰੂਸ ਵਿੱਚ ਮਿਹਨਤਕਸ਼ ਜਮਾਤ ਦੀ ਆਜ਼ਾਦ ਪਾਰਟੀ ਕਾਇਮ ਕਰਨ ਦੀ ਗੱਲ ਕਰਨ ਦਾ ਅਰਥ ਮਹਿਜ਼ ਕਿਸੇ ਹੋਰ ਬੰਦੇ ਦੀਆਂ ਗੱਲਾਂ ਨੂੰ ਦੁਹਰਾਉਣਾ ਹੈ, ਕਿ ਮਜ਼ਦੂਰਾਂ ਨੂੰ ਸਿਰਫ਼ ਆਪਣੇ ਆਰਥਕ ਸੰਘਰਸ਼ ਹੀ ਲੜਨੇ ਚਾਹੀਦੇ ਹਨ ਅਤੇ ਰਾਜਨੀਤੀ ਨੂੰ ਬੁੱਧੀਜੀਵੀਆਂ ਲਈ ਛੱਡ ਦੇਣਾ ਚਾਹੀਦਾ ਹੈ, ਜਿਸ ਵਿੱਚ ਲਿਬਰਲ ਉਹਨਾਂ ਦੇ ਸਹਿਯੋਗੀ ਹੁੰਦੇ ਹਨ। ਇਸ ਨਵੀਂ ਵਿਚਾਰਧਾਰਾ ਬਦਨਾਮ ਕਰੈਡੋ[1] ਦੇ ਤਾਜ਼ੇ ਵਿਚਾਰ ਦਾ ਅਰਥ ਇਹ ਐਲਾਨ ਕਰਨ ਦੇ ਤੁੱਲ ਹੈ ਕਿ ਰੂਸੀ ਪ੍ਰੋਲੇਤਾਰੀ

---

1. **ਕਰੈਡੋ** (ਵਿਸ਼ਵਾਸ, ਸੰਸਾਰ ਨਜ਼ਰੀਏ ਦਾ ਪ੍ਰਤੀਕ) – 1899 ਵਿੱਚ ਛਪੇ ਇੱਕ ਦਸਤਾਵੇਜ਼ ਦਾ ਸਿਰਲੇਖ ਜਿਹੜਾ ਆਰਥਕਵਾਦ ਦੀਆਂ ਮੁੱਖ ਗੱਲਾਂ ਦਾ ਵਿਸਥਾਰ ਦੱਸਦਾ ਹੈ; ਆਰਥਕਵਾਦ, ਇੱਕ ਮੌਕਾਪ੍ਰਸਤ ਰਉਂ ਜਿਹੜਾ ਪਿਛਲੀ ਸਦੀ ਦੇ ਅੰਤ ਵਿੱਚ ਰੂਸੀ ਸੋਸ਼ਲ ਡੈਮੋਕਰੈਟਾਂ ਦੇ ਇੱਕ ਹਿੱਸੇ ਵਿੱਚ ਪੈਦਾ ਹੋਇਆ ਸੀ। ਆਰਥਕਵਾਦੀਏ ਦਾਅਵਾ ਕਰਦੇ ਸਨ ਕਿ ਜ਼ਾਰਵਾਦ ਵਿਰੁੱਧ ਰਾਜਸੀ ਸੰਘਰਸ਼ ਮੁੱਖ ਤੌਰ 'ਤੇ ਲਿਬਰਲ ਬੁਰਜੂਆਜ਼ੀ ਵੱਲੋਂ ਕੀਤਾ ਜਾਣਾ ਹੈ ਅਤੇ ਕਿ ਵਰਕਰਾਂ ਨੂੰ ਆਪਣੇ ਆਪ ਨੂੰ ਚੰਗੀਆਂ ਕੰਮ-ਹਾਲਤਾਂ, ਉੱਚ ਉਜਰਤਾਂ ਆਦਿ ਲਈ ਸੰਘਰਸ਼ ਤੱਕ ਹੀ ਸੀਮਤ ਰੱਖਣਾ ਚਾਹੀਦਾ ਹੈ। ਆਰਥਕਵਾਦੀਆਂ ਨੇ ਮਜ਼ਦੂਰ ਜਮਾਤ ਦੀ ਅਜ਼ਾਦ ਰਾਜਸੀ ਪਾਰਟੀ ਕਾਇਮ ਕਰਨ ਦਾ ਵਿਰੋਧ ਕੀਤਾ ਅਤੇ ਲੇਬਰ ਲਹਿਰ ਲਈ ਇਨਕਲਾਬੀ ਥਿਊਰੀ ਦੀ ਮਹਾਨਤਾ ਤੋਂ ਹੀ ਇਨਕਾਰ ਕੀਤਾ। 1902 ਵਿੱਚ ਛਪੀ ਆਪਣੀ ਪੁਸਤਕ **ਕੀ ਕਰਨਾ ਲੋੜੀਏ ?** ਅਤੇ ਹੋਰ ਲਿਖਤਾਂ ਵਿੱਚ ਲੈਨਿਨ ਨੇ ਸਿੱਧ ਕੀਤਾ ਕਿ ਆਰਥਕਵਾਦੀਆਂ ਦਾ ਵਿਚਾਰ ਬਿਲਕੁਲ ਪੇਤਲਾ ਅਤੇ ਨੁਕਸਾਨਦੇਹ ਹੈ।

ਹਾਲੇ ਤੱਕ ਪੂਰੀ ਤਰ੍ਹਾਂ ਤਿਆਰ ਨਹੀਂ ਹਨ ਅਤੇ ਇਹ ਵਿਚਾਰ ਸੋਸ਼ਲ ਡੈਮੋਕਰੈਟਿਕ ਪ੍ਰੋਗਰਾਮ ਨੂੰ ਮੁਕੰਮਲ ਤੌਰ 'ਤੇ ਰੱਦ ਕਰਦਾ ਹੈ। **ਰਾਬੋਚਾਯਾ ਮਿਸਲ** (ਵਿਸ਼ੇਸ਼ ਕਰਕੇ ਇਸ ਦੇ **ਵੱਖਰੇ ਸਪਲੀਮੈਂਟ** ਵਿੱਚ) ਅਮਲੀ ਤੌਰ 'ਤੇ ਇਹੀ ਵਤੀਰਾ ਅਖ਼ਤਿਆਰ ਕਰਦਾ ਹੈ। ਰੂਸੀ ਸੋਸ਼ਲ ਡੈਮੋਕਰੇਸੀ ਇਸ ਸਮੇਂ ਥਿੜਕਣ ਅਤੇ ਸ਼ੱਕ ਦੇ ਅਜਿਹੇ ਦੌਰ ਵਿੱਚੋਂ ਲੰਘ ਰਹੀ ਹੈ ਜਿਹੜਾ ਸਵੈ-ਖਾਤਮੇ ਤੱਕ ਜਾ ਸਕਦਾ ਹੈ। ਇੱਕ ਪਾਸੇ, ਮਜ਼ਦੂਰ ਜਮਾਤ ਦੀ ਲਹਿਰ ਨੂੰ ਸੋਸ਼ਲਿਜ਼ਮ ਤੋਂ ਅਲੱਗ ਰਖਿਆ ਜਾ ਰਿਹਾ ਹੈ, ਵਰਕਰਾਂ ਨੂੰ ਆਰਥਕ ਸੰਘਰਸ਼ ਕਰਨ ਵਿੱਚ ਮਦਦ ਕੀਤੀ ਜਾ ਰਹੀ ਹੈ, ਪਰ ਉਹਨਾਂ ਨੂੰ ਸਮੁੱਚੀ ਲਹਿਰ ਦੇ ਸੋਸ਼ਲਿਸਟ ਟੀਚੇ ਅਤੇ ਰਾਜਸੀ ਕੰਮ ਸਮਝਾਉਣ ਲਈ ਅਸਲੋਂ ਹੀ ਕੁਝ ਨਹੀਂ ਕੀਤਾ ਜਾ ਰਿਹਾ। ਦੂਜੇ ਪਾਸੇ, ਸੋਸ਼ਲਿਜ਼ਮ ਨੂੰ ਮਜ਼ਦੂਰ ਲਹਿਰ ਨਾਲ਼ੋਂ ਵਖਰਿਆਇਆ ਜਾ ਰਿਹਾ ਹੈ, ਰੂਸੀ ਸੋਸ਼ਲਿਸਟ ਇੱਕ ਵਾਰ ਫੇਰ ਵੱਧ ਤੋਂ ਵੱਧ ਇਹ ਗੱਲ ਕਰਨ ਲੱਗ ਪਏ ਹਨ ਕਿ ਸਰਕਾਰ ਵਿਰੁੱਧ ਘੋਲ਼ ਸਮੁੱਚੇ ਤੌਰ 'ਤੇ ਬੁੱਧੀਜੀਵੀਆਂ ਨੂੰ ਕਰਨਾ ਪਵੇਗਾ ਕਿਉਂਕਿ ਮਜ਼ਦੂਰ ਸਿਰਫ਼ ਆਰਥਕ ਸੰਘਰਸ਼ ਵਿੱਚ ਹੀ ਰੁਝੇ ਹੋਏ ਹਨ।

ਸਾਡੀ ਰਾਏ ਵਿੱਚ ਇਸ ਵਿਸ਼ਾਦਮਈ ਸਥਿਤੀ ਲਈ ਮੁੱਖ ਤੌਰ 'ਤੇ ਤਿੰਨ ਗੱਲਾਂ ਨੇ ਹਾਲਾਤ ਤਿਆਰ ਕੀਤੀ ਹੈ। ਪਹਿਲੀ ਇਹ ਕਿ ਆਪਣੀਆਂ ਮੁਢਲੀਆਂ ਸਰਗਰਮੀਆਂ ਵਿੱਚ ਰੂਸੀ ਸੋਸ਼ਲ ਡੈਮੋਕਰੈਟਾਂ ਨੇ ਆਪਣੇ ਆਪ ਨੂੰ ਸਿਰਫ਼ ਪ੍ਰਚਾਰ ਗਰੁੱਪਾਂ ਤੱਕ ਹੀ ਸੀਮਤ ਰੱਖਿਆ। ਜਦੋਂ ਅਸੀਂ ਲੋਕਾਂ ਵਿੱਚ ਕੋਈ ਮੁਹਿੰਮ ਸ਼ੁਰੂ ਕੀਤੀ ਤਾਂ ਅਸੀਂ ਆਪਣੇ ਆਪ ਨੂੰ ਦੂਜੀ ਹੱਦ ਤੱਕ ਜਾਣੋਂ ਰੋਕ ਨਹੀਂ ਸਕੇ। ਦੂਜੇ, ਆਪਣੀ ਮੁਢਲੀ ਸਰਗਰਮੀ ਵਿੱਚ ਸਾਨੂੰ ਬਹੁਤਾ ਕਰਕੇ ਨਾਰੋਦਨਾਯਾ ਵੋਲਿਯਾ[1] ਵਾਲਿਆਂ ਵਿਰੁੱਧ ਆਪਣੀ ਹੋਂਦ ਦੇ ਹੱਕ ਲਈ ਘੋਲ਼ ਕਰਨਾ ਪਿਆ, ਜਿਹੜੇ ਕਿ "ਰਾਜਨੀਤੀ" ਤੋਂ ਅਜਿਹੀ ਸਰਗਰਮੀ ਦਾ ਅਰਥ ਕੱਢਦੇ ਸਨ ਜਿਹੜੀ ਮਜ਼ਦੂਰ ਜਮਾਤ ਦੀ ਲਹਿਰ ਨਾਲ਼ੋਂ ਨਿਖੜੀ ਹੋਈ ਹੁੰਦੀ ਹੈ ਤੇ ਜਿਨ੍ਹਾਂ ਨੇ ਰਾਜਨੀਤੀ ਨੂੰ ਨਿਰੋਲ ਸਾਜ਼ਸ਼ੀ ਸੰਘਰਸ਼ ਤੱਕ ਸੀਮਤ ਕਰ ਦਿੱਤਾ। ਇਸ ਕਿਸਮ ਦੀ ਰਾਜਨੀਤੀ ਨੂੰ ਰੱਦ ਕਰਦੇ ਹੋਏ ਸੋਸ਼ਲ ਡੈਮੋਕਰੈਟ ਰਾਜਨੀਤੀ ਨੂੰ ਬਿਲਕੁਲ ਹੀ ਪਿਛੋਕੜ ਵਿੱਚ ਸੁੱਟਣ ਦੀ ਹੱਦ ਤੱਕ ਚਲੇ ਗਏ। ਤੀਜੇ, ਵਰਕਰਾਂ ਦੇ ਛੋਟੇ ਛੋਟੇ ਗਰੁੱਪਾਂ ਵਿੱਚ ਨਿੱਖੜ ਕੇ ਕੰਮ ਕਰਦੇ ਹੋਏ ਸੋਸ਼ਲ-ਡੈਮੋਕਰੈਟਾਂ ਨੇ ਇੱਕ ਅਜਿਹੀ ਇਨਕਲਾਬੀ ਪਾਰਟੀ, ਜਿਹੜੀ ਕਿ ਸਾਰੇ ਸਥਾਨਕ ਗਰੁੱਪਾਂ ਦੀਆਂ ਸਰਗਰਮੀਆਂ ਨੂੰ ਇਕੱਠਿਆਂ ਕਰਕੇ ਇਨਕਲਾਬੀ ਕੰਮ ਨੂੰ ਸਹੀ ਸੇਧ ਦੇਣ ਤੇ ਜਥੇਬੰਦ

---

1. **ਨਾਰੋਦਨਾਯਾ ਵੋਲਿਯਾ** (ਲੋਕ ਇੱਛਾ) – 1879 ਵਿੱਚ ਕਾਇਮ ਕੀਤੀ ਗਈ ਇੱਕ ਗੁਪਤ ਇਨਕਲਾਬੀ ਜਥੇਬੰਦੀ। ਇਸ ਦੇ ਮੈਂਬਰਾਂ ਨੇ ਜ਼ਾਰਵਾਦ ਦੇ ਖਿਲਾਫ਼ ਵਿਅਕਤੀਗਤ ਦਹਿਸ਼ਤਪਸੰਦੀ ਦੀਆਂ ਕਾਰਵਾਈਆਂ ਦੇ ਢੰਗ ਅਪਣਾਏ, ਜ਼ਾਰ ਦੇ ਬਹੁਤ ਸਾਰੇ ਅਧਿਕਾਰੀਆਂ ਉੱਤੇ ਜਾਨੀ ਹਮਲੇ ਕੀਤੇ ਅਤੇ 1 ਮਾਰਚ 1881 ਨੂੰ ਜ਼ਾਰ ਅਲੈਗਜ਼ਾਂਦਰ ਦੂਜੇ ਨੂੰ ਕਤਲ ਕਰ ਦਿੱਤਾ। ਉਨ੍ਹਾਂ ਦੀ ਇਹ ਸੋਚਣੀ ਗਲਤ ਸੀ ਕਿ ਇਨਕਲਾਬੀਆਂ ਦਾ ਇੱਕ ਛੋਟਾ ਜਿਹਾ ਗਰੁੱਪ ਸੱਤ੍ਹਾ 'ਤੇ ਕਬਜ਼ਾ ਕਰ ਸਕਦਾ ਹੈ ਅਤੇ ਤਾਨਾਸ਼ਾਹੀ ਦਾ ਖਾਤਮਾ ਕਰ ਸਕਦਾ ਹੈ ਅਤੇ ਕਿ ਉਸ ਨੂੰ ਜਨਤਕ ਇਨਕਲਾਬੀ ਲਹਿਰ ਉੱਤੇ ਟੇਕ ਰੱਖਣ ਦੀ ਕੋਈ ਲੋੜ ਨਹੀਂ। ਮਗਰਲੇ 1880ਵਿਆਂ ਵਿੱਚ ਇਸ ਜਥੇਬੰਦੀ ਦੀ ਹੋਂਦ ਖ਼ਤਮ ਹੋ ਗਈ।

ਕਰਨ ਨੂੰ ਸੰਭਵ ਬਣਾਵੇ, ਜਥੇਬੰਦ ਕਰਨ ਦੀ ਲੋੜ ਵੱਲ ਲੋੜੀਂਦਾ ਧਿਆਨ ਨਹੀਂ ਸੀ ਦਿੱਤਾ। ਅਲੱਗ ਅਲੱਗ ਤੌਰ 'ਤੇ ਕੰਮ ਕਰਨ ਨੂੰ ਵਧੇਰੇ ਅਹਿਮੀਅਤ ਦੇਣਾ ਕੁਦਰਤੀ ਤੌਰ 'ਤੇ ਆਰਥਕ ਸੰਘਰਸ਼ ਨੂੰ ਸਭ ਤੋਂ ਵੱਧ ਅਹਿਮੀਅਤ ਦੇਣ ਨਾਲ਼ ਜੁੜਿਆ ਹੋਇਆ ਹੈ।

ਇਨ੍ਹਾਂ ਹਾਲਤਾਂ ਕਾਰਨ ਸਿੱਟਾ ਇਹ ਨਿਕਲਿਆ ਕਿ ਲਹਿਰ ਦੇ ਸਿਰਫ਼ ਇੱਕ ਪਾਸੇ ਹੀ ਧਿਆਨ ਕੇਂਦਰਿਤ ਹੋ ਸਕਿਆ। "ਆਰਥਕਵਾਦੀ" ਰੁਚੀ (ਜੇਕਰ ਅਸੀਂ ਇਸ ਨੂੰ "ਰੁਚੀ" ਕਹਿ ਸਕਦੇ ਹਾਂ) ਨੇ ਇਸ ਸੌੜੇਪਣ ਨੂੰ ਇੱਕ ਸਪੈਸ਼ਲ ਥੀਊਰੀ ਦੀ ਪੱਧਰ ਤੱਕ ਉੱਚਾ ਚੁੱਕਣ ਦਾ ਯਤਨ ਕੀਤਾ ਹੈ ਅਤੇ ਇਸ ਮੰਤਵ ਲਈ ਫ਼ੈਸ਼ਨੇਬਲ ਬਰਨਸਟੀਨਵਾਦ[1] ਅਤੇ ਫ਼ੈਸ਼ਨੇਬਲ "ਮਾਰਕਸਵਾਦ ਦੀ ਨੁਕਤਾਚੀਨੀ", ਜਿਹੜੇ ਕਿ ਨਵੇਂ ਲੇਬਲਾਂ ਹੇਠ ਪੁਰਾਣੇ ਬੁਰਜੂਆ ਵਿਚਾਰਾਂ ਨੂੰ ਹੀ ਪੇਸ਼ ਕਰਦੇ ਹਨ, ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਿਰਫ ਇਹਨਾਂ ਕੋਸ਼ਿਸ਼ਾਂ ਨੇ ਹੀ ਰੂਸੀ ਮਜ਼ਦੂਰ ਜਮਾਤ ਦੀ ਲਹਿਰ ਅਤੇ ਰੂਸੀ ਸੋਸ਼ਲ ਡੈਮੋਕਰੇਸੀ, ਜਿਹੜੇ ਕਿ ਰਾਜਸੀ ਬੰਦ-ਖਲਾਸੀ ਲਈ ਸੰਘਰਸ਼ ਦੇ ਮੁਹਰੈਲ ਦਸਤੇ ਹਨ, ਵਿਚਾਲੇ ਸਬੰਧਾਂ ਨੂੰ ਕਮਜ਼ੋਰ ਕਰਨ ਦਾ ਖਤਰਾ ਪੈਦਾ ਕਰ ਦਿੱਤਾ ਹੈ। ਸਾਡੀ ਲਹਿਰ ਦਾ ਸਭ ਤੋਂ ਫੌਰੀ ਕੰਮ ਇਸ ਸਬੰਧ ਨੂੰ ਮਜ਼ਬੂਤ ਕਰਨਾ ਹੈ।

ਸੋਸ਼ਲ ਡੈਮੋਕਰੇਸੀ ਮਜ਼ਦੂਰ ਜਮਾਤ ਦੀ ਲਹਿਰ ਅਤੇ ਸੋਸ਼ਲਿਜ਼ਮ ਦਾ ਜੋੜ ਹੈ। ਇਸ ਦਾ ਕੰਮ ਮਜ਼ਦੂਰ ਜਮਾਤ ਦੀ ਲਹਿਰ ਦੀ, ਇਸ ਦੀ ਹਰ ਇੱਕ ਵੱਖਰੀ ਪੱਧਰ ਉੱਤੇ ਢਿੱਲੇ ਜਿਹੇ ਢੰਗ ਨਾਲ਼ ਮਦਦ ਕਰਨਾ ਨਹੀਂ ਸਗੋਂ, ਸਮੁੱਚੀ ਲਹਿਰ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਨਾ, ਇਸ ਲਹਿਰ ਨੂੰ ਇਸ ਦੇ ਆਖਰੀ ਟੀਚੇ ਅਤੇ ਰਾਜਸੀ ਕੰਮਾਂ ਤੋਂ ਜਾਣੂ ਕਰਵਾਉਣਾ, ਅਤੇ ਇਸ ਦੀ ਰਾਜਸੀ ਅਤੇ ਵਿਚਾਰਧਾਰਕ ਆਜ਼ਾਦੀ ਦੀ ਰਾਖੀ ਕਰਨਾ ਹੈ। ਸੋਸ਼ਲ ਡੈਮੋਕਰੇਸੀ ਤੋਂ ਨਿੱਖੜ ਕੇ, ਮਜ਼ਦੂਰ ਜਮਾਤ ਦੀ ਲਹਿਰ ਪਹਿਲਾਂ ਨੀਮ ਅਤੇ ਫੇਰ ਪੂਰੇ ਤੌਰ 'ਤੇ ਬੁਰਜੂਆ ਹੋ ਜਾਂਦੀ ਹੈ। ਸਿਰਫ਼ ਆਰਥਕ ਘੋਲ਼ ਹੀ ਕਰਨ ਨਾਲ਼ ਮਜ਼ਦੂਰ ਜਮਾਤ ਦੀ ਲਹਿਰ ਆਪਣੀ ਰਾਜਸੀ ਆਜ਼ਾਦੀ ਗੁਆ ਬਹਿੰਦੀ ਹੈ; ਇਹ ਹੋਰ ਪਾਰਟੀਆਂ ਦੀ ਪੂਛ ਬਣ ਜਾਂਦੀ ਹੈ ਅਤੇ ਇਸ ਮਹਾਨ ਅਸੂਲ ਨੂੰ ਪਿੱਠ ਦਿੰਦੀ ਹੈ: "ਮਜ਼ਦੂਰ ਜਮਾਤਾਂ ਦੀ ਬੰਦ-ਖਲਾਸੀ ਮਜ਼ਦੂਰ ਜਮਾਤਾਂ ਨੂੰ ਆਪਣੇ ਆਪ ਹੀ ਪ੍ਰਾਪਤ ਕਰਨੀ ਪਵੇਗੀ।[2] ਹਰ ਦੇਸ਼ ਵਿੱਚ ਅਜਿਹਾ ਦੌਰ ਰਿਹਾ

---

1. **ਬਰਨਸਟੀਨਵਾਦ** - ਜਰਮਨੀ ਅਤੇ ਕੌਮਾਂਤਰੀ ਸੋਸ਼ਲਿਸਟ ਲਹਿਰ ਵਿੱਚ ਜਰਮਨੀ ਦੇ ਇੱਕ ਸੋਸ਼ਲ ਡੈਮੋਕਰੈਟ ਬਰਨਸਟੀਨ ਵੱਲੋਂ ਸ਼ੁਰੂ ਕੀਤਾ ਗਿਆ ਮੌਕਾਪ੍ਰਸਤ ਵਰਤਾਰਾ, ਜਿਸ ਦੀ ਮੁੱਖ ਮੰਗ ਸੋਸ਼ਲਿਸਟ ਇਨਕਲਾਬ ਅਤੇ ਪ੍ਰੋਲੇਤਾਰੀ ਦੀ ਡਿਕਟੇਟਰੀ ਬਾਰੇ ਇਨਕਲਾਬੀ ਮਾਰਕਸਵਾਦ ਦੇ ਮੁਢਲੇ ਅਸੂਲਾਂ ਵਿੱਚ ਸੁਧਾਰ ਕਰਨ ਅਤੇ ਉਨ੍ਹਾਂ ਨੂੰ ਰੱਦ ਕਰਨ ਦੀ ਸੀ। ਇਹ ਨਿਸ਼ਚੇ ਹੀ ਇਹ ਮੰਗ ਸੀ ਕਿ ਸੋਸ਼ਲ ਡੈਮੋਕਰੈਟਾਂ ਨੂੰ ਸੋਸ਼ਲਿਜ਼ਮ ਲਈ ਸੰਘਰਸ਼ ਤੱਜ ਦੇਣਾ ਚਾਹੀਦਾ ਹੈ ਅਤੇ ਸਿਰਫ਼ ਸਰਮਾਏਦਾਰੀ ਸਮਾਜ ਦੇ ਚੌਖਟੇ ਅੰਦਰ ਹੀ ਕੁਝ ਸੁਧਾਰਾਂ ਲਈ ਯਤਨ ਕਰਨੇ ਚਾਹੀਦੇ ਹਨ।

2. ਲੈਨਿਨ, ਮਾਰਕਸ ਲਿਖਤ ਕੌਮਾਂਤਰੀ ਵਰਕਿੰਗ ਮੈਨਜ਼ ਐਸੋਸੀਏਸ਼ਨ ਦੇ ਆਮ ਨਿਯਮਾਂ ਦੀ ਮੁਢਲੀ ਮੱਦ ਦਾ ਹਵਾਲਾ ਦਿੰਦੇ ਹਨ (ਦੇਖੋ ਮਾਰਕਸ ਅਤੇ ਏਂਗਲਜ਼, **ਸਮੁੱਚੀਆਂ ਲਿਖਤਾਂ**, ਜਿਲਦ 1, ਮਾਸਕੋ 1962, ਸਫ਼ਾ 386)

ਹੈ ਜਿਸ ਵਿੱਚ ਮਜ਼ਦੂਰ ਜਮਾਤ ਦੀ ਲਹਿਰ ਸੋਸ਼ਲਿਜ਼ਮ ਤੋਂ ਵੱਖਰੀ ਸੀ ਅਤੇ ਦੋਵੇਂ ਆਪਣੇ ਤੌਰ ’ਤੇ ਚੱਲ ਰਹੀਆਂ ਸਨ; ਅਤੇ ਹਰ ਦੇਸ਼ ਵਿੱਚ ਇਸ ਨਿਖੇੜ ਨੇ ਸੋਸ਼ਲਿਜ਼ਮ ਅਤੇ ਮਜ਼ਦੂਰ ਜਮਾਤ ਦੀ ਲਹਿਰ, ਦੋਹਾਂ ਨੂੰ ਕਮਜ਼ੋਰ ਕੀਤਾ ਹੈ। ਸਿਰਫ਼ ਸੋਸ਼ਲਿਜ਼ਮ ਦੇ ਮਜ਼ਦੂਰ ਜਮਾਤ ਦੀ ਲਹਿਰ ਨਾਲ਼ ਇੱਕਰਸ ਹੋਣ ਨਾਲ਼ ਹੀ ਹਰ ਦੇਸ਼ ਵਿੱਚ ਦੋਹਾਂ ਲਈ ਠੋਸ ਆਧਾਰ ਪ੍ਰਾਪਤ ਹੋਇਆ ਹੈ। ਪਰ ਹਰ ਦੇਸ਼ ਵਿੱਚ ਸੋਸ਼ਲਿਜ਼ਮ ਅਤੇ ਮਜ਼ਦੂਰ ਜਮਾਤ ਦੀ ਲਹਿਰ ਦਾ ਜੋੜ ਇਤਿਹਾਸਕ ਤੌਰ ’ਤੇ, ਵੱਖਰੇ ਵੱਖਰੇ ਢੰਗ ਨਾਲ਼, ਸਮੇਂ ਅਤੇ ਸਥਾਨ ਦੀਆਂ ਸਥਿਤੀਆਂ ਦੇ ਮੁਤਾਬਕ, ਪੈਦਾ ਹੋਇਆ। ਰੂਸ ਵਿੱਚ ਸੋਸ਼ਲਿਜ਼ਮ ਅਤੇ ਮਜ਼ਦੂਰ ਜਮਾਤ ਦੀ ਲਹਿਰ ਨੂੰ ਜੋੜਨ ਦੀ ਲੋੜ ਨੂੰ ਥਿਊਰੀ ਵਜੋਂ ਤਾਂ ਬਹੁਤ ਚਿਰ ਪਹਿਲਾਂ ਐਲਾਨਿਆ ਗਿਆ ਸੀ, ਪਰ ਅਮਲੀ ਤੌਰ ’ਤੇ ਇਹ ਕੰਮ ਅੱਜ ਕੱਲ੍ਹ ਹੀ ਕੀਤਾ ਜਾ ਰਿਹਾ ਹੈ। ਇਹ ਬਹੁਤ ਔਖਾ ਅਮਲ ਹੈ ਅਤੇ ਇਸ ਲਈ ਇਸ ਵਿੱਚ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਕਿ ਇਸ ਅਮਲ ਦੇ ਨਾਲ਼ ਨਾਲ਼ ਥਿੜਕਣ ਅਤੇ ਸ਼ੱਕ ਵੀ ਪੈਦਾ ਹੋ ਗਏ ਹਨ।

ਬੀਤੇ ਤੋਂ ਅਸੀਂ ਕੀ ਸਬਕ ਲੈ ਸਕਦੇ ਹਾਂ ?

ਰੂਸੀ ਸੋਸ਼ਲਿਜ਼ਮ ਦੇ ਸਮੁੱਚੇ ਇਤਿਹਾਸ ਨੇ ਇੱਕ ਅਜਿਹੀ ਸਥਿਤੀ ਨੂੰ ਜਨਮ ਦਿੱਤਾ ਹੈ ਜਿਸ ਵਿੱਚ ਸਭ ਤੋਂ ਫੌਰੀ ਕੰਮ ਤਾਨਾਸ਼ਾਹ ਸਰਕਾਰ ਵਿਰੁੱਧ ਘੋਲ਼ ਕਰਨਾ ਅਤੇ ਰਾਜਸੀ ਬੰਦ-ਖਲਾਸੀ ਪ੍ਰਾਪਤ ਕਰਨਾ ਹੈ। ਸਾਡੀ ਸੋਸ਼ਲਿਸਟ ਲਹਿਰ ਕਹਿਣ ਨੂੰ ਤਾਂ ਤਾਨਾਸ਼ਾਹੀ ਵਿਰੁੱਧ ਸੰਘਰਸ਼ ਉੱਤੇ ਹੀ ਕੇਂਦਰਤ ਰਹੀ ਹੈ। ਦੂਜੇ ਪਾਸੇ ਇਤਿਹਾਸ ਨੇ ਦਰਸਾਇਆ ਹੈ ਕਿ ਮਜ਼ਦੂਰ ਜਮਾਤ ਦੇ ਮੁਹਰੈਲ ਤੋਂ ਸੋਸ਼ਲਿਸਟ ਵਿਚਾਰ ਦਾ ਨਿਖੇੜ ਰੂਸ ਵਿੱਚ ਹੋਰ ਦੇਸ਼ਾਂ ਨਾਲ਼ੋਂ ਵਧੇਰੇ ਹੈ ਅਤੇ ਕਿ ਜੇਕਰ ਇਹੀ ਸਥਿਤੀ ਕਾਇਮ ਰਹਿੰਦੀ ਹੈ ਤਾਂ ਰੂਸ ਵਿੱਚ ਇਨਕਲਾਬੀ ਲਹਿਰ ਨਕਾਰਾ ਤੇ ਬੇਹਿੱਸ ਹੋ ਜਾਵੇਗੀ। ਇਸ ਸਥਿਤੀ ਤੋਂ ਹੀ ਉਹ ਕੰਮ ਪੈਦਾ ਹੁੰਦਾ ਹੈ ਜਿਸ ਨੂੰ ਪੂਰਾ ਕਰਨ ਲਈ ਰੂਸੀ ਸੋਸ਼ਲ ਡੈਮੋਕਰੇਸੀ ਨੂੰ ਸੱਦਾ ਦਿੱਤਾ ਜਾਂਦਾ ਹੈ - ਪ੍ਰੋਲੇਤਾਰੀ ਜਨਤਾ ਨੂੰ ਸੋਸ਼ਲਿਜ਼ਮ ਅਤੇ ਰਾਜਸੀ ਚੇਤੰਨਤਾ ਦੇ ਵਿਚਾਰਾਂ ਨਾਲ ਲੈਸ ਕਰਨਾ ਅਤੇ ਇੱਕ ਅਜਿਹੀ ਇਨਕਲਾਬੀ ਪਾਰਟੀ ਜਥੇਬੰਦ ਕਰਨਾ ਜਿਹੜੀ ਅਟੁੱਟ ਤੌਰ ’ਤੇ ਮਜ਼ਦੂਰ ਜਮਾਤ ਦੀ ਆਪ-ਮੁਹਾਰੀ ਲਹਿਰ ਨਾਲ਼ ਜੁੜੀ ਹੋਈ ਹੋਵੇ। ਰੂਸੀ ਸੋਸ਼ਲ-ਡੈਮੋਕਰੇਸੀ ਨੇ ਇਸ ਦਿਸ਼ਾ ਵੱਲ ਬਹੁਤ ਕੁਝ ਕੀਤਾ ਹੈ, ਪਰ ਹਾਲੇ ਕਿਤੇ ਵਧੇਰੇ ਕੀਤਾ ਜਾਣਾ ਹੈ। ਲਹਿਰ ਦੇ ਵਿਕਾਸ ਦੇ ਨਾਲ਼ ਸੋਸ਼ਲ-ਡੈਮੋਕਰੈਟਾਂ ਦੀ ਸਰਗਰਮੀ ਦਾ ਖੇਤਰ ਚੁਰੇੜਾ ਹੋਇਆ ਹੈ; ਕੰਮ ਵਧੇਰੇ ਬਹੁ-ਪੱਖੀ ਹੋਇਆ ਹੈ ਅਤੇ ਲਹਿਰ ਵਿੱਚ ਸਰਗਰਮ ਕਾਰਕੁਨਾਂ ਦੀ ਵੱਧ ਰਹੀ ਗਿਣਤੀ ਆਪਣੇ ਯਤਨਾਂ ਨੂੰ ਉਹ ਕੰਮ ਪੂਰਾ ਕਰਨ ਲਈ ਕੇਂਦਰਤ ਕਰੇਗੀ, ਜਿਹੜੇ ਪ੍ਰਚਾਰ ਅਤੇ ਐਜੀਟੇਸ਼ਨ ਦੀਆਂ ਰੋਜ਼ਾਨਾ ਲੋੜਾਂ ਸਾਹਮਣੇ ਲਿਆਉਣਗੀਆਂ। ਇਹ ਵਰਤਾਰਾ ਕੁਦਰਤੀ ਅਤੇ ਲਾਜ਼ਮੀ ਹੈ, ਪਰ ਇਸ ਨਾਲ਼ ਅਸੀਂ, ਇਹਨਾਂ ਵਿਸ਼ੇਸ਼ ਸਰਗਰਮੀਆਂ ਅਤੇ ਘੋਲ਼ ਦੇ ਢੰਗਾਂ ਨੂੰ ਆਪਣੇ ਆਪ ਵਿੱਚ ਆਖਰੀ ਸਰਗਰਮੀਆਂ ਅਤੇ ਢੰਗ ਬਣਨੋਂ ਰੋਕਣ ਲਈ ਅਤੇ ਤਿਆਰੀ ਦੇ ਕੰਮਾਂ ਨੂੰ ਮੁੱਖ ਅਤੇ ਇੱਕੋ ਇੱਕ ਸਰਗਰਮੀ ਕਰਾਰ ਦੇਣੋਂ ਰੋਕਣ ਲਈ, ਵਿਸ਼ੇਸ਼ ਤੌਰ ’ਤੇ ਧਿਆਨ ਦੇਣ ਲੱਗਦੇ ਹਾਂ।

ਸਾਡਾ ਮੁਢਲਾ ਅਤੇ ਮੁੱਖ ਕੰਮ ਰਾਜਸੀ ਵਿਕਾਸ ਅਤੇ ਮਜ਼ਦੂਰ ਜਮਾਤ ਦੀ ਰਾਜਸੀ ਜਥੇਬੰਦੀ ਕਰਨਾ ਹੈ। ਜਿਹੜੇ ਇਸ ਕੰਮ ਨੂੰ ਪਿਛੋਕੜ ਵਿੱਚ ਧੱਕਦੇ ਹਨ, ਜਿਹੜੇ ਸਾਰੇ ਵਿਸ਼ੇਸ਼ ਕੰਮਾਂ ਅਤੇ ਸੰਘਰਸ਼ ਦੇ ਵਿਸ਼ੇਸ਼ ਢੰਗਾਂ ਨੂੰ ਇਸ ਕੰਮ ਤੋਂ ਹੇਠਲੇ ਕੰਮ ਮੰਨਣੋਂ ਇਨਕਾਰ ਕਰਦੇ ਹਨ, ਉਹ ਗਲਤ ਰਾਹ 'ਤੇ ਚੱਲ ਰਹੇ ਹਨ ਅਤੇ ਲਹਿਰ ਨੂੰ ਗੰਭੀਰ ਨੁਕਸਾਨ ਪਹੁੰਚਾ ਰਹੇ ਹਨ ਅਤੇ ਇਸ ਨੂੰ ਪਹਿਲੇ ਤੌਰ 'ਤੇ, ਉਹਨਾਂ ਵੱਲੋਂ ਪਿਛੋਕੜ ਵਿੱਚ ਧੱਕਿਆ ਜਾ ਰਿਹਾ ਹੈ ਜਿਹੜੇ ਇਨਕਲਾਬੀਆਂ ਨੂੰ ਕਹਿੰਦੇ ਹਨ ਕਿ ਸਰਕਾਰ ਵਿਰੁੱਧ ਸੰਘਰਸ਼ ਵਿੱਚ ਉਹ ਸਿਰਫ਼ ਨਿੱਖੜੇ ਹੋਏ ਸਾਜ਼ਸ਼ੀ ਗਰੁੱਪਾਂ, ਜਿਹੜੇ ਮਜ਼ਦੂਰ ਜਮਾਤ ਦੀ ਲਹਿਰ ਨਾਲੋਂ ਕੱਟੇ ਹੋਏ ਹਨ, ਵਿੱਚ ਹੀ ਤਾਕਤਾਂ ਨੂੰ ਸੇਧਤ ਕਰਨ। ਦੂਜੇ ਇਸ ਨੂੰ ਪਿਛੋਕੜ ਵਿੱਚ ਉਹਨਾਂ ਵੱਲੋਂ ਧੱਕਿਆ ਜਾ ਰਿਹਾ ਹੈ, ਜਿਹੜੇ ਰਾਜਸੀ ਪ੍ਰਚਾਰ ਐਜੀਟੇਸ਼ਨ ਅਤੇ ਜਥੇਬੰਦੀ ਦੀ ਲੋੜ ਅਤੇ ਸੰਭਾਵਨਾ ਨੂੰ ਸੀਮਤ ਕਰਦੇ ਹਨ; ਜਿਹੜੇ ਸੋਚਦੇ ਹਨ ਕਿ ਵਰਕਰਾਂ ਨੂੰ ਆਪਣੀ ਜ਼ਿੰਦਗੀ ਦੇ ਵਿਸ਼ੇਸ਼ ਪਲਾਂ ਵਿੱਚ ਹੀ, ਸਿਰਫ਼ ਕੁਝ ਖੁਸ਼ਗਵਾਰ ਮੌਕਿਆਂ 'ਤੇ ਹੀ "ਰਾਜਨੀਤੀ" ਵਿੱਚ ਦਾਖਲ ਕਰਨਾ ਚਾਹੀਦਾ ਹੈ; ਜਿਹੜੇ ਉਤਸੁਕਤਾ ਨਾਲ਼ ਤਾਨਾਸ਼ਾਹੀ ਵਿਰੁੱਧ ਰਾਜਸੀ ਸੰਘਰਸ਼ ਦੀ ਥਾਂ ਤਾਨਾਸ਼ਾਹੀ ਪਾਸੋਂ ਕੁਝ ਅਧੂਰੀਆਂ ਰਿਆਇਤਾਂ ਦੀ ਮੰਗ ਨੂੰ ਰੱਖਦੇ ਹਨ ਅਤੇ ਜਿਹੜੇ ਇਸ ਗੱਲ ਲਈ ਵਿਸ਼ੇਸ਼ ਯਤਨ ਨਹੀਂ ਕਰਦੇ ਕਿ ਤਾਨਾਸ਼ਾਹੀ ਪਾਸੋਂ ਅਧੂਰੀਆਂ ਰਿਆਇਤਾਂ ਦੀ ਇਸ ਮੰਗ ਨੂੰ ਤਾਨਾਸ਼ਾਹੀ ਵਿਰੁੱਧ ਇਨਕਲਾਬੀ, ਮਜ਼ਦੂਰ ਜਮਾਤ ਦੀ ਪਾਰਟੀ ਦੇ ਇੱਕ ਜਥੇਬੰਦ, ਨਿਰੰਤਰ ਘੋਲ਼ ਦੀ ਪੱਧਰ ਤੱਕ ਚੁੱਕਿਆ ਜਾਵੇ।

"ਜਥੇਬੰਦ ਕਰੋ!" **ਰਾਬੋਚਾਯਾ ਮਿਸਲ** ਵਰਕਰਾਂ ਨੂੰ ਇਹ ਗੱਲ ਸਭ ਕਾਸੇ ਦੇ ਹੱਲ ਵਜੋਂ ਵਾਰ ਵਾਰ ਦੁਹਰਾ ਰਿਹਾ ਹੈ ਅਤੇ "ਆਰਥਕਵਾਦੀ" ਰਉਂ ਨਾਲ਼ ਚੰਬੜੇ ਹੋਏ ਸਾਰੇ ਲੋਕ ਉਸ ਦੀ ਇਸ ਪੁਕਾਰ ਨੂੰ ਗੁੰਜਾਉਂਦੇ ਹਨ। ਅਸੀਂ ਨਿਸ਼ਚੇ ਹੀ ਇਸ ਅਪੀਲ ਦੀ ਪੂਰੇ ਤੌਰ 'ਤੇ ਪੁਸ਼ਟੀ ਕਰਦੇ ਹਾਂ, ਪਰ ਅਸੀਂ ਇਹ ਕਹਿਣੋਂ ਨਹੀਂ ਝਿਜਕਾਂਗੇ: ਜਥੇਬੰਦ ਕਰੋ, ਪਰ ਆਪਸੀ ਲਾਹੇ ਦੀਆਂ ਸੁਸਾਇਟੀਆਂ, ਹੜਤਾਲੀ ਫੰਡਾਂ ਅਤੇ ਮਜ਼ਦੂਰ ਗਰੁੱਪਾਂ ਵਿੱਚ ਹੀ ਨਹੀਂ; ਰਾਜਸੀ ਪਾਰਟੀ ਵਿੱਚ ਵੀ ਜਥੇਬੰਦ ਕਰੋ; ਤਾਨਾਸ਼ਾਹ ਸਰਕਾਰ ਅਤੇ ਸਮੁੱਚੇ ਸਰਮਾਏਦਾਰ ਸਮਾਜ ਵਿਰੁੱਧ ਦ੍ਰਿੜ੍ਹ-ਸੰਕਲਪ ਸੰਘਰਸ਼ ਲਈ ਜਥੇਬੰਦ ਕਰੋ। ਅਜਿਹੀ ਜਥੇਬੰਦੀ ਤੋਂ ਬਿਨਾਂ ਪ੍ਰੋਲੇਤਾਰੀਆਂ ਕਦੇ ਵੀ ਜਮਾਤੀ ਤੌਰ 'ਤੇ ਸੁਚੇਤ ਸੰਘਰਸ਼ ਤੱਕ ਨਹੀਂ ਉੱਠ ਸਕੇਗਾ; ਅਜਿਹੀ ਜਥੇਬੰਦੀ ਦੇ ਬਿਨਾਂ ਮਜ਼ਦੂਰ ਜਮਾਤ ਦੀ ਲਹਿਰ ਦਾ ਬੇਹਿੱਸ ਹੋ ਜਾਣਾ ਲਾਜ਼ਮੀ ਹੈ। ਸਿਰਫ਼ ਫੰਡਾਂ ਅਤੇ ਸਟੱਡੀ ਸਰਕਲਾਂ ਅਤੇ ਆਪਸੀ ਲਾਭ ਸੁਸਾਇਟੀਆਂ ਤੋਂ ਵੱਧ ਹੋਰ ਕੁਝ ਵੀ ਨਾ ਹੋਣ ਨਾਲ਼, ਮਿਹਨਤਕਸ਼ ਜਮਾਤ ਕਦੇ ਵੀ ਆਪਣਾ ਮਹਾਨ ਇਤਿਹਾਸਕ ਮਿਸ਼ਨ ਆਪਣੇ ਆਪ ਅਤੇ ਰੂਸ ਦੀ ਸਮੁੱਚੀ ਲੋਕਾਈ ਦੀ ਰਾਜਸੀ ਅਤੇ ਆਰਥਕ ਗੁਲਾਮੀ ਤੋਂ ਬੰਦ-ਖਲਾਸੀ ਪੂਰਾ ਕਰਨ ਤੋਂ ਸਮਰੱਥ ਨਹੀਂ ਹੋ ਸਕੇਗੀ। ਇਤਿਹਾਸ ਵਿੱਚ ਕੋਈ ਵੀ ਜਮਾਤ ਆਪਣੇ ਰਾਜਸੀ ਆਗੂਆਂ ਨੂੰ ਤਿਆਰ ਕਰਨ, ਲਹਿਰ ਨੂੰ ਜਥੇਬੰਦ ਕਰਨ ਅਤੇ ਇਸ ਦੀ ਅਗਵਾਈ ਕਰਨ ਦੇ ਯੋਗ ਪ੍ਰਤੀਨਿਧਾਂ ਤੋਂ ਬਿਨਾਂ, ਤਾਕਤ ਹਾਸਲ ਨਹੀਂ ਕਰ ਸਕੀ ਅਤੇ ਰੂਸੀ ਮਜ਼ਦੂਰ ਜਮਾਤ ਇਹ ਪਹਿਲਾਂ ਹੀ ਦਰਸਾ ਚੁੱਕੀ ਹੈ ਕਿ ਇਹ ਅਜਿਹੇ ਮਰਦ ਅਤੇ ਔਰਤ ਆਗੂ ਪੈਦਾ ਕਰ ਸਕਦੀ

ਹੈ। ਪਿਛਲੇ ਪੰਜ ਜਾਂ ਛੇ ਸਾਲਾਂ ਦੌਰਾਨ ਜਿਹੜਾ ਸੰਘਰਸ਼ ਏਨੇ ਚੁਰੇੜੇ ਢੰਗ ਨਾਲ਼ ਵਿਕਸਿਤ ਹੋਇਆ ਹੈ, ਉਸ ਨੇ ਮਜ਼ਦੂਰ ਜਮਾਤ ਦੀ ਮਹਾਨ ਸੰਭਾਵਤ ਇਨਕਲਾਬੀ ਤਾਕਤ ਨੂੰ ਦਰਸਾ ਦਿੱਤਾ ਹੈ, ਇਸ ਦੇ ਦਰਸਾਇਆ ਹੈ ਕਿ ਸਰਕਾਰ ਵੱਲੋਂ ਬੇਹੱਦ ਜਾਬਰਾਨਾ ਢੰਗ ਨਾਲ਼ ਕੀਤੀ ਗਈ ਕਾਰਵਾਈ ਨਾਲ਼ ਉਹਨਾਂ ਵਰਕਰਾਂ ਦੀ ਗਿਣਤੀ ਘੱਟਦੀ ਨਹੀਂ, ਸਗੋਂ ਇਸ ਦੇ ਉਲਟ ਵੱਧਦੀ ਹੈ ਜਿਹੜੇ ਸੋਸ਼ਲਿਜ਼ਮ, ਰਾਜਸੀ ਚੇਤੰਨਤਾ ਅਤੇ ਰਾਜਸੀ ਸੰਘਰਸ਼ ਲਈ ਜੂਝਦੇ ਹਨ। ਉਸ ਕਾਂਗਰਸ, ਜਿਹੜੀ ਸਾਡੇ ਸਾਥੀਆਂ ਨੇ 1898 ਵਿੱਚ ਕੀਤੀ, ਨੇ ਸਹੀ ਤੌਰ ’ਤੇ ਸਾਡੇ ਕੰਮਾਂ ਦੀ ਵਿਆਖਿਆ ਕੀਤੀ ਅਤੇ ਸਿਰਫ਼ ਦੂਜਿਆਂ ਦੇ ਸ਼ਬਦਾਂ ਨੂੰ ਹੀ ਨਹੀਂ ਦੁਹਰਾਇਆ, ਨਾ ਹੀ ਸਿਰਫ਼ “ਬੁੱਧੀਜੀਵੀਆਂ” ਵਾਲ਼ਾ ਉਤਸ਼ਾਹ ਹੀ ਦਿਖਾਇਆ ਹੈ...। ਸਾਨੂੰ, ਪਾਰਟੀ ਦੇ ਪ੍ਰੋਗਰਾਮ, ਜਥੇਬੰਦੀ ਅਤੇ ਯੁੱਧਨੀਤੀ ਦੇ ਸਵਾਲਾਂ ਨੂੰ ਮੁੱਖ ਸਵਾਲ ਮੰਨਦੇ ਹੋਏ, ਇਹਨਾਂ ਕੰਮਾਂ ਨੂੰ ਪੂਰਿਆਂ ਕਰਨ ਲਈ ਦ੍ਰਿੜਤਾ ਨਾਲ਼ ਕੰਮ ਕਰਨਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਅਸੀਂ ਪਹਿਲਾਂ ਹੀ ਆਪਣੇ ਪ੍ਰੋਗਰਾਮ ਦੇ ਮੁਢਲੇ ਤੱਥਾਂ ਬਾਰੇ ਆਪਣੇ ਵਿਚਾਰ ਪੇਸ਼ ਕਰ ਚੁੱਕੇ ਹਾਂ ਅਤੇ ਨਿਸ਼ਚੇ ਹੀ ਉਹਨਾਂ ਨੂੰ ਵੇਰਵੇਪੂਰਨ ਢੰਗ ਨਾਲ਼ ਦੇਣ ਲਈ ਇਹ ਥਾਂ ਠੀਕ ਨਹੀਂ ਹੈ। ਅਸੀਂ ਅਗਲੇ ਅੰਕਾਂ ਵਿੱਚ ਜਥੇਬੰਦੀ ਦੇ ਸਵਾਲਾਂ ਬਾਰੇ ਲੇਖਾਂ ਦੀ ਲੜੀ ਜਾਰੀ ਕਰਨ ਬਾਰੇ ਸੋਚ ਰਹੇ ਹਾਂ, ਕਿਉਂਕਿ ਇਹ ਸਵਾਲ ਸਾਨੂੰ ਦਰਪੇਸ਼ ਸਭ ਤੋਂ ਮਹੱਤਵਪੂਰਨ ਸਮੱਸਿਆਵਾਂ ਵਿੱਚੋਂ ਹੈ। ਇਸ ਸਬੰਧ ਵਿੱਚ ਅਸੀਂ ਰੂਸੀ ਇਨਕਲਾਬੀ ਲਹਿਰ ਦੇ ਪੁਰਾਣੇ ਕਾਮਿਆਂ ਨਾਲ਼ੋਂ ਬਹੁਤ ਪਿੱਛੇ ਹਾਂ। ਸਾਨੂੰ ਸਾਫਗੋਈ ਨਾਲ਼ ਇਹ ਨੁਕਸ ਪ੍ਰਵਾਨ ਕਰਨਾ ਚਾਹੀਦਾ ਹੈ ਅਤੇ ਸਾਨੂੰ ਸਾਡੇ ਕੰਮ ਵਿੱਚ ਵਧੇਰੇ ਗੁਪਤਤਾ ਦੇ ਢੰਗ ਪੈਦਾ ਕਰਨ, ਕੰਮ ਦੇ ਸਹੀ ਢੰਗਾਂ ਨੂੰ ਸਹੀ ਢੰਗ ਨਾਲ਼ ਪ੍ਰਚਾਰਨ, ਸਿਪਾਹੀਆਂ ਨੂੰ ਚਕਮਾ ਦੇਣ ਅਤੇ ਪੁਲੀਸ ਦੇ ਘੇਰੇ ਨੂੰ ਤੋੜਣ ਦੇ ਸਹੀ ਢੰਗਾਂ ਨੂੰ ਲਾਗੂ ਕਰਨ ਬਾਰੇ ਆਪਣੇ ਯਤਨਾਂ ਨੂੰ ਕੇਂਦਰਤ ਕਰਨਾ ਚਾਹੀਦਾ ਹੈ। ਸਾਨੂੰ ਉਹਨਾਂ ਲੋਕਾਂ ਨੂੰ ਟਰੇਨਿੰਗ ਦੇਣੀ ਚਾਹੀਦੀ ਹੈ ਜਿਹੜੇ ਇਨਕਲਾਬ ਲਈ ਸਿਰਫ਼ ਆਪਣੀਆਂ ਵਿਹਲੀਆਂ ਸ਼ਾਮਾਂ ਹੀ ਨਹੀਂ ਸਗੋਂ ਆਪਣੀਆਂ ਜ਼ਿੰਦਗੀਆਂ ਅਪਰਣ ਕਰਨਗੇ; ਸਾਨੂੰ ਏਨੀ ਵੱਡੀ ਜਥੇਬੰਦੀ ਕਾਇਮ ਕਰਨੀ ਚਾਹੀਦੀ ਹੈ ਕਿ ਸਾਡੇ ਕੰਮ ਦੇ ਵੱਖ ਵੱਖ ਢੰਗਾਂ ਵਿੱਚ ਸਖਤੀ ਨਾਲ਼ ਕਿਰਤ-ਵੰਡ ਲਾਗੂ ਕੀਤੀ ਜਾ ਸਕੇ। ਆਖਰ ਵਿੱਚ, ਯੁੱਧਨੀਤੀ ਦੇ ਸਵਾਲ ਦੇ ਸਬੰਧ ਵਿੱਚ, ਅਸੀਂ ਆਪਣੇ ਆਪ ਨੂੰ ਹੇਠ ਲਿਖੀ ਗੱਲ ਤੱਕ ਹੀ ਸੀਮਤ ਰੱਖਾਂਗੇ : ਸੋਸ਼ਲ-ਡੈਮੋਕਰੇਸੀ ਆਪਣੇ ਹੱਥ ਨਹੀਂ ਬੰਨ੍ਹਦੀ, ਇਹ ਆਪਣੀਆਂ ਸਰਗਰਮੀਆਂ ਨੂੰ ਰਾਜਸੀ ਸੰਘਰਸ਼ ਦੇ ਕਿਸੇ ਪਹਿਲਾਂ ਮਿੱਥੀ ਯੋਜਨਾ ਜਾਂ ਢੰਗ ਦੇ ਘੇਰੇ ਵਿੱਚ ਨਹੀਂ ਬੰਨ੍ਹਦੀ; ਇਹ ਸੰਘਰਸ਼ ਦੇ ਸਾਰੇ ਢੰਗਾਂ ਨੂੰ ਪ੍ਰਵਾਨ ਕਰਦੀ ਹੈ, ਜੇਕਰ ਉਹਨਾਂ ਨੂੰ ਵਰਤਣ ਲਈ ਪਾਰਟੀ ਪਾਸ ਤਾਕਤ ਮੌਜੂਦ ਹੋਵੇ ਅਤੇ ਜੇਕਰ ਉਹ ਖਾਸ ਹਾਲਤ ਵਿੱਚ ਵਧੀਆ ਸੰਭਵ ਸਿੱਟੇ ਕੱਢਣ ਦੇ ਸਮਰੱਥ ਹੋਵੇ। ਜੇਕਰ ਸਾਡੇ ਪਾਸ ਮਜ਼ਬੂਤ ਜਥੇਬੰਦ ਪਾਰਟੀ ਹੈ ਤਾਂ ਇੱਕੋ ਹੜਤਾਲ ਹੀ ਰਾਜਸੀ ਮੁਜ਼ਾਹਰੇ, ਸਰਕਾਰ ਉੱਤੇ ਰਾਜਸੀ ਜਿੱਤ ਵਿੱਚ ਬਦਲ ਸਕਦੀ ਹੈ। ਜੇਕਰ ਸਾਡੇ ਪਾਸ ਮਜ਼ਬੂਤ ਜਥੇਬੰਦ ਪਾਰਟੀ ਹੈ ਤਾਂ ਇੱਕ ਇਲਾਕੇ ਵਿੱਚ ਸ਼ੁਰੂ ਹੋਇਆ ਵਿਦਰੋਹ ਹੀ ਜੇਤੂ ਇਨਕਲਾਬ ਵਿੱਚ ਤਬਦੀਲ ਹੋ ਸਕਦਾ ਹੈ। ਸਾਨੂੰ ਇਹ ਗੱਲ ਮਨ ਵਿੱਚ ਰੱਖਣੀ ਚਾਹੀਦੀ ਹੈ ਕਿ ਅਧੂਰੀਆਂ ਮੰਗਾਂ ਅਤੇ ਕੁਝ

ਰਿਆਇਤਾਂ ਪ੍ਰਾਪਤ ਕਰਨ ਨਾਲ਼ ਸੰਘਰਸ਼ ਸਿਰਫ਼ ਦੁਸ਼ਮਣ ਨਾਲ਼ ਹਲਕੀਆਂ ਹਲਕੀਆਂ ਝੜਪਾਂ, ਚੌਕੀਆਂ ਵਿੱਚੋਂ ਗੋਲ਼ਾਬਾਰੀ ਹੈ, ਜਦ ਕਿ ਫੈਸਲਾਕੁਨ ਲੜਾਈ ਹਾਲੇ ਹੋਣੀ ਹੈ। ਸਾਡੇ ਸਾਹਮਣੇ, ਆਪਣੀ ਪੂਰੀ ਤਾਕਤ ਨਾਲ਼ ਮਜ਼ਬੂਤ ਦੁਸ਼ਮਣ ਦਾ ਕਿਲ੍ਹਾ ਖੜ੍ਹਾ ਹੈ, ਜਿੱਥੋਂ ਸਾਡੇ ਉੱਤੇ ਮੀਂਹ ਵਾਂਗ ਗੋਲ਼ੇ ਵਰ੍ਹ ਰਹੇ ਹਨ, ਜਿਹੜੇ ਸਾਡੇ ਸਭ ਤੋਂ ਵਧੀਆ ਲੜਾਕਿਆਂ ਨੂੰ ਢੂੰਡਦੇ ਜਾ ਰਹੇ ਹਨ। ਸਾਨੂੰ ਇਸ ਕਿਲ੍ਹੇ ਉੱਤੇ ਕਬਜ਼ਾ ਕਰਨਾ ਚਾਹੀਦਾ ਹੈ ਅਤੇ ਅਸੀਂ ਕਰ ਵੀ ਲਵਾਂਗੇ ਜੇਕਰ ਅਸੀਂ ਜਾਗਰਿਤ ਹੋ ਰਹੇ ਪ੍ਰੋਲੇਤਾਰੀ ਦੀਆਂ ਤਾਕਤਾਂ ਅਤੇ ਰੂਸੀ ਇਨਕਲਾਬੀਆਂ ਦੀ ਤਾਕਤ ਦੀ ਏਕਤਾ ਕਾਇਮ ਕਰਕੇ ਇੱਕ ਪਾਰਟੀ ਬਣਾਈਏ, ਜਿਹੜੀ ਉਹਨਾਂ ਸਾਰੇ ਅਨਸਰਾਂ ਨੂੰ ਆਪਣੇ ਵੱਲ ਖਿੱਚੇ ਜਿਹੜੇ ਰੂਸ ਵਿੱਚ ਮਹੱਤਵਪੂਰਨ ਅਤੇ ਇਮਾਨਦਾਰ ਹਨ। ਉਦੋਂ ਹੀ ਰੂਸ ਦੇ ਕਾਮੇ ਇਨਕਲਾਬੀ ਪਿਓਤਰ ਅਲੈਕਸੇਯੇਵ ਦੀ ਮਹਾਨ ਭਵਿੱਖਬਾਣੀ ਪੂਰੀ ਹੋ ਸਕੇਗੀ: "ਕਰੋੜਾਂ ਕਿਰਤੀਆਂ ਦੀ ਮਜ਼ਬੂਤ ਬਾਂਹ ਉੱਚੀ ਹੋਵੇਗੀ ਅਤੇ ਤਾਨਾਸ਼ਾਹੀ ਦਾ ਜੂਲਾ, ਜਿਸ ਦੀ ਰਾਖੀ ਸਿਪਾਹੀਆਂ ਦੀਆਂ ਕਿਰਚਾਂ ਨਾਲ਼ ਕੀਤੀ ਜਾ ਰਹੀ ਹੈ, ਚੂਰ ਚੂਰ ਕਰ ਦਿੱਤਾ ਜਾਵੇਗਾ।"

ਅਕਤੂਬਰ–ਨਵੰਬਰ ਦੇ ਸ਼ੁਰੂ
1900 ਵਿੱਚ ਲਿਖਿਆ,
ਦਸੰਬਰ 1900 ਵਿੱਚ
**ਇਸਕਰਾ** ਨੰ. 1 ਵਿੱਚ ਛਪਿਆ।

ਸਮੁੱਚੀਆਂ ਲਿਖਤਾਂ,
ਜਿਲਦ 4,
ਸਫ਼ੇ 366–71

# ਸੋਸ਼ਲ-ਡੈਮੋਕਰੇਟਿਕ ਲਹਿਰ ਦੇ ਕੰਮਾਂ ਬਾਰੇ

ਜਦੋਂ ਵਾਲਜਾਂ ਓਬੋਲੈਂਸਕੀ ਵਰਗੇ ਗੁੱਸੇਖੋਰ ਬਦਮਾਸ਼ਾਂ ਦਾ ਗਰੁੱਪ ਮਜ਼ਦੂਰ ਜਮਾਤ ਅਤੇ "ਕਾਨੂੰਨੀ" ਵਿਰੋਧੀ ਧਿਰ ਨਾਲ਼ ਇੱਕੋ ਸਮੇਂ ਦੰਭੀ ਅੱਖ ਮਟੱਕੇ ਜਾਰੀ ਰੱਖਦਾ ਹੈ ਤਾਂ ਇਸ ਦਾ ਅਰਥ ਇਹ ਹੁੰਦਾ ਹੈ ਕਿ ਸਰਕਾਰ ਉਸ ਵਿਸ਼ਾਲ ਜਨਤਾ ਅਤੇ ਲੋਕਾਂ ਦੇ ਹਿੱਸਿਆਂ ਨੂੰ ਕੁਰੱਪਟ ਕਰਨਾ ਅਤੇ ਉਹਨਾਂ ਵਿੱਚ ਦੁਫੇੜ ਪਾਉਣਾ ਚਾਹੁੰਦੀ ਹੈ, ਜਿਨ੍ਹਾਂ ਨੂੰ ਤੋੜਣ ਵਿੱਚ ਇਹ ਅਸਮਰੱਥ ਹੁੰਦੀ ਹੈ ਅਤੇ ਆਪਣਾ ਇਹ ਕੰਮ ਪੂਰਾ ਕਰਨ ਲਈ ਇਨਕਲਾਬੀ ਤਾਕਤਾਂ, ਚਾਹੇ ਇਨ੍ਹਾਂ ਦੀ ਗਿਣਤੀ ਥੋੜ੍ਹੀ ਜਿਹੀ ਹੀ ਹੈ, ਦਾ ਧਿਆਨ ਇਨ੍ਹਾਂ ਬਦਮਾਸ਼ਾਂ ਨੂੰ ਭਾਲਣ ਵੱਲ ਲਾਉਣਾ ਚਾਹੁੰਦੀ ਹੈ। ਅਹਿਮੀਅਤ ਇਸ ਗੱਲ ਦੀ ਨਹੀਂ ਕਿ ਸਰਕਾਰ ਦਾ ਇੱਕ ਜਾਂ ਦੂਜਾ ਪ੍ਰਤੀਨਿਧ ਆਮ ਤੌਰ 'ਤੇ ਇਸ ਤੋਂ ਜਾਣੂ ਹੈ ਜਾਂ ਉਹ ਇਸ ਗੱਲ ਤੋਂ ਕਿੰਨਾ ਕੁ ਜਾਣੂ ਹੈ। ਅਹਿਮੀਅਤ ਇਸ ਗੱਲ ਦੀ ਹੈ ਕਿ ਆਪਣੇ ਬਹੁਤ ਸਾਰੇ ਰਾਜਸੀ ਤਜ਼ਰਬੇ ਅਤੇ ਪੁਲੀਸ ਦੀ ਵਰਤੋਂ ਦੀ ਰੁਚੀ ਕਾਰਨ ਸਰਕਾਰ ਜਿਹੜੇ ਦਾਅਪੇਚ ਅਪਣਾਉਂਦੀ ਹੈ, ਉਹਨਾਂ ਵਿੱਚ **ਸੱਚਮੁਚ** ਇਹ ਵਿਸ਼ੇਸ਼ਤਾ ਹੋਵੇ। ਜਦੋਂ ਇਨਕਲਾਬੀ ਲਹਿਰ ਲੋਕਾਂ ਦੀਆਂ ਹਕੀਕੀ ਇਨਕਲਾਬੀ ਜਮਾਤਾਂ ਵਿੱਚ ਰਚ ਜਾਂਦੀ ਹੈ, ਜਦੋਂ ਇਹ ਡੂੰਘਾਈ ਅਤੇ ਵਿਸ਼ਾਲਤਾ ਵਿੱਚ ਫੈਲ ਜਾਂਦੀ ਹੈ ਅਤੇ ਜਦੋਂ ਇਸ ਵਿੱਚ ਛੇਤੀ ਹੀ ਇੱਕ ਅਜਿੱਤ ਸ਼ਕਤੀ ਬਣਨ ਦੇ ਆਸਾਰ ਨਜ਼ਰ ਆਉਣ ਲੱਗ ਪੈਂਦੇ ਹਨ, ਉਦੋਂ ਸਰਕਾਰ ਸਭ ਤੋਂ ਵਧੀਆ ਇਨਕਲਾਬੀ ਤਾਕਤਾਂ ਨੂੰ ਇਸ ਗੱਲ ਲਈ ਭੜਕਾਉਣਾ ਆਪਣੇ ਲਈ ਲਾਹੇਵੰਦ ਸਮਝਣ ਲੱਗਦੀ ਹੈ ਕਿ ਉਹ ਬਹੁਤ ਬੇਕਿਰਤ ਹਿੰਸਾ ਦੇ ਦਰਮਿਆਨੇ ਆਗੂਆਂ ਵਿਰੁੱਧ ਲੱਗ ਜਾਣ। ਪਰ ਅਸੀਂ ਕਿਸੇ ਕਿਸਮ ਦੀ ਭੜਕਾਹਟ ਦਾ ਸ਼ਿਕਾਰ ਨਹੀਂ ਹੋਵਾਂਗੇ। ਸਾਨੂੰ ਲੋਕਾਂ ਵੱਲੋਂ ਆਉਂਦੀਆਂ ਲਗਭਗ ਪਹਿਲੀਆਂ ਹਕੀਕੀ ਇਨਕਲਾਬੀ ਗੂੰਜ-ਲਹਿਰਾਂ ਸੁਣਾਈ ਦੇਣ 'ਤੇ ਹੀ ਆਪਣੇ ਤੌਰ ਨਹੀਂ ਭੁਲਾ ਦੇਣੇ ਚਾਹੀਦੇ, ਸਾਰਾ ਧਿਆਨ ਹਵਾ ਵੱਲ ਕੇਂਦਰਤ ਨਹੀਂ ਕਰ ਦੇਣਾ ਚਾਹੀਦਾ ਅਤੇ ਆਪਣੇ ਮਨ ਅਤੇ ਜ਼ਮੀਰ ਨੂੰ ਹਲਕਾ ਕਰਨ ਲਈ ਯੂਰਪ ਦੇ ਅਤੇ ਰੂਸ ਦੇ ਸਾਰੇ ਤਜ਼ਰਬੇ, ਸਾਰੀਆਂ ਵੱਧ ਜਾਂ ਘੱਟ ਨਿਸ਼ਚਿਤ ਸੋਸ਼ਲਿਸਟ ਪੱਧਤੀਆਂ, ਮਾਅਰਕੇਬਾਜ਼ ਨਹੀਂ ਸਗੋਂ ਮੁਢਲੇ ਤੌਰ 'ਤੇ ਬਾਜ਼ਾਬਤਾ ਦਾਅਵਿਆਂ ਨੂੰ ਬਿਲਕੁਲ ਹੀ ਭੁਲਾ ਨਹੀਂ ਦੇਣਾ ਚਾਹੀਦਾ। ਸੰਖੇਪ ਵਿੱਚ, ਸਾਨੂੰ ਨਾਰੋਦਨਾਯਾ ਵੋਲਿਯਾ ਲਹਿਰ ਨੂੰ ਮੁੜ ਬਹਾਲ ਕਰਨ ਦੇ ਯਤਨ ਨੂੰ ਅਮਲੀ ਰੂਪ ਦੇਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਅਤੇ ਉਹ ਸਾਰੀਆਂ ਵਿਚਾਰਕ ਅਤੇ ਅਮਲੀ ਗਲਤੀਆਂ ਨਹੀਂ ਦੁਹਰਾਉਣੀਆਂ ਚਾਹੀਦੀਆਂ

ਜਿਹੜੀਆਂ ਸੋਸ਼ਲਿਸਟ-ਇਨਕਲਾਬੀਆਂ[1] ਨੇ ਕੀਤੀਆਂ ਹਨ ਅਤੇ ਜਿਨ੍ਹਾਂ ਬਾਰੇ ਹਾਲੇ ਵੀ ਹੋਰ ਅੱਗੇ ਤੋਂ ਅੱਗੇ ਜਾਣ ਲਈ ਜ਼ੋਰ ਲਾ ਰਹੇ ਹਨ। ਲੋਕਾਂ ਨੂੰ ਕੁਰੱਪਟ ਕਰਨ ਅਤੇ ਇਨਕਲਾਬੀਆਂ ਨੂੰ ਭੜਕਾਉਣ ਲਈ ਕੀਤੇ ਗਏ ਯਤਨਾਂ ਨੂੰ ਸਾਡਾ ਉੱਤਰ ਕਤੱਈ ਤੌਰ 'ਤੇ "ਪ੍ਰੋਗਰਾਮ" ਵਿੱਚ ਨਹੀਂ ਦਿੱਤਾ ਜਾਣਾ ਚਾਹੀਦਾ ਜਿਸ ਨਾਲ਼ ਬਹੁਤ ਨੁਕਸਾਨਦੇਹ ਪੁਰਾਣੀਆਂ ਗਲਤੀਆਂ ਅਤੇ ਨਵੀਆਂ ਵਿਚਾਰਧਾਰਕ ਜਾਂ ਦਾਅਪੇਚਾਂ, ਦੀਆਂ ਥਿੜਕਣਾਂ ਜਿਨ੍ਹਾਂ ਕਾਰਨ ਇਨਕਲਾਬੀਆਂ ਦੇ ਆਮ ਲੋਕਾਂ ਨਾਲ਼ੋਂ ਥਿੜਕਣ ਦੀਆਂ ਸੰਭਾਵਨਾਵਾਂ ਵਧਣਗੀਆਂ ਜਿਹੜਾ ਕਿ ਸਾਡੀ ਕਮਜ਼ੋਰੀ ਦਾ ਮੁੱਖ ਸੋਮਾ ਹੈ ਅਤੇ ਇੱਕ ਦਮ ਸੰਘਰਸ਼ ਸ਼ੁਰੂ ਕਰਨ ਵਿੱਚ ਸਾਡੀ ਅਸਮਰੱਥਾ ਲਈ ਰਾਹ ਖੁੱਲ੍ਹ ਜਾਵੇਗਾ। ਸਾਨੂੰ ਇਸ ਦਾ ਉੱਤਰ ਇਨਕਲਾਬੀਆਂ ਅਤੇ ਲੋਕਾਂ ਵਿਚਾਲੇ ਸਬੰਧ ਮਜ਼ਬੂਤ ਕਰਕੇ ਦੇਣਾ ਚਾਹੀਦਾ ਹੈ ਅਤੇ ਸਾਡੇ ਸਮਿਆਂ ਵਿੱਚ ਇਹ ਸਬੰਧ ਸਿਰਫ ਸੋਸ਼ਲ ਡੈਮੋਕਰੈਟਿਕ ਲੇਬਰ ਲਹਿਰ ਦਾ ਵਿਕਾਸ ਕਰਕੇ ਅਤੇ ਇਸ ਨੂੰ ਮਜ਼ਬੂਤ ਕਰਕੇ ਹੀ ਕਾਇਮ ਕੀਤਾ ਜਾ ਸਕਦਾ ਹੈ। ਸਿਰਫ਼ ਮਜ਼ਦੂਰ ਜਮਾਤ ਦੀ ਲਹਿਰ ਹੀ ਉਸ ਹਕੀਕੀ ਤੌਰ 'ਤੇ ਇਨਕਲਾਬੀ ਅਤੇ ਵਿਕਸਤ ਜਮਾਤ ਨੂੰ ਜਾਗਰਤ ਕਰਦੀ ਹੈ, ਜਿਸ ਦਾ ਮੌਜਦੂਾ ਰਾਜਸੀ ਅਤੇ ਸਮਾਜੀ ਢਾਂਚੇ ਦੇ ਢਹਿ ਢੇਰੀ ਹੋਣ ਨਾਲ਼ ਕੁਝ ਨਹੀਂ ਵਿਗੜਦਾ, ਜਮਾਤ, ਜਿਹੜੀ ਕਿ ਇਸ ਪ੍ਰਬੰਧ ਦੀ ਆਖਰੀ ਅਤੇ ਲਾਜ਼ਮੀ ਉਪਜ ਹੈ, ਜਮਾਤ, ਜਿਹੜੀ ਇਸ ਪ੍ਰਬੰਧ ਦੀ ਇੱਕੋ ਇੱਕ ਦ੍ਰਿੜ ਅਤੇ ਲਾਜ਼ਮੀ ਦੁਸ਼ਮਣ ਹੈ। ਇਨਕਲਾਬੀ ਮਾਰਕਸਵਾਦ ਦੀ ਥਿਊਰੀ, ਕੌਮਾਂਤਰੀ ਸੋਸ਼ਲ-ਡੈਮੋਕਰੇਸੀ ਦੇ ਤਜ਼ਰਬੇ ਉੱਤੇ ਟੇਕ ਰੱਖ ਕੇ ਹੀ ਅਸੀਂ ਆਪਣੀ ਇਨਕਲਾਬੀ ਲਹਿਰ ਅਤੇ ਮਜ਼ਦੂਰ ਲਹਿਰ ਨੂੰ ਇੱਕਸੁਰ ਕਰ ਸਕਦੇ ਹਾਂ ਅਤੇ ਇੱਕ ਅਜਿੱਤ ਸੋਸ਼ਲ-ਡੈਮੋਕਰੈਟਿਕ ਲਹਿਰ ਉਸਾਰ ਸਕਦੇ ਹਾਂ। ਅਸੀਂ ਸਿਰਫ਼ ਹਕੀਕੀ ਮਜ਼ਦੂਰ ਪਾਰਟੀ ਦੇ ਨਾਮ ਹੇਠ ਹੀ, ਆਪਣੇ ਅਸੂਲਾਂ ਵਿੱਚ ਵਿਸ਼ਵਾਸ ਗੁਆਏ ਬਿਨਾਂ, ਦੇਸ਼ ਅੰਦਰਲੇ ਅਗਾਂਹਵਧੂ ਅਨਸਰਾਂ ਨੂੰ ਸੱਦਾ ਦੇ

---

1. **ਸੋਸ਼ਲਿਸਟ ਇਨਕਲਾਬੀ** (ਐਸ. ਆਰ) – ਪੈਟੀ-ਬੁਰਜੂਆ ਡੈਮੋਕਰੈਟਿਕ ਪਾਰਟੀ ਦੇ ਮੈਂਬਰ ਜਿਹੜੀ ਕਿ 1901 ਦੇ ਅਖ਼ੀਰ ਅਤੇ 1902 ਦੇ ਸ਼ੁਰੂ ਵਿੱਚ ਰੂਸ ਵਿੱਚ ਹੋਂਦ ਵਿੱਚ ਆਈ। ਤਾਨਾਸ਼ਾਹੀ ਵਿਰੁੱਧ ਆਪਣੀ ਲੜਾਈ ਵਿੱਚ ਉਹਨਾਂ ਵਿਅਕਤੀਗਤ ਦਹਿਸ਼ਤਪਸੰਦੀ ਦੇ ਦਾਅਪੇਚ ਵਰਤੇ ਜਿਨ੍ਹਾਂ ਨੇ ਇਨਕਲਾਬੀ ਲਹਿਰ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਇਆ ਅਤੇ ਇਨਕਲਾਬੀ ਸੰਘਰਸ਼ ਲਈ ਜਨਤਕ ਜਥੇਬੰਦੀ ਬਣਾਉਣ ਦੇ ਰਾਹ ਵਿੱਚ ਰੁਕਾਵਟਾਂ ਪਾਈਆਂ। ਜਦੋਂ 1905-07 ਦਾ ਇਨਕਲਾਬ ਫੇਲ੍ਹ ਹੋ ਗਿਆ, ਸੋਸ਼ਲਿਸਟ ਇਨਕਲਾਬੀਆਂ ਦੀ ਬਹੁਗਿਣਤੀ ਬੁਰਜੂਆਜ਼ੀ ਲਿਬਰਲਾਂ ਵੱਲ ਚਲੇ ਗਈ। ਫ਼ਰਵਰੀ 1917 ਦੇ ਬੁਰਜੂਆ-ਡੈਮੋਕਰੈਟਿਕ ਇਨਕਲਾਬ ਮਗਰੋਂ ਸੋਸ਼ਲਿਸਟ ਇਨਕਲਾਬੀ ਆਗੂ ਬੁਰਜੂਆ ਆਰਜ਼ੀ ਸਰਕਾਰ ਵਿੱਚ ਸ਼ਾਮਲ ਹੋ ਗਏ, ਕਿਸਾਨੀ ਦੀ ਲਹਿਰ ਨੂੰ ਦਬਾਉਣ ਵਾਲ਼ੀ ਨੀਤੀ ਚਲਾਈ ਅਤੇ ਮਜ਼ਦੂਰ ਜਮਾਤ, ਜਿਹੜੀ ਕਿ ਉਸ ਸਮੇਂ ਸੋਸ਼ਲਿਸਟ ਇਨਕਲਾਬ ਲਈ ਤਿਆਰੀ ਕਰ ਰਹੀ ਸੀ, ਵਿਰੁੱਧ ਬੁਰਜੂਆਜ਼ੀ ਅਤੇ ਜਗੀਰਦਾਰਾਂ ਦੀ ਲੜਾਈ ਵਿੱਚ ਸਾਥ ਦਿੱਤਾ। ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਤੋਂ ਬਾਅਦ, ਸੋਸ਼ਲਿਸਟ ਇਨਕਲਾਬੀਆਂ ਨੇ ਬੁਰਜੂਆਜ਼ੀ ਅਤੇ ਕੁਲਕਾਂ ਵੱਲੋਂ ਸੋਵੀਅਤ ਲੋਕਾਂ ਵਿਰੁੱਧ ਚਲਾਏ ਗਏ ਉਲਟ-ਇਨਕਲਾਬੀ ਹਥਿਆਰਬੰਦ ਸੰਘਰਸ਼ ਵਿੱਚ ਉਨ੍ਹਾਂ ਦਾ ਸਾਥ ਦਿੱਤਾ।

ਸਕਦੇ ਹਾਂ ਕਿ ਉਹ ਇਨਕਲਾਬੀ ਕੰਮ ਵਿੱਚ ਸ਼ਾਮਲ ਹੋਣ, ਸਾਰੇ ਮਿਹਨਤਕਸ਼, ਸਾਰੇ ਜ਼ੁਲਮ ਸਹਿ ਰਹੇ ਅਤੇ ਦੱਬੇ ਕੁਚਲੇ ਲੋਕਾਂ ਨੂੰ ਕਹਿ ਸਕਦੇ ਹਾਂ ਕਿ ਉਹ ਸੋਸ਼ਲਿਜ਼ਮ ਦੀ ਮਦਦ ਕਰਨ।

ਨਵੰਬਰ 1902 ਦੇ ਮਗਰਲੇ ਅੱਧ 'ਚ
ਲਿਖਿਆ ਸਭ ਤੋਂ ਪਹਿਲਾਂ 1939 ਵਿੱਚ
Proletarskaya Revolutsia
ਨੰ. 1 ਵਿੱਚ ਛਪਿਆ।

**ਸਮੁੱਚੀਆਂ ਲਿਖਤਾਂ**,
ਜਿਲਦ 6,
ਸਫੇ 271–72

# ਨਵੇਂ ਕੰਮ ਅਤੇ ਨਵੀਆਂ ਤਾਕਤਾਂ

ਸੋਸ਼ਲ-ਡੈਮੋਕਰੇਸੀ ਦੇ ਵਿਕਾਸ ਨਾਲ਼ ਜੁੜ ਕੇ ਰੂਸ ਵਿੱਚ ਮਜ਼ਦੂਰ ਜਮਾਤ ਦੀ ਵਿਸ਼ਾਲ ਲਹਿਰ ਦਾ ਵਿਕਾਸ ਤਿੰਨ ਜ਼ਿਕਰਯੋਗ ਤਬਦੀਲੀਆਂ ਵਿੱਚੋਂ ਲੰਘਦਾ ਹੈ। ਪਹਿਲੀ ਤਬਦੀਲੀ ਸੌੜੇ ਪ੍ਰਚਾਰ ਗਰੁੱਪਾਂ ਤੋਂ ਜਨਤਾ ਵਿੱਚ ਚੁਰੇੜੀ ਆਰਥਕ ਐਜੀਟੇਸ਼ਨ ਵੱਲ ਆਉਣ ਦੀ ਤਬਦੀਲੀ ਸੀ; ਦੂਜੀ ਵੱਡੀ ਪੱਧਰ 'ਤੇ ਰਾਜਸੀ ਐਜੀਟੇਸ਼ਨ ਵੱਲ ਤਬਦੀਲੀ ਅਤੇ ਖੁੱਲ੍ਹੇ ਬਜ਼ਾਰ-ਮੁਜ਼ਾਹਰੇ ਸ਼ੁਰੂ ਕਰਨਾ ਸੀ; ਤੀਜੀ ਅਸਲੀ ਘਰੇਲੂ ਜੰਗ ਦੀ, ਸਿੱਧੇ ਇਨਕਲਾਬੀ ਸੰਘਰਸ਼, ਲੋਕਾਂ ਦੀ ਹਥਿਆਰਬੰਦ ਬਗਾਵਤ ਦੀ ਤਬਦੀਲੀ ਸੀ। ਇਸ ਹਰ ਤਬਦੀਲੀ ਦੀ ਤਿਆਰੀ, ਇੱਕ ਪਾਸੇ, ਮੁੱਖ ਤੌਰ 'ਤੇ ਇੱਕ ਦਿਸ਼ਾ ਵੱਲ ਕੰਮ ਕਰ ਰਹੀ ਸੋਸ਼ਲਿਸਟ ਸੋਚ ਨਾਲ਼ ਅਤੇ ਦੂਜੇ ਪਾਸੇ ਮਿਹਨਤਕਸ਼ ਵਰਗ ਦੀਆਂ ਜੀਵਨ ਹਾਲਤਾਂ ਵਿੱਚ ਅਤੇ ਸਮੁੱਚੇ ਤੌਰ 'ਤੇ ਉਸ ਵਿੱਚ ਮਾਨਸਕ ਤੌਰ 'ਤੇ ਆਈਆਂ ਨਿੱਗਰ ਤਬਦੀਲੀਆਂ ਅਤੇ ਇਸ ਦੇ ਨਾਲ਼ ਹੀ ਇਸ ਤੱਥ ਵੱਲੋਂ ਕਿ ਮਜ਼ਦੂਰ ਜਮਾਤ ਦਾ ਵੱਧ ਤੋਂ ਵੱਧ ਹਿੱਸਾ ਵਧੇਰੇ ਸੁਚੇਤ ਅਤੇ ਸਰਗਰਮ ਸੰਘਰਸ਼ ਵਿੱਚ ਸ਼ਾਮਲ ਹੋ ਰਿਹਾ ਹੈ, ਕੀਤੀ ਗਈ ਸੀ। ਕਈ ਵਾਰ ਇਹ ਤਬਦੀਲੀਆਂ ਅਣਕਿਆਸੇ ਤੌਰ 'ਤੇ ਹੋਈਆਂ, ਜਿਨ੍ਹਾਂ ਵਿੱਚ ਪ੍ਰੋਲੇਤਾਰੀਆਂ ਆਪਣੀਆਂ ਤਾਕਤਾਂ ਏਨੇ ਚੁੱਪ ਚਾਪ ਢੰਗ ਨਾਲ਼ ਪਿਛੋਕੜ ਵਿੱਚ ਲਾਮਬੰਦ ਕਰਦਾ ਰਿਹਾ ਕਿ ਬੁੱਧੀਜੀਵੀਆਂ ਨੇ ਬਹੁਤਾ ਕਰਕੇ ਜਨਤਕ ਲਹਿਰ ਦੀ ਫੈਸਲਾਕੁਨ ਤਾਕਤ ਅਤੇ ਦ੍ਰਿੜ ਰਹਿਣ ਦੇ ਗੁਣਾਂ ਬਾਰੇ ਸ਼ੱਕ ਕੀਤਾ। ਫੇਰ ਇੱਕ ਮੋੜ ਕੱਟਿਆ ਜਾਂਦਾ ਅਤੇ ਸਮੁੱਚੀ ਇਨਕਲਾਬੀ ਲਹਿਰ, ਅਚਾਨਕ, ਨਵੀਂ ਅਤੇ ਉੱਚੀ ਪੱਧਰ 'ਤੇ ਪਹੁੰਚ ਜਾਂਦੀ। ਪ੍ਰੋਲੇਤਾਰੀ ਅਤੇ ਇਸ ਦੇ ਹਰਾਵਲ ਸੋਸ਼ਲ ਡੈਮੋਕਰੈਸੀ, ਨੂੰ ਨਵੇਂ **ਅਮਲੀ** ਕੰਮ ਪੇਸ਼ ਹੁੰਦੇ ਜਿਨ੍ਹਾਂ ਨੂੰ ਪੂਰਿਆਂ ਕਰਨ ਲਈ, ਦੇਖਣ ਨੂੰ ਬਿਲਕੁਲ ਹੀ ਅਚਨਚੇਤੀ, ਅਜਿਹੀਆਂ ਤਾਕਤਾਂ ਉੱਠ ਖੜ੍ਹੋਂਦੀਆਂ ਜਿਨ੍ਹਾਂ ਦੀ ਹੋਂਦ ਬਾਰੇ ਇਸ ਮੋੜ ਕੱਟਣ ਤੋਂ ਪਹਿਲਾਂ ਕਿਸੇ ਨੂੰ ਨਾ-ਮਾਤਰ ਵੀ ਸ਼ੱਕ ਨਹੀਂ ਸੀ ਹੁੰਦਾ। ਪਰ ਇਹ ਸਭ ਕੁਝ ਇੱਕ ਦਮ, ਬਿਨਾਂ ਹਿੱਲਜੁਲ ਦੇ, ਸੋਸ਼ਲ-ਡੈਮੋਕਰੈਟਿਕ ਲਹਿਰ ਵਿੱਚ ਕਿਸੇ ਸੰਘਰਸ਼ ਤੋਂ ਬਿਨਾਂ, ਬਹੁਤ ਚਿਰ ਪਹਿਲਾਂ ਖਤਮ ਹੋ ਗਏ ਅਤੇ ਦਫਨਾ ਦਿੱਤੇ ਗਏ ਵਿਚਾਰਾਂ ਦੇ ਵਾਰ ਵਾਰ ਉੱਠਣ ਤੋਂ ਬਿਨਾਂ ਨਹੀਂ ਸੀ ਹੋਇਆ।

ਰੂਸ ਵਿੱਚ ਸੋਸ਼ਲ ਡੈਮੋਕਰੈਸੀ ਇੱਕ ਵਾਰ ਫੇਰ ਅਜਿਹੀ ਹਿੱਲਜੁਲ ਅਤੇ ਥਿੜਕਣ ਦੇ ਦੌਰ ਵਿੱਚੋਂ ਲੰਘ ਰਹੀ ਹੈ। ਇੱਕ ਸਮਾਂ ਅਜਿਹਾ ਸੀ ਜਦੋਂ ਰਾਜਸੀ ਐਜੀਟੇਸ਼ਨ ਨੂੰ ਮੌਕਾਪ੍ਰਸਤ ਥਿਊਰੀਆਂ ਵਿੱਚੋਂ ਦੀ ਰਾਹ ਬਣਾਉਣਾ ਪੈਂਦਾ ਸੀ, ਜਦੋਂ ਇਹ ਡਰ ਪੈਦਾ ਹੋਇਆ ਸੀ ਕਿ ਅਸੀਂ ਨਵੇਂ ਕੰਮਾਂ ਨੂੰ ਪੂਰਿਆਂ ਕਰਨ ਦੇ ਸਮਰੱਥ ਨਹੀਂ ਹੋ ਸਕਾਂਗੇ, ਜਦੋਂ "ਜਮਾਤ" ਵਿਸ਼ੇਸ਼ਣ ਦੀ ਬਹੁਤ ਜ਼ਿਆਦਾ ਵਰਤੋਂ, ਜਾਂ ਜਮਾਤ ਪ੍ਰਤੀ ਪਾਰਟੀ ਦੇ ਵਤੀਰੇ ਦੀ ਪਿਛਲੀਆਂ ਕਤਾਰਾਂ

ਵਾਲ਼ੇ ਵਿਅਕਤੀਆਂ ਦੀ ਪ੍ਰੀਭਾਸ਼ਾ ਇਸ ਤੱਥ ਨੂੰ ਹੱਕੀ ਠਹਿਰਾਉਣ ਲਈ ਵਰਤੀ ਜਾਂਦੀ ਸੀ ਕਿ ਸੋਸ਼ਲ–ਡੈਮੋਕਰੇਸੀ ਪ੍ਰੋਲੇਤਾਰੀ ਦੀਆਂ ਮੰਗਾਂ ਵਿੱਚ ਬਹੁਤ ਪਿੱਛੇ ਰਹਿ ਗਈ ਹੈ। ਲਹਿਰ ਦੇ ਵਿਕਾਸ ਨੇ ਇਹ ਸਾਰੇ ਥੋੜ੍ਹ–ਦ੍ਰਿਸ਼ਟੀ ਵਾਲ਼ੇ ਡਰ ਅਤੇ ਪਿਛਾਂਹ ਰਹਿਣ ਵਾਲ਼ੇ ਵਿਚਾਰਾਂ ਦਾ ਸਫਾਇਆ ਕਰ ਦਿੱਤਾ ਹੈ। ਨਵੀਂ ਉਠਾਣ ਵਿੱਚ ਅੱਜ ਕੱਲ੍ਹ ਇੱਕ ਵਾਰ ਫੇਰ, ਭਾਵੇਂ ਕੁਝ ਵੱਖਰੇ ਢੰਗਾਂ ਨਾਲ਼, ਨਿਰੋਲ ਗਰੁੱਪਾਂ ਅਤੇ ਰੁਚੀਆਂ ਵਿਰੁੱਧ ਸੰਘਰਸ਼ ਕੀਤਾ ਜਾ ਰਿਹਾ ਹੈ। **ਰਾਬੋਚੇਯੇ ਦੇਲੋ**-ਵਾਦੀਏ[1] ਇੱਕ ਵਾਰ ਫੇਰ ਨਵ–ਇਸਕਰਾਵਾਦੀਆਂ ਵਿੱਚ ਉਜਾਗਰ ਹੋ ਗਏ ਹਨ। ਆਪਣੇ ਦਾਅਪੇਚਾਂ ਅਤੇ ਆਪਣੀ ਜਥੇਬੰਦੀ ਨੂੰ ਨਵੇਂ ਕੰਮਾਂ ਦੇ ਮੁਤਾਬਕ ਢਾਲਣ ਲਈ ਸਾਨੂੰ "ਪ੍ਰਦਰਸ਼ਨ ਦੀ ਉੱਚੀ ਪੱਧਰ" (ਜ਼ੈਮਸਤਵੋ ਮੁਹਿੰਮ ਦੀ ਯੋਜਨਾ) ਜਾਂ "ਜਥੇਬੰਦੀ ਅਮਲ ਵਜੋਂ" ਵਰਗੀਆਂ ਮੌਕਾਪ੍ਰਸਤ ਥਿਊਰੀਆਂ ਦੀ ਰੁਕਾਵਟ ਦੂਰ ਕਰਨੀ ਪੈਣੀ ਹੈ; ਸਾਨੂੰ ਵਿਦਰੋਹ ਦੇ "ਸਮੇਂ" ਬਾਰੇ ਪਿਛਾਖੜੀ ਡਰ ਉੱਤੇ ਜਾਂ ਪ੍ਰੋਲੇਤਾਰੀ ਅਤੇ ਕਿਸਾਨੀ ਦੀ ਇਨਕਲਾਬੀ ਜਮਹੂਰੀ ਡਿਕਟੇਟਰਸ਼ਿਪ ਦੇ ਡਰ ਉੱਤੇ ਕਾਬੂ ਪਾਉਣਾ ਪੈਣਾ ਹੈ। ਇੱਕ ਵਾਰ ਫੇਰ "ਜਮਾਤ" ਸ਼ਬਦ ਦੀ ਬਹੁਤ (ਅਤੇ ਬਹੁਤਾ ਕਰਕੇ ਬੇਵਕੂਫੀ ਵਾਲ਼ੀ) ਵਰਤੋਂ ਅਤੇ ਜਮਾਤ ਬਾਰੇ ਪਾਰਟੀ ਦੇ ਕੰਮ ਨੂੰ ਘਟਾਉਣ ਵਾਲੀ ਗੱਲ ਇਸ ਤੱਥ ਨੂੰ ਠੀਕ ਠਹਿਰਾਉਣ ਲਈ ਕੀਤੀ ਜਾ ਰਹੀ ਹੈ ਕਿ ਸੋਸ਼ਲ–ਡੈਮੋਕਰੇਸੀ ਪ੍ਰੋਲੇਤਾਰੀ ਦੀਆਂ ਫੌਰੀ ਲੋੜਾਂ ਨੂੰ ਛੱਡ ਗਈ ਹੈ। "ਮਜ਼ਦੂਰਾਂ ਦੀ ਆਜ਼ਾਦ ਸਰਗਰਮੀ" ਦੇ ਨਾਅਰੇ ਦੀ ਫੇਰ ਉਹਨਾਂ ਲੋਕਾਂ ਵੱਲੋਂ ਦੁਰਵਰਤੋਂ ਕੀਤੀ ਜਾ ਰਹੀ ਹੈ ਜਿਹੜੇ ਸਰਗਰਮੀ ਦੇ ਹੇਠਲੇ ਪੱਧਰ ਦੇ ਢੰਗਾਂ ਨਾਲ਼ ਚੰਬੜੇ ਹੋਏ ਹਨ ਅਤੇ ਸੱਚਮੁਚ ਦੀ ਸੋਸ਼ਲ–ਡੈਮੋਕਰੈਟਿਕ ਸਰਗਰਮੀ, ਖੁਦ ਪ੍ਰੋਲੇਤਾਰੀ ਦੀ ਸੱਚਮੁਚ ਦੀ ਇਨਕਲਾਬੀ ਪਹਿਲਕਦਮੀ ਦੇ ਉਚੇਰੇ ਢੰਗਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ।

ਇਸ ਵਿੱਚ ਰਤਾ ਵੀ ਸ਼ੱਕ ਨਹੀਂ ਹੈ ਕਿ ਲਹਿਰ, ਆਪਣੇ ਵਿਕਾਸ ਵਿਚ, ਇੱਕ ਵਾਰ ਫੇਰ ਵੇਲ਼ਾ ਵਿਹਾ ਚੁੱਕੇ ਅਤੇ ਬੇਜਾਨ ਵਿਚਾਰਾਂ ਦੀ ਰਹਿੰਦ ਖੂੰਹਦ ਨੂੰ ਹੂੰਝਾ ਫੇਰ ਦੇਵੇਗੀ। ਅਜਿਹੇ ਹੂੰਝਾ ਫੇਰਨ ਨੂੰ ਵੀ, ਸਿਰਫ਼ ਪੁਰਾਣੀਆਂ ਗਲਤੀਆਂ ਨੂੰ ਰੱਦ ਕਰਨ ਤੱਕ ਹੀ ਸੀਮਤ ਨਹੀਂ ਰੱਖਣਾ ਚਾਹੀਦਾ, ਸਗੋਂ ਮੁਕਾਬਲਤਨ ਵਧੇਰੇ ਮਹੱਤਵਪੂਰਨ ਗੱਲ ਇਹ ਹੈ ਕਿ ਇਹ, ਨਵੇਂ ਕੰਮ ਪੂਰੇ ਕਰਨ ਲਈ ਪਾਰਟੀ ਵੱਲ ਉਹਨਾਂ ਨਵੀਆਂ ਤਾਕਤਾਂ, ਜਿਹੜੀਆਂ ਵਿਸ਼ਾਲ ਸਮੂਹਾਂ ਵਿੱਚ ਇਨਕਲਾਬੀ ਖੇਤਰ ਵੱਲ ਆ ਰਹੀਆਂ ਹਨ, ਨੂੰ ਪਾਰਟੀ ਵਿੱਚ ਖਿਚਣ ਅਤੇ

---

1. **ਰਾਬੋਚੇਯੇ ਦੇਲੋ** ਵਾਦੀਏ – ਆਰਥਕਵਾਦੀਏ।

**ਰਾਬੋਚੇਯੇ ਦੇਲੋ** – ਆਰਥਕਵਾਦੀਆਂ ਵੱਲੋਂ ਛਾਪਿਆ ਜਾਂਦਾ ਰਸਾਲਾ।

**ਨਵ ਇਸਕਰਾਵਾਦੀ** – ਮੈਨਸ਼ਵਿਕ।

**ਇਸਕਰਾ** (ਚਿੰਗਾੜੀ) – ਲੈਨਿਨ ਵੱਲੋਂ 1900 ਵਿੱਚ ਸਥਾਪਤ ਪਹਿਲਾ ਕੁੱਲ ਰੂਸੀ ਮਾਰਕਸਵਾਦੀ ਇਨਕਲਾਬੀ ਅਖ਼ਬਾਰ। 1903 ਵਿੱਚ, ਰੂਸੀ ਸੋਸ਼ਲ ਡੈਮੋਕਰੈਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿਖੇ ਪਾਰਟੀ ਇਨਕਲਾਬੀਆਂ (ਬਾਲਸ਼ਵਿਕਾਂ) ਅਤੇ ਮੌਕਾਪ੍ਰਸਤਾ (ਮੈਨਸ਼ਵਿਕਾਂ) ਝੁਕਾਵਾਂ ਵਿੱਚ ਵੰਡੀ ਗਈ। ਇਸ ਦਾ ਨਾਂ, ਲੈਨਿਨਵਾਦੀ ਪੁਰਾਣੇ **ਇਸਕਰਾ** ਦੀ ਥਾਂ **ਨੋਵਾਯਾ ਇਸਕਰਾ** (ਨਵਾਂ ਇਸਕਰਾ) ਕਰ ਦਿੱਤਾ ਗਿਆ।

ਉਹਨਾਂ ਦੀ ਵਰਤੋਂ ਕਰਨ ਲਈ, ਉਸਾਰੂ ਇਨਕਲਾਬੀ ਕੰਮ ਦੀ ਸੂਰਤ ਅਖਤਿਆਰ ਕਰੇ। ਉਸਾਰੂ ਇਨਕਲਾਬੀ ਕੰਮ ਦੇ ਇਹੀ ਸਵਾਲ ਹਨ ਜਿਹੜੇ ਆ ਰਹੀ ਤੀਜੀ ਕਾਂਗਰਸ ਵਿੱਚ ਵਿਚਾਰ ਵਟਾਂਦਰੇ ਦਾ ਮੁੱਖ ਵਿਸ਼ਾ ਹੋਣੇ ਹਨ, ਇਨ੍ਹਾਂ ਸਵਾਲਾਂ ਉੱਤੇ ਸਾਡੇ ਸਾਰੇ ਪਾਰਟੀ ਵਰਕਰਾਂ ਨੂੰ ਸਥਾਨਕ ਅਤੇ ਆਮ ਕੰਮ ਵਿੱਚ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ। ਜਿੱਥੋਂ ਤੱਕ ਸਾਨੂੰ ਦਰਪੇਸ਼ ਨਵੇਂ ਕੰਮਾਂ ਦਾ ਸਬੰਧ ਹੈ, ਅਸੀਂ ਇਹਨਾਂ ਬਾਰੇ ਆਮ ਸ਼ਬਦਾਂ ਵਿੱਚ ਇੱਕ ਤੋਂ ਵੱਧ ਵਾਰ ਵਿਚਾਰ ਕਰ ਚੁੱਕੇ ਹਾਂ। ਇਹ ਕੰਮ ਹਨ, ਸਾਡੀ ਲਹਿਰ ਨੂੰ ਸ਼ਹਿਰੀ ਅਤੇ ਪੇਂਡੂ ਗਰੀਬਾਂ ਦੇ ਨਵੇਂ ਹਿੱਸਿਆਂ ਤੱਕ ਪਹੁੰਚਾਉਣਾ; ਚੁਰੇੜੀ, ਵਧੇਰੇ ਲਚਕਦਾਰ ਅਤੇ ਮਜ਼ਬੂਤ ਜਥੇਬੰਦੀ ਕਾਇਮ ਕਰਨਾ; ਵਿਦਰੋਹ ਲਈ ਤਿਆਰੀ ਕਰਨਾ ਅਤੇ ਲੋਕਾਂ ਨੂੰ ਹਥਿਆਰਬੰਦ ਕਰਨਾ ਅਤੇ ਇਹਨਾਂ ਮਕਸਦਾਂ ਨੂੰ ਪੂਰਿਆਂ ਕਰਨ ਲਈ ਇਨਕਲਾਬੀ ਡੈਮੋਕਰੈਟਾਂ ਨਾਲ ਸਮਝੌਤਿਆਂ ਨੂੰ ਪੂਰਿਆਂ ਕਰਨਾ ਹੈ। ਇਸ ਗੱਲ ਕਿ ਇਨ੍ਹਾਂ ਕੰਮਾਂ ਨੂੰ ਪੂਰਿਆਂ ਕਰਨ ਲਈ ਨਵੀਂਆਂ ਤਾਕਤਾਂ ਉੱਠ ਖੜ੍ਹੀਆਂ ਹਨ, ਇਸ ਦੀ ਪੁਸ਼ਟੀ ਸਮੁੱਚੇ ਰੂਸ ਵਿੱਚ ਹੋਈਆਂ ਹੜਤਾਲਾਂ, ਨੌਜਵਾਨਾਂ, ਆਮ ਤੌਰ 'ਤੇ ਜਮਹੂਰੀ ਬੁੱਧੀਜੀਵੀਆਂ ਅਤੇ ਬੁਰਜੂਆਜ਼ੀ ਦੇ ਕਈ ਹਿੱਸਿਆਂ ਵਿੱਚ ਹੜਤਾਲਾਂ ਅਤੇ ਇਨਕਲਾਬੀ ਰਉਂ ਤੋਂ ਬਹੁਤ ਚੰਗੀ ਤਰ੍ਹਾਂ ਹੋ ਜਾਂਦੀ ਹੈ। ਇਨ੍ਹਾਂ ਵਿਸ਼ਾਲ ਨਵੀਂਆਂ ਤੇ ਤਾਜ਼ਾ ਤਾਕਤਾਂ ਦੀ ਹੋਂਦ ਅਤੇ ਇਹ ਹਾਂ-ਪੱਖੀ ਭਰੋਸਾ ਕਿ ਰੂਸ ਵਿਚਲੇ ਮੌਜੂਦਾ ਅਣਕਿਆਸੇ ਇਨਕਲਾਬੀ ਅਸੰਤੋਸ਼ ਦਾ ਅਸਰ ਮਜ਼ਦੂਰ ਜਮਾਤ ਅਤੇ ਕਿਸਾਨੀ ਵਿਚਲੇ ਵਿਸ਼ਾਲ ਠੋਸ ਇਨਕਲਾਬੀ ਸਮੂਹ ਵਿੱਚੋਂ ਇੱਕ ਛੋਟੇ ਜਿਹੇ ਹਿੱਸੇ ਉੱਤੇ ਵੀ ਹੋਇਆ ਹੈ, ਇਸ ਗੱਲ ਦੀ ਭਰੋਸੇਯੋਗ ਜ਼ਾਮਨੀ ਹਨ ਕਿ ਨਵੇਂ ਕੰਮ ਬਿਨਾਂ ਕਿਸੇ ਅਸਫਲਤਾ ਦੇ ਪੂਰੇ ਕੀਤੇ ਜਾ ਸਕਦੇ ਹਨ ਅਤੇ ਕੀਤੇ ਜਾਣਗੇ। ਸਾਨੂੰ ਇਸ ਸਮੇਂ ਪੇਸ਼ ਅਮਲੀ ਸਵਾਲ, ਪਹਿਲੇ ਤੌਰ 'ਤੇ ਇਹ ਹੈ ਕਿ ਇਨ੍ਹਾਂ ਨਵੀਂਆਂ ਤਾਕਤਾਂ ਨੂੰ ਕਿਵੇਂ ਵਰਤਿਆ, ਸੇਧਤ, ਏਕਤਾਬੱਧ ਅਤੇ ਜਥੇਬੰਦ ਕੀਤਾ ਜਾਵੇ, ਸੋਸ਼ਲ ਡੈਮੋਕਰੈਟਿਕ ਕੰਮ ਨੂੰ **ਕਿਵੇਂ** ਅੱਜ ਦੇ ਨਵੇਂ ਅਤੇ ਉਚੇਰੇ ਕੰਮਾਂ ਉੱਤੇ ਸੇਧਤ ਕੀਤਾ ਜਾਵੇ ਅਤੇ ਇਸ ਦੇ ਨਾਲ਼ ਨਾਲ਼ ਹੀ ਉਸ ਪੁਰਾਣੇ ਅਤੇ ਆਮ ਕੰਮ ਨੂੰ, ਜਿਹੜਾ ਸਾਨੂੰ ਦਰਪੇਸ਼ ਹੈ ਅਤੇ ਜਿਹੜਾ ਓਨਾ ਚਿਰ ਦਰਪੇਸ਼ ਰਹੇਗਾ ਜਿੰਨਾ ਚਿਰ ਸਰਮਾਏਦਾਰੀ ਲੁੱਟ ਦਾ ਸੰਸਾਰ ਕਾਇਮ ਹੈ, ਵੀ ਭੁਲਾ ਨਾ ਦਿੱਤਾ ਜਾਵੇ।

ਇਸ ਅਮਲੀ ਕੰਮ ਨਾਲ਼ ਨਜਿੱਠਣ ਲਈ ਕਈ ਢੰਗ ਦੱਸਣ ਲਈ ਅਸੀਂ ਇੱਕ ਵਿਅਕਤੀਗਤ ਤੱਥ ਨਾਲ਼ ਸ਼ੁਰੂ ਕਰਾਂਗੇ, ਪਰ ਜਿਹੜਾ ਸਾਡੇ ਮਨ ਲਈ ਵਿਸ਼ੇਸ਼ ਅਤੇ ਉਦਾਹਰਣੀ ਤੱਥ ਹੈ। ਥੋੜ੍ਹਾ ਸਮਾਂ ਪਹਿਲਾਂ, ਇਨਕਲਾਬ ਸ਼ੁਰੂ ਹੋਣ ਵਾਲ਼ੀ ਸ਼ਾਮ ਨੂੰ ਹੀ ਨਰਮ ਖਿਆਲ ਬੁਰਜੂਆ **ਓਸਵੋਬੋਜ਼ਦੇਨੀਏ** (ਨੰ. 63) ਨੇ ਸੋਸ਼ਲ-ਡੈਮੋਕਰੈਟਾਂ ਦੇ ਜਥੇਬੰਦਕ ਕੰਮ ਦਾ ਜ਼ਿਕਰ ਕੀਤਾ। ਸੋਸ਼ਲ-ਡੈਮੋਕਰੇਸੀ ਵਿੱਚ ਦੋ ਰੁਝਾਨਾਂ ਵਿਚਾਲੇ ਸੰਘਰਸ਼ ਦਾ ਨੇੜਲੇ ਤੌਰ 'ਤੇ ਜ਼ਿਕਰ ਕਰਦੇ ਹੋਏ **ਓਸਵੋਬੋਜ਼ਦੇਨੀਏ** ਨੇ ਨਵੇਂ **ਇਸਕਰਾ** ਵੱਲੋਂ ਮੁੜ ਆਰਥਕਵਾਦ ਦਾ ਸ਼ਿਕਾਰ ਹੋਣ ਦਾ, ਆਰਥਕਵਾਦ ਦੇ ਸਿਧਾਂਤਾਂ ਨਾਲ਼ ਆਪਣੀ ਡੂੰਘੀ ਹਮਦਰਦੀ 'ਤੇ ਜ਼ੋਰ ("ਇੱਕ ਮਜ਼ਦੂਰ" ਵੱਲੋਂ ਸ਼ਬਦ ਅਡੰਬਰ ਵਾਲ਼ੇ ਕਿਤਾਬਚੇ ਦੇ ਸਬੰਧ ਵਿੱਚ) ਦੇਣ ਲਈ, ਵਾਰ ਵਾਰ ਲਾਭ ਉਠਾਉਣ ਦਾ ਕੋਈ ਮੌਕਾ ਹੱਥੋਂ ਖਾਲੀ ਨਾ ਜਾਣ ਦਿੱਤਾ। ਇਸ ਨਰਮ ਖਿਆਲੀ

ਪ੍ਰਕਾਸ਼ਨ ਨੇ ਸਾਫ ਤੌਰ 'ਤੇ ਦਰਸਾਇਆ ਕਿ ਇਹ ਕਿਤਾਬਚਾ (ਇਸ ਵਿਸ਼ੇ ਬਾਰੇ ਵਪਰਿਓਦ ਨੰਬਰ 2 ਦੇਖੋ[1]) ਇਨਕਲਾਬੀ ਸੋਸ਼ਲ-ਡੈਮੋਕਰੇਸੀ ਦੇ ਰੋਲ ਦੇ ਲਾਜ਼ਮੀ ਤੌਰ 'ਤੇ ਨਿਖੇਧ ਦੀ ਗੱਲ ਕਰਦਾ ਹੈ ਜਾਂ ਉਸ ਨੂੰ ਬਹੁਤ ਘਟਾ ਦਿੰਦਾ ਹੈ। "ਇੱਕ ਮਜ਼ਦੂਰ" ਦੀਆਂ ਇਨ੍ਹਾਂ ਸਿਰਿਓਂ ਹੀ ਗਲਤ ਯੁਕਤੀਆਂ ਕਿ ਕੱਟੜ ਪੰਥੀ ਮਾਰਕਸਵਾਦੀਆਂ ਦੀ ਜਿੱਤ ਤੋਂ ਮਗਰੋਂ ਆਰਥਕ ਸੰਘਰਸ਼ ਨੂੰ ਅਣਗੌਲ਼ਿਆਂ ਕਰ ਦਿੱਤਾ ਗਿਆ ਹੈ, ਦਾ ਜ਼ਿਕਰ ਕਰਦੇ ਹੋਏ **ਓਸਵੋਬੋਜ਼ਦੇਨੀਏ** ਕਹਿੰਦਾ ਹੈ:

"ਅਜੋਕੀ ਰੂਸੀ ਸੋਸ਼ਲ-ਡੈਮੋਕਰੇਸੀ ਦਾ ਧੁੰਦਲਾਪਨ ਇਸ ਦੇ ਵਿਦਿਅਕ ਕੰਮ, ਕਾਨੂੰਨੀ ਢੰਗਾਂ, ਆਰਥਕਵਾਦ ਮਜ਼ਦੂਰ ਲਹਿਰ ਦੇ ਕਥਿਤ ਗੈਰ ਰਾਜਸੀ ਢੰਗਾਂ ਕਾਰਨ ਅਤੇ ਇਸ ਵੱਲੋਂ ਇਹ ਗੱਲ ਸਮਝਣ ਦੀ ਅਸਮਰੱਥਾ ਕਾਰਨ ਹੈ ਕਿ ਸਿਰਫ਼ ਵਿਦਿਅਕ ਕੰਮ, ਕਾਨੂੰਨੀ ਅਤੇ ਗੈਰ-ਰਾਜਸੀ ਢੰਗ ਹੀ ਮਜ਼ਦੂਰ ਜਮਾਤ ਦੀ ਲਹਿਰ ਲਈ, ਜਿਹੜੀ ਕਿ ਸੱਚਮੁਚ ਹੀ ਇਨਕਲਾਬੀ ਕਹਾਈ ਜਾਣ ਦੇ ਯੋਗ ਹੋਵੇ, ਕਾਫੀ ਮਜ਼ਬੂਤ ਅਤੇ ਚੁਰੇੜੇ ਅਧਾਰ ਪੈਦਾ ਕਰ ਸਕਦੇ ਹਨ।"

**ਓਸਵੋਬੋਜ਼ਦੇਨੀਏ** ਆਪਣੇ ਪੈਰੋਕਾਰਾਂ ਉੱਤੇ ਜ਼ੋਰ ਦਿੰਦਾ ਹੈ ਕਿ ਉਹ "ਟਰੇਡ ਯੂਨੀਅਨ ਲਹਿਰ ਉਸਾਰਨ ਵਿੱਚ ਆਪ ਪਹਿਲ ਕਦਮੀ ਕਰਨ", ਪਰ ਸੋਸ਼ਲ-ਡੈਮੋਕਰੇਸੀ ਦਾ ਵਿਰੋਧ ਕਰਕੇ ਨਹੀਂ ਸਗੋਂ ਇਸ ਦੇ ਨਾਲ਼ ਰਲਕੇ ਅਤੇ ਇਹ ਇਸ ਸਥਿਤੀ ਅਤੇ ਸੋਸ਼ਲਿਸਟਾਂ ਵਿਰੁੱਧ ਵਿਸ਼ੇਸ਼ ਕਾਨੂੰਨ ਦੇ ਦਿਨਾਂ ਵਿਚਲੀ ਜਰਮਨ ਮਜ਼ਦੂਰ ਲਹਿਰ ਵਾਲ਼ੀ ਸਥਿਤੀ ਨੂੰ ਸਾਵਿਆਂ ਤੋਲਦਾ ਹੈ।

ਇਸ ਬਿਲਕੁਲ ਹੀ ਗਲਤ ਟਾਕਰੇ ਬਾਰੇ ਕਹਿਣ ਦੀ ਇਹ ਥਾਂ ਨਹੀਂ ਹੈ। ਪਹਿਲਾਂ ਤਾਂ ਇਹ ਜ਼ਰੂਰੀ ਹੈ ਕਿ ਮਜ਼ਦੂਰ ਜਮਾਤ ਦੀ ਲਹਿਰ ਦੇ ਕਾਨੂੰਨੀ ਢੰਗਾਂ ਬਾਰੇ ਸੋਸ਼ਲ-ਡੈਮੋਕਰੈਟਾਂ ਦੇ ਵਤੀਰੇ ਬਾਰੇ ਸੱਚ ਦਾ ਪਤਾ ਲਾਇਆ ਜਾਵੇ। ਅਸੀਂ 1902 ਵਿੱਚ "**ਕੀ ਕਰਨਾ ਲੋੜੀਏ ?**"[2] ਵਿੱਚ ਲਿਖਿਆ: "ਰੂਸ ਵਿੱਚ ਗੈਰ ਸੋਸ਼ਲਿਸਟ ਅਤੇ ਗੈਰ ਰਾਜਸੀ ਮਜ਼ਦੂਰ ਯੂਨੀਅਨਾਂ ਦਾ ਕਾਨੂੰਨੀ ਕਰਨ ਸ਼ੁਰੂ ਹੋ ਚੁੱਕਾ।" "ਇਸ ਲਈ ਸਾਨੂੰ ਲਾਜ਼ਮੀ ਤੌਰ 'ਤੇ ਇਸ ਰੁਚੀ ਨਾਲ਼ ਨਜਿੱਠਣਾ ਪਵੇਗਾ।" ਅਸੀਂ ਇਸ ਨਾਲ਼ ਕਿਵੇਂ ਨਜਿੱਠਾਂਗੇ ? – ਇਹ ਸਵਾਲ ਉਠਾਇਆ ਗਿਆ ਹੈ ਅਤੇ ਇਸ ਦਾ ਉੱਤਰ ਨਾ ਸਿਰਫ਼ ਜ਼ੁਬਾਤੋਵ ਦੀਆਂ ਥਿਊਰੀਆਂ ਹੀ ਸਗੋਂ "ਜਮਾਤੀ ਗਠਜੋੜ" ਬਾਰੇ ਸਭ ਨਰਮ-ਦਲੀ ਇੱਕਸੁਰਤਾ ਭਾਸ਼ਣਾਂ ਨੂੰ ਨੰਗਿਆਂ ਕਰਨ ਦੀ ਲੋੜ ਦਾ ਜ਼ਿਕਰ ਕਰ ਕੇ ਦਿੱਤਾ ਗਿਆ ਸੀ। (ਸੋਸ਼ਲ ਡੈਮੋਕਰੈਟਾਂ ਦੇ ਮਿਲਾਵਰਤਣ ਦਾ ਸੱਦਾ ਦਿੰਦੇ ਹੋਏ **ਓਸਵੋਬੋਜ਼ਦੇਨੀਏ** ਪੂਰੀ ਤਰ੍ਹਾਂ ਪਹਿਲੇ ਕਾਰਜ ਨੂੰ ਪ੍ਰਵਾਨ ਕਰਦਾ ਹੈ, ਪਰ ਦੂਜੇ ਨੂੰ ਨਜ਼ਰ ਅੰਦਾਜ਼ ਕਰ ਦਿੰਦਾ ਹੈ।) "ਅਜਿਹਾ ਕਰਨ" ਕਿਤਾਬਚਾ ਹੋਰ ਕਹਿੰਦਾ ਹੈ, "ਦਾ ਅਰਥ ਭੁੱਲ ਜਾਣਾ ਕਿਸੇ ਵੀ ਤਰ੍ਹਾਂ ਨਹੀਂ ਹੈ ਕਿ ਮਜ਼ਦੂਰ ਜਮਾਤ ਦੀ ਲਹਿਰ ਦੇ ਕਾਨੂੰਨੀਕਰਨ

---

1. ਦੇਖੋ **ਸਮੁੱਚੀਆਂ ਲਿਖਤਾਂ**, ਜਿਲਦ 8, ਸਫ਼ੇ 56-62. -ਸੰਪਾ.
2. ਇਹ ਹਵਾਲਾ ਲੈਨਿਨ ਦੀ **ਕੀ ਕਰਨਾ ਲੋੜੀਏ ?** ਦਾ ਹੈ।

ਦਾ ਲਾਭ ਆਖਰਕਾਰ ਸਾਡੇ ਲਾਭ ਵਿੱਚ ਹੋਣਾ ਹੈ, ਨਾ ਕਿ ਜ਼ੁਬਾਤੋਵਾ ਦੇ ਲਾਭ ਵਿੱਚ।" ਕਾਨੂੰਨੀ ਮੀਟਿੰਗਾਂ ਵਿੱਚ ਜ਼ੁਬਾਤੋਵਵਾਦ ਅਤੇ ਨਰਮ ਪੰਥੀਵਾਦ ਨੂੰ ਨੰਗਿਆਂ ਕਰਕੇ ਅਸੀਂ ਕਣਕ ਨਾਲੋਂ ਕੱਖ ਕਾਨ ਵੱਖ ਕਰ ਰਹੇ ਹਾਂ। "ਕਣਕ ਤੇ ਸਾਡੀ ਮੁਰਾਦ, ਬਹੁਤ ਪੱਛੜੇ ਹੋਏ ਵਰਗਾਂ ਸਣੇ ਵੱਧ ਤੋਂ ਵੱਧ ਹਿੱਸਿਆਂ ਨੂੰ ਮਜ਼ਦੂਰਾਂ ਦੇ ਸਮਾਜੀ ਅਤੇ ਰਾਜਸੀ ਸਵਾਲਾਂ ਵੱਲ ਆਕਰਸ਼ਤ ਕਰਨਾ ਅਤੇ ਆਪਣੇ ਆਪ, ਇਨਕਲਾਬੀਆਂ ਨੂੰ, ਉਹਨਾਂ ਕੰਮਾਂ ਤੋਂ ਮੁਕਤ ਕਰਨਾ ਜਿਹੜੇ ਕਿ ਲਾਜ਼ਮੀ ਤੌਰ 'ਤੇ ਕਾਨੂੰਨੀ ਹਨ (ਕਾਨੂੰਨੀ ਕਿਤਾਬਾਂ ਦੀ ਵੰਡ, ਆਪਸੀ ਮਦਦ ਵਗੈਰਾ), ਜਿਨ੍ਹਾਂ ਦੇ ਵਿਕਾਸ ਨਾਲ਼ ਸਾਨੂੰ ਐਜੀਟੇਸ਼ਨ ਲਈ ਵੱਧ ਤੋਂ ਵੱਧ ਮਵਾਦ ਮਿਲ ਸਕੇਗਾ।"

ਇਸ ਗੱਲ ਤੋਂ ਇਹ ਸਾਫ ਹੋ ਜਾਂਦਾ ਹੈ ਕਿ ਜੇਕਰ ਲਹਿਰ ਦੇ ਕਾਨੂੰਨੀ ਢੰਗਾਂ ਤੋਂ "ਡਰਨ" ਦੇ ਸਵਾਲ ਬਾਰੇ ਕੋਈ "ਧੁੰਦਲਾਪਨ" ਦਾ ਸ਼ਿਕਾਰ ਹੈ ਤਾਂ ਉਹ **ਓਸਵੋਬੋਜ਼ਦੇਨੀਏ** ਹੈ। ਇਹਨਾਂ ਢੰਗਾਂ ਤੋਂ ਡਰਨ ਦੇ ਉਲਟ, ਇਨਕਲਾਬੀ ਸੋਸ਼ਲ ਡੈਮੋਕਰੈਟ ਆਪਣੇ ਅੰਦਰ **ਕੱਖ ਕਾਨ** ਅਤੇ **ਕਣਕ** ਦੀ ਹੋਂਦ ਵੱਲ ਸਾਫ ਤੌਰ 'ਤੇ ਇਸ਼ਾਰਾ ਕਰਦੇ ਹਨ। ਇਸ ਦੇ ਟਾਕਰੇ 'ਤੇ **ਓਸਵੋਬੋਜ਼ਦੇਨੀਏ** ਦੀਆਂ ਦਲੀਲਾਂ ਸਿਰਫ਼ ਨਰਮ ਪੱਖੀਆਂ ਦੇ ਹਕੀਕੀ (ਅਤੇ ਡੂੰਘੇ) **ਡਰ** ਤੱਕ ਹੀ ਸੀਮਤ ਹਨ ਕਿ ਇਨਕਲਾਬੀ ਸੋਸ਼ਲ ਡੈਮੋਕਰੇਸੀ "ਨਰਮ ਪੰਥੀਵਾਦ ਦੇ ਜਮਾਤੀ ਖਾਸੇ" ਨੂੰ ਬੇਨਕਾਬ ਕਰ ਦੇਵੇਗੀ। ਇਹ ਇੱਕੋ ਤੱਥ ਕਿ ਅਸੀਂ ਹੁਣ ਇਨਕਲਾਬ ਦਾ ਆਗਾਜ਼ ਦੇਖ ਰਹੇ ਹਾਂ, ਇਸ ਨੂੰ ਇੱਕ ਵਿਸ਼ੇਸ ਤੌਰ 'ਤੇ ਨਿਵੇਕਲਾ ਅਤੇ ਮਹੱਤਵਪੂਰਨ ਸਵਾਲ ਬਣਾ ਦਿੰਦਾ ਹੈ। "ਜਿੰਨਾ ਵਧੇਰੇ ਜੋਸ਼ ਖਰੋਸ਼ ਨਾਲ਼ ਅਸੀਂ ਆਪਣਾ ਇਨਕਲਾਬੀ ਸੰਘਰਸ਼ ਚਲਾਵਾਂਗੇ, ਓਨਾ ਵਧੇਰੇ ਹੀ ਸਰਕਾਰ ਨੂੰ ਟਰੇਡ ਯੂਨੀਅਨ ਕੰਮ ਦੇ ਹਿੱਸੇ ਨੂੰ ਕਾਨੂੰਨੀ ਰੂਪ ਦੇਣ ਲਈ ਮਜਬੂਰ ਹੋਣਾ ਪਵੇਗਾ ਅਤੇ ਇਸ ਤਰ੍ਹਾਂ ਸਾਡਾ ਭਾਰ ਕੁਝ ਹਲਕਾ ਹੋ ਜਾਵੇਗਾ, "ਅਸੀਂ **ਕੀ ਕਰਨਾ ਲੋੜੀਏ ?**[1] ਵਿੱਚ ਕਿਹਾ। ਪਰ ਜੋਸ਼ ਖਰੋਸ਼ ਵਾਲ਼ਾ ਇਨਕਲਾਬੀ ਸੰਘਰਸ਼ ਇਸ ਤੋਂ ਬਿਨਾਂ ਕਈ ਹੋਰ ਢੰਗਾਂ ਨਾਲ਼ ਵੀ ਸਾਨੂੰ "ਭਾਰ ਦਾ ਕੁਝ ਹਿੱਸੇ" ਤੋਂ ਮੁਕਤ ਕਰਦਾ ਹੈ। ਮੌਜੂਦਾ ਲਹਿਰ ਨੇ ਪਹਿਲਾਂ ਦੀਆਂ ਪਾਬੰਦੀਸ਼ੁਦਾ ਗੱਲਾਂ ਨੂੰ ਸਿਰਫ਼ "ਕਾਨੂੰਨੀ ਰੂਪ ਦੇਣ" ਨਾਲੋਂ ਵਧੇਰੇ ਕੁਝ ਕੀਤਾ ਹੈ। ਇਸ ਨੇ ਲਹਿਰ ਨੂੰ ਏਨਾ ਚੁਰੇੜਾ ਕਰ ਦਿੱਤਾ ਹੈ ਕਿ ਸਰਕਾਰ ਵੱਲੋਂ ਮਾਨਤਾ ਮਿਲਣ ਤੋਂ ਵੱਖਰੇ ਤੌਰ 'ਤੇ ਹੀ, ਜਿਹੜੀਆਂ ਬਹੁਤ ਸਾਰੀਆਂ ਗੱਲਾਂ ਪਹਿਲਾਂ ਸਿਰਫ਼ ਇਨਕਲਾਬੀਆਂ ਦੀ ਪਹੁੰਚ ਤੱਕ ਹੀ ਸਮਝੀਆਂ ਜਾਂਦੀਆਂ ਸਨ ਅਤੇ ਹਕੀਕਤਨ ਸਨ ਵੀ, ਉਹ ਅੱਜ ਕੱਲ ਆਮ ਅਤੇ ਜਨਤਾ ਦੀ ਪਹੁੰਚ ਵਿਚ ਆ ਗਈਆਂ ਹਨ। ਸੋਸ਼ਲ ਡੈਮੋਕਰੇਸੀ ਦੇ ਇਤਿਹਾਸਕ ਵਿਕਾਸ ਦੇ ਪੂਰੇ ਰਾਹ ਦੀ ਖਾਸੀਅਤ ਇਸ ਤੱਥ ਵਿੱਚ ਹੈ ਕਿ ਸਭ ਰੁਕਾਵਟਾਂ ਦਾ ਟਾਕਰਾ ਕਰਦੇ ਹੋਏ ਜ਼ਾਰਵਾਦੀ ਕਾਨੂੰਨ ਅਤੇ ਪੁਲੀਸ ਦਮਨ ਦੇ ਬਾਵਜੂਦ ਇਹ ਆਪਣੇ ਲਈ ਕਾਰਵਾਈ ਦੀ ਵਧੇਰੇ ਆਜ਼ਾਦੀ ਹਾਸਲ ਕਰਦੀ ਜਾ ਰਹੀ ਹੈ। ਇਨਕਲਾਬੀ ਪ੍ਰੋਲੇਤਾਰੀਆਂ ਨੇ ਆਪਣੇ ਉਦਾਲੇ ਮਜ਼ਦੂਰ ਜਮਾਤ ਦੇ ਅੰਦਰ ਅਤੇ ਹੋਰ ਜਮਾਤਾਂ ਦੇ ਅੰਦਰ (ਜਿਹੜੀਆਂ ਕਿ

1. ਦੇਖੋ **ਸਮੁੱਚੀਆਂ ਲਿਖਤਾਂ**, ਜਿਲਦ 5, ਸਫ਼ਾ 461. –ਸੰਪਾ.

ਮਜ਼ਦੂਰ ਜਮਾਤ ਦੇ ਡੈਮੋਕਰੈਟਾਂ ਦੀਆਂ ਮੰਗਾਂ ਦੇ ਬਹੁਤ ਥੋੜ੍ਹੇ ਜਿਹੇ ਹਿੱਸੇ ਨਾਲ਼ ਹੀ ਸਹਿਮਤ ਹਨ) ਦੇ ਹਮਦਰਦੀ ਅਤੇ ਹਮਾਇਤ ਦਾ ਅਜਿਹਾ ਵਾਤਾਵਰਨ ਪੈਦਾ ਕਰ ਲਿਆ, ਜਿਸ ਬਾਰੇ ਸਰਕਾਰ ਕਿਆਸ ਵੀ ਨਹੀਂ ਕਰ ਸਕਦੀ। ਲਹਿਰ ਦੇ ਮੁਢਲੇ ਪੜਾਵਾਂ ਤੇ ਸੋਸ਼ਲ ਡੈਮੋਕਰੈਟਾਂ ਨੂੰ ਬਹੁਤ ਸਾਰਾ ਅਜਿਹਾ ਕੰਮ ਕਰਨਾ ਪਿਆ ਸੀ ਜਿਹੜਾ ਕਿ ਲਗਭਗ ਸੱਭਿਆਚਾਰਕ ਕੰਮ ਹੀ ਕਿਹਾ ਜਾ ਸਕਦਾ ਹੈ ਜਾਂ ਲਗਭਗ ਨਿਰੋਲ ਆਰਥਕ ਐਜੀਟੇਸ਼ਨ ਤੇ ਹੀ ਕੇਂਦਰਤ ਹੋਣਾ ਪਿਆ ਸੀ। ਹੁਣ ਇਹ ਕਾਰਜ, ਇੱਕ ਦੇ ਬਾਅਦ ਦੂਜਾ, ਉਹਨਾਂ ਨਵੀਂਆਂ ਤਾਕਤਾਂ, ਚੁਰੇੜੇ ਵਰਗਾਂ ਦੇ ਹੱਥਾਂ ਵਿੱਚ ਜਾ ਰਹੇ ਹਨ ਜਿਨ੍ਹਾਂ ਨੂੰ ਲਹਿਰ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਇਨਕਲਾਬੀ ਜਥੇਬੰਦੀਆਂ ਨੇ ਵੱਧ ਤੋਂ ਵੱਧ ਧਿਆਨ ਹਕੀਕੀ **ਰਾਜਸੀ** ਲੀਡਰਸ਼ਿਪ ਦੇ ਕੰਮ ਕਰਨ ਵੱਲ, ਮਜ਼ਦੂਰਾਂ ਦੇ ਠੋਸ ਅਤੇ ਲੋਕਾਂ ਵਿੱਚ ਫੈਲੇ ਵਿਸ਼ਾਦ ਤੋਂ **ਸੋਸ਼ਲ ਡੈਮੋਕਰੈਟਿਕ** ਸਿੱਟੇ ਕੱਢਣ ਵੱਲ ਦਿੱਤਾ ਹੈ। ਸ਼ੁਰੂ ਵਿੱਚ ਸਾਨੂੰ ਵਰਕਰਾਂ ਨੂੰ ੳ. ਅ. ੲ. ਸਿਖਾਉਣਾ ਪਿਆ, ਸ਼ਾਬਦਕ ਅਰਥਾਂ ਦੇ ਤੌਰ ’ਤੇ ਵੀ ਅਤੇ ਅਮਲੀ ਤੌਰ ’ਤੇ ਵੀ। ਹੁਣ ਰਾਜਸੀ ਸੂਝ ਦੀ ਪੱਧਰ ਏਨੇ ਵਿਸ਼ਾਲ ਢੰਗ ਨਾਲ਼ ਵਧੀ ਹੈ ਕਿ ਅਸੀਂ ਆਪਣੇ ਸਾਰੇ ਯਤਨਾਂ ਨੂੰ, ਇਨਕਲਾਬੀ ਧਾਰਾ ਨੂੰ ਜਥੇਬੰਦਕ ਸੇਧ ਦੇਣ ਦੇ ਮਿਥੇ ਗਏ ਵਧੇਰੇ ਸਿੱਧੇ ਸੋਸ਼ਲ ਡੈਮੋਕਰੈਟਿਕ ਮੰਤਵਾਂ ਵੱਲ ਕੇਂਦਰਤ ਕਰ ਸਕਦੇ ਹਾਂ ਅਤੇ ਸਾਨੂੰ ਅਜਿਹਾ ਕਰਨਾ ਚਾਹੀਦਾ ਹੈ। ਹੁਣ ਨਰਮ ਖਿਆਲੀਏ ਅਤੇ ਕਾਨੂੰਨੀ ਪਰੈਸ ਬਹੁਤ ਸਾਰਾ “ਮੁਢਲੀ ਤਿਆਰੀ” ਦਾ ਕੰਮ ਕਰ ਰਿਹਾ ਹੈ ਜਿਸ ਲਈ ਸਾਨੂੰ ਪਹਿਲਾਂ ਬਹੁਤ ਸਾਰੇ ਯਤਨ ਕਰਨੇ ਪਏ ਸਨ। ਹੁਣ ਜਮਹੂਰੀ ਵਿਚਾਰਾਂ ਅਤੇ ਮੰਗਾਂ ਜਿਸ ਵਿਰੁੱਧ ਕਮਜ਼ੋਰ ਹੋਈ ਸਰਕਾਰ ਹੁਣ ਕੋਈ ਕਾਰਵਾਈ ਨਹੀਂ ਕਰਦੀ, ਦਾ ਪ੍ਰਚਾਰ ਏਨਾ ਫੈਲ ਗਿਆ ਹੈ ਕਿ ਸਾਨੂੰ ਆਪਣੇ ਆਪ ਨੂੰ ਲਹਿਰ ਦੀ ਬਿਲਕੁਲ ਹੀ ਨਵੀਂ ਸੰਭਾਵਨਾ ਪ੍ਰਤੀ ਢਾਲਣਾ ਸਿੱਖਣਾ ਚਾਹੀਦਾ ਹੈ। ਕੁਦਰਤੀ ਤੌਰ ’ਤੇ, ਇਸ ਮੁਢਲੇ ਕੰਮ ਵਿੱਚ ਕੱਖ ਕਾਨ ਵੀ ਹਨ ਅਤੇ ਕਣਕ ਵੀ। ਕੁਦਰਤੀ ਤੌਰ ’ਤੇ, ਸੋਸ਼ਲ ਡੈਮੋਕਰੈਟਾਂ ਨੂੰ ਹੁਣ ਮਜ਼ਦੂਰਾਂ ਉੱਤੇ ਬੁਰਜੂਆਜ਼ੀ ਡੈਮੋਕਰੈਟਾਂ ਦੇ ਪ੍ਰਭਾਵ ਦਾ ਟਾਕਰਾ ਕਰਨ ਵੱਲ ਵਧੇਰੇ ਧਿਆਨ ਦੇਣਾ ਪਵੇਗਾ। ਪਰ ਇਸ ਕੰਮ ਵਿੱਚ ਵੀ ਸਾਡੀ ਪਹਿਲੀ ਸਰਗਰਮੀ ਜਿਹੜੀ ਮੁੱਖ ਤੌਰ ’ਤੇ ਰਾਜਸੀ ਤੌਰ ’ਤੇ ਅਚੇਤ ਜਨਤਾ ਨੂੰ ਜਾਗਰਤ ਕਰਨ ਵੱਲ ਸੇਧਤ ਸੀ, ਨਾਲੋਂ ਵਧੇਰੇ ਹਕੀਕੀ ਸੋਸ਼ਲ ਡੈਮੋਕਰੈਟਿਕ ਸੰਕਲਪ ਹੋਵੇਗਾ।

ਜਿੰਨੀ ਜ਼ਿਆਦਾ ਲੋਕਪ੍ਰਿਆ ਲਹਿਰ ਫੈਲੇਗੀ, ਵੱਖ ਵੱਖ ਜਮਾਤਾਂ ਦਾ ਹਕੀਕੀ ਖਾਸਾ ਓਨਾ ਹੀ ਵਧੇਰੇ ਸਪੱਸ਼ਟਤਾ ਨਾਲ਼ ਜ਼ਾਹਰ ਹੁੰਦਾ ਜਾਵੇਗਾ ਅਤੇ **ਪਾਰਟੀ ਦਾ**, ਘਟਨਾਵਾਂ ਦੇ ਮਗਰ ਮਗਰ ਘਿਸੜਣ ਦੀ ਥਾਂ ਜਮਾਤ ਦੀ ਅਗਵਾਈ ਕਰਨ, ਇਸ ਨੂੰ ਜਥੇਬੰਦ ਕਰਨ ਵਾਲ਼ੀ ਬਣਨ, ਦਾ ਕੰਮ ਵਧੇਰੇ ਅਹਿਮੀਅਤ ਅਖਤਿਆਰ ਕਰਦਾ ਜਾਵੇਗਾ। ਹਰ ਤਰ੍ਹਾਂ ਦੀ ਇਨਕਲਾਬੀ ਆਜ਼ਾਦ ਸਰਗਰਮੀ ਜਿੰਨੀ ਜ਼ਿਆਦਾ ਹਰ ਥਾਂ ’ਤੇ ਫੈਲੇਗੀ, **ਰਾਬੋਚੇਯੇ ਦੇਲੋ** ਦੇ ਆਮ ਤੌਰ ’ਤੇ ਆਜ਼ਾਦ ਸਰਗਰਮੀ ਬਾਰੇ ਕੰਨਭਰਮਾਊ ਸ਼ਬਦਾਂ, ਜਿਨ੍ਹਾਂ ਵੱਲ ਨਵੇਂ ਇਸਕਰਾਵਾਦੀ ਏਨੀ ਇੱਛਾ ਨਾਲ਼ ਖਿੱਚੇ ਜਾਂਦੇ ਹਨ, ਦਾ ਖੋਖਲਾਪਨ ਅਤੇ ਨਕਾਰਾਪਣ ਲਾਜ਼ਮੀ ਹੁੰਦਾ ਜਾਵੇਗਾ, **ਸੋਸ਼ਲ ਡੈਮੋਕਰੈਟਿਕ** ਆਜ਼ਾਦ ਸਰਗਰਮੀ ਦਾ ਅਰਥ ਵਧੇਰੇ

ਮਹੱਤਵਪੂਰਨ ਬਣ ਜਾਵੇਗਾ ਅਤੇ ਉਹ ਮੰਗਾਂ ਵੀ ਮਹਾਨ ਹੋਣਗੀਆਂ ਜਿਹੜੀਆਂ ਸਥਿਤੀਆਂ ਸਾਡੀ **ਇਨਕਲਾਬੀ ਪਹਿਲਕਦਮੀ** ਤੋਂ ਕਰਦੀਆਂ ਹਨ। ਸਮਾਜੀ ਲਹਿਰ ਦੇ ਧਾਰੇ ਜਿੰਨੇ ਚੁਰੇੜੇ ਹੋਣਗੇ, ਇਨ੍ਹਾਂ ਧਾਰਿਆਂ ਲਈ ਨਵੇਂ ਲਾਂਘੇ ਪੈਦਾ ਕਰਨ ਦੇ ਕਾਬਲ ਮਜ਼ਬੂਤ ਸੋਸ਼ਲ ਡੈਮੋਕਰੈਟਿਕ ਜਥੇਬੰਦੀ ਵੀ ਓਨੀ ਹੀ ਮਹਾਨਤਾ ਅਖਤਿਆਰ ਕਰਦੀ ਜਾਵੇਗੀ। ਸਾਡੇ ਵੱਲੋਂ ਆਜ਼ਾਦਾਨਾ ਤੌਰ 'ਤੇ ਚਲਾਏ ਗਏ ਜਮਹੂਰੀ ਪ੍ਰਚਾਰ ਅਤੇ ਐਜੀਟੇਸ਼ਨ ਜਿੰਨਾ ਵਧੇਰੇ ਸਾਡੇ ਲਾਭ ਲਈ ਕੰਮ ਕਰਨਗੇ, ਮਜ਼ਦੂਰ ਜਮਾਤ ਦੀ ਆਜ਼ਾਦੀ ਦੀ ਬੁਰਜੂਆਜ਼ੀ ਡੈਮੋਕਰੈਟਾਂ ਤੋਂ ਰਾਖੀ ਕਰਨ ਲਈ ਜਥੇਬੰਦ ਸੋਸ਼ਲ-ਡੈਮੋਕਰੈਟਿਕ ਲੀਡਰਸ਼ਿਪ ਦੀ ਮਹੱਤਤਾ ਵੀ ਓਨੀ ਹੀ ਵਧੇਰੇ ਹੋ ਜਾਵੇਗੀ।

ਇਨਕਲਾਬੀ ਦੌਰ ਸੋਸ਼ਲ ਡੈਮੋਕਰੈਟਾਂ ਲਈ ਉਹ ਸਥਾਨ ਰੱਖਦਾ ਹੈ ਜਿਹੜਾ ਫੌਜ ਲਈ ਜੰਗ ਦੇ ਸਮੇਂ ਦਾ ਹੁੰਦਾ ਹੈ। ਸਾਨੂੰ ਲਾਜ਼ਮੀ ਤੌਰ 'ਤੇ ਆਪਣੀ ਫੌਜ ਦੇ ਕੇਡਰ ਨੂੰ ਚੁਰੇੜਾ ਕਰਨਾ ਪਵੇਗਾ, ਸਾਨੂੰ ਉਹਨਾਂ ਦੀ ਤਾਕਤ ਅਮਨ ਸਮੇਂ ਨਾਲ਼ੋਂ ਵਧਾ ਕੇ ਜੰਗ ਦੇ ਸਮੇਂ ਵਰਗੀ ਕਰਨੀ ਚਾਹੀਦੀ ਹੈ, ਸਾਨੂੰ ਰਿਜ਼ਰਵ ਵਾਲ਼ਿਆਂ ਨੂੰ ਲਾਮਬੰਦ ਕਰਨਾ ਪਵੇਗਾ। ਫਰਲੋ ਮਾਰ ਰਹਿਆਂ ਨੂੰ ਵਾਪਸ ਸੱਦਣਾ ਪਵੇਗਾ ਅਤੇ ਨਵੀਂਆਂ ਮਦਦਕਾਰੀ ਕਾਰਪਸ, ਯੂਨਿਟਾਂ ਅਤੇ ਸਰਵਿਸਿਜ਼ ਕਾਇਮ ਕਰਨੀਆਂ ਪੈਣਗੀਆਂ। ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਜੰਗ ਦੇ ਸਮੇਂ ਸਾਡੇ ਲਈ ਜ਼ਰੂਰੀ ਅਤੇ ਲਾਜ਼ਮੀ ਹੁੰਦਾ ਹੈ ਕਿ ਘੱਟ ਟਰੇਂਡ ਮੁਤਬਾਦਲਾਂ ਨਾਲ਼ ਸਾਰਿਆ ਜਾਵੇ, ਕਈ ਵਾਰ ਅਫਸਰਾਂ ਦੀ ਥਾਂ ਹੇਠਲੀਆਂ ਸਫਾਂ ਵਿੱਚੋਂ ਆਏ ਲੋਕਾਂ ਨੂੰ ਦੇਣੀ ਪੈਂਦੀ ਹੈ ਅਤੇ ਸਿਪਾਹੀਆਂ ਨੂੰ ਅਫਸਰਾਂ ਦੇ ਰੈਂਕ ਤੱਕ ਤਰੱਕੀ ਦੇਣ ਨੂੰ ਤੇਜ਼ ਕਰਨਾ ਅਤੇ ਆਸਾਨ ਕਰਨਾ ਪੈਂਦਾ ਹੈ।

ਇਸ ਉਦਾਹਰਣ ਨੂੰ ਛੱਡਦੇ ਹੋਏ, ਸਾਨੂੰ ਲੋਕਪ੍ਰਿਆ ਇਨਕਲਾਬੀ ਸ਼ਕਤੀ, ਜਿਸ ਵਿੱਚ ਸੌ ਗੁਣਾਂ ਮਜ਼ਬੂਤੀ ਆਈ ਹੈ, ਦੀ ਧਾਰਾ ਦੇ ਕਿਸੇ ਹੱਦ ਤੱਕ ਨਾਲ਼ ਚੱਲਣ ਦੇ ਸਮਰੱਥ ਹੋਣ ਲਈ ਸਾਨੂੰ ਲਾਜ਼ਮੀ ਤੌਰ 'ਤੇ ਸਮੁੱਚੀ ਪਾਰਟੀ ਅਤੇ ਪਾਰਟੀ ਨਾਲ਼ ਸਬੰਧਤ ਜਥੇਬੰਦੀਆਂ ਦੀ ਮੈਂਬਰਸ਼ਿਪ ਵਿੱਚ ਕਾਫੀ ਵਾਧਾ ਕਰਨਾ ਚਾਹੀਦਾ ਹੈ ਤੇ ਕਹਿਣ ਦੀ ਲੋੜ ਨਹੀਂ ਕਿ ਇਸ ਦਾ ਅਰਥ ਇਹ ਨਹੀਂ ਕਿ ਮਾਰਕਸਵਾਦੀ ਸੱਚਾਈਆਂ ਦੀ ਲਗਾਤਾਰ ਟਰੇਨਿੰਗ ਅਤੇ ਨਿਯਮਬੱਧ ਸਿਖਲਾਈ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਵੇਗਾ। ਪਰ ਫਿਰ ਵੀ ਸਾਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਮੌਜੂਦਾ ਸਮਾਂ ਟਰੇਨਿੰਗ ਅਤੇ ਵਿੱਦਿਆ ਵਿੱਚ ਫੌਜੀ ਕਾਰਵਾਈਆਂ ਨੂੰ ਕਿਤੇ ਵੱਧ ਮਹੱਤਤਾ ਪ੍ਰਦਾਨ ਕਰਦਾ ਹੈ, ਟਰੇਨਿੰਗ ਜਿਹੜੀ ਗੈਰ ਹੁਨਰਮੰਦਾਂ ਨੂੰ ਠੀਕ ਠੀਕ ਤੌਰ 'ਤੇ ਅਤੇ ਸਮੁੱਚੇ ਤੌਰ 'ਤੇ **ਸਾਡੇ** ਹਿਸਾਬ ਨਾਲ਼ **ਸਿੱਖਿਅਤ** ਕਰਦੀ ਹੈ। ਸਾਨੂੰ ਚੇਤਾ ਰੱਖਣਾ ਚਾਹੀਦਾ ਹੈ ਕਿ ਮਾਰਕਸਵਾਦ ਪ੍ਰਤੀ ਵਫਾਦਾਰੀ ਬਾਰੇ ਸਾਡਾ "ਸਿਧਾਂਤ" ਅੱਜ ਕੱਲ੍ਹ ਇਨਕਲਾਬੀ ਘਟਨਾਵਾਂ ਦੇ ਵਿਕਾਸ ਵੱਲੋਂ ਲਾਗੂ ਕੀਤਾ ਜਾ ਰਿਹਾ ਹੈ, ਜਿਹੜੀਆਂ ਘਟਨਾਵਾਂ ਹਰ ਥਾਂ **ਜਨਤਾ ਨੂੰ ਵਿਸ਼ਾਗਤ ਪਾਠ** ਪੜ੍ਹਾ ਰਹੀਆਂ ਹਨ ਅਤੇ ਇਹ ਸਾਰੇ ਪਾਠ ਬਿਲਕੁਲ ਸਾਡੇ ਵਿਸ਼ਵਾਸ ਮੁਤਾਬਕ ਹਨ। ਇਸ ਲਈ ਅਸੀਂ ਇਸ ਵਿਸ਼ਵਾਸ ਨੂੰ ਤੱਜਣ ਜਾਂ ਧੁੰਦਲੇ ਵਿਚਾਰਾਂ ਵਾਲ਼ੇ ਬੁੱਧੀਜੀਵੀਆਂ ਅਤੇ ਠੋਸ ਬੁੱਧੀ ਵਾਲ਼ੇ ਇਨਕਲਾਬੀਆਂ ਪ੍ਰਤੀ ਆਪਣੇ ਅਵਿਸ਼ਵਾਸਪੂਰਨ ਅਤੇ ਸ਼ੱਕੀ ਵਤੀਰੇ ਵਿੱਚ ਕਿਸੇ ਕਿਸਮ ਦੀ ਢਿੱਲ ਵਰਤਣ ਦੀ ਗੱਲ ਨਹੀਂ

ਕਰਦੇ। ਗੱਲ ਬਿਲਕੁਲ ਇਸ ਦੇ ਉਲਟ ਹੈ। ਅਸੀਂ ਇਸ ਵਿਸ਼ਵਾਸ ਦੀ ਸਿੱਖਿਆ ਦੇ ਨਵੇਂ ਢੰਗਾਂ ਦੀ ਗੱਲ ਕਰਦੇ ਹਾਂ, ਜਿਸ ਨੂੰ ਭੁੱਲਣ ਦੀ ਇੱਕ ਸੋਸ਼ਲ ਡੈਮੋਕਰੈਟ ਨੂੰ ਮਾਫੀ ਨਹੀਂ ਦਿੱਤੀ ਜਾ ਸਕਦੀ। ਅਸੀਂ ਅੱਜ ਕੱਲ੍ਹ ਦੇ ਹਾਲਾਤ ਵਿੱਚ ਮਹਾਨ ਇਨਕਲਾਬੀ ਘਟਨਾਵਾਂ ਦੇ ਵਿਸ਼ੇਗਤ ਪਾਠਾਂ ਦੀ ਵਰਤੋਂ ਕਰਨ ਦੀ ਮਹੱਤਤਾ ਬਾਰੇ ਗੱਲ ਕਰਦੇ ਹਾਂ, ਬੀਤੇ ਸਮੇਂ ਵਾਂਗ ਸਟੱਡੀ ਸਰਕਲਾਂ ਲਈ ਨਹੀਂ ਸਗੋਂ ਆਮ ਜਨਤਾ ਨੂੰ ਆਪਣੇ ਪੁਰਾਣੇ "ਵਿਸ਼ਵਾਸ ਵਾਲ਼ੇ" ਪਾਠ ਦੇਣ ਲਈ, ਕਿ ਮਿਸਾਲ ਵਜੋਂ ਜਨਤਾ ਦੇ ਉਭਾਰ ਦੇ ਨਾਲ਼ ਅਮਲ ਵਿੱਚ ਦਹਿਸ਼ਤ ਨੂੰ ਵੀ ਸ਼ਾਮਲ ਕਰਨਾ ਜ਼ਰੂਰੀ ਹੈ, ਜਾਂ ਕਿ ਸਾਨੂੰ ਪੜ੍ਹੇ ਲਿਖੇ ਰੂਸੀ ਸਮਾਜ ਦੇ ਲਿਬਰਲਵਾਦ ਦੇ ਪਿੱਛੇ ਸਾਡੀ ਬੁਰਜੂਆਜ਼ੀ ਦੇ ਜਮਾਤੀ ਹਿੱਤ ਹੋਣ ਨੂੰ ਪਹਿਚਾਨਣ ਦੇ ਸਮਰੱਥ ਹੋਣਾ ਚਾਹੀਦਾ ਹੈ। (ਹਵਾਲਾ ਇਸ ਸਵਾਲ ਬਾਰੇ ਸੋਸ਼ਲ ਇਨਕਲਾਬੀਆਂ ਨਾਲ਼ **ਵਪਰਿਓਦ ਨੰਬਰ** 3[1] ਵਿੱਚ ਸਾਡੀ ਬਹਿਸ)।

ਇਸ ਲਈ ਇਹ ਸਾਡੀ ਸੋਸ਼ਲ ਡੈਮੋਕਰੈਟਿਕ ਸਖਤੀ ਅਤੇ ਸਾਡੀ ਪੁਰਾਣੇ ਸਮੇਂ ਤੋਂ ਚੱਲੀ ਆ ਰਹੀ ਸਮਝੌਤਾ ਨਾ ਕਰਨ ਦੀ ਰੁਚੀ ਵਿੱਚ ਛੋਟ ਦੇਣ ਦਾ ਸਵਾਲ ਨਹੀਂ ਹੈ, ਸਗੋਂ ਇਹ ਦੋਹਾਂ ਨੂੰ **ਨਵੇਂ** ਰਾਹਾਂ, ਟਰੇਨਿੰਗ ਦੇ ਨਵੇਂ ਢੰਗਾਂ ਰਾਹੀਂ ਮਜਬੂਤ ਕਰਨ ਦਾ ਹੈ। ਜੰਗ ਦੇ ਦਿਨਾਂ ਵਿੱਚ ਰੰਗਰੂਟਾਂ ਨੂੰ ਟਰੇਨਿੰਗ ਸਿੱਧੀ ਫੌਜੀ ਕਾਰਵਾਈਆਂ ਤੋਂ ਲੈਣੀ ਚਾਹੀਦੀ ਹੈ। ਇਸ ਲਈ ਸਾਥੀਓ, ਟਰੇਨਿੰਗ ਦੇ ਨਵੇਂ ਢੰਗਾਂ ਨੂੰ ਦਲੇਰੀ ਨਾਲ਼ ਲਾਗੂ ਕਰੋ! ਅੱਗੇ ਵਧੋ ਅਤੇ ਵੱਧ ਤੋਂ ਵੱਧ ਜਥੇ ਬਣਾਓ, ਉਹਨਾਂ ਨੂੰ ਲੜਾਈ ਵਿੱਚ ਭੇਜੋ, ਹਰ ਨੌਜਵਾਨ ਵਰਕਰਾਂ ਨੂੰ ਭਰਤੀ ਕਰੋ, ਸਾਰੀਆਂ ਪਾਰਟੀ ਜਥੇਬੰਦੀਆਂ ਦੇ ਆਮ ਢਾਂਚੇ ਨੂੰ, ਕਮੇਟੀਆਂ ਤੋਂ ਫੈਕਟਰੀ ਗਰੁੱਪਾਂ, ਕਿੱਤਾ ਯੂਨੀਅਨਾਂ ਅਤੇ ਵਿਦਿਆਰਥੀ ਸਰਕਲਾਂ ਤੱਕ ਵਧਾਓ! ਚੇਤੇ ਰੱਖੋ ਕਿ ਇਸ ਕੰਮ ਵਿੱਚ ਹੋਰ ਪਲ ਦੀ ਦੇਰੀ ਸੋਸ਼ਲ ਡੈਮੋਕਰੇਸੀ ਦੇ ਦੁਸ਼ਮਣਾਂ ਦੇ ਹੱਥਾਂ ਵਿੱਚ ਖੇਡਣ ਦੇ ਤੁਲ ਹੋਵੇਗੀ; ਕਿਉਂਕਿ ਨਵੀਆਂ ਲਹਿਰਾਂ ਫੌਰੀ ਨਿਕਾਸ ਦੀਆਂ ਇੱਛਕ ਹਨ ਅਤੇ ਜੇਕਰ ਉਹਨਾਂ ਨੂੰ ਸੋਸ਼ਲ ਡੈਮੋਟਰੈਟਿਕ ਲਾਂਘਾ ਨਾ ਮਿਲਿਆ ਤਾਂ ਉਹ ਗੈਰ-ਸੋਸ਼ਲ ਡੈਮੋਕਰੈਟਿਕ ਲਾਂਘੇ ਵੱਲ ਧਾਈ ਕਰ ਦੇਣਗੀਆਂ। ਚੇਤੇ ਰਖੋ ਕਿ ਇਨਕਲਾਬੀ ਲਹਿਰ ਵਿੱਚ ਹਰ ਅਮਲੀ ਕਦਮ ਫੈਸਲਾਕੁਨ ਢੰਗ ਨਾਲ਼ ਅਤੇ ਲਾਜ਼ਮੀ ਤੌਰ 'ਤੇ ਨੌਜਵਾਨ ਰੰਗਰੂਟਾਂ ਨੂੰ ਸੋਸ਼ਲ ਡੈਮੋਕਰੈਟਿਕ ਵਿਗਿਆਨ ਦਾ ਇੱਕ ਸਬਕ ਦੇਵੇਕਾ, ਕਿਉਂਕਿ ਇਹ ਵਿਗਿਆਨ ਵੱਖ ਵੱਖ ਜਮਾਤਾਂ ਦੀਆਂ ਤਾਕਤਾਂ ਅਤੇ ਵਰਤਾਰਿਆਂ ਦੇ ਬਾਹਰਮੁਖੀ ਤੌਰ 'ਤੇ ਸਹੀ ਮੁਲੰਕਣ ਉੱਪਰ ਅਧਾਰਤ ਹੈ, ਜਦੋਂ ਕਿ ਇਨਕਲਾਬ ਆਪਣੇ ਆਪ ਵਿੱਚ ਹੋਰ ਕੁਝ ਨਹੀਂ ਸਗੋਂ ਵੱਖ ਵੱਖ ਜਮਾਤਾਂ ਦੇ ਪੁਰਾਣੇ ਬਾਹਰੀ ਢਾਂਚਿਆਂ ਨੂੰ ਤੋੜਨਾ ਅਤੇ ਹਰ ਇੱਕ ਦੀ ਆਜ਼ਾਦਾਨਾ ਕਾਰਵਾਈ ਹੈ, ਜਦੋਂ ਕਿ ਹਰ ਜਮਾਤ ਨਵਾਂ ਬਾਹਰੀ ਢਾਂਚਾ ਆਪਣੇ ਢੰਗ ਨਾਲ ਉਸਾਰਨ ਦਾ ਯਤਨ ਕਰਦੀ ਹੈ। ਪਰ ਸਾਡੇ ਇਨਕਲਾਬੀ ਵਿਗਿਆਨ ਨੂੰ ਕਿਤਾਬੀ ਗੱਲਾਂ ਦੇ ਪੱਧਰ ਤੱਕ ਹੀ ਨਾ ਲੈ ਆਓ, ਇਸ ਨੂੰ ਅਮਲ ਵਜੋਂ, ਦਾਅਪੇਚ ਅਤੇ ਅਮਲ ਵਜੋਂ, ਜਥੇਬੰਦੀ ਦੇ ਘਟੀਆ ਮੁਹਾਵਰਿਆਂ, ਗੜਬੜ ਘੋਟਾਲੇ, ਢਿੱਲ-ਮੁਲਪਣ ਅਤੇ ਪਹਿਲਕਦਮੀ ਦੀ ਕਮੀ ਨੂੰ ਹੱਕੀ ਠਹਿਰਾਉਣ ਵਾਲ਼ੇ ਸ਼ਬਦਾਂ

---

1. ਦੇਖੋ **ਸਮੁੱਚੀਆਂ ਲਿਖਤਾਂ**, ਜਿਲਦ 8, ਸਫ਼ੇ 83-84. -ਸੰਪਾ.

ਰਾਹੀਂ ਘਟੀਆ ਨਾ ਬਣਾਓ। ਵੱਖ ਵੱਖ ਕਿਸਮ ਦੇ ਗਰੁੱਪਾਂ ਅਤੇ ਸਰਕਲਾਂ ਨੂੰ ਬਹੁਤ ਵੱਖ ਵੱਖ ਕਿਸਮ ਦੇ ਕੰਮ ਕਰਨ ਲਈ ਵਧੇਰੇ ਮੌਕੇ ਦਿਓ, ਇਸ ਗੱਲ ਨੂੰ ਮਨ ਵਿੱਚ ਰੱਖਦੇ ਹੋਏ ਕਿ, ਸਾਡੀ ਸਲਾਹ ਨਾਲ਼ ਅਤੇ ਇਸ ਦੀ ਪਰਵਾਹ ਕੀਤੇ ਬਿਨਾਂ, ਇਨਕਲਾਬੀ ਘਟਨਾਵਾਂ ਦੇ ਮਾਰਚ ਦੀਆਂ ਸਿਰਤੋੜ ਹੰਗਾਮੀ ਲੋੜਾਂ ਉਹਨਾਂ ਨੂੰ ਸਹੀ ਰਾਹ ਉੱਤੇ ਰੱਖਣਗੀਆਂ। ਇਹ ਇੱਕ ਪੁਰਾਣੀ ਕਹਾਵਤ ਹੈ ਕਿ ਰਾਜਨੀਤੀ ਵਿੱਚ ਬੰਦੇ ਨੂੰ ਬਹੁਤਾ ਕਰਕੇ ਦੁਸ਼ਮਣ ਤੋਂ ਸਿੱਖਣਾ ਹੁੰਦਾ ਹੈ ਅਤੇ ਇਨਕਲਾਬੀ ਮੌਕਿਆਂ ਉਤੇ ਦੁਸ਼ਮਣ ਸਦਾ ਸਾਨੂੰ ਵਿਸ਼ੇਸ਼ ਤੌਰ ’ਤੇ ਸਿਖਲਾਈ ਦੇਣ ਵਾਲ਼ੇ ਢੰਗ ਅਤੇ ਤੇਜ਼ੀ ਨਾਲ਼ ਸਹੀ ਸਿੱਟੇ ਕੱਢਣ ਵਿੱਚ ਮਦਦ ਕਰਦਾ ਹੈ।

ਨਿਚੋੜ ਵਜੋ, ਸਾਨੂੰ ਵਿਕਸਤ ਹੋ ਰਹੀ ਲਹਿਰ ਨਾਲ਼, ਜਿਹੜੀ ਕਿ ਸੌ ਗੁਣਾਂ ਵਧੀ ਹੈ, ਕੰਮ ਦੀ ਰਫਤਾਰ ਨਾਲ, ਪਹਿਲਾਂ ਨਾਲੋਂ ਖੁੱਲ੍ਹੇ ਵਾਤਾਵਰਨ ਨਾਲ਼ ਅਤੇ ਸਰਗਰਮੀ ਦੇ ਚੁਰੇੜੇ ਖੇਤਰ ਨਾਲ਼ ਲਾਜ਼ਮੀ ਤੌਰ ’ਤੇ ਬਿਦਣਾ ਪੈਣਾ ਹੈ। ਕੰਮ ਨੂੰ ਜ਼ਰੂਰੀ ਹੀ ਬਿਲਕੁਲ ਵੱਖਰੀ ਕੰਮ-ਹੱਦ ਦੇਣੀ ਪੈਣੀ ਹੈ। ਟਰੇਨਿੰਗ ਦੇ ਢੰਗਾਂ ਨੂੰ ਪੁਰਅਮਨ ਹਦਾਇਤਾਂ ਤੋਂ ਹਟਾ ਕੇ ਫੌਜੀ ਕਾਰਵਾਈਆਂ ਵੱਲ ਕੇਂਦਰਤ ਕੀਤਾ ਜਾਣਾ ਚਾਹੀਦਾ ਹੈ। ਨੌਜਵਾਨ ਲੜਕਿਆਂ ਨੂੰ ਵਧੇਰੇ ਨਿਡਰਤਾ ਨਾਲ਼, ਵਧੇਰੇ ਹੱਦ ਤੱਕ ਅਤੇ ਤੇਜ਼ੀ ਨਾਲ਼ ਸਾਡੀਆਂ **ਸਭ ਅਤੇ ਹਰ ਕਿਸਮ ਦੀਆਂ** ਜਥੇਬੰਦੀਆਂ ਦੀਆਂ ਸਫਾਂ ਵਿੱਚ ਭਰਤੀ ਕਰਨਾ ਚਾਹੀਦਾ ਹੈ। ਇਸ ਮੰਤਵ ਲਈ ਬਿਨਾਂ ਇਕ ਪਲ ਦੀ ਵੀ ਦੇਰੀ ਕੀਤਿਆਂ **ਸੈਂਕੜੇ** ਨਵੀਂਆਂ ਜਥੇਬੰਦੀਆਂ ਕਾਇਮ ਕਰਨੀਆਂ ਚਾਹੀਦੀਆਂ ਹਨ। ਹਾਂ, ਸੈਂਕੜੇ, ਇਹ ਐਵੇਂ ਬਤੰਗੜ ਨਹੀਂ ਹੈ ਅਤੇ ਨਾ ਹੀ ਕੋਈ ਮੈਨੂੰ ਇਹ ਦੱਸੇ ਕਿ ਏਨੇ ਚੁਰੇੜੇ ਜਥੇਬੰਦਕ ਕੰਮ ਲਈ ਹੁਣ “ਬਹੁਤ ਦੇਰੀ” ਹੋ ਚੁੱਕੀ ਹੈ। ਨਹੀਂ, ਜਥੇਬੰਦੀ ਲਈ ਕਦੇ ਵੀ ਦੇਰੀ ਨਹੀਂ ਹੁੰਦੀ। ਸਾਨੂੰ ਕਾਨੂੰਨ ਰਾਹੀਂ ਮਿਲੀ ਖੁੱਲ੍ਹ ਅਤੇ ਕਾਨੂੰਨ ਦੇ ਬਾਵਜੂਦ ਲਈ ਜਾਣ ਵਾਲ਼ੀ ਖੁੱਲ੍ਹ ਦੀ ਵਰਤੋਂ, ਸਭ ਕਿਸਮ ਦੀਆਂ ਪਾਰਟੀ ਜਥੇਬੰਦੀਆਂ ਦੀ ਗਿਣਤੀ ਨੂੰ ਜ਼ਰਬਾਂ ਦੇਣ ਲਈ ਕਰਨੀ ਚਾਹੀਦੀ ਹੈ। ਇਨਕਲਾਬ ਦਾ ਰਾਹ ਜਾਂ ਸਿੱਟਾ ਕੋਈ ਵੀ ਕਿਉਂ ਨਾ ਹੋਵੇ, ਇੱਕ ਜਾਂ ਦੂਜੀ ਹਾਲਤ ਕਾਰਨ ਭਾਵੇਂ ਕਿੰਨੀ ਹੀ ਜਲਦੀ ਇਸ ਨੂੰ ਰੋਕ ਦਿੱਤਾ ਜਾਵੇ, ਇਸ ਦੇ ਸਭ ਹਕੀਕੀ ਲਾਭ ਤਾਂ ਹੀ ਸੁਰੱਖਿਅਤ ਅਤੇ ਭਰੋਸੇਯੋਗ ਬਣਾਏ ਜਾ ਸਕਣਗੇ, ਜੇਕਰ ਪ੍ਰੋਲੇਤਾਰੀ ਜਥੇਬੰਦ ਹਨ।

“ਜਥੇਬੰਦ ਕਰੋ!” ਦਾ ਨਾਅਰਾ, ਜਿਹੜਾ ਬਹੁਸੰਮਤੀ ਨਾਲ਼ ਜੁੜੇ ਹੋਏ ਲੋਕ ਦੂਜੀ ਕਾਂਗਰਸ ਵਿਖੇ ਪੂਰੀ ਤਰ੍ਹਾਂ ਵਿਸਥਾਰ ਕਰਕੇ, ਜਾਰੀ ਕਰਨਾ ਚਾਹੁੰਦੇ ਸਨ, ਹੁਣ ਫੌਰੀ ਤੌਰ ’ਤੇ ਲਾਗੂ ਕਰ ਦੇਣਾ ਚਾਹੀਦਾ ਹੈ। ਜੇਕਰ ਅਸੀਂ ਨਵੀਆਂ ਜਥੇਬੰਦੀਆਂ ਕਾਇਮ ਕਰਨ ਵਿੱਚ ਨਿੱਗਰ ਪਹਿਲਕਦਮੀ ਦਿਖਾਉਣ ਵਿੱਚ ਅਸਫਲ ਹੁੰਦੇ ਹਾਂ, ਸਾਨੂੰ ਹਰਾਵਲ ਦਸਤੇ ਦੇ ਰੋਲ਼ ਵਜੋਂ ਸਭ ਭਰਮਾਂ ਨੂੰ ਨਿਰਅਧਾਰ ਹੋਣ ਕਰਕੇ ਤੱਜਣਾ ਪਵੇਗਾ। ਮੀਟਿੰਗਾਂ ਅਤੇ ਸਰਕਲਾਂ ਦੀਆਂ ਵਲ਼ਗਣਾਂ ’ਤੇ ਹੀ ਰੁੱਕ ਜਾਵਾਂਗੇ ਤਾਂ ਅਸੀਂ ਸਿਰਫ ਆਪਣੀ ਅਸਮਰੱਥਾ ਹੀ ਸਿੱਧ ਕਰ ਰਹੇ ਹੋਵਾਂਗੇ। ਹਰ ਥਾਂ ਹਜ਼ਾਰਾਂ ਹੀ ਸਰਕਲ ਸਾਡੀ ਮਦਦ ਤੋਂ ਬਿਨਾਂ, ਬਿਨਾਂ ਕਿਸੇ ਪ੍ਰੋਗਰਾਮ ਜਾਂ ਟੀਚੇ ਦੇ, ਸਿਰਫ ਘਟਨਾਵਾਂ ਦੇ ਅਸਰ ਹੇਠ ਹੀ ਕਾਇਮ ਹੋ ਰਹੇ ਹਨ, ਸੋਸ਼ਲ-ਡੈਮੋਕਰੇਟਾਂ ਨੂੰ ਇਨ੍ਹਾਂ ਵਿੱਚੋਂ ਵੱਧ ਤੋਂ ਵੱਧ ਸਰਕਲਾਂ ਨਾਲ਼ ਵੱਧ ਤੋਂ ਵੱਧ ਸੰਭਵ ਸਿੱਧੇ ਸਬੰਧ ਕਾਇਮ ਕਰਨ,

ਉਹਨਾਂ ਨੂੰ ਮਦਦ ਦੇਣ, ਉਹਨਾਂ ਨੂੰ ਆਪਣੀ ਜਾਣਕਾਰੀ ਤੇ ਤਜ਼ਰਬੇ ਦਾ ਲਾਭ ਦੇਣ ਅਤੇ ਉਹਨਾਂ ਨੂੰ ਆਪਣੀ ਇਨਕਲਾਬੀ ਪਹਿਲਕਦਮੀ ਨਾਲ਼ ਸਰਸ਼ਾਰ ਕਰਨ ਨੂੰ ਆਪਣਾ ਅਹਿਮ ਕਾਰਜ ਸਮਝਣਾ ਚਾਹੀਦਾ ਹੈ। ਐਲਾਨੀਆਂ ਤੌਰ 'ਤੇ ਗੈਰ-ਸੋਸ਼ਲ-ਡੈਮੋਕਰੈਟਿਕ ਸਰਕਲਾਂ ਨੂੰ ਛੱਡ ਕੇ ਬਾਕੀ ਸਾਰੇ ਅਜਿਹੇ ਸਰਕਲਾਂ ਨੂੰ ਜਾਂ ਤਾਂ ਸਿੱਧੇ ਪਾਰਟੀ ਵਿੱਚ ਸ਼ਾਮਲ ਹੋਣ ਦਿਓ ਜਾਂ **ਉਹਨਾਂ ਨੂੰ ਪਾਰਟੀ ਨਾਲ਼ ਆਪਣੇ ਆਪ ਨੂੰ ਜੋੜਣ** ਦਿਓ। ਮਗਰਲੀ ਸਥਿਤੀ ਵਿੱਚ ਸਾਨੂੰ ਇਹ ਮੰਗ ਨਹੀਂ ਕਰਨੀ ਚਾਹੀਦੀ ਕਿ ਉਹ ਸਾਡਾ ਪ੍ਰੋਗਰਾਮ ਪ੍ਰਵਾਨ ਕਰਨ ਜਾਂ ਉਹ ਸਾਡੇ ਨਾਲ਼ ਲਾਜ਼ਮੀ ਤੌਰ 'ਤੇ ਜਥੇਬੰਦਕ ਸਬੰਧ ਕਾਇਮ ਕਰਨ। ਉਹਨਾਂ ਦਾ ਰੋਸ ਦਾ ਰਉਂ ਅਤੇ ਉਹਨਾਂ ਵਿੱਚ ਕੌਮਾਂਤਰੀ ਇਨਕਲਾਬੀ ਸੋਸ਼ਲ-ਡੈਮੋਕਰੇਸੀ ਦੇ ਕਾਜ਼ ਲਈ ਹਮਦਰਦੀ ਹੀ, ਬਸ਼ਰਤੇ ਕਿ ਸੋਸ਼ਲ-ਡੈਮੋਕਰੇਟ ਉਹਨਾਂ ਵਿੱਚ ਅਸਰਦਾਰ ਢੰਗ ਨਾਲ਼ ਕੰਮ ਕਰਨ, ਇਹਨਾਂ **ਹਮਦਰਦਾਂ** ਦੇ ਸਰਕਲ ਲਈ ਕਾਫੀ ਹੈ ਕਿ ਘਟਨਾਵਾਂ ਦੇ ਪ੍ਰਭਾਵ ਅਧੀਨ ਉਹ ਪਹਿਲਾਂ ਜਮਹੂਰੀ ਸਹਾਇਕਾਂ ਵਿੱਚ ਅਤੇ ਫੇਰ ਸੋਸ਼ਲ-ਡੈਮੋਕਰੈਟਿਕ ਮਜ਼ਦੂਰ ਜਮਾਤ ਦੀ ਪਾਰਟੀ ਦੇ ਨਿਸ਼ਚਾਵਾਨ ਮੈਂਬਰਾਂ ਵਿੱਚ ਬਦਲ ਜਾਣ।

ਲੋਕਾਂ ਦੇ ਬਹੁਤ ਜ਼ਿਆਦਾ ਸਮੂਹ ਹਨ ਅਤੇ ਸਾਡੇ ਪਾਸ ਲੋਕਾਂ ਦੀ ਥੁੜ੍ਹੋਂ ਹੈ; ਇਸ ਵਿਰੋਧੀ ਫਾਰਮੂਲੇ ਨੇ ਲੰਬਾ ਸਮਾਂ ਪਹਿਲਾਂ ਤੋਂ ਜਥੇਬੰਦਕ ਜੀਵਨ ਅਤੇ ਸੋਸ਼ਲ-ਡੈਮੋਕਰੇਟਿਕ ਪਾਰਟੀ ਦੀਆਂ ਜਥੇਬੰਦਕ ਲੋੜਾਂ ਵਿਚਾਲੇ ਵਿਰੋਧਤਾਈਆਂ ਦੀ ਵਿਆਖਿਆ ਕਰ ਦਿੱਤੀ ਹੈ। ਅੱਜ ਇਹ ਵਿਰੋਧਤਾਈ ਪਹਿਲਾਂ ਦੇ ਕਿਸੇ ਵੀ ਸਮੇਂ ਨਾਲ਼ੋਂ ਵਧੇਰੇ ਨਿਵੇਕਲੀ ਹੈ; ਅਸੀਂ ਆਮ ਤੌਰ 'ਤੇ ਹਰ ਪਾਸੇ ਤੋਂ ਨਵੀਂਆਂ ਤਾਕਤਾਂ ਲਈ ਭਾਵਨਾਮਈ ਅਪੀਲਾਂ, ਜਥੇਬੰਦੀਆਂ ਵਿੱਚ ਤਾਕਤਾਂ ਦੀ ਥੁੜ੍ਹੋਂ ਬਾਰੇ ਸ਼ਿਕਾਇਤਾਂ ਸੁਣਦੇ ਹਾਂ ਅਤੇ ਇਸੇ ਸਮੇਂ ਹੀ ਸਾਨੂੰ ਹਰ ਥਾਂ ਤੋਂ ਸੇਵਾ, ਯੁਵਕ ਤਾਕਤਾਂ ਦੇ ਵਿਕਾਸ ਤੇ ਖਾਸ ਕਰਕੇ ਮਜ਼ਦੂਰ ਜਮਾਤ ਤੋਂ, ਦੀਆਂ ਅਣਗਿਣਤ ਪੇਸ਼ਕਸ਼ਾਂ ਮਿਲਦੀਆਂ ਹਨ। ਅਮਲੀ ਜਥੇਬੰਦਕ, ਜਿਹੜਾ ਅਜਿਹੇ ਹਾਲਾਤ ਵਿੱਚ ਲੋਕਾਂ ਦੀ ਥੁੜ੍ਹੋਂ ਦੀ ਸ਼ਿਕਾਇਤ ਕਰਦਾ ਹੈ, ਉਸੇ ਭੁਚਲਾਵੇ ਦਾ ਸ਼ਿਕਾਰ ਹੁੰਦਾ ਹੈ ਜਿਸ ਦਾ ਮੈਡਮ ਰੋਲੈਂਡ ਸ਼ਿਕਾਰ ਸੀ ਜਦੋਂ ਉਸ ਨੇ 1793 ਵਿੱਚ ਮਹਾਨ ਫ਼ਰਾਂਸੀਸੀ ਇਨਕਲਾਬ ਦੇ ਸਿਖਰ ਸਮੇਂ ਲਿਖਿਆ ਸੀ ਕਿ ਫ਼ਰਾਂਸ ਵਿੱਚ ਆਦਮੀ ਨਹੀਂ ਸਨ ਸਗੋਂ ਸਿਰਫ ਬੌਨੇ ਹੀ ਸਨ। ਜਿਹੜੇ ਲੋਕ ਇਸ ਢੰਗ ਨਾਲ਼ ਗੱਲਾਂ ਕਰਦੇ ਹਨ, ਉਹ ਦਰੱਖਤਾਂ ਨੂੰ ਜੰਗਲ ਵਿੱਚ ਨਹੀਂ ਭਾਲ਼ਦੇ; ਉਹ ਮੰਨਦੇ ਹਨ ਕਿ ਘਟਨਾਵਾਂ ਨੇ ਉਹਨਾਂ ਦੀਆਂ ਅੱਖਾਂ ਅੱਗੇ ਹਨ੍ਹੇਰਾ ਲੈ ਆਂਦਾ ਹੈ, ਕਿ ਮਨ ਵਿਚਲੀਆਂ ਘਟਨਾਵਾਂ ਅਤੇ ਕੰਮਾਂ ਉੱਤੇ, ਉਹ ਇਨਕਲਾਬੀ ਕੰਟਰੋਲ ਨਹੀਂ ਕਰਦੇ, ਸਗੋਂ ਘਟਨਾਵਾਂ ਉਹਨਾਂ ਉੱਤੇ ਕੰਟਰੋਲ ਕਰਦੀਆਂ ਹਨ ਅਤੇ ਉਹਨਾਂ ਉੱਤੇ ਹਾਵੀ ਹਨ। ਅਜਿਹੇ ਜਥੇਬੰਦਕਾਂ ਨੂੰ **ਚਾਹੀਦਾ ਹੈ ਕਿ ਉਹ ਰੀਟਾਇਰ ਹੋ ਜਾਣ** ਅਤੇ ਯੁਵਕ ਤਾਕਤਾਂ ਲਈ ਪਿੜ ਖਾਲੀ ਕਰਨ ਜਿਹੜੀਆਂ ਆਮ ਤੌਰ 'ਤੇ ਤਜ਼ਰਬੇ ਦੀ ਕਮੀ ਨੂੰ ਆਪਣੇ ਉਤਸ਼ਾਹ ਨਾਲ਼ ਪੂਰਾ ਕਰ ਲੈਂਦੀਆਂ ਹਨ।

ਲੋਕਾਂ ਦੀ ਕੋਈ ਥੁੜ੍ਹੋਂ ਨਹੀਂ, ਇਨਕਲਾਬੀ ਰੂਸ ਵਿੱਚ ਕਦੇ ਵੀ ਏਨਾ ਵਿਸ਼ਾਲ ਜਨਸਮੂਹ ਨਹੀਂ ਸੀ ਜਿੰਨਾ ਅੱਜ ਕੱਲ੍ਹ ਹੈ। ਕਦੇ ਵੀ ਪਹਿਲਾਂ ਇਨਕਲਾਬੀ ਜਮਾਤ ਆਰਜ਼ੀ

ਸਹਿਯੋਗੀਆਂ, ਸੁਚੇਤ ਮਿੱਤਰਾਂ ਅਤੇ ਅਚੇਤ ਹਮਾਇਤੀਆਂ ਲਈ ਏਨੀ ਉਤਸਕ ਨਹੀਂ ਸੀ ਜਿੰਨਾ ਅੱਜ ਦਾ ਰੂਸੀ ਪ੍ਰੋਲੇਤਾਰੀ ਹੈ। ਲੋਕਾਂ ਦੇ ਸਮੂਹ ਮੌਜੂਦ ਹਨ; ਅਸੀਂ ਸਿਰਫ ਕਰਨਾ ਇਹ ਹੈ ਕਿ ਪੂਛਲਵਾਦੀ ਵਿਚਾਰਾਂ ਅਤੇ ਅਸੂਲਾਂ ਤੋਂ ਛੁਟਕਾਰਾ ਪਾਈਏ, ਪਹਿਲ ਕਦਮੀ ਅਤੇ ਉੱਦਮ, "ਯੋਜਨਾਵਾਂ" ਅਤੇ "ਕਾਰਜਾਂ" ਨੂੰ ਫੈਲਣ ਦਾ ਪੂਰਾ ਮੌਕਾ ਦੇਈਏ ਅਤੇ ਇਸ ਤਰ੍ਹਾਂ ਆਪਣੇ ਆਪ ਨੂੰ ਮਹਾਨ ਇਨਕਲਾਬੀ ਜਮਾਤ ਦੇ ਸੱਚੇ ਪ੍ਰਤੀਨਿਧ ਸਿੱਧ ਕਰੀਏ। ਫੇਰ ਰੂਸ ਦਾ ਪ੍ਰੋਲੇਤਾਰੀ **ਸਮੁੱਚੇ ਮਹਾਨ ਰੂਸੀ ਇਨਕਲਾਬ** ਨੂੰ ਉਸੇ ਢੰਗ ਨਾਲ਼ ਸਿਰੇ ਲਾਏਗਾ, ਜਿਸ ਇਤਿਹਾਸਕ ਢੰਗ ਨਾਲ਼ ਇਸ ਨੇ ਇਨਕਲਾਬ ਸ਼ੁਰੂ ਕੀਤਾ ਹੈ।

**ਵਪਰਿਓਦ ਨੰ. 9,**
8 ਮਾਰਚ (23 ਫਰਵਰੀ), 1905

**ਸਮੁੱਚੀਆਂ ਲਿਖਤਾਂ**
ਜਿਲਦ 8, ਸਫੇ 211–20.

# ਰਾਜਨੀਤੀ ਤੇ ਸਿੱਖਿਆਵਾਂ ਨੂੰ ਇੱਕਸੁਰ ਕਰਨ ਬਾਰੇ

ਸਾਡੇ ਵਿੱਚ ਬਹੁਤ ਸਾਰੇ ਅਜਿਹੇ ਸੋਸ਼ਲ–ਡੈਮੋਕਰੈਟ ਹਨ ਜਿਹੜੇ ਹਰ ਵਾਰ, ਜਦੋਂ ਵਰਕਰ, ਸਰਮਾਏਦਾਰਾਂ ਜਾਂ ਸਰਕਾਰ ਨਾਲ਼ ਕਿਸੇ ਇੱਕ ਲੜਾਈ ਵਿੱਚ ਹਾਰ ਜਾਂਦੇ ਹਨ, ਨਿਰਾਸ਼ ਹੋ ਜਾਂਦੇ ਹਨ ਅਤੇ ਜਿਹੜੇ ਮਿਹਨਤਕਸ਼ ਜਮਾਤ ਦੀ ਲਹਿਰ ਦੇ ਮਹਾਨ ਅਤੇ ਉੱਚੇ ਟੀਚਿਆਂ ਦੇ ਜ਼ਿਕਰ ਨੂੰ ਹੀ, ਲੋਕਾਂ ਉੱਤੇ ਸਾਡੇ ਲੋੜ ਨਾਲ਼ੋਂ ਨਾਕਾਫੀ ਪ੍ਰਭਾਵ ਦਾ ਜ਼ਿਕਰ ਕਰਕੇ, ਤ੍ਰਿਸਕਾਰ ਨਾਲ਼ ਰੱਦ ਕਰ ਦਿੰਦੇ ਹਨ। ਅਸੀਂ ਕੌਣ ਹਾਂ ਤੇ ਕੀ ਹਾਂ, ਉਹ ਕਹਿੰਦੇ ਹਨ, ਕੀ ਅਸੀਂ ਅਜਿਹੀਆਂ ਗੱਲਾਂ ਲਈ ਸੰਘਰਸ਼ ਕਰਦੇ ਹਾਂ ? ਸੋਸ਼ਲ–ਡੈਮੋਕਰੇਸੀ ਦੇ ਇਨਕਲਾਬ ਦੇ ਹਰਾਵਲ ਦਸਤੇ ਵਜੋਂ ਰੋਲ ਬਾਰੇ ਗੱਲ ਕਰਨਾ ਬੇਮਤਲਬ ਹੈ, ਜਦੋਂ ਅਸੀਂ ਸੱਚਮੁਚ ਹੀ ਜਨਤਾ ਦਾ ਰਉਂ ਨਹੀਂ ਜਾਣਦੇ, ਜਦੋਂ ਅਸੀਂ ਉਹਨਾਂ ਵਿੱਚ ਰਚ ਜਾਣ ਅਤੇ ਮਿਹਨਤਕਸ਼ ਜਨਤਾ ਨੂੰ ਉਭਾਰਨ ਦੇ ਸਮਰੱਥ ਨਹੀਂ ਹਾਂ। ਪਿਛਲੇ ਮਈ ਦਿਨ ’ਤੇ ਸੋਸ਼ਲ–ਡੈਮੋਕਰੈਟਾਂ ਨੂੰ ਹੋਈਆਂ ਹਾਰਾਂ ਨੇ ਇਸ ਰਉਂ ਵਿੱਚ ਬਹੁਤ ਸਾਰਾ ਵਾਧਾ ਕਰ ਦਿੱਤਾ ਹੈ। ਕੁਦਰਤੀ ਤੌਰ ’ਤੇ, ਮੈਨਸ਼ਵਿਕਾਂ ਜਾਂ ਨਵੇਂ ਇਸਕਰਾਵਾਦੀਆਂ ਨੇ ਇਸ ਹਾਲਾਤ ਨੂੰ “ਜਨਤਾ ਤੱਕ ਪਹੁੰਚ”! ਦਾ ਨਵਾਂ ਵਿਸ਼ੇਸ਼ ਨਾਅਰਾ ਲਾਉਣ ਲਈ ਵਰਤਿਆ ਹੈ – ਜਿਵੇਂ ਇਹ ਉਹਨਾਂ ਲੋਕਾਂ ਨੂੰ ਚਿੜ੍ਹਾਉਣ ਲਈ ਜਾਂ ਜਵਾਬ ਦੇਣ ਲਈ ਹੋਵੇ ਜਿਨ੍ਹਾਂ ਆਰਜ਼ੀ ਇਨਕਲਾਬੀ ਸਰਕਾਰ, ਇਨਕਲਾਬੀ ਜਮਹੂਰੀ ਡਿਕਟੇਟਰਸ਼ਿਪ ਆਦਿ ਬਾਰੇ ਸੋਚਿਆ ਸੀ ਅਤੇ ਇਹਨਾਂ ਦਾ ਜ਼ਿਕਰ ਕੀਤਾ ਸੀ।

ਇਹ ਗੱਲ ਪ੍ਰਵਾਨ ਕਰਨੀ ਚਾਹੀਦੀ ਹੈ ਕਿ ਇਸ ਨਿਰਾਸ਼ਾਵਾਦ ਵਿੱਚ ਅਤੇ ਉਹਨਾਂ ਸਿੱਟਿਆਂ ਵਿੱਚ ਜਿਹੜੇ ਨਵੇਂ **ਇਸਕਰਾ** ਦੇ ਕਾਹਲੇ ਪ੍ਰਚਾਰਕਾਂ ਨੇ ਇਸ ਤੋਂ ਕੱਢੇ ਹਨ, ਇੱਕ ਬਹੁਤ ਹੀ ਖਤਰਨਾਕ ਗੱਲ ਹੈ, ਜਿਹੜੀ ਸੋਸ਼ਲ–ਡੈਮੋਕਰੈਟਿਕ ਲਹਿਰ ਨੂੰ ਬਹੁਤ ਜ਼ਿਆਦਾ ਹਾਨੀ ਪਹੁੰਚਾ ਸਕਦੀ ਹੈ। ਇਹ ਗੱਲ ਸਪਸ਼ਟ ਹੈ ਕਿ ਹਰ ਜਿਊਂਦੀ ਅਤੇ ਮਜ਼ਬੂਤ ਹੋ ਰਹੀ ਪਾਰਟੀ ਲਈ ਆਪਾ ਪੜਚੋਲ਼ ਬਹੁਤ ਹੀ ਜ਼ਰੂਰੀ ਹੈ। ਧੋਖਾ–ਦੇਊ ਆਸ਼ਾਵਾਦ ਤੋਂ ਵੱਧ ਭੈੜੀ ਹੋਰ ਕੋਈ ਗੱਲ ਨਹੀਂ। ਜਨਤਾ ਵਿੱਚ ਆਪਣੇ ਅਸਰ, ਸਾਡੇ ਨਿਰੋਲ ਮਾਰਕਸਵਾਦੀ ਪ੍ਰਚਾਰ ਤੇ ਐਜੀਟੇਸ਼ਨ, ਮਜ਼ਦੂਰ ਜਮਾਤ ਦੇ ਆਰਥਕ ਸੰਘਰਸ਼ ਨਾਲ਼ ਸਾਡੇ ਨਿਕਟ ਹੋ ਰਹੇ ਸਬੰਧਾਂ ਆਦਿ ਨੂੰ ਡੂੰਘੇਰੇ ਅਤੇ ਚੁਰੇੜੇ, ਚੁਰੇੜੇ ਅਤੇ ਡੂੰਘੇਰੇ ਕਰਨ ਦੀ ਨਿਰੰਤਰ, ਲਾਜ਼ਮੀ ਲੋੜ ਵੱਲ ਧਿਆਨ ਦੇਣ ਤੇ ਜ਼ੋਰ ਦੇਣ ਨਾਲ਼ੋਂ ਵੱਧ ਲੋੜੀਂਦੀ ਹੋਰ ਕੋਈ ਚੀਜ਼ ਨਹੀਂ ਹੈ। ਫਿਰ ਵੀ, ਕਿਉਂਕਿ ਅਜਿਹਾ ਜ਼ੋਰ ਦੇਣਾ ਹਰ ਸਮੇਂ, ਸਾਰੀਆਂ ਹਾਲਤਾਂ ਤਹਿਤ ਅਤੇ ਸਭ ਸਥਿਤੀਆਂ ਵਿੱਚ ਲੋੜੀਂਦਾ ਹੁੰਦਾ ਹੈ, ਇਸ ਨੂੰ ਵਿਸ਼ੇਸ਼ ਨਾਅਰਿਆਂ ਵਿੱਚ ਤਬਦੀਲ ਨਹੀਂ ਕਰ ਦੇਣਾ ਚਾਹੀਦਾ, ਨਾ ਹੀ ਇਸ ਨੂੰ ਸੋਸ਼ਲ–ਡੈਮੋਕਰੇਸੀ ਵਿੱਚ ਨਵੇਂ ਰੁਝਾਨ ਪੈਦਾ ਕਰਨ ਦੇ ਯਤਨਾਂ ਨੂੰ ਠੀਕ ਠਹਿਰਾਉਣ ਲਈ ਵਰਤਣਾ ਚਾਹੀਦਾ ਹੈ। ਇੱਥੇ ਇੱਕ ਵੰਡਵੀਂ ਰੇਖਾ ਮੌਜੂਦ ਹੈ; ਇਹਨਾਂ

ਹੱਦਾਂ ਤੋਂ ਅੱਗੇ ਵਧਣ ਦਾ ਅਰਥ, ਇਸ ਬਿਨਾਂ ਕਿਸੇ ਝਗੜੇ ਵਾਲੇ ਹੱਕੀ ਜ਼ੋਰ ਨੂੰ, ਟੀਚਿਆਂ ਅਤੇ ਲਹਿਰ ਫੈਲਣ ਦੀ ਸੰਭਾਵਨਾ ਨੂੰ, ਸੌੜਿਆਂ ਕਰਕੇ ਲਹਿਰ ਦੇ ਮਹੱਤਵਪੂਰਨ ਅਤੇ ਮੁੱਖ ਕੰਮਾਂ ਵੱਲੋਂ ਸਿਧਾਂਤਕ ਤੌਰ 'ਤੇ ਅੱਖਾਂ ਮੀਟਣਾ ਹੋਵੇਗਾ।

ਸਾਡਾ ਇਹ ਫ਼ਰਜ ਹੈ ਕਿ ਅਸੀਂ ਜਨਤਾ ਵਿੱਚ ਆਪਣਾ ਕੰਮ ਅਤੇ ਆਪਣਾ ਰਸੂਖ ਵਧਾਈਏ ਅਤੇ ਤੇਜ਼ ਕਰੀਏ। ਜਿਹੜਾ ਸੋਸ਼ਲ-ਡੈਮੋਕਰੈਟ ਅਜਿਹਾ ਨਹੀਂ ਕਰਦਾ, ਉਹ ਸੋਸ਼ਲ-ਡੈਮੋਕਰੈਟ ਨਹੀਂ ਹੈ। ਕੋਈ ਵੀ ਬਰਾਂਚ, ਗਰੁੱਪ ਜਾਂ ਸਰਕਲ ਸੋਸ਼ਲ-ਡੈਮੋਕਰੈਟਿਕ ਜਥੇਬੰਦੀ ਨਹੀਂ ਸਮਝਿਆ ਜਾਵੇਗਾ, ਜੇਕਰ ਉਹ ਲਗਾਤਾਰ ਅਤੇ ਅਟੁੱਟ ਢੰਗ ਨਾਲ਼ ਇਹ ਟੀਚਾ ਪ੍ਰਾਪਤ ਕਰਨ ਲਈ ਕੰਮ ਨਹੀਂ ਕਰਦੇ। ਬਹੁਤ ਜ਼ਿਆਦਾ ਹੱਦ ਤੱਕ ਸਾਡੇ ਵੱਲੋਂ ਸਖਤੀ ਨਾਲ਼ ਪ੍ਰੋਲੇਤਾਰੀ ਜਮਾਤ ਦੀ ਨਿਵੇਕਲੀ ਅਤੇ ਆਜ਼ਾਦ ਪਾਰਟੀ ਵਜੋਂ ਵੱਖਰੀ ਹੋਂਦ ਦਾ ਮੰਤਵ ਇਸ ਤੱਥ ਵਿੱਚ ਹੈ ਕਿ ਅਸੀਂ ਹਮੇਸ਼ਾ ਅਤੇ ਅਝੁੱਕ ਢੰਗ ਨਾਲ਼ ਮਜ਼ਦੂਰ ਜਮਾਤ ਨੂੰ, ਜਿੱਥੋਂ ਤੱਕ ਸੰਭਵ ਹੋ ਸਕੇ, ਸੋਸ਼ਲ-ਡੈਮੋਕਰੈਟਿਕ ਚੇਤਨਾ ਦੇ ਪੱਧਰ ਤੱਕ ਚੁੱਕਣ ਦੇ ਮਾਰਕਸਵਾਦੀ ਕੰਮ ਨੂੰ ਅੰਜਾਮ ਦਿੰਦੇ ਹਾਂ ਅਤੇ ਸਾਨੂੰ ਇਸ ਫੌਰੀ ਕੰਮ ਵੱਲੋਂ ਪਾਸੇ ਹਟਾਉਣ ਲਈ ਅਸੀਂ ਰਾਜਸੀ ਝੱਖੜ ਤਾਂ ਦੂਰ, ਹਾਲਾਤ 'ਚ ਰਾਜਸੀ ਤਬਦੀਲੀਆਂ ਦੀ ਵੀ ਬਹੁਤ ਘੱਟ ਇਜਾਜ਼ਤ ਦਿੰਦੇ ਹਾਂ, ਇਸ ਕੰਮ ਤੋਂ ਬਿਨਾਂ ਰਾਜਸੀ ਸਰਗਰਮੀ ਲਾਜ਼ਮੀ ਤੌਰ 'ਤੇ ਘੱਟ ਕੇ ਇੱਕ ਖੇਡ ਮਾਤਰ ਰਹਿ ਜਾਵੇਗੀ, ਕਿਉਂਕਿ ਇਹ ਸਰਗਰਮੀ ਪ੍ਰੋਲੇਤਾਰੀ ਲਈ ਅਸਲ ਮਹੱਤਵ ਉਦੋਂ ਹੀ ਅਖਤਿਆਰ ਕਰਦੀ ਹੈ ਜਦੋਂ ਅਤੇ ਜਿੰਨਾ ਇਹ ਕਿਸੇ ਵਿਸ਼ੇਸ਼ ਜਮਾਤ ਵਿੱਚ ਉਭਾਰ ਪੈਦਾ ਕਰਦੀ ਹੈ, ਇਸ ਦੇ ਹਿੱਤਾਂ ਨੂੰ ਜਿੱਤਦੀ ਹੈ ਅਤੇ ਇਸ ਨੂੰ ਘਟਨਾਵਾਂ ਵਿੱਚ ਸਰਗਰਮ ਅਤੇ ਮੋਢੀ ਰੋਲ ਅਦਾ ਕਰਨ ਲਈ ਲਾਮਬੰਦ ਕਰਦੀ ਹੈ। ਜਿਵੇਂ ਕਿ ਅਸੀਂ ਕਿਹਾ ਹੈ, ਇਹ ਕੰਮ ਸਦਾ ਹੀ ਜ਼ਰੂਰੀ ਹੁੰਦਾ ਹੈ। ਹਰ ਮਾਰ ਤੋਂ ਬਾਅਦ, ਸਾਨੂੰ ਇਸ ਨੂੰ ਫੇਰ ਮਨ ਵਿੱਚ ਲੈ ਆਉਣਾ ਚਾਹੀਦਾ ਹੈ, ਅਤੇ ਇਸ ਉੱਤੇ ਜ਼ੋਰ ਦੇਣਾ ਚਾਹੀਦਾ ਹੈ, ਕਿਉਂਕਿ ਪ੍ਰੋਲੋਤਾਰੀਆਂ ਦੀ ਹਾਰ ਦਾ ਇੱਕ ਕਾਰਨ **ਹਮੇਸ਼ਾ** ਇਸ ਕੰਮ ਵਿੱਚ ਕਮਜ਼ੋਰੀ ਹੁੰਦਾ ਹੈ। ਇਸੇ ਤਰ੍ਹਾਂ ਹਰ ਜਿੱਤ ਤੋਂ ਬਾਅਦ ਸਾਨੂੰ ਇਸ ਵੱਲ ਧਿਆਨ ਦੇਣਾ ਅਤੇ ਇਸ ਦੀ ਮਹੱਤਤਾ ਉੱਤੇ ਜ਼ੋਰ ਦੇਣਾ ਚਾਹੀਦਾ ਹੈ ਨਹੀਂ ਤਾਂ ਜਿੱਤ ਸਿਰਫ਼ ਸਤਿਹੀ ਹੋਵੇਗੀ, ਇਸ ਦੇ ਲਾਭਾਂ ਦੀ ਜ਼ਾਮਨੀ ਨਹੀਂ ਹੋਵੇਗੀ, ਸਾਡੇ ਆਖਰੀ ਮਨੋਰਥ ਲਈ ਸੰਘਰਸ਼ ਵਿੱਚ ਇਸ ਦੀ ਹਕੀਕੀ ਮਹੱਤਤਾ ਨਿਗੂਣੀ ਹੋਵੇਗੀ ਅਤੇ ਇਹ ਕਾਜ ਦੇ ਉਲਟ ਵੀ ਹੋ ਸਕਦੀ ਹੈ (ਖਾਸ ਕਰਕੇ ਜੇਕਰ ਅੱਧ-ਪਚੱਧੀ ਜਿੱਤ ਨਾਲ਼ ਸਾਡੀ ਚੌਕਸੀ ਵਿੱਚ ਕਮੀ ਆ ਜਾਵੇ, ਗੈਰ ਭਰੋਸੇਯੋਗ ਸਹਿਯੋਗੀਆਂ ਵੱਲ ਸਾਡੀ ਬੇਭਰੋਸਗੀ ਨੂੰ ਧੁੰਦਲਾ ਕਰੇ ਅਤੇ ਸਾਡੇ ਵੱਲੋਂ ਦੁਸ਼ਮਣ ਵਿਰੁੱਧ ਨਵੇਂ ਸਿਰਿਉਂ ਅਤੇ ਵਧੇਰੇ ਤੀਖਣ ਹਮਲਾ ਕਰਨ ਦਾ ਸਹੀ ਸਮਾਂ ਲੰਘਾ ਦੇਣ ਦਾ ਕਾਰਨ ਬਣੇ)।

ਪਰ ਸਿਰਫ਼ ਇਸ ਕਾਰਨ ਕਰ ਕੇ ਕਿ ਜਨਤਾ ਵਿੱਚ ਆਪਣਾ ਪ੍ਰਭਾਵ ਤੇਜ਼ ਅਤੇ ਚੁਰੇੜਾ ਕਰਨ ਦਾ ਕੰਮ ਹਮੇਸ਼ਾ, ਹਰ ਜਿੱਤ ਤੋਂ ਬਾਅਦ ਅਤੇ ਹਰ ਹਾਰ ਤੋਂ ਬਾਅਦ, ਜ਼ਰੂਰੀ ਹੁੰਦਾ ਹੈ, ਇਨਕਲਾਬ ਦੇ ਤੂਫਾਨੀ ਸਮਿਆਂ ਵਰਗੇ ਦੌਰ ਦੇ ਸਮੇਂ ਵਿੱਚ, ਜਦੋਂ ਰਾਜਸੀ ਸਰਗਰਮੀ ਬਹੁਤ ਮਾਂਦੀ ਪੈ ਚੁੱਕੀ ਹੁੰਦੀ ਹੈ, ਜੇਕਰ ਅਸੀਂ ਸਿਰਫ਼ ਫੋਕੇ ਨਾਅਰਿਆਂ ਦੀ ਪੱਧਰ ਤਕ ਨਹੀਂ

ਉਤਰਨਾ ਚਾਹੁੰਦੇ ਅਤੇ ਅਗਾਂਹ ਵੱਧ ਚੁੱਕੀ ਅਤੇ ਇੱਕੋ ਇੱਕ ਹਕੀਕੀ ਤੌਰ 'ਤੇ ਇਨਕਲਾਬੀ ਜਮਾਤ ਦੀ ਦਰਜਾ-ਘਟਾਈ ਨਹੀਂ ਕਰਨਾ ਚਾਹੁੰਦੇ ਤਾਂ ਸਾਨੂੰ ਇਸ ਕੰਮ ਉੱਤੇ ਵਿਸ਼ੇਸ਼ ਨਾਅਰੇ ਵਜੋਂ ਜ਼ੋਰ ਨਹੀਂ ਦੇਣਾ ਚਾਹੀਦਾ ਜਾਂ ਇਸ ਉੱਤੇ ਕੋਈ ਵਿਸ਼ੇਸ਼ ਰੁਚੀ ਨਹੀਂ ਉਸਾਰਨੀ ਚਾਹੀਦੀ। ਸੋਸ਼ਲ-ਡੈਮੋਕਰੈਟਿਕ ਪਾਰਟੀ ਦੀ ਹਰ ਰਾਜਸੀ ਸਰਗਰਮੀ ਵਿੱਚ ਸਿੱਖਿਆ ਦਾ ਅੰਸ਼ ਰਿਹਾ ਹੈ ਅਤੇ ਅੱਗੋਂ ਵੀ ਰਹੇਗਾ। ਸਾਨੂੰ ਉਜਰਤੀ ਕਾਮਿਆਂ ਦੀ ਸਮੁੱਚੀ ਜਮਾਤ ਨੂੰ, ਸਭ ਕਿਸਮ ਦੇ ਜਬਰ ਤੋਂ ਮਨੁੱਖਤਾ ਦੀ ਬੰਦ-ਖਲਾਸੀ ਕਰਵਾਉਣ ਵਾਲ਼ੇ ਯੋਧਿਆਂ ਦੇ ਰੋਲ ਬਾਰੇ ਸਿੱਖਿਆ ਦੇਣੀ ਚਾਹੀਦੀ ਹੈ। ਸਾਨੂੰ ਇਸ ਜਮਾਤ ਦੇ ਵੱਧ ਤੋਂ ਵੱਧ ਹਿੱਸਿਆਂ ਨੂੰ ਲਗਾਤਾਰ ਪੜ੍ਹਾਉਣਾ ਚਾਹੀਦਾ ਹੈ, ਸਾਨੂੰ ਇਸ ਜਮਾਤ ਦੇ ਸਭ ਤੋਂ ਵੱਧ ਪੱਛੜੇ ਹੋਏ, ਸਭ ਤੋਂ ਅਵਿਕਸਤ ਮੈਂਬਰਾਂ ਤੱਕ, ਉਹਨਾਂ ਤੱਕ ਜਿਨ੍ਹਾਂ ਉੱਤੇ ਸਾਡੇ ਵਿਗਿਆਨ ਅਤੇ ਜ਼ਿੰਦਗੀ ਦੇ ਵਿਗਿਆਨ ਦਾ ਸਭ ਤੋਂ ਘੱਟ ਅਸਰ ਪਿਆ ਹੈ, ਪਹੁੰਚ ਕਰਨਾ ਸਿੱਖਣਾ ਚਾਹੀਦਾ ਹੈ ਤਾਂ ਜੋ ਅਸੀਂ, ਉਹਨਾਂ ਨਾਲ ਗੱਲ ਕਰਨ, ਉਹਨਾਂ ਦੇ ਲਾਗੇ ਹੋਣ, ਉਹਨਾਂ ਨੂੰ ਹੌਲ਼ੀ ਹੌਲ਼ੀ ਅਤੇ ਸਬਰ ਨਾਲ਼ ਸੋਸ਼ਲ-ਡੈਮੋਕਰੈਟਿਕ ਚੇਤਨਾ ਤੱਕ, ਕਿਤਾਬਾਂ ਰਾਹੀਂ ਹੀ ਨਹੀਂ ਸਗੋਂ ਪ੍ਰੋਲੇਤਾਰੀਆਂ ਦੇ ਇਹਨਾਂ ਪੱਛੜੇ ਅਤੇ ਅਵਿਕਸਤ ਵਰਗਾਂ ਦੀ ਹੋਂਦ ਲਈ ਰੋਜ਼ਾਨਾ ਦੇ ਸੰਘਰਸ਼ ਵਿੱਚ ਸ਼ਾਮਲ ਕਰਕੇ ਸਿਖਲਾਈ ਦੇ ਸਕੀਏ। ਅਸੀਂ ਦੁਹਰਾਉਂਦੇ ਹਾਂ ਕਿ ਇਸ ਰੋਜ਼ਾਨਾ ਸਰਗਰਮੀ ਵਿੱਚ ਸਿਖਲਾਈ ਦੇਣ ਦੇ ਕੁਝ ਅੰਸ਼ ਮੌਜੂਦ ਹਨ। ਜਿਹੜੇ ਸੋਸ਼ਲ-ਡੈਮੋਕਰੈਟ ਇਸ ਸਰਗਰਮੀ ਨੂੰ ਅੱਖੋਂ ਓਹਲੇ ਕਰ ਦੇਣਗੇ, ਉਹ ਸੋਸ਼ਲ ਡੈਮੋਕਰੈਟ ਨਹੀਂ ਰਹਿਣਗੇ। ਜਿਹੜਾ ਜਣਾ ਵੀ ਇਹਨਾਂ "ਸਿਖਲਾਈਆਂ" ਨੂੰ ਵਿਸ਼ੇਸ਼ ਨਾਅਰੇ ਵਿੱਚ ਬਦਲਣ, ਇਸ ਨੂੰ "ਰਾਜਨੀਤੀ" **ਦੇ ਮੁਕਾਬਲੇ 'ਤੇ** ਲਿਆਉਣ, ਇਸ ਉਤੇ ਵਿਸ਼ੇਸ਼ ਰੁਚੀ ਉਸਾਰਨ ਅਤੇ ਇਸ ਨਾਅਰੇ ਤਹਿਤ ਲੋਕਾਂ ਨੂੰ ਸੋਸ਼ਲ-ਡੈਮੋਕਰੇਸੀ ਦੇ "ਰਾਜਨੀਤੀਵਾਨਾਂ" ਵਿਰੁੱਧ ਅਪੀਲ ਕਰੇਗਾ, ਉਹ ਆਪਣੇ ਆਪ ਅਤੇ ਅਵੱਸ਼ ਤੌਰ 'ਤੇ ਬਤੰਗੜ ਦੇ ਪੱਧਰ ਤੱਕ ਪਹੁੰਚ ਜਾਵੇਗੀ।

ਇੱਕ ਪੁਰਾਣੀ ਕਹਾਵਤ ਹੈ ਕਿ ਤੁਲਨਾ ਕਰਨੀ ਘਟੀਆ ਗੱਲ ਹੈ। ਹਰ ਤੁਲਨਾ ਵਿੱਚ ਤੁਲਨਾ ਹੋਣ ਵਾਲ਼ੀਆਂ ਵਸਤਾਂ ਜਾਂ ਰੁਚੀਆਂ ਦੇ ਕਿਸੇ ਇੱਕ ਜਾਂ ਕੁਝ ਪੱਖਾਂ ਵਿੱਚ ਇੱਕੋ ਜਿਹਾ ਹੋਣਾ ਸਿੱਧਾ ਕੀਤਾ ਜਾਂਦਾ ਹੈ ਜਦੋਂ ਕਿ ਹੋਰ ਪੱਖ ਜਾਣ ਬੁਝ ਕੇ ਜਾਂ ਕੁਝ ਕਾਰਨਾਂ ਕਰਕੇ ਅਣਗੌਲ਼ੇ ਕਰ ਦਿੱਤੇ ਜਾਂਦੇ ਹਨ। ਅਸੀਂ ਪਾਠਕਾਂ ਨੂੰ ਇਸ ਆਮ ਜਾਣੀ ਜਾਂਦੀ ਪਰ ਬਹੁਤੀ ਵਾਰ ਅਣਗੌਲ਼ੀ ਕਰ ਦਿੱਤੀ ਜਾਂਦੀ ਕਹਾਵਤ ਦਾ ਚੇਤਾ ਕਰਾਈਏ ਅਤੇ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀ ਇੱਕ ਵੱਡੇ ਸਕੂਲ ਨਾਲ ਤੁਲਨਾ ਕਰੀਏ, ਜਿਹੜਾ ਇੱਕੋ ਸਮੇਂ, ਮੁਢਲਾ, ਸੈਕੰਡਰੀ ਅਤੇ ਕਾਲਜੀਏਟ ਵੀ ਹੋਵੇ। ਇਸ ਵੱਡੇ ਸਕੂਲ ਵਿੱਚ ੳ, ਅ, ੲ, ਦੀ ਸਿੱਖਿਆ, ਜਾਣਕਾਰੀ ਅਤੇ ਆਜ਼ਾਦ ਸੋਚ ਦੀਆਂ ਮੁਢਲੀਆਂ ਗੱਲਾਂ ਨੂੰ ਕਦੇ ਵੀ ਅਣਗੋਲ਼ਿਆਂ ਨਹੀਂ ਜਾਵੇਗਾ। ਪਰ ਜੇਕਰ ਕੋਈ ਜਣਾ ਉੱਚੇ ਵਿਦਿਆ ਦੇ ਸਵਾਲਾਂ ਨੂੰ ਰੱਦ ਕਰਨ ਦੇ ਮੰਤਵ ਨਾਲ਼ ੳ, ਅ, ੲ, ਪੜ੍ਹਾਉਣ ਦੀ ਲੋੜ ਨੂੰ ਉੱਤੇ ਲਿਆਉਣ ਦੀ ਕੋਸ਼ਿਸ਼ ਕਰੇ, ਜੇਕਰ ਕੋਈ ਜਣਾ ਉੱਚ ਵਿੱਦਿਆ (ਜਿਹੜੀ ਉਹਨਾਂ ਲੋਕਾਂ ਨਾਲੋਂ ਕਿਤੇ ਘੱਟਗਿਣਤੀ ਦੀ ਪਹੁੰਚ ਤੱਕ ਹੁੰਦੀ ਹੈ ਜਿਹੜੇ ੳ, ਅ, ੲ, ਸਿੱਖ ਰਹੇ ਹੁੰਦੇ ਹਨ) ਦੇ ਅਸਥਾਈ, ਸ਼ੱਕੀ ਅਤੇ "ਸੌੜੇ" ਸਿੱਟਿਆਂ ਨੂੰ

ਮੁਢਲੇ ਸਕੂਲ ਦੇ ਸਥਾਈ, ਠੋਸ, ਦੂਰਰਸ ਅਤੇ ਠੋਸ ਸਿੱਟਿਆਂ ਦੀ ਥਾਂ ਰੱਖਣ ਦਾ ਯਤਨ ਕਰੇ ਤਾਂ ਉਹ ਨਾ-ਵਿਸ਼ਵਾਸ ਯੋਗ ਥੋੜ੍ਹ-ਦ੍ਰਿਸ਼ਟੀ ਦਾ ਮੁਜ਼ਾਹਰਾ ਕਰ ਰਿਹਾ ਹੋਵੇਗਾ। ਉਹ ਵੱਡੇ ਸਕੂਲ ਦੇ ਮੂਲ਼ ਮੰਤਵ ਨੂੰ ਵੀ ਉਲਟਾ ਸਕਦਾ ਹੈ, ਕਿਉਂਕਿ ਉੱਚ ਵਿੱਦਿਆ ਨੂੰ ਅਣਗੌਲ਼ਿਆਂ ਕਰਕੇ, ਉਹ ਸਿੱਧੇ ਤੌਰ 'ਤੇ ਫਰੇਬੀਆਂ, ਬਤੰਗੜਾਂ ਅਤੇ ਪਿਛਾਖੜੀਆਂ ਲਈ ਇਸ ਗੱਲ ਨੂੰ ਆਸਾਨ ਕਰ ਰਿਹਾ ਹੋਵੇਗਾ ਕਿ ਉਹ ਉਹਨਾਂ ਲੋਕਾਂ ਨੂੰ ਕੁਰਾਹੇ ਪਾ ਸਕਣ ਜਿਨ੍ਹਾਂ ਨੇ ਸਿਰਫ ੳ, ਅ, ੲ, ਹੀ ਸਿੱਖੇ ਹਨ। ਜਾਂ ਫਿਰ, ਆਪਾਂ ਪਾਰਟੀ ਦੀ ਇੱਕ ਫੌਜ ਨਾਲ਼ ਤੁਲਨਾ ਕਰੀਏ। ਨਾ ਅਮਨ ਸਮੇਂ ਅਤੇ ਨਾ ਹੀ ਜੰਗ ਸਮੇਂ ਅਸੀਂ ਰੰਗਰੂਟਾਂ ਦੀ ਟਰੇਨਿੰਗ ਨੂੰ ਅਣਗੌਲ਼ਿਆਂ ਕਰਨ ਦੀ ਹਿੰਮਤ ਨਹੀਂ ਕਰ ਸਕਦੇ, ਕਵਾਇਦ ਨੂੰ ਅਣਗੌਲ਼ਿਆਂ ਨਹੀਂ ਕਰ ਸਕਦੇ, ਜਾਂ ਜਨਤਾ ਵਿੱਚ ਜਿੰਨਾ ਸੰਭਵ ਹੋ ਸਕੇ ਤੇਜ਼ੀ ਨਾਲ਼ ਅਤੇ ਵਿਸ਼ਾਲ ਪੈਮਾਨੇ 'ਤੇ ਫੌਜੀ ਵਿਗਿਆਨ ਦੀਆਂ ਮੁਢਲੀਆਂ ਗੱਲਾਂ ਦਾ ਪ੍ਰਚਾਰ ਕਰਨ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕਰ ਸਕਦੇ। ਪਰ ਜੇਕਰ ਚਾਲਾਂ ਜਾਂ ਸੱਚਮੁਚ ਦੀਆਂ ਲੜਾਈਆਂ ਵਿੱਚ ਅਗਵਾਈ ਕਰਨ ਵਾਲੇ...*

ਜੂਨ 1905 ਵਿੱਚ ਲਿਖਿਆ
ਸਭ ਤੋਂ ਪਹਿਲਾਂ 1926
ਵਿੱਚ **ਲੈਨਿਨ ਮਿਸਲੇਨੀ V**
ਵਿੱਚ ਛਪਿਆ।

**ਸਮੁੱਚੀਆਂ ਲਿਖਤਾਂ**
ਜਿਲਦ 8,
ਸਫੇ 452-55.

*... ਇੱਥੇ ਹੱਥ ਲਿਖਤ ਅਚਾਨਕ ਖਤਮ ਹੋ ਗਈ। -ਸੰਪਾ.

# ਮਾਸਕੋ ਵਿਦਰੋਹ ਦੇ ਸਬਕ

**ਦਸੰਬਰ 1905 ਵਿੱਚ ਮਾਸਕੋ** ਨਾਮੀ ਕਿਤਾਬ ਦੀ ਪ੍ਰਕਾਸ਼ਨਾ (ਮਾਸਕੋ, 1906) ਲਈ ਇਸ ਤੋਂ ਵਧੇਰੇ ਵਾਜਬ ਸਮਾਂ ਕੋਈ ਨਹੀਂ ਸੀ ਹੋ ਸਕਦਾ। ਮਜ਼ਦੂਰਾਂ ਦੀ ਪਾਰਟੀ ਦਾ ਇਹ ਫੌਰੀ ਕੰਮ ਹੈ ਕਿ ਉਹ ਦਸੰਬਰ ਵਿਦਰੋਹ[1] ਦੇ ਸਬਕਾਂ ਨੂੰ ਗ੍ਰਹਿਣ ਕਰੇ। ਪਰ ਬਦਕਿਸਮਤੀ ਨਾਲ਼ ਇਹ ਕਿਤਾਬ ਸ਼ਹਿਦ ਦੇ ਅਜਿਹੇ ਡਰੱਮ ਵਾਂਗ ਹੈ ਜਿਹੜਾ ਲੁੱਕ ਦੇ ਇੱਕ ਚਮਚ ਕਾਰਨ ਖਰਾਬ ਹੋ ਗਿਆ ਹੋਵੇ: ਬਹੁਤ ਦਿਲਚਸਪ ਮਵਾਦ – ਇਸ ਦੇ ਅਧੂਰੇ ਹੋਣ ਦੇ ਬਾਵਜੂਦ ਅਤੇ ਬੇਹੱਦ ਉੱਘੜ ਦੁਘੜੇ ਤੇ ਬੇਹੱਦ ਘਿਸੇ ਪਿਟੇ ਸਿੱਟੇ। ਅਸੀਂ ਇਹਨਾਂ ਸਿੱਟਿਆਂ ਬਾਰੇ ਕਿਸੇ ਹੋਰ ਮੌਕੇ ਚਰਚਾ ਕਰਾਂਗੇ[2]: ਹਾਲ ਦੀ ਘੜੀ ਅਸੀਂ ਆਪਣਾ ਧਿਆਨ ਅੱਜ ਦੇ ਭਖਵੇਂ ਰਾਜਸੀ ਸਵਾਲ – ਮਾਸਕੋ ਵਿਦਰੋਹ ਦੇ ਸਬਕਾਂ ਵੱਲ ਹੀ ਰੱਖਾਂਗੇ।

ਮਾਸਕੋ ਵਿੱਚ ਦਸੰਬਰ ਲਹਿਰ ਦੇ ਮੁਢਲੇ ਰੂਪ ਪੁਰਅਮਨ ਹੜਤਾਲਾਂ ਅਤੇ ਮੁਜ਼ਾਹਰੇ ਸਨ ਤੇ ਸੰਘਰਸ਼ ਦੇ ਸਿਰਫ਼ ਇਨ੍ਹਾਂ ਰੂਪਾਂ ਰਾਹੀਂ ਵਰਕਰਾਂ ਦੀ ਬਹੁਗਿਣਤੀ ਨੇ ਇਸ ਵਿੱਚ ਸਰਗਰਮ ਭਾਗ ਲਿਆ। ਫਿਰ ਵੀ ਮਾਸਕੋ ਵਿੱਚ ਦਸੰਬਰ ਦੇ ਐਕਸ਼ਨ ਨੇ ਬਹੁਤ ਚੰਗੀ ਤਰ੍ਹਾਂ ਦਰਸਾ ਦਿੱਤਾ ਹੈ ਕਿ ਆਮ ਹੜਤਾਲ, ਸੰਘਰਸ਼ ਦੇ ਅਜ਼ਾਦਾਨਾ ਅਤੇ ਭਾਰੂ ਰੂਪ ਵਜੋਂ, ਵੇਲ਼ਾ ਵਿਹਾ ਚੁੱਕੀ ਹੈ, ਕਿ ਲਹਿਰ ਅਧਾਰਭੂਤ ਅਤੇ ਅਰੋਕ ਤਾਕਤ ਨਾਲ਼, ਇਹਨਾਂ ਸੌੜੀਆਂ ਹੱਦਾਂ ਤੋਂ ਬਾਹਰ ਆ ਰਹੀ ਹੈ ਅਤੇ ਸੰਘਰਸ਼ ਦੇ ਸਭ ਤੋਂ ਉੱਚੇ ਢੰਗ, ਵਿਦਰੋਹ, ਨੂੰ ਉਭਾਰ ਰਹੀ ਹੈ।

ਹੜਤਾਲ ਦਾ ਸੱਦਾ ਦਿੰਦੇ ਹੋਏ, ਸਾਰੀਆਂ ਇਨਕਲਾਬੀ ਪਾਰਟੀਆਂ, ਸਭ ਮਾਸਕੋ ਯੂਨੀਅਨਾਂ ਨੇ ਪ੍ਰਵਾਨ ਕੀਤਾ ਅਤੇ ਆਪ ਮੁਹਾਰੇ ਢੰਗ ਨਾਲ਼ ਮਹਿਸੂਸ ਕੀਤਾ ਕਿ ਇਸ ਨੂੰ ਲਾਜ਼ਮੀ ਤੌਰ 'ਤੇ ਵਿਦਰੋਹ ਦਾ ਰੂਪ ਧਾਰਨ ਕਰਨਾ ਚਾਹੀਦਾ ਹੈ। 6 ਦਸੰਬਰ ਨੂੰ ਵਰਕਰਾਂ ਦੇ ਡਿਪਟੀਆਂ ਦੀ ਸੋਵੀਅਤ ਨੇ ਪ੍ਰਸਤਾਵ ਕੀਤਾ ਕਿ "ਹੜਤਾਲ ਨੂੰ ਹਥਿਆਰਬੰਦ ਵਿਦਰੋਹ ਵਿੱਚ ਬਦਲਣ ਲਈ ਯਤਨ ਕੀਤੇ ਜਾਣ।" ਪਰ, ਅਸਲੀਅਤ ਵਜੋਂ, ਕੋਈ ਵੀ ਜਥੇਬੰਦੀ

---

1 **ਦਸੰਬਰ ਵਿਦਰੋਹ** – ਮਾਸਕੋ ਦੇ ਮਜ਼ਦੂਰਾਂ ਦਾ ਦਸੰਬਰ 1905 ਵਿੱਚ ਤਾਨਾਸ਼ਾਹੀ ਵਿਰੁੱਧ ਕੀਤਾ ਗਿਆ ਹਥਿਆਰਬੰਦ ਵਿਦਰੋਹ। ਨੌਂ ਦਿਨਾਂ ਤੱਕ ਮਜ਼ਦੂਰਾਂ ਨੇ, ਮਾਸਕੋ ਦੇ ਸੋਸ਼ਲ–ਡੈਮੋਕਰੈਟ ਬਾਲਸ਼ਵਿਕਾਂ ਦੀ ਅਗਵਾਈ ਹੇਠ, ਜ਼ਾਰਵਾਦੀ ਫੌਜਾਂ ਨਾਲ਼ ਬੈਰੀਕੇਡ ਖੜ੍ਹੇ ਕਰਕੇ ਬਹਾਦਰੀ ਨਾਲ਼ ਲੜਾਈ ਲੜੀ। ਸਰਕਾਰ ਵਿਦਰੋਹ ਨੂੰ ਉਦੋਂ ਹੀ ਦਬਾ ਸਕੀ ਜਦੋਂ ਸੇਂਟ ਪੀਟਰਜ਼ਬਰਗ ਤੋਂ ਤਾਜ਼ਾ ਫੌਜਾਂ ਆ ਗਈਆਂ, ਵਿਦਰੋਹ ਨੂੰ ਬੇਰਹਿਮੀ ਨਾਲ਼ ਕੁਚਲ ਦਿੱਤਾ ਗਿਆ, ਮਜ਼ਦੂਰਾਂ ਦੇ ਜ਼ਿਲ੍ਹੇ ਖ਼ੂਨ ਵਿੱਚ ਲੱਥ ਪੱਥ ਸਨ ਅਤੇ ਸ਼ਹਿਰ ਅਤੇ ਆਸ ਪਾਸ ਦੇ ਖੇਤਰਾਂ ਵਿੱਚ ਹਜ਼ਾਰਾਂ ਕਾਮੇ ਮਾਰੇ ਗਏ ਸਨ।

2. ਦੇਖੋ **ਸਮੁੱਚੀਆਂ ਲਿਖਤਾਂ**, ਜਿਲਦ 11, ਸਫੇ 189–93. –ਸੰਪਾ.

ਇਸ ਲਈ ਤਿਆਰ ਨਹੀਂ ਸੀ। ਵਾਲੰਟੀਅਰ ਲੜਾਕੇ ਦਸਤਿਆਂ[1] (9 ਦਸੰਬਰ ਨੂੰ) ਦੀ ਸਾਂਝੀ ਕੌਂਸਲ ਨੇ ਵੀ ਵਿਦਰੋਹ ਬਾਰੇ ਕਿਸੇ ਦੂਰ ਦੀ ਚੀਜ਼ ਵਾਂਗ ਗੱਲ ਕੀਤੀ ਅਤੇ ਇਹ ਬਿਲਕੁਲ ਸਾਫ ਹੈ ਕਿ ਗਲੀਆਂ ਵਿੱਚ ਹੋਈ ਲੜਾਈ ਵਿੱਚ ਇਸ ਦਾ ਨਾ ਕੋਈ ਹੱਥ ਸੀ ਤੇ ਨਾ ਹੀ ਕੰਟਰੋਲ। ਜਥੇਬੰਦੀਆਂ ਲਹਿਰ ਦੇ ਵਿਕਾਸ ਅਤੇ ਮਾਰ-ਹੱਦਾਂ ਨਾਲ **ਕਦਮ ਮਿਲਾ ਕੇ ਚੱਲਣ ਵਿੱਚ ਅਸਮਰੱਥ ਰਹੀਆਂ।**

ਹੜਤਾਲ, ਮੁਢਲੇ ਤੌਰ 'ਤੇ ਅਕਤੂਬਰ[2] ਤੋਂ ਬਾਅਦ ਪੈਦਾ ਹੋਈਆਂ ਬਾਹਰਮੁਖੀ ਹਾਲਤਾਂ ਦੇ ਦਬਾਅ ਦੇ ਸਿੱਟੇ ਵਜੋਂ, ਵਿਦਰੋਹ ਵਿੱਚ ਤਬਦੀਲ ਹੋ ਰਹੀ ਸੀ। ਆਮ ਹੜਤਾਲ ਨਾਲ਼ ਸਰਕਾਰ ਨੂੰ ਹੁਣ ਗੈਰ ਚੌਕਸ ਹਾਲਤ ਵਿੱਚ ਨਹੀਂ ਨੱਪਿਆ ਜਾ ਸਕਦਾ ਸੀ: ਇਸ ਨੇ ਉਲਟ-ਇਨਕਲਾਬ ਦੀਆਂ ਤਾਕਤਾਂ ਜਥੇਬੰਦ ਕਰ ਲਈਆਂ ਸਨ ਅਤੇ ਉਹ ਫੌਜੀ ਕਾਰਵਾਈ ਲਈ ਤਿਆਰ ਸਨ। ਅਕਤੂਬਰ ਤੋਂ ਬਾਅਦ ਰੂਸੀ ਇਨਕਲਾਬ ਦੀਆਂ ਸਾਰੀਆਂ ਘਟਨਾਵਾਂ ਅਤੇ ਦਸੰਬਰ ਦੇ ਦਿਨਾਂ ਵਿੱਚ ਮਾਸਕੋ ਵਿੱਚ ਹੋਈਆਂ ਘਟਨਾਵਾਂ ਦੀ ਲੜੀ ਨੇ ਬਹੁਤ ਹੀ ਸਹੀ ਢੰਗ ਨਾਲ਼ ਮਾਰਕਸ ਦੀ ਇੱਕ ਠੋਸ ਗੱਲ ਨੂੰ ਸਿੱਧ ਕਰ ਦਿੱਤਾ ਹੈ: ਇਨਕਲਾਬ ਇੱਕ ਮਜਬੂਤ ਅਤੇ ਏਕਤਾਬੱਧ ਉਲਟ-ਇਨਕਲਾਬ ਨੂੰ ਉਭਾਰ ਕੇ, ਵਿਕਾਸ ਕਰਦਾ ਹੈ, ਅਰਥਾਤ ਇਹ ਦੁਸ਼ਮਣ ਨੂੰ ਮਜ਼ਬੂਰ ਕਰਦਾ ਹੈ ਕਿ ਉਹ ਆਪਣੀ ਰੱਖਿਆ ਦੇ ਵੱਧ ਤੋਂ ਵੱਧ ਸਿਰੇ ਦੇ ਕਦਮ ਚੁੱਕੇ, ਅਤੇ ਇਸ ਤਰ੍ਹਾਂ ਆਪ ਹਮਲੇ ਦੇ ਵੱਧ ਤੋਂ ਵੱਧ ਤਾਕਤਵਰ ਢੰਗਾਂ ਨੂੰ ਈਜਾਦ ਕਰਦਾ ਹੈ।[3]

ਦਸੰਬਰ 7 ਅਤੇ 8 : ਪੁਰਅਮਨ ਹੜਤਾਲ, ਪੁਰਅਮਨ ਜਨਤਕ ਮੁਜ਼ਾਹਰਾ। 8 ਦੀ ਸ਼ਾਮ ਅੱਕੂਏਰੀਅਮ ਉੱਤੇ ਕਬਜ਼ਾ। 9 ਦੀ ਸਵੇਰ: ਸਵਰਾਸਤਨਾਇਆ ਚੌਕ ਵਿੱਚ ਭੀੜ ਉੱਤੇ

---

1. **ਲੜਾਕੇ ਦਸਤੇ** – 1905 ਦੇ ਇਨਕਲਾਬ ਵਿੱਚ ਰੂਸ ਦੇ ਵੱਡੇ ਸ਼ਹਿਰਾਂ ਅਤੇ ਸਨਅਤੀ ਕੇਂਦਰਾਂ ਵਿੱਚ ਜ਼ਾਰਵਾਦ ਵਿਰੁੱਧ ਲੜਾਈ ਲਈ ਕਾਇਮ ਕੀਤੇ ਗਏ ਮਜ਼ਦੂਰਾਂ ਦੇ ਹਥਿਆਰਬੰਦ ਦਸਤੇ। ਇਨ੍ਹਾਂ ਦਸੰਬਰ ਵਿਦਰੋਹ ਦੌਰਾਨ ਮਾਸਕੋ ਅਤੇ ਹੋਰ ਸ਼ਹਿਰਾਂ ਵਿੱਚ ਵਿਦਰੋਹ ਵਿੱਚ ਭਾਗ ਲਿਆ। **ਸਵੈ-ਇੱਛਤ ਲੜਾਕੇ ਦਸਤਿਆਂ ਦੀ ਮਾਸਕੋ ਸਾਂਝੀ ਕੌਂਸਲ** ਵਿੱਚ ਸੋਸ਼ਲ ਡੈਮੋਕਰੈਟਾਂ, ਸੋਸ਼ਲਿਸਟ ਇਨਕਲਾਬੀਆਂ ਅਤੇ ਹੋਰ ਪਾਰਟੀਆਂ ਦੇ ਮੈਂਬਰਾਂ ਦੇ ਵਾਲੰਟੀਅਰ ਦਸਤਿਆਂ ਦੇ ਪ੍ਰਤੀਨਿਧ ਸ਼ਾਮਲ ਸਨ।

2. ਅਕਤੂਬਰ 1905 ਵਿੱਚ ਰੂਸੀ ਇਨਕਲਾਬੀ ਪ੍ਰੋਲੇਤਾਰੀ ਨੇ ਕੌਮੀ ਪੈਮਾਨੇ 'ਤੇ ਰਾਜਸੀ ਹੜਤਾਲ ਚਲਾਈ। ਸਭ ਮਿੱਲਾਂ, ਫੈਕਟਰੀਆਂ ਅਤੇ ਰੇਲਵੇ ਜਾਮ ਹੋ ਗਈਆਂ। ਆਮ ਹੜਤਾਲ ਨੇ ਮਜ਼ਦੂਰ ਜਮਾਤ ਦੀ ਮਹਾਨ ਤਾਕਤ ਦਾ ਮੁਜ਼ਾਹਰਾ ਕੀਤਾ। 17 ਅਕਤੂਬਰ ਨੂੰ ਜ਼ਾਰ ਨੂੰ ਇੱਕ ਮੈਨੀਫੈਸਟੋ ਜਾਰੀ ਕਰਨ ਲਈ ਮਜਬੂਰ ਹੋਣਾ ਪਿਆ ਜਿਸ ਵਿੱਚ ਭਾਸ਼ਣ, ਇਕੱਠੇ ਹੋਣ ਅਤੇ ਪ੍ਰੈੱਸ ਦੀ ਅਜ਼ਾਦੀ ਅਤੇ ਸੰਵਿਧਾਨ ਦਾ ਵਾਅਦਾ ਕੀਤਾ ਗਿਆ ਸੀ। ਜ਼ਾਰ ਦਾ ਵਾਅਦਾ ਫ਼ਰਾਡ ਨਿਕਲਿਆ ਅਤੇ ਇਹ ਕਦੇ ਵੀ ਪੂਰਾ ਨਹੀਂ ਕੀਤਾ ਗਿਆ।

3. ਦੇਖੋ ਕਾਰਲ ਮਾਰਕਸ **ਫ਼ਰਾਂਸ ਵਿੱਚ ਜਮਾਤੀ ਘੋਲ਼, 1848 ਤੋਂ 1850** (ਮਾਰਕਸ ਅਤੇ ਏਂਗਲਜ਼, **ਸਮੁੱਚੀਆਂ ਲਿਖਤਾਂ**, ਜਿਲਦ 1, ਮਾਸਕੋ 1962, ਸਫ਼ਾ 139)

ਘੋੜ ਸਵਾਰ ਫੌਜੀ ਹਮਲਾ ਕਰਦੇ ਹਨ। ਸ਼ਾਮ: ਫੀਡਲਰ ਇਮਾਰਤ ਉੱਤੇ ਛਾਪਾ ਮਾਰਿਆ ਗਿਆ। ਗੁੱਸਾ ਵੱਧਦਾ ਹੈ। ਗੈਰ–ਜਥੇਬੰਦਕ ਭੀੜਾਂ ਨੇ, ਬਿਲਕੁਲ ਆਪ ਮੁਹਾਰੇ ਢੰਗ ਨਾਲ਼ ਅਤੇ ਕੁਝ ਹਿਚਕਿਚਾਹਟ ਨਾਲ਼, ਪਹਿਲੇ ਬੈਰੀਕੇਡ (ਰੁਕਾਵਟਾਂ) ਲਾਏ।

10 ਦਸੰਬਰ: ਗਲੀਆਂ ਵਿੱਚ ਲੋਕਾਂ ਵੱਲੋਂ ਖੜ੍ਹੀਆਂ ਕੀਤੀਆਂ ਗਈਆਂ ਰੁਕਾਵਟਾਂ ਅਤੇ ਭੀੜਾਂ ਉੱਤੇ ਤੋਪਾਂ ਰਾਹੀਂ ਗੋਲਾਬਾਰੀ ਖੋਲ੍ਹ ਦਿੱਤੀ ਗਈ। ਹੋਰ ਜ਼ਿਆਦਾ ਯੋਜਨਾਮਈ ਢੰਗ ਨਾਲ਼ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ, ਪਰ ਇੱਕਾ ਦੁੱਕਾ ਤੌਰ ’ਤੇ ਨਹੀਂ, ਸਗੋਂ ਇਹ ਜਨਤਕ ਪੱਧਰ ’ਤੇ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ। ਸਾਰੇ ਲੋਕ ਗਲੀਆਂ ਵਿੱਚ ਆ ਗਏ ਹਨ: ਸ਼ਹਿਰ ਦੇ ਸਾਰੇ ਮੁੱਖ ਕੇਂਦਰਾਂ ਵਿੱਚ ਰੁਕਾਵਟਾਂ ਦਾ ਜਾਲ਼ ਵਿਛ ਗਿਆ ਹੈ। ਕਈ ਦਿਨਾਂ ਤੱਕ ਵਾਲੰਟੀਅਰ ਲੜਾਕਾ ਯੂਨਿਟਾਂ ਫੌਜਾਂ ਵਿਰੁੱਧ ਸਖਤ ਗੁਰੀਲਾ ਲੜਾਈ ਲੜਦੀਆਂ ਹਨ, ਜਿਸ ਨਾਲ਼ ਫੌਜਾਂ ਹੰਭ ਜਾਂਦੀਆਂ ਹਨ ਅਤੇ ਦੁਬਾਸੋਵ ਨੂੰ ਹੋਰ ਫੌਜ ਲਈ ਮਿੰਨਤ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਸਿਰਫ਼ 15 ਦਸੰਬਰ ਨੂੰ ਹੀ ਸਰਕਾਰੀ ਫੌਜਾਂ ਦਾ ਹੱਥ ਮੁਕੰਮਲ ਤੌਰ ’ਤੇ ਉੱਪਰ ਆਉਂਦਾ ਹੈ ਅਤੇ 17 ਦਸੰਬਰ ਨੂੰ ਸੈਮਿਯੋਨੋਵਸਕੀ ਰੈਜੀਮੈਂਟ[1] ਨੇ ਵਿਦਰੋਹ ਦੇ ਆਖਰੀ ਮਜ਼ਬੂਤ ਗੜ੍ਹ, ਪਰੈਸਨੀਆ ਜ਼ਿਲੇ ਨੂੰ ਦਰੜ ਕੇ ਰੱਖ ਦਿੱਤਾ।

ਹੜਤਾਲ ਅਤੇ ਮੁਜ਼ਾਹਰਿਆਂ ਤੋਂ ਇੱਕਾ ਦੁੱਕਾ ਰੁਕਾਵਟਾਂ ਤੱਕ। ਇੱਕਾ ਦੁੱਕਾ ਰੁਕਾਵਟਾਂ ਤੋਂ ਬਾਅਦ ਵੱਡੀ ਜਨਤਕ ਪੱਧਰ ’ਤੇ ਰੁਕਾਵਟਾਂ ਡਾਹੁਣਾ ਅਤੇ ਫੌਜਾਂ ਵਿਰੁੱਧ ਗਲ਼ੀਆਂ ਵਿੱਚ ਲੜਾਈ। ਜਥੇਬੰਦੀਆਂ ਦੀਆਂ ਵਲ਼ਗਣਾਂ ਨੂੰ ਪਾਰ ਕਰਦੇ ਹੋਏ, ਜਨਤਕ ਪ੍ਰੋਲੇਤਾਰੀ ਸੰਘਰਸ਼ ਹੜਤਾਲ ਤੋਂ ਵਿਕਾਸ ਕਰਕੇ ਵਿਦਰੋਹ ਬਣ ਗਿਆ। ਦਸੰਬਰ 1905 ਵਿੱਚ ਪ੍ਰਾਪਤ ਕੀਤਾ ਗਿਆ ਰੂਸੀ ਇਨਕਲਾਬ ਦਾ ਇਹ ਮਹਾਨਤਮ ਇਤਿਹਾਸਕ ਲਾਭ ਹੈ: ਅਤੇ ਪਹਿਲੇ ਸਾਰੇ ਲਾਭਾਂ ਵਾਂਗ ਹੀ ਇਸ ਦੀ ਵੀ ਬੇਬਹਾ ਕੁਰਬਾਨੀਆਂ ਨਾਲ਼ ਕੀਮਤ ਤਾਰੀ ਗਈ। ਲਹਿਰ ਨੂੰ ਆਮ ਰਾਜਸੀ ਹੜਤਾਲ ਤੋਂ ਉੱਚੇ ਪੜਾਅ ਤੱਕ ਲਿਜਾਇਆ ਗਿਆ। ਇਸ ਨੇ ਪਿਛਾਖੜ ਨੂੰ ਅੱਡੀਆਂ ਅੜਾਉਣ ਵਿੱਚ **ਸਿਰੇ ਤੱਕ** ਜਾਣ ਲਈ ਮਜਬੂਰ ਕਰ ਦਿੱਤਾ ਅਤੇ ਇਸ ਤਰ੍ਹਾਂ ਲਹਿਰ ਨੂੰ ਉਸ ਦੇ ਏਨਾ ਜ਼ਿਆਦਾ ਨੇੜੇ ਲੈ ਆਂਦਾ ਜਦੋਂ ਇਨਕਲਾਬ ਵੀ ਹਮਲੇ ਦੇ ਢੰਗ ਅਪਨਾਉਣ ਵਿੱਚ ਸਿਰੇ ਤੱਕ ਜਾਏਗਾ। ਪਿਛਾਖੜ ਰੁਕਾਵਟਾਂ, ਇਮਾਰਤਾਂ ਅਤੇ ਭੀੜਾਂ ਉੱਤੇ ਗੋਲਾਬਾਰੀ ਕਰਨ ਤੋਂ ਅੱਗੇ **ਨਹੀਂ ਜਾ ਸਕਦਾ।** ਪਰ ਇਨਕਲਾਬ ਮਾਸਕੋ ਦੀਆਂ ਵਾਲੰਟੀਅਰ ਲੜਾਕਾ ਯੂਨਿਟਾਂ ਤੋਂ ਬਹੁਤ ਜ਼ਿਆਦਾ ਅੱਗੇ ਜਾ ਸਕਦਾ ਹੈ ਅਤੇ ਦਸੰਬਰ ਤੋਂ ਬਾਅਦ ਇਨਕਲਾਬ ਬਹੁਤ ਅੱਗੇ ਵਧਿਆ ਹੈ। ਇਨਕਲਾਬੀ ਸੰਕਟ ਦਾ ਅਧਾਰ ਅਮਿਣਵੇਂ ਰੂਪ ਵਿੱਚ ਚੁਰੇੜਾ ਹੋਇਆ ਹੈ – ਧਾਰ ਨੂੰ ਹੁਣ ਹੋਰ ਜ਼ਿਆਦਾ ਤੇਜ਼ ਕਰਨਾ ਚਾਹੀਦਾ ਹੈ।

ਪ੍ਰੋਲੇਤਾਰੀਆਂ ਨੇ ਸੰਘਰਸ਼ ਦੀਆਂ ਬਾਹਰਮੁਖੀ ਹਾਲਤਾਂ ਵਿੱਚ ਤਬਦੀਲੀ ਨੂੰ ਅਤੇ

1. ਸੈਮਿਯੋਨੋਵਸਕੀ ਗਾਰਡਜ਼ ਰੈਜੀਮੈਂਟ ਦੇ ਸਿਪਾਹੀਆਂ ਨੂੰ, ਸੇਂਟ ਪੀਟਰਜ਼ਬਰਗ ਤੋਂ ਦਸੰਬਰ 1905 ਵਿੱਚ ਮਾਸਕੋ ਨੂੰ, ਮਜ਼ਦੂਰਾਂ ਦੇ ਵਿਦਰੋਹ ਨੂੰ ਦਬਾਉਣ ਲਈ ਭੇਜਿਆ ਗਿਆ।

ਹੜਤਾਲ ਨੂੰ ਵਿਦਰੋਹ ਵਿੱਚ ਤਬਦੀਲ ਕਰਨ ਦੀ ਲੋੜ ਨੂੰ ਆਗੂਆਂ ਤੋਂ ਪਹਿਲਾਂ ਮਹਿਸੂਸ ਕਰ ਲਿਆ। ਜਿਵੇਂ ਕਿ ਆਮ ਤੌਰ 'ਤੇ ਹੁੰਦਾ ਹੈ ਅਮਲ ਸਿਧਾਂਤ ਨਾਲੋਂ ਕਿਤੇ ਅੱਗੇ ਲੰਘ ਗਿਆ। ਪੁਰਅਮਨ ਹੜਤਾਲ ਅਤੇ ਮੁਜ਼ਾਹਰੇ ਛੇਤੀ ਹੀ ਵਰਕਰਾਂ ਨੂੰ ਸੰਤੁਸ਼ਟ ਕਰਨੋਂ ਹਟ ਗਏ, ਉਹਨਾਂ ਪੁੱਛਿਆ: ਅੱਗੋਂ ਕੀ ਕੀਤਾ ਜਾਣਾ ਹੈ ? ਅਤੇ ਉਹਨਾਂ ਹੋਰ ਦ੍ਰਿੜ ਕਾਰਵਾਈ ਦੀ ਮੰਗ ਕੀਤੀ। ਰੁਕਾਵਟਾਂ ਖੜ੍ਹੀਆਂ ਕਰਨ ਦੀਆਂ ਹਦਾਇਤਾਂ ਜ਼ਿਲ੍ਹਿਆਂ ਵਿੱਚ ਕਾਫੀ ਦੇਰ ਨਾਲ਼ ਪੁੱਜੀਆਂ, ਜਦੋਂ ਕਿ ਸ਼ਹਿਰ ਦੇ ਕੇਂਦਰ ਵਿੱਚ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਸਨ। ਵਰਕਰ ਵੱਡੀ ਗਿਣਤੀ ਵਿੱਚ ਇਸ ਲਈ ਕੰਮ ਵਿੱਚ ਜੁੱਟ ਗਏ, ਪਰ **ਇਸ ਨੇ ਵੀ ਉਹਨਾਂ ਨੂੰ ਸੰਤੁਸ਼ਟ ਨਹੀਂ ਕੀਤਾ।** ਉਹ ਜਾਣਨਾ ਚਾਹੁੰਦੇ ਸਨ: ਅੱਗੋਂ ਕੀ ਕੀਤਾ ਜਾਣਾ ਹੈ ? – ਉਹਨਾਂ ਚੁਸਤ ਕਦਮਾਂ ਦੀ ਮੰਗ ਕੀਤੀ। ਦਸੰਬਰ ਵਿੱਚ, ਅਸੀਂ, ਸੋਸ਼ਲ-ਡੈਮੋਕਰੈਟਿਕ ਪ੍ਰੋਲੇਤਾਰੀਆਂ, ਉਸ ਚੀਫ਼ ਕਮਾਂਡਰ ਵਾਂਗ ਸਾਂ, ਜਿਸ ਨੇ ਆਪਣੀਆਂ ਫੌਜਾਂ ਏਨੇ ਬੇਹੂਦਾ ਢੰਗ ਨਾਲ਼ ਤੈਨਾਤ ਕੀਤੀਆਂ ਸਨ ਕਿ ਉਹਨਾਂ ਵਿੱਚੋਂ ਬਹੁਤੀਆਂ ਨੇ ਲੜਾਈ ਵਿੱਚ ਕੋਈ ਸਰਗਰਮ ਭਾਗ ਨਾ ਲਿਆ। ਵਰਕਰਾਂ ਦੇ ਸਮੂਹ ਨੇ ਦ੍ਰਿੜ ਜਨਤਕ ਕਾਰਵਾਈ ਲਈ ਹਦਾਇਤਾਂ ਦੀ ਮੰਗ ਕੀਤੀ ਪਰ ਉਹਨਾਂ ਨੂੰ ਇਹ ਪ੍ਰਾਪਤ ਨਾ ਹੋਈਆਂ।

ਇਸ ਤਰ੍ਹਾਂ ਪਲੈਖਾਨੋਵ ਦੇ ਇਹਨਾਂ ਵਿਚਾਰਾਂ, ਜਿਨ੍ਹਾਂ ਨੂੰ ਸਭ ਮੌਕਾਪ੍ਰਸਤਾਂ ਨੇ ਚੁੱਕ ਲਿਆ ਸੀ, ਨਾਲੋਂ ਥੋੜ੍ਹ ਦ੍ਰਿਸ਼ਟੀ ਵਾਲ਼ੀ ਗੱਲ ਹੋਰ ਨਹੀਂ ਹੋ ਸਕਦੀ, ਕਿ ਹੜਤਾਲ ਬੇਮੌਕਾ ਸੀ ਅਤੇ ਇਹ ਸ਼ੁਰੂ ਹੀ ਨਹੀਂ ਸੀ ਕੀਤੀ ਜਾਣੀ ਚਾਹੀਦੀ ਅਤੇ ਕਿ "ਉਹਨਾਂ ਨੂੰ ਹਥਿਆਰ ਨਹੀਂ ਸਨ ਚੁੱਕਣੇ ਚਾਹੀਦੇ।" ਇਸ ਦੇ ਉਲਟ, ਸਾਨੂੰ ਵਧੇਰੇ ਦ੍ਰਿੜਤਾ, ਤੇਜ਼ ਤੱਰਾਰੀ ਨਾਲ ਹਥਿਆਰ ਚੁੱਕਣੇ ਚਾਹੀਦੇ ਸਨ, ਸਾਨੂੰ ਲੋਕਾਂ ਨੂੰ ਇਹ ਗੱਲ ਸਮਝਾਉਣੀ ਚਾਹੀਦੀ ਸੀ ਕਿ ਹਾਲਾਤ ਨੂੰ ਪੁਰਅਮਨ ਹੜਤਾਲ ਤਕ ਸੀਮਤ ਰੱਖਣਾ ਅਸੰਭਵ ਸੀ ਅਤੇ ਕਿ ਨਿਧੜਕ ਅਤੇ ਲੱਕ-ਬੱਝਵੀਂ ਹਥਿਆਰਬੰਦ ਲੜਾਈ ਜ਼ਰੂਰੀ ਸੀ। ਅਤੇ ਹੁਣ ਆਖਰਕਾਰ ਸਾਨੂੰ ਖੁੱਲ੍ਹੇ ਤੌਰ 'ਤੇ ਅਤੇ ਲੋਕਾਂ ਦੇ ਵਿੱਚ ਇਹ ਗੱਲ ਪ੍ਰਵਾਨ ਕਰ ਲੈਣੀ ਚਾਹੀਦੀ ਹੈ ਕਿ ਰਾਜਸੀ ਹੜਤਾਲਾਂ ਨਾਕਾਫੀ ਹਨ, ਸਾਨੂੰ ਲੋਕਾਂ ਵਿੱਚ ਹਥਿਆਰਬੰਦ ਵਿਦਰੋਹ ਦੇ ਹੱਕ ਵਿੱਚ ਵੱਧ ਤੋਂ ਵੱਧ ਚੁਰੇੜੀ ਜਦੋਜਹਿਦ ਚਲਾਉਣੀ ਚਾਹੀਦੀ ਹੈ ਅਤੇ "ਮੁਢਲੀਆਂ ਸਟੇਜਾਂ" ਦੀਆਂ ਗੱਲਾਂ ਕਰਕੇ ਇਸ ਸਵਾਲ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ, ਜਾਂ ਕਿਸੇ ਵੀ ਢੰਗ ਨਾਲ਼ ਧੁੰਦਲਾ ਨਹੀਂ ਕਰਨਾ ਚਾਹੀਦਾ। ਜੇਕਰ ਅਸੀਂ ਆ ਰਹੀ ਇਨਕਲਾਬੀ ਕਾਰਵਾਈ ਦੇ ਫੌਰੀ ਕੰਮ ਵਜੋਂ, ਖਾਤਮੇ ਦੀ ਨਿਧੜਕ ਖੂਨੀ ਜੰਗ ਦੀ ਲੋੜ ਨੂੰ ਲੋਕਾਂ ਤੋਂ ਲੁਕਾਵਾਂਗੇ ਤਾਂ ਅਸੀਂ ਆਪਣੇ ਆਪ ਅਤੇ ਲੋਕਾਂ, ਦੋਵਾਂ ਨੂੰ ਧੋਖਾ ਦੇ ਰਹੇ ਹੋਵਾਂਗੇ।

ਦਸੰਬਰ ਦੀਆਂ ਘਟਨਾਵਾਂ ਦਾ ਇਸ ਪਹਿਲਾ ਸਬਕ ਹੈ। ਦੂਜਾ ਸਬਕ ਵਿਦਰੋਹ ਦੇ ਖਾਸੇ, ਇਸ ਲਈ ਵਰਤੇ ਜਾਣ ਵਾਲ਼ੇ ਢੰਗਾਂ ਅਤੇ ਉਹਨਾਂ ਹਾਲਤਾਂ ਨਾਲ਼ ਸਬੰਧ ਰੱਖਦਾ ਹੈ ਜਿਨ੍ਹਾਂ ਤਹਿਤ ਫੌਜਾਂ ਲੋਕਾਂ ਵਾਲ਼ੇ ਪਾਸੇ ਆ ਜਾਣਗੀਆਂ। ਸਾਡੀ ਪਾਰਟੀ ਦੇ ਸੱਜੇ ਧੜੇ ਵਿੱਚ ਇਸ ਮਗਰਲੇ ਨੁਕਤੇ ਬਾਰੇ ਹੱਦ ਦਰਜ਼ੇ ਦਾ ਇੱਕ ਪਾਸੜ ਨਜ਼ਰੀਆ ਹੈ। ਇਹ ਕਿਹਾ ਜਾਂਦਾ ਹੈ ਕਿ ਆਧੁਨਿਕ ਫੌਜਾਂ ਨਾਲ਼ ਲੜਨ ਦੀ ਕੋਈ ਸੰਭਾਵਨਾ ਨਹੀਂ ਹੈ; ਫੌਜਾਂ ਇਨਕਲਾਬੀ

ਬਣਨੀਆਂ ਚਾਹੀਦੀਆਂ ਹਨ। ਨਿਸ਼ਚੇ ਹੀ, ਜਿੰਨਾ ਚਿਰ ਇਨਕਲਾਬ ਜਨਤਕ ਖਾਸਾ ਅਖਤਿਆਰ ਨਹੀਂ ਕਰਦਾ ਅਤੇ ਫੌਜਾਂ ਉੱਤੇ ਅਸਰ ਨਹੀਂ ਪਾਉਂਦਾ, ਗੰਭੀਰ ਸੰਘਰਸ਼ ਦਾ ਕੋਈ ਸਵਾਲ ਨਹੀਂ ਉੱਠਦਾ। ਸਾਨੂੰ ਫੌਜਾਂ ਵਿੱਚ ਕੰਮ ਕਰਨਾ ਚਾਹੀਦਾ ਹੈ, ਇਹ ਕਹਿਣ ਦੀ ਕੋਈ ਲੋੜ ਨਹੀਂ। ਪਰ ਸਾਨੂੰ ਇਹ ਆਸ ਨਹੀਂ ਕਰਨੀ ਚਾਹੀਦੀ ਕਿ ਉਹ ਅਪੀਲ ਕਰਨ ਨਾਲ਼ ਜਾਂ ਆਪਣੇ ਆਪ ਹੀ ਇੱਕ ਦਮ ਸਾਡੇ ਵੱਲ ਆ ਜਾਣਗੀਆਂ। ਮਾਸਕੋ ਵਿਦਰੋਹ ਨੇ ਬਹੁਤ ਸਾਫ਼ ਢੰਗ ਨਾਲ਼ ਦਰਸਾ ਦਿੱਤਾ ਹੈ ਕਿ ਇਹ ਨਜ਼ਰੀਆ ਕਿੰਨਾ ਘਿਸਿਆ ਪਿਟਿਆ ਅਤੇ ਬੇਜਾਨ ਹੈ। ਅਸਲੀਅਤ ਵਿੱਚ, ਫੌਜਾਂ ਦੀ ਮਨ-ਅਸਥਿਰਤਾ, ਜਿਹੜੀ ਕਿ ਹਰ ਸੱਚਮੁਚ ਲੋਕ-ਪ੍ਰਿਆ ਲਹਿਰ ਵਿੱਚ ਲਾਜ਼ਮੀ ਹੁੰਦੀ ਹੈ, ਨਾਲ਼ **ਫੌਜਾਂ ਲਈ ਸਹੀ ਲੜਾਈ** ਸ਼ੁਰੂ ਹੋ ਜਾਂਦੀ ਹੈ, ਜਦੋਂ ਵੀ ਇਨਕਲਾਬੀ ਸੰਘਰਸ਼ ਬਹੁਤ ਤੇਜ਼ ਹੋ ਜਾਂਦਾ ਹੈ। ਮਾਸਕੋ ਵਿਦਰੋਹ ਸੰਖੇਪ ਵਿੱਚ ਫੌਜਾਂ ਲਈ ਇੱਕ ਨਿਧੜਕ, ਧੂੰਆਂਧਾਰ ਸੰਘਰਸ਼, ਜਿਹੜਾ ਕਿ ਪਿਛਾਖੜ ਅਤੇ ਇਨਕਲਾਬ ਵਿਚਾਲੇ ਹੋਇਆ, ਦੀ ਇੱਕ ਉਦਾਹਰਣ ਹੈ। ਦੂਬਾਸੋਵ ਨੇ ਖੁਦ ਐਲਾਨ ਕੀਤਾ ਕਿ ਮਾਸਕੋ ਗੈਰੀਸਨ ਦੇ ਪੰਦਰਾਂ ਹਜ਼ਾਰ ਫੌਜੀਆਂ ਵਿੱਚੋਂ ਸਿਰਫ਼ ਪੰਜ ਹਜ਼ਾਰ ਹੀ ਭਰੋਸੇਯੋਗ ਸਨ। ਸਰਕਾਰ ਨੇ ਥਿੜਕਣ ਵਾਲ਼ਿਆਂ ਨੂੰ ਬਹੁਤ ਨਿਵੇਕਲੇ ਅਤੇ ਛਿੱਥੇਪਣ ਵਾਲ਼ੇ ਢੰਗਾਂ ਨਾਲ਼ ਕਾਬੂ ਵਿੱਚ ਰੱਖਿਆ: ਉਹਨਾਂ ਨੂੰ ਅਪੀਲਾਂ ਕੀਤੀਆਂ, ਫੂਕਾਂ ਦਿੱਤੀਆਂ, ਰਿਸ਼ਵਤਾਂ ਦਿੱਤੀਆਂ, ਉਹਨਾਂ ਨੂੰ ਘੜੀਆਂ, ਰਕਮਾਂ ਆਦਿ ਦੇ ਤੋਹਫੇ ਦਿੱਤੇ, ਉਹਨਾਂ ਨੂੰ ਵੋਦਕਾ ਵਿੱਚ ਡੁਬੋ ਦਿੱਤਾ, ਉਹਨਾਂ ਪਾਸ ਝੂਠ ਬੋਲਿਆ, ਧਮਕੀਆਂ ਦਿੱਤੀਆਂ, ਉਹਨਾਂ ਨੂੰ ਬੈਰਕਾਂ 'ਚ ਬੰਦ ਕਰ ਦਿੱਤਾ ਅਤੇ ਹਥਿਆਰ ਖੋਹ ਲਏ ਅਤੇ ਜਿਨ੍ਹਾਂ ਉੱਤੇ ਸਭ ਤੋਂ ਘੱਟ ਭਰੋਸੇਯੋਗ ਹੋਣ ਦਾ ਸ਼ੱਕ ਸੀ, ਉਹਨਾਂ ਨੂੰ ਧੋਖੇ ਅਤੇ ਹਿੰਸਾ ਨਾਲ਼ ਹਟਾ ਦਿੱਤਾ ਗਿਆ ਤੇ ਸਾਨੂੰ ਖੁੱਲ੍ਹੇ ਤੌਰ 'ਤੇ ਅਤੇ ਬਿਨਾਂ ਕਿਸੇ ਰੱਖ ਰਖਾ ਦੇ ਇਹ ਗੱਲ ਪ੍ਰਵਾਨ ਕਰਨ ਦਾ ਹੌਸਲਾ ਕਰਨਾ ਚਾਹੀਦਾ ਹੈ ਕਿ ਇਸ ਮਾਮਲੇ ਵਿੱਚ ਅਸੀਂ ਸਰਕਾਰ ਨਾਲੋਂ ਬਹੁਤ ਪਿੱਛੇ ਰਹਿ ਗਏ। ਅਸੀਂ, ਸਾਡੇ ਪਾਸ ਮੌਜੂਦ ਤਾਕਤਾਂ ਦੀ ਵਰਤੋਂ ਥਿੜਕਦੀਆਂ ਫੌਜਾਂ ਲਈ ਉਸ ਤਰ੍ਹਾਂ ਦੀ ਸਰਗਰਮ, ਦਲੇਰ, ਵਸੀਲਾ-ਯੁਕਤ ਅਤੇ ਤਿੱਖੀ ਲੜਾਈ ਲਈ ਕਰਨ ਵਿੱਚ ਅਸਫਲ ਰਹੇ, ਜਿਸ ਤਰ੍ਹਾਂ ਦੀ ਲੜਾਈ ਸਰਕਾਰ ਨੇ ਕੀਤੀ ਅਤੇ ਜਿੱਤ ਪ੍ਰਾਪਤ ਕਰ ਲਈ। ਅਸੀਂ ਫੌਜ ਵਿੱਚ ਕੰਮ ਕੀਤਾ ਹੈ ਅਤੇ ਭਵਿੱਖ ਵਿੱਚ ਅਸੀਂ ਫੌਜਾਂ ਨੂੰ ਵਿਚਾਰਧਾਰਕ ਤੌਰ 'ਤੇ "ਆਪਣੇ ਪਾਸ ਕਰਨ" ਲਈ ਆਪਣੇ ਯਤਨ ਦੁੱਗਣੇ ਕਰ ਦੇਵਾਂਗੇ। ਪਰ ਜੇਕਰ ਅਸੀਂ ਇਹ ਗੱਲ ਭੁੱਲ ਗਏ ਕਿ ਵਿਦਰੋਹ ਦੇ ਸਮੇਂ ਸਾਨੂੰ ਫੌਜਾਂ ਲਈ ਫਿਜ਼ੀਕਲ ਤੌਰ 'ਤੇ ਵੀ ਸੰਘਰਸ਼ ਕਰਨਾ ਪੈਣਾ ਹੈ ਤਾਂ ਅਸੀਂ ਤਰਸਯੋਗ ਬੰਦੇ ਹੀ ਸਾਬਤ ਹੋਵਾਂਗੇ।

ਦਸੰਬਰ ਦੇ ਦਿਨਾਂ ਵਿੱਚ ਮਾਸਕੋ ਦੇ ਪ੍ਰੋਲੇਤਾਰੀਆਂ ਨੇ ਫੌਜਾਂ ਨੂੰ ਵਿਚਾਰਧਾਰਕ ਤੌਰ 'ਤੇ "ਆਪਣੇ ਵੱਲ ਕਰਨ" ਵਿੱਚ ਬਹੁਤ ਸ਼ਾਨਦਾਰ ਸਬਕ ਸਿਖਾਏ ਹਨ; ਮਿਸਾਲ ਵਜੋਂ, ਜਿਵੇਂ 8 ਦਸੰਬਰ ਨੂੰ ਸਤਾਰਸਤਨਾਇਆ ਚੌਕ ਵਿੱਚ, ਭੀੜ ਨੇ ਕਸਾਕਾਂ ਨੂੰ ਘੇਰ ਲਿਆ, ਉਹਨਾਂ ਵਿੱਚ ਰਲ਼ ਗਏ ਅਤੇ ਉਹਨਾਂ ਨੂੰ ਵਾਪਸ ਮੁੜਣ ਲਈ ਮਨਾ ਲਿਆ। ਜਾਂ 10 ਦਸੰਬਰ ਨੂੰ ਪਰੈਸਨੀਆ ਜ਼ਿਲ੍ਹੇ ਵਿੱਚੋਂ ਜਦੋਂ 10,000 ਲੋਕਾਂ ਦੀ ਭੀੜ ਵਿੱਚ ਲਾਲ ਝੰਡਾ ਲਿਜਾ ਰਹੀਆਂ ਦੋ ਲੜਕੀਆਂ ਇਹ ਗੱਲ ਕਹਿੰਦੀਆਂ ਕਸਾਕਾਂ ਵੱਲ ਨੱਸੀਆਂ "ਸਾਨੂੰ ਮਾਰ ਦਿਓ।

ਅਸੀਂ ਜਿਉਂਦੇ ਜੀਅ ਝੰਡਾ ਨਹੀਂ ਛੱਡਾਂਗੀਆਂ!" ਅਤੇ ਕਸਾਕਾਂ ਦਾ ਜੋਸ਼ ਮੱਠਾ ਪੈ ਗਿਆ ਅਤੇ ਉਹਨਾਂ ਘੋੜਿਆਂ ਨੂੰ ਮੋੜ ਲਿਆ ਤੇ ਭੀੜ ਨੇ ਨਾਹਰੇ ਲਾਏ: "ਕਸਾਕੋ ਸ਼ਾਬਾਸ਼ੇ!" ਹੌਸਲੇ ਅਤੇ ਹੀਰੋਵਾਦ ਦੀਆਂ ਇਹ ਉਦਾਹਰਣਾਂ ਪ੍ਰੋਲੇਤਾਰੀਆਂ ਦੇ ਮਨਾਂ ਉੱਤੇ ਸਦਾ ਲਈ ਅੰਕਿਤ ਹੋ ਜਾਣਗੀਆਂ।

ਪਰ ਇਹ ਉਦਾਹਰਣਾਂ ਹਨ ਕਿ ਅਸੀਂ ਦੁਬਾਸੋਵ ਤੋਂ ਕਿਹੜੀ ਗੱਲੋਂ ਪਿੱਛੇ ਸਾਂ। 9 ਦਸੰਬਰ ਨੂੰ ਸਿਪਾਹੀ ਬੋਲਸ਼ਾਯਾ ਸਰਪੂਖੋਵਸਕਾਇਆ ਗਲੀ ਵਿੱਚ **ਮਾਰਸੀਲੈਸੇ** ਗਾਉਂਦੇ ਹੋਏ, ਵਿਦਰੋਹੀਆਂ ਵਿੱਚ ਸ਼ਾਮਲ ਹੋਣ ਲਈ ਮਾਰਚ ਕਰਦੇ ਜਾ ਰਹੇ ਸਨ। ਵਰਕਰਾਂ ਨੇ ਉਹਨਾਂ ਨੂੰ ਮਿਲਣ ਲਈ ਡੈਲੀਗੇਟ ਭੇਜੇ। ਮਾਲਾਖੋਵ ਆਪ ਤੇਜ਼ ਰਫਤਾਰ ਨਾਲ਼ ਘੋੜੇ ਤੇ ਉਹਨਾਂ ਵੱਲ ਚੱਲ ਪਿਆ। ਵਰਕਰ ਬਹੁਤ ਲੇਟ ਸਨ, ਮਾਲਾਖੋਵ ਉਹਨਾਂ ਪਾਸ ਪਹਿਲਾਂ ਪਹੁੰਚ ਗਿਆ। ਉਸਨੇ ਇੱਕ ਭਾਵਕ ਤਕਰੀਰ ਕੀਤੀ, ਸਿਪਾਹੀਆਂ ਦੇ ਨਿਸ਼ਚੇ ਨੂੰ ਘਟਾ ਦਿੱਤਾ, ਉਹਨਾਂ ਨੂੰ ਹਥਿਆਰਬੰਦ ਸੈਨਿਕਾਂ ਨਾਲ਼ ਘੇਰ ਲਿਆ, ਉਹਨਾਂ ਨੂੰ ਬੈਰਕਾਂ ਵਿੱਚ ਲੈ ਗਿਆ ਅਤੇ ਉੱਥੇ ਬੰਦ ਕਰ ਦਿੱਤਾ। ਮਾਲਾਖੋਵ ਫੌਜੀਆਂ ਪਾਸ ਸਮੇਂ ਸਿਰ ਪੁੱਜ ਗਿਆ ਅਤੇ ਅਸੀਂ ਨਹੀਂ ਪੁੱਜੇ, ਹਾਲਾਂ ਕਿ ਸਾਡੇ ਸੱਦੇ ਉੱਤੇ ਦੋ ਦਿਨਾਂ ਵਿੱਚ ਹੀ 1,50,000 ਲੋਕ ਉੱਠ ਪਏ ਸਨ ਅਤੇ ਇਹਨਾਂ ਨੂੰ ਗਲੀਆਂ ਵਿੱਚ ਗਸ਼ਤ ਕਰਨੀ ਚਾਹੀਦੀ ਸੀ ਅਤੇ ਇਹ ਕਰ ਵੀ ਸਕਦੇ ਸਨ। ਮਾਲਾਖੋਵ ਨੇ ਫੌਜੀਆਂ ਨੂੰ ਘੋੜ ਸਵਾਰ ਫੌਜੀਆਂ ਨਾਲ਼ ਘੇਰਾ ਪਾ ਲਿਆ ਪਰ ਅਸੀਂ ਮਾਲਾਖੋਵ ਦੇ ਬੰਦਿਆਂ ਨੂੰ ਬੰਬ-ਸੁੱਟਾਂ ਨਾਲ਼ ਨਹੀਂ ਘੇਰ ਸਕੇ। ਅਸੀਂ ਅਜਿਹਾ ਕਰ ਸਕਦੇ ਸਾਂ ਅਤੇ ਕਰਨਾ ਚਾਹੀਦਾ ਸੀ: ਅਤੇ ਬਹੁਤ ਚਿਰ ਪਹਿਲਾਂ ਸੋਸ਼ਲ ਡੈਮੋਕਰੈਟਿਕ ਪਰੈਸ (ਪੁਰਾਣਾ **ਇਸਕਰਾ**) ਨੇ ਦੱਸਿਆ ਕਿ ਵਿਦਰੋਹ ਸਮੇਂ ਸਾਡਾ ਫ਼ਰਜ਼ ਸਿਵਲ ਅਤੇ ਫੌਜੀ ਮੁੱਖੀਆਂ ਦਾ ਬੇਦਰਦੀ ਨਾਲ਼ ਸਫਾਇਆ ਕਰਨਾ ਹੈ। ਜਿਹੜੀ ਗੱਲ ਬੋਲਸ਼ਾਯਾ ਸਰਪੂਖੋਵਸਕਾਇਆ ਗਲੀ ਵਿੱਚ ਵਾਪਰੀ, ਲਗਭਗ ਉਸੇ ਵਰਗੀ ਹੀ ਨੈਸਵੀਜ਼ਸਕੀਏ ਬੈਰਕਾਂ ਅਤੇ ਕਰੂਟਿਟਸਕੀਏ ਬੈਰਕਾਂ ਸਾਹਮਣੇ ਅਤੇ ਉਦੋਂ ਵਾਪਰੀ ਜਦੋਂ ਵਰਕਰਾਂ ਨੇ ਐਕਾਤਰੀਨੋਸਲਾਵ ਰੈਜੀਮੈਂਟ ਨੂੰ "ਪਿੱਛੇ ਲਿਜਾਣ" ਦਾ ਯਤਨ ਕੀਤਾ ਅਤੇ ਜਦੋਂ ਅਲੈਗਜ਼ਾਂਦਰੋਵ ਵਿੱਚ ਸੈਪਰਾਂ ਪਾਸ ਡੈਲੀਗੇਟ ਭੇਜੇ ਗਏ ਅਤੇ ਜਦੋਂ ਮਾਸਕੋ ਵੱਲ ਜਾ ਰਿਹਾ ਰੋਸਤੋਵ ਤੋਪਖਾਨਾ ਪਿਛਾਂਹ ਮੋੜ ਦਿੱਤਾ ਗਿਆ ਸੀ ਅਤੇ ਜਦੋਂ ਕੋਲੋਮਨਾ ਵਿੱਚ ਸੈਪਰਾਂ ਤੋਂ ਹਥਿਆਰ ਖੋਹ ਲਏ ਗਏ ਸਨ ਅਤੇ ਇਸੇ ਤਰ੍ਹਾਂ ਹੋਰ ਘਟਨਾਵਾਂ। ਵਿਦਰੋਹ ਦੌਰਾਨ ਥਿੜਕ ਰਹੇ ਫੌਜੀਆਂ ਨੂੰ ਆਪਣੇ ਵੱਲ ਜਿੱਤਣ ਦੀ ਲੜਾਈ ਵਿੱਚ ਅਸੀਂ ਆਪਣੇ ਕੰਮ ਤੇ ਪੂਰੇ ਨਹੀਂ ਉੱਤਰ ਸਕੇ।

ਦਸੰਬਰ ਦੀਆਂ ਘਟਨਾਵਾਂ ਨੇ ਮਾਰਕਸ ਦੀ ਇੱਕ ਹੋਰ ਡੂੰਘੀ ਗੱਲ ਦੀ ਪੁਸ਼ਟੀ ਕਰ ਦਿੱਤੀ ਜਿਸ ਨੂੰ ਮੌਕਾਪ੍ਰਸਤ ਭੁੱਲ ਗਏ ਸਨ, ਕਿ ਵਿਦਰੋਹ ਇਕ ਕਲਾ ਹੈ ਅਤੇ ਇਸ ਕਲਾ ਦਾ ਮੁਢਲਾ ਨਿਯਮ ਸਿਰਲੱਥ ਤੌਰ 'ਤੇ ਬਹਾਦਰੀ ਨਾਲ਼ ਅਤੇ ਦ੍ਰਿੜ ਨਿਸ਼ਚੇ ਨਾਲ਼ **ਹਮਲਾ** ਕਰਨਾ ਹੈ। ਅਸੀਂ ਇਸ ਸੱਚ ਨੂੰ ਕਾਫੀ ਤੌਰ 'ਤੇ ਗ੍ਰਹਿਣ ਨਹੀਂ ਕਰ ਸਕੇ। ਅਸੀਂ ਨਾ ਤਾਂ ਆਪ ਹੀ ਇਹ ਕਲਾ, ਇਹ ਹਰ ਕੀਮਤ 'ਤੇ ਹਮਲੇ ਦਾ ਨਿਯਮ, ਸਿੱਖਿਆ ਅਤੇ ਨਾ ਹੀ ਜਨਤਾ ਨੂੰ ਸਿਖਾਇਆ। ਸਾਨੂੰ ਇਸ ਉਕਾਈ ਨੂੰ ਆਪਣੀ ਪੂਰੀ ਸ਼ਕਤੀ ਨਾਲ਼ ਪੂਰਿਆਂ ਕਰਨਾ ਚਾਹੀਦਾ

ਹੈ। ਰਾਜਸੀ ਨਾਅਰਿਆਂ ਦੇ ਸਵਾਲ ਤੇ ਪਾਸੇ ਮੱਲਣਾ ਹੀ ਕਾਫੀ ਨਹੀਂ ਹੈ; ਹਥਿਆਰਬੰਦ ਵਿਦਰੋਹ ਦੇ ਸਵਾਲ ਤੇ ਵੀ ਇੱਕ ਪਾਸੇ ਹੋਣਾ ਜ਼ਰੂਰੀ ਹੈ। ਜਿਹੜੇ ਇਸ ਦਾ ਵਿਰੋਧ ਕਰਦੇ ਹਨ, ਜਿਹੜੇ ਇਸ ਲਈ ਤਿਆਰੀ ਨਹੀਂ ਕਰਦੇ, ਉਹਨਾਂ ਨੂੰ ਬਿਨਾਂ ਕਿਸੇ ਨਰਮੀ ਦੇ ਇਨਕਲਾਬ ਦੇ ਹਮਾਇਤੀਆਂ ਦੀਆਂ ਸਫਾਂ ਵਿੱਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ, ਉਹਨਾਂ ਨੂੰ ਇਸ ਦੇ ਦੁਸ਼ਮਣਾਂ, ਗੱਦਾਰਾਂ ਜਾਂ ਭੀੜਾਂ ਪਾਸ ਭੇਜ ਦਿੱਤਾ ਜਾਣਾ ਚਾਹੀਦਾ ਹੈ: ਕਿਉਂਕਿ ਹੁਣ ਉਹ ਦਿਨ ਨੇੜੇ ਆ ਰਿਹਾ ਹੈ ਜਦੋਂ ਘਟਨਾਵਾਂ ਦਾ ਜ਼ੋਰ ਅਤੇ ਸੰਘਰਸ਼ ਦੀਆਂ ਹਾਲਤਾਂ ਸਾਨੂੰ ਇਸ ਅਸੂਲ ਦੇ ਅਧਾਰ 'ਤੇ ਦੁਸ਼ਮਣਾਂ ਅਤੇ ਦੋਸਤਾਂ ਵਿੱਚ ਨਿਖੇੜ ਕਰਨ ਲਈ ਮਜਬੂਰ ਕਰ ਦੇਣਗੀਆਂ। ਇਹ ਗੱਲ ਨਿਰਾਸ਼ਾਜਨਕ ਨਹੀਂ ਕਿ ਅਸੀਂ ਪ੍ਰਚਾਰ ਕਰੀਏ, ਨਾ ਕਿ ਸਿਰਫ਼ ਉਦੋਂ ਤੱਕ "ਉਡੀਕ" ਕਰੀਏ ਜਿੰਨਾ ਚਿਰ ਤੱਕ ਫੌਜੀ "ਆ ਨਹੀਂ ਜਾਂਦਾ" ਨਹੀਂ! ਸਾਨੂੰ ਦਲੇਰ ਚੜ੍ਹਾਈ ਅਤੇ ਹਥਿਆਰਬੰਦ ਹਮਲੇ ਦੀ ਲੋੜ ਦਾ, ਦੁਸ਼ਮਣਾਂ ਨਾਲ਼ ਰਲ਼ੇ ਹੋਏ ਕਮਾਂਡ ਵਿੱਚ ਬੈਠੇ ਵਿਅਕਤੀਆਂ ਨੂੰ ਉਸ ਸਮੇਂ ਕੱਢਣ ਦੀ ਜ਼ਰੂਰਤ ਦਾ ਅਤੇ ਡਾਵਾਂਡੋਲ ਫੌਜਾਂ ਨੂੰ ਆਪਣੇ ਵੱਲ ਜਿੱਤਣ ਲਈ ਬੇਹੱਦ ਜੋਸ਼ਪੂਰਨ ਲੜਾਈ ਲਈ, ਕੋਠੇ ਚੜ੍ਹ ਕੇ ਐਲਾਨ ਕਰਨਾ ਚਾਹੀਦਾ ਹੈ।

ਮਾਸਕੋ ਵੱਲੋਂ ਸਿਖਾਇਆ ਗਿਆ ਤੀਜਾ ਮਹਾਨ ਸਬਕ ਵਿਦਰੋਹ ਲਈ ਦਾਅਪੇਚਾਂ ਅਤੇ ਤਾਕਤਾਂ ਦੀ ਜਥੇਬੰਦੀ ਨਾਲ ਸਬੰਧ ਰੱਖਦਾ ਹੈ। ਫੌਜੀ ਦਾਅਪੇਚ, ਫੌਜੀ ਤਕਨੀਕ ਦੇ ਪੱਧਰ 'ਤੇ ਨਿਰਭਰ ਕਰਦੇ ਹਨ। ਏਂਗਲਜ਼ ਨੇ ਇਸ ਸਾਦੇ ਸੱਚ ਬਾਰੇ ਦੱਸਿਆ ਅਤੇ ਸਾਰੇ ਮਾਰਕਸਵਾਦੀਆਂ ਨੂੰ ਸਮਝਾਇਆ। ਅੱਜ ਫੌਜੀ ਤਕਨੀਕ ਉੱਨੀਵੀਂ ਸਦੀ ਦੇ ਅੱਧ ਵਾਲੀ ਤਕਨੀਕ ਨਹੀਂ ਰਹੀ। ਤੋਪਖਾਨੇ ਨੂੰ ਭੀੜਾਂ ਨਾਲ਼ ਘੇਰਨਾ ਅਤੇ ਰੁਕਾਵਟਾਂ ਦੀ ਰਾਖੀ ਰਿਵਾਲਵਰਾਂ ਨਾਲ ਕਰਨਾ ਬੇਵਕੂਫੀ ਹੋਵੇਗੀ। ਕਾਉਤਸਕੀ ਬਿਲਕੁਲ ਠੀਕ ਸੀ ਜਦੋਂ ਉਸ ਲਿਖਿਆ ਕਿ ਹੁਣ ਮਾਸਕੋ ਤੋਂ ਬਾਅਦ ਸਮਾਂ ਹੈ ਕਿ ਏਂਗਲਜ਼ ਦੇ ਕੱਢੇ ਸਿੱਟਿਆਂ[1] ਦਾ ਜਾਇਜ਼ਾ ਲਿਆ ਜਾਵੇ ਅਤੇ ਕਿ ਮਾਸਕੋ ਨੇ "**ਨਵੇਂ ਰੁਕਾਵਟੀ ਦਾਅਪੇਚਾਂ**" ਦੀ ਸ਼ੁਰੂਆਤ ਕਰ ਦਿੱਤੀ ਹੈ। ਇਹ ਦਾਅਪੇਚ ਗੁਰੀਲਾ ਜੰਗ ਦੇ ਦਾਅਪੇਚ ਹਨ। ਅਜਿਹੇ ਦਾਅਪੇਚਾਂ ਲਈ ਲੋੜੀਂਦੀ ਜਥੇਬੰਦੀ ਗਤੀਸ਼ੀਲ ਅਤੇ ਵੱਧ ਤੋਂ ਵੱਧ ਛੋਟੀਆਂ ਇਕਾਈਆਂ ਵਾਲ਼ੀ ਹੋਣੀ ਚਾਹੀਦੀ ਹੈ, ਦਸਾਂ, ਤਿੰਨਾਂ ਜਾਂ ਇੱਥੋਂ ਤੱਕ ਕਿ ਦੋ ਮੈਂਬਰਾਂ ਵਾਲ਼ੀਆਂ ਛੋਟੀਆਂ ਇਕਾਈਆਂ ਵਾਲ਼ੀ। ਸਾਨੂੰ ਅਕਸਰ ਅਜਿਹੇ ਸੋਸ਼ਲ-ਡੈਮੋਟਰੈਟ ਮਿਲਦੇ ਹਨ, ਜਿਹੜੇ ਜਦੋਂ ਵੀ ਪੰਜਾਂ ਜਾਂ ਤਿੰਨਾਂ ਦੀਆਂ ਇਕਾਈਆਂ ਦਾ ਜ਼ਿਕਰ ਕੀਤਾ ਜਾਂਦਾ ਹੈ, ਤਾਂ ਗੱਲ ਨੂੰ ਮਜ਼ਾਕ ਵਿੱਚ ਉਡਾ ਦਿੰਦੇ ਹਨ। ਪਰ ਆਧੁਨਿਕ

---

1. ਲੈਨਿਨ, ਫ਼ਰੈਡਰਿਕ ਏਂਗਲਜ਼ ਵੱਲੋਂ ਕਾਰਲ ਮਾਰਕਸ ਦੇ **ਫ਼ਰਾਂਸ ਵਿੱਚ ਜਮਾਤੀ ਘੋਲ਼ 1848 ਤੋਂ 1850** ਦੇ ਮੁੱਖਬੰਦ ਦਾ ਹਵਾਲਾ ਦਿੰਦੇ ਹਨ। ਜਦੋਂ 1895 ਵਿੱਚ ਇਹ ਛਾਪਣ ਤਿਆਰ ਕੀਤੀ ਜਾ ਰਹੀ ਸੀ, ਜਰਮਨ ਸੋਸ਼ਲ-ਡੈਮੋਕਰੈਟਾਂ ਨੇ ਇਸ ਦੇ ਗਲਤ ਅਰਥ ਕੱਢੇ ਅਤੇ ਫੇਰ ਇਸ ਨੂੰ ਹਥਿਆਰਬੰਦ ਵਿਦਰੋਹ ਅਤੇ ਬੈਰੀਕੇਡਾਂ ਤੇ ਲੜਾਈ ਦਾ ਤਿਆਗ ਕਰਨਾ ਦੱਸਿਆ। ਏਂਗਲਜ਼ ਦੀ ਹੱਥ-ਲਿਖਤ ਦੇ ਮੁਤਾਬਕ ਮੁਖਬੰਧ ਦਾ ਪੂਰਾ ਪਾਠ, ਪਹਿਲਾਂ ਸੋਵੀਅਤ ਯੂਨੀਅਨ ਵਿੱਚ ਛਪਿਆ ਗਿਆ (ਦੇਖੋ ਮਾਰਕਸ ਅਤੇ ਏਂਗਲਜ਼, **ਚੋਣਵੀਆਂ ਲਿਖਤਾਂ**, ਜਿਲਦ 1, ਮਾਸਕੋ 1962, ਸਫੇ 118-38)

ਫੌਜੀ ਤਕਨੀਕ ਵੱਲੋਂ ਠੋਸੀਆਂ ਗਈਆਂ ਸਥਿਤੀਆਂ ਤਹਿਤ ਗਲੀਆਂ ਵਿੱਚ ਹੋਈ ਲੜਾਈ ਤੋਂ ਪੈਦਾ ਹੋਏ ਦਾਅਪੇਚਾਂ ਅਤੇ ਜਥੇਬੰਦੀ ਦੇ **ਨਵੇਂ** ਸਵਾਲਾਂ ਨੂੰ ਮਜ਼ਾਕ ਉਡਾ ਕੇ ਨਜ਼ਰ ਅੰਦਾਜ਼ ਕਰਨਾ ਬਹੁਤ ਸਸਤਾ ਢੰਗ ਹੈ। ਭੱਦਰ-ਪੁਰਸ਼ੋ, ਮਾਸਕੋ ਵਿਦਰੋਹ ਦੀ ਕਹਾਣੀ ਦਾ ਇਹਤਿਹਾਤ ਨਾਲ਼ ਅਧਿਐਨ ਕਰੋ ਤਾਂ ਤੁਸੀਂ "ਪੰਜਾਂ ਦੀਆਂ ਇਕਾਈਆਂ" ਅਤੇ "ਰੁਕਾਵਟਾਂ ਦੇ ਨਵੇਂ ਦਾਅਪੇਚਾਂ" ਦੇ ਸਵਾਲ ਵਿਚਲੇ ਸਬੰਧ ਨੂੰ ਸਮਝ ਜਾਵੋਗੇ।

ਮਾਸਕੋ ਨੇ ਇਹਨਾਂ ਦਾਅਪੇਚਾਂ ਨੂੰ ਸ਼ੁਰੂ ਕੀਤਾ, ਪਰ ਇਹਨਾਂ ਨੂੰ ਬਹੁਤ ਜ਼ਿਆਦਾ ਵਿਕਸਤ ਕਰਨ ਵਿੱਚ ਅਤੇ ਇਹਨਾਂ ਨੂੰ ਕਾਫੀ ਹੱਦ ਤੱਕ, ਹਕੀਕੀ ਤੌਰ 'ਤੇ ਜਨਤਕ ਪੱਧਰ ਤੱਕ ਲਾਗੂ ਕਰਨ ਵਿੱਚ ਸਫਲਤਾ ਨਹੀਂ ਮਿਲ ਸਕੀ। ਵਾਲੰਟੀਅਰ ਲੜਾਕੇ ਦਸਤੇ ਬਹੁਤ ਘੱਟ ਸਨ, ਦਲੇਰਾਨਾ ਹਮਲੇ ਵਾਲ਼ੇ ਨਾਅਰੇ ਵਰਕਰਾਂ ਦੇ ਸਮੂਹਾਂ ਨੂੰ ਜਾਰੀ ਨਹੀਂ ਕੀਤੇ ਗਏ ਸਨ ਅਤੇ ਉਹਨਾਂ ਇਨ੍ਹਾਂ ਦੀ ਵਰਤੋਂ ਨਹੀਂ ਕੀਤੀ; ਗੁਰੀਲਾ ਜੱਥੇ ਖਾਸੇ ਵਿੱਚ ਬਹੁਤ ਅਸਿੱਖਿਅਤ ਸਨ, ਉਹਨਾਂ ਦੇ ਹਥਿਆਰ ਤੇ ਢੰਗ ਤਰੀਕੇ ਨਾਕਾਫੀ ਸਨ ਅਤੇ ਭੀੜਾਂ ਦੀ ਅਗਵਾਈ ਕਰਨ ਦੀ ਉਹਨਾਂ ਦੀ ਸਮਰੱਥਾ ਲਗਭਗ ਅਵਿਕਸਿਤ ਸੀ। ਸਾਨੂੰ ਇਹ ਸਾਰੀਆਂ ਕਮੀਆਂ ਦੂਰ ਕਰਨੀਆਂ ਚਾਹੀਦੀਆਂ ਹਨ ਅਤੇ ਅਸੀਂ ਇਹ ਕਮੀਆਂ ਮਾਸਕੋ ਦੇ ਤਜ਼ਰਬੇ ਤੋਂ ਸਿੱਖ ਕੇ, ਇਸ ਤਜ਼ਰਬੇ ਨੂੰ ਜਨਤਾ ਵਿੱਚ ਪ੍ਰਚਾਰ ਕੇ ਅਤੇ ਇਸ ਨੂੰ ਹੋਰ ਵਿਕਸਤ ਕਰਨ ਲਈ ਜਨਤਾ ਦੇ ਉਸਾਰੂ ਯਤਨਾਂ ਨੂੰ ਤੇਜ਼ ਕਰਕੇ ਪੂਰੀਆਂ ਕਰ ਸਕਦੇ ਹਾਂ ਅਤੇ ਗੁਰੀਲਾ ਜੰਗ ਅਤੇ ਜਨਤਕ ਪੱਧਰ 'ਤੇ ਦਹਿਸ਼ਤ, ਜਿਹੜੀਆਂ ਕਿ ਦਸੰਬਰ ਵਿਦਰੋਹ ਦੇ ਸ਼ੁਰੂ ਹੋਣ ਦੇ ਸਮੇਂ ਹੀ ਅਮਲੀ ਤੌਰ 'ਤੇ ਸਮੁੱਚੇ ਰੂਪ ਵਿੱਚ ਚੱਲ ਰਹੀਆਂ ਸਨ, ਬਿਨਾਂ ਸ਼ੱਕ ਜਨਤਾ ਦੀ, ਵਿਦਰੋਹ ਦੇ ਸਹੀ ਦਾਅਪੇਚ ਸਿੱਖਣ ਵਿੱਚ ਮਦਦ ਕਰਨੀਆਂ। ਸੋਸ਼ਲ ਡੈਮੋਕਰੇਸੀ ਨੂੰ ਇਸ ਜਨਤਕ ਦਹਿਸ਼ਤ ਨੂੰ ਮਾਨਤਾ ਦੇਣੀ ਚਾਹੀਦੀ ਹੈ ਅਤੇ ਇਸ ਨੂੰ ਜਥੇਬੰਦ ਅਤੇ ਕੰਟਰੋਲ ਕਰਕੇ, ਇਸ ਨੂੰ ਆਪਣੇ ਦਾਅਪੇਚਾਂ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ, ਪਰ ਇਸ ਨੂੰ ਮਜ਼ਦੂਰ ਜਮਾਤ ਦੀ ਲਹਿਰ ਅਤੇ ਆਮ ਇਨਕਲਾਬੀ ਸੰਘਰਸ਼ ਤੋਂ ਹੇਠ ਰੱਖਦੇ ਹੋਏ ਅਤੇ ਗੁਰੀਲਾ ਜੰਗ ਦੀ "ਸ਼ਰਾਰਤੀਆਂ" ਵੱਲੋਂ ਦੁਰਵਰਤੋਂ ਨੂੰ ਖਤਮ ਕਰਕੇ ਅਤੇ ਬਿਨਾਂ ਕਿਸੇ ਨਰਮੀ ਦੇ ਰੱਦ ਕਰਦੇ ਹੋਏ, ਜਿਸ ਨਾਲ਼ ਕਿ ਸਾਡੇ ਮਾਸਕੋ ਕਾਮਰੇਡਾਂ ਨੇ ਏਨੀ ਚੰਗੀ ਤਰ੍ਹਾਂ ਅਤੇ ਏਨੀ ਸਖਤੀ ਨਾਲ਼ ਵਿਦਰੋਹ ਦੇ ਦੌਰਾਨ ਅਤੇ ਮਜ਼ਦੂਰ ਲੈਟਿਸ਼ ਰਿਪਬਲਿਕਸ[1] ਦੇ ਦਿਨਾਂ ਵਿੱਚ ਲੈਟਾਂ ਨੇ ਨਜਿੱਠਿਆ ਸੀ।

ਬਿਲਕੁਲ ਤਾਜ਼ਾ ਸਮੇਂ ਦੌਰਾਨ ਫੌਜੀ ਤਕਨੀਕ ਵਿੱਚ ਬਹੁਤ ਜ਼ਿਆਦਾ ਪ੍ਰਗਤੀ ਕੀਤੀ ਗਈ ਹੈ। ਜਪਾਨੀ ਜੰਗ ਨੇ ਹੈਂਡ ਗਰਨੇਡ ਪੈਦਾ ਕੀਤਾ। ਛੋਟੀਆਂ ਹਥਿਆਰ ਫੈਕਟਰੀਆਂ ਨੇ ਸਵੈਚਾਲਿਤ ਰਫਲਾਂ ਮੰਡੀ ਵਿੱਚ ਲਿਆਂਦੀਆਂ ਹਨ। ਇਹ ਦੋਵੇਂ ਹਥਿਆਰ ਸਫਲਤਾ ਨਾਲ਼ ਰੂਸੀ ਇਨਕਲਾਬ ਵਿੱਚ ਵਰਤੇ ਜਾ ਰਹੇ ਹਨ, ਪਰ ਜਿਸ ਹੱਦ ਤੱਕ ਇਹ ਵਰਤੇ ਜਾ ਰਹੇ

---

1. ਦਸੰਬਰ 1905 ਵਿੱਚ, ਕੁਝ ਲੈਟਿਸ਼ ਕਸਬਿਆਂ ਉੱਤੇ ਵਿਦਰੋਹੀ ਮਜ਼ਦੂਰਾਂ, ਖੇਤ ਸਹਾਇਕਾਂ ਅਤੇ ਕਿਸਾਨਾਂ ਦੀਆਂ ਹਥਿਆਰਬੰਦ ਟੁਕੜੀਆਂ ਵੱਲੋਂ ਕਬਜ਼ਾ ਕਰ ਲਿਆ ਗਿਆ ਅਤੇ ਸਿੱਟਾ ਜ਼ਾਰ ਦੀਆਂ ਫੌਜਾਂ ਵਿਰੁੱਧ ਗੁਰੀਲਾ ਜੰਗ ਵਿੱਚ ਨਿਕਲਿਆ। ਇਸ ਨੂੰ ਜਨਵਰੀ 1906 ਵਿੱਚ ਜ਼ਾਰ ਦੀ ਮੁਹਿੰਮ ਰਾਹੀਂ ਦਬਾ ਦਿੱਤਾ ਗਿਆ।

ਹਨ, ਉਹ ਬੇਹੱਦ ਨਾਕਾਫੀ ਹੈ। ਅਸੀਂ ਤਕਨੀਕ ਵਿੱਚ ਪ੍ਰਗਤੀ ਦਾ ਲਾਭ ਲੈ ਸਕਦੇ ਹਾਂ ਤੇ ਲੈਣਾ ਚਾਹੀਦਾ ਹੈ। ਮਜ਼ਦੂਰਾਂ ਦੇ ਦਸਤਿਆਂ ਨੂੰ ਵੱਡੀ ਮਾਤਰਾ ਵਿੱਚ ਬੰਬ ਬਨਾਉਣਾ ਸਿਖਾਉਣਾ ਚਾਹੀਦਾ ਹੈ, ਉਹਨਾਂ ਨੂੰ ਅਤੇ ਸਾਡੇ ਲੜਾਕੇ ਦਸਤਿਆਂ ਨੂੰ ਧਮਾਕਾ ਖੇਜ਼ ਪਦਾਰਥਾਂ, ਫਿਊਜ਼ਾਂ ਅਤੇ ਸਵੈਚਾਲਤ ਰਫਲਾਂ ਦੀ ਸਪਲਾਈ ਪ੍ਰਾਪਤ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ। ਜੇਕਰ ਸ਼ਹਿਰਾਂ ਵਿੱਚ ਬਹੁਗਿਣਤੀ ਕਾਮੇ ਵਿਦਰੋਹ ਵਿੱਚ ਭਾਗ ਲੈਣ, ਜੇਕਰ ਦੁਸ਼ਮਣ ਉੱਤੇ ਭਾਰੀ ਗਿਣਤੀ ਨਾਲ਼ ਕੀਤੇ ਹਮਲੇ ਜਾਂਦੇ ਹਨ, ਜੇਕਰ ਫੌਜਾਂ ਨੂੰ ਆਪਣੇ ਵੱਲ ਕਰਨ ਲਈ ਦ੍ਰਿੜ ਅਤੇ ਪੁਰਮੁਹਾਰਤ ਲੜਾਈ ਲੜੀ ਜਾਂਦੀ ਹੈ, ਫੌਜਾਂ, ਜਿਹੜੀਆਂ ਡੂਮਾ ਦੇ ਮਗਰੋਂ, ਸਵੀਬੋਰਗ ਅਤੇ ਕਰੋਨਸਤਾਦਤ[1] ਦੇ ਮਗਰੋਂ ਪਹਿਲਾਂ ਦੇ ਕਿਸੇ ਵੀ ਸਮੇਂ ਨਾਲ਼ੋਂ ਵੱਧ ਜੱਕੋ ਤੱਕੋ ਵਿੱਚ ਹਨ ਅਤੇ ਜੇਕਰ ਅਸੀਂ ਆਮ ਸੰਘਰਸ਼ ਵਿੱਚ ਪੇਂਡੂ ਇਲਾਕਿਆਂ ਦੀ ਸ਼ਮੂਲੀਅਤ ਦੀ ਜ਼ਾਮਨੀ ਕਰ ਲਈਏ, ਤਾਂ ਅਗਲੇ ਕੁੱਲ–ਰੂਸੀ ਹਥਿਆਰਬੰਦ ਵਿਦਰੋਹ ਵਿੱਚ ਜਿੱਤ ਸਾਡੀ ਹੋਵੇਗੀ।

ਫੇਰ ਆਓ, ਆਪਾਂ ਆਪਣੇ ਕੰਮ ਨੂੰ ਵੱਧ ਤੇਜ਼ੀ ਨਾਲ਼ ਵਿਕਸਤ ਕਰੀਏ ਅਤੇ ਆਪਣੇ ਟੀਚੇ ਹੋਰ ਦਲੇਰੀ ਨਾਲ਼ ਮਿੱਥੀਏ ਅਤੇ ਨਾਲ਼ ਦੇ ਨਾਲ਼ ਰੂਸੀ ਇਨਕਲਾਬ ਦੇ ਮਹਾਨ ਦਿਨਾਂ ਦੇ ਸਬਕਾਂ ਉੱਤੇ ਵੀ ਚੰਗੀ ਤਰ੍ਹਾਂ ਮੁਹਾਰਤ ਕਰ ਲਈਏ। ਸਾਡੇ ਕੰਮ ਦਾ ਅਧਾਰ ਜਮਾਤੀ ਹਿੱਤਾਂ ਅਤੇ ਮੌਜੂਦਾਂ ਮਰਹਲੇ ਉੱਤੇ ਦੇਸ਼ ਦੇ ਵਿਕਾਸ ਦੀਆਂ ਲੋੜਾਂ ਬਾਰੇ ਸਹੀ ਅੰਦਾਜ਼ਾ ਹੈ। ਅਸੀਂ ਜ਼ਾਰਵਾਦੀ ਨਿਜ਼ਾਮ ਨੂੰ ਲਾਹ ਦੇਣ ਅਤੇ ਇਨਕਲਾਬੀ ਸਰਕਾਰ ਵੱਲੋਂ ਸੰਵਿਧਾਨਕ ਅਸੰਬਲੀ ਸੱਦਣ ਦੇ ਨਾਅਰੇ ਹੇਠ ਦਿਨੋਂ ਦਿਨ ਪ੍ਰੋਲੇਤਾਰੀ, ਕਿਸਾਨੀ ਅਤੇ ਫੌਜ ਦੇ ਵੱਧ ਤੋਂ ਵੱਧ ਹਿੱਸੇ ਨੂੰ ਲਾਮਬੰਦ ਕਰ ਰਹੇ ਹਾਂ ਅਤੇ ਕਰਦੇ ਰਹਾਂਗੇ। ਇਸੇ ਤਰ੍ਹਾਂ ਸਾਡੇ ਕੰਮ ਦਾ ਅਧਾਰ ਅਤੇ ਮੁੱਖ ਮੁੱਦਾ ਜਨਤਾ ਵਿੱਚ ਰਾਜਸੀ ਸੂਝ ਬੂਝ ਦਾ ਵਿਕਾਸ ਕਰਨਾ ਹੈ। ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਸ ਆਮ, ਨਿਰੰਤਰ ਅਤੇ ਮੁਢਲੇ ਕੰਮ ਤੋਂ ਬਿਨਾਂ, ਰੂਸ ਵਿੱਚ ਮੌਜੂਦਾ ਹਾਲਾਤ ਵਰਗੇ ਸਮੇਂ ਹੋਰ ਵਿਸ਼ੇਸ਼ ਅਤੇ ਨਿਵੇਕਲੇ ਕੰਮ ਵੀ ਲੱਦ ਦਿੰਦੇ ਹਨ। ਅਸੀਂ ਕਿਤਾਬੀ ਗਿਆਨੀ ਅਤੇ ਗਰੁੜਗਿਆਨੀ ਨਾ ਬਣੀਏ; ਆਓ, ਆਪਾਂ ਇਸ ਪਲ ਦੇ ਵਿਸ਼ੇਸ਼ ਕੰਮਾਂ, ਸੰਘਰਸ਼ ਦੇ ਦਿੱਤੇ ਗਏ ਢੰਗ ਦੇ ਇਹਨਾਂ ਵਿਸ਼ੇਸ਼ ਕੰਮਾਂ ਤੋਂ, ਸਾਡੇ ਸਥਾਈ ਫ਼ਰਜ਼ਾਂ ਦੇ ਬੇਅਰਥ ਜ਼ਿਕਰਾਂ ਰਾਹੀਂ, ਜਿਹੜੇ ਸਥਾਈ ਫ਼ਰਜ਼ ਕਿ ਹਮੇਸ਼ਾ ਅਤੇ ਹਰ ਹਾਲਾਤ ਵਿੱਚ ਇਹੋ ਰਹਿਣਗੇ, ਬਚਣ ਦੀ ਕੋਸ਼ਿਸ਼ ਨਾ ਕਰੀਏ।

ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਅੱਗੋਂ ਇੱਕ ਮਹਾਨ ਜਨਤਕ ਸੰਘਰਸ਼ ਹੋਣ ਵਾਲ਼ਾ ਹੈ। ਇਹ ਇੱਕ ਹਥਿਆਰਬੰਦ ਵਿਦਰੋਹ ਹੋਵੇਗਾ। ਜਿੱਥੋਂ ਤੱਕ ਵੀ ਸੰਭਵ ਹੋ ਸਕੇ, ਇਹ ਵਿਦਰੋਹ ਹਰ ਥਾਂ ਇੱਕੋ ਸਮੇਂ ਹੋਣਾ ਚਾਹੀਦਾ ਹੈ। ਲੋਕਾਂ ਨੂੰ ਲਾਜ਼ਮੀ ਤੌਰ ’ਤੇ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਇੱਕ ਹਥਿਆਰਬੰਦ ਖ਼ੂਨੀ ਅਤੇ ਖਤਰਨਾਕ ਘੋਲ਼ ਵਿੱਚ ਦਾਖਲ

---

1. ਹਵਾਲਾ ਜੁਲਾਈ 1906 ਦੇ ਸਵੀਬੋਰਗ ਅਤੇ ਕਰੋਨਸਤਾਦਤ ਕਿਲ੍ਹਿਆਂ ਵਿੱਚ ਵਿਦਰੋਹਾਂ ਦਾ ਹੈ।

ਹੋ ਰਹੇ ਹਨ। ਉਹਨਾਂ ਵਿੱਚ ਮੌਤ ਨੂੰ ਵਰਣ ਦੀ ਭਾਵਨਾ ਪੈਦਾ ਹੋਣੀ ਚਾਹੀਦੀ ਹੈ, ਜਿਹੜੀ ਜਿੱਤ ਦੀ ਜ਼ਾਮਨੀ ਕਰੇਗੀ। ਦੁਸ਼ਮਣ ਉੱਤੇ ਹਮਲਾ ਸਿਖਰੀ ਜੋਸ਼ ਨਾਲ ਹੋਣਾ ਚਾਹੀਦਾ ਹੈ; ਹਮਲਾ ਹੋਵੇ, ਸੁਰੱਖਿਆ ਨਹੀਂ, ਜਨਤਾ ਦਾ ਇਹ ਨਾਅਰਾ ਹੋਣਾ ਚਾਹੀਦਾ ਹੈ; ਦੁਸ਼ਮਣ ਦਾ ਬੇਕਿਰਕ ਸਫਾਇਆ ਉਹਨਾਂ ਦਾ ਕੰਮ ਹੋਵੇਗਾ, ਘੋਲ਼ ਦੀ ਜਥੇਬੰਦੀ ਸਰਗਰਮ ਅਤੇ ਲਚਕਦਾਰ ਹੋ ਜਾਵੇਗੀ, ਫੌਜਾਂ ਵਿਚਲੇ ਥਿੜਕਵੇਂ ਅਨਸਰਾਂ ਨੂੰ ਸਰਗਰਮੀ ਨਾਲ਼ ਸ਼ਾਮਲ ਕੀਤਾ ਜਾਵੇਗਾ ਅਤੇ ਇਸ ਭਾਰੀ ਸੰਘਰਸ਼ ਵਿੱਚ, ਜਮਾਤੀ ਤੌਰ ’ਤੇ ਸੁਚੇਤ ਪ੍ਰੋਲੇਤਾਰੀ ਦੀ ਪਾਰਟੀ ਨੂੰ ਆਪਣਾ ਫ਼ਰਜ਼ ਪੂਰੇ ਤੌਰ ’ਤੇ ਨਿਭਾਉਣਾ ਪਵੇਗਾ।

**ਪਰੋਲਤਾਰੀ ਨੰ.** 2,
29 ਅਗਸਤ, 1906.

**ਸਮੁੱਚੀਆਂ ਲਿਖਤਾਂ,**
ਜਿਲਦ II, ਸਫੇ 171–81.

# ਡੂਮਾ ਚੋਣਾਂ ਪ੍ਰਤੀ ਬੁਰਜੂਆ ਪਾਰਟੀਆਂ ਅਤੇ ਮਜ਼ਦੂਰਾਂ ਦੀ ਪਾਰਟੀ ਦਾ ਵਤੀਰਾ

ਅਖ਼ਬਾਰਾਂ ਚੋਣਾਂ ਲਈ ਤਿਆਰੀਆਂ ਦੀਆਂ ਖਬਰਾਂ ਨਾਲ਼ ਭਰੀਆਂ ਪਈਆਂ ਹਨ।[1] ਲਗਭਗ ਹਰ ਰੋਜ਼ ਹੀ ਸਾਨੂੰ ਜਾਂ ਤਾਂ ਸਰਕਾਰ ਵੱਲੋਂ ਨਾ-ਭਰੋਸੇਯੋਗ ਸ਼ਹਿਰੀਆਂ ਦੀ ਇੱਕ ਹੋਰ ਕੈਟੇਗਰੀ ਨੂੰ ਵੋਟਰਾਂ ਦੀ ਲਿਸਟ ਵਿੱਚੋਂ ਕੱਢਣ ਦੀ "ਵਿਆਖਿਆ" ਜਾਂ ਨਵੀਂਆਂ ਸਜ਼ਾਵਾਂ, ਮੀਟਿੰਗਾਂ 'ਤੇ ਪਾਬੰਦੀਆਂ, ਅਖ਼ਬਾਰਾਂ ਦੇ ਦਮਨ ਅਤੇ ਸ਼ੱਕੀ ਚੋਣਕਾਰਾਂ ਅਤੇ ਉਮੀਦਵਾਰਾਂ ਦੀਆਂ ਗ੍ਰਿਫਤਾਰੀਆਂ ਬਾਰੇ ਸੂਚਤ ਕੀਤਾ ਜਾਂਦਾ ਹੈ। **ਬਲੈਕ ਹੰਡਰਡਾਂ**[2] ਨੇ ਫਿਰ ਸਿਰ ਚੁੱਕ ਲਿਆ ਹੈ ਅਤੇ ਪਹਿਲਾਂ ਦੇ ਕਿਸੇ ਵੀ ਸਮੇਂ ਨਾਲ਼ੋਂ ਵੱਧ ਬੇਇੱਜ਼ਤ ਕਰਨ ਵਾਲ਼ੇ ਢੰਗ ਨਾਲ਼ ਚੀਕਾਂ ਮਾਰਦੇ ਅਤੇ ਰੌਲ਼ਾ ਪਾਉਂਦੇ ਹਨ (ਹੂਟਿੰਗ ਕਰਦੇ ਹਨ)।

ਜਿਹੜੀਆਂ ਪਾਰਟੀਆਂ ਉੱਤੇ ਸਰਕਾਰ ਨੂੰ ਇਤਰਾਜ਼ ਹੈ, ਉਹ ਵੀ ਚੋਣਾਂ ਲਈ ਤਿਆਰੀਆਂ ਕਰ ਰਹੀਆਂ ਹਨ। ਇਹਨਾਂ ਪਾਰਟੀਆਂ ਨੂੰ ਭਰੋਸਾ ਹੈ ਅਤੇ ਹੱਕੀ ਭਰੋਸਾ ਹੈ ਕਿ ਵੋਟਰਾਂ ਦੀ **ਬਹੁ ਗਿਣਤੀ** ਦੀ ਸੁਣੀ ਜਾਵੇਗੀ ਅਤੇ ਵੋਟਰਾਂ ਦੇ ਖਿਲਾਫ ਸੇਧਤ ਕੀਤੀਆਂ

---

1. ਹਵਾਲਾ ਸਟੇਟ ਡੂਮਾ ਦੀਆਂ ਚੋਣਾਂ ਦਾ ਹੈ।

**ਸਟੇਟ ਡੂਮਾ** - ਜ਼ਾਰਸ਼ਾਹੀ ਸਰਕਾਰ ਦੀ ਪ੍ਰਤੀਨਿਧ ਅਸੰਬਲੀ, ਜਿਹੜੀ ਕਿ ਇਨਕਲਾਬ ਦੇ ਸਿੱਟੇ ਵਜੋਂ ਬੁਲਾਉਣੀ ਪਈ, ਨਾ-ਮਾਤਰ ਦੀ ਇੱਕ ਵਿਧਾਨਕ ਸੰਸਥਾ, ਪਰ ਕਿਸੇ ਅਸਰਪਾਊ ਤਾਕਤ ਤੋਂ ਰਹਿਤ। ਡੂਮਾ ਲਈ ਚੋਣਾਂ ਨਾ ਸਿੱਧੀਆਂ ਤੇ ਬਰਾਬਰ ਸਨ ਅਤੇ ਨਾ ਹੀ ਸਰਬ ਵੋਟ ਅਧਿਕਾਰ ਵਾਲ਼ੀਆਂ। ਮਿਹਨਤਕਸ਼ ਜਨਤਾ ਦੇ ਚੋਣ ਕਰਨ ਦੇ ਹੱਕ, ਜਿਵੇਂ ਕਿ ਦੇਸ਼ ਵਿੱਚ ਰਹਿੰਦੀਆਂ ਗੈਰ-ਰੂਸੀ ਕੌਮੀਅਤਾਂ ਉੱਤੇ ਪਾਬੰਦੀ ਲਾ ਦਿੱਤੀ ਗਈ। ਬਹੁਤ ਸਾਰੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਵੋਟ ਦੇਣ ਦਾ ਬਿਲਕੁਲ ਹੀ ਹੱਕ ਨਹੀਂ ਸੀ। ਦਸੰਬਰ 11 (24), 1905 ਦੇ ਚੋਣਕਾਰ ਕਾਨੂੰਨ ਮੁਤਾਬਕ, ਇੱਕ ਜਾਗੀਰਦਾਰ ਦੀ ਵੋਟ, ਤਿੰਨ ਬੁਰਜੂਆਜ਼ੀ ਵੋਟਾਂ, 15 ਕਿਸਾਨੀ ਵੋਟਾਂ ਅਤੇ 45 ਮਜ਼ਦੂਰ ਦੀਆਂ ਵੋਟਾਂ ਦੇ ਬਰਾਬਰ ਸੀ।

ਪਹਿਲੀ ਡੂਮਾ (ਅਪਰੈਲ ਜੁਲਾਈ 1906) ਅਤੇ ਦੂਜੀ ਡੂਮਾ (ਫਰਵਰੀ-ਜੂਨ 1907) ਜ਼ਾਰਸ਼ਾਹੀ ਸਰਕਾਰ ਵੱਲੋਂ ਭੰਗ ਕਰ ਦਿੱਤੀ ਗਈ। ਤਿੰਨ ਜੂਨ 1907 ਦੇ ਰਾਜਪਲਟੇ ਮਗਰੋਂ ਸਰਕਾਰ ਨੇ ਇੱਕ ਨਵਾਂ ਚੋਣ ਕਾਨੂੰਨ ਪਾਸ ਕਰ ਦਿੱਤਾ ਜਿਸ ਨੇ ਮਜ਼ਦੂਰਾਂ, ਕਿਸਾਨਾਂ ਅਤੇ ਸ਼ਹਿਰੀ ਨਿੱਕ-ਬੁਰਜੂਆਜ਼ੀ ਦੇ ਚੋਣ ਹੱਕਾਂ ਨੂੰ ਹੋਰ ਸੀਮਤ ਕਰ ਦਿੱਤਾ ਅਤੇ ਸਰਫਾਂ ਅਤੇ ਵੱਡੇ ਸਰਮਾਏਦਾਰਾਂ ਦੇ ਪਿਛਾਖੜੀ ਧੜੇ ਨੂੰ ਤੀਜੀ (1907-12) ਅਤੇ ਚੌਥੀ (1912-17) ਡੂਮਾ ਵਿੱਚ ਪੂਰਾ ਅਧਿਕਾਰ ਦੇ ਦਿੱਤਾ।

2. **ਬਲੈਕ ਹੰਡਰਡ** – ਜ਼ਾਰਸ਼ਾਹੀ ਪੁਲਿਸ ਵੱਲੋਂ ਇਨਕਲਾਬੀ ਲਹਿਰ ਨਾਲ਼ ਲੜਣ ਲਈ ਜਥੇਬੰਦ ਕੀਤੇ ਸ਼ਾਹੀਵਾਦੀ ਗਰੋਹ। ਉਹਨਾਂ ਇਨਕਲਾਬੀਆਂ ਦਾ ਕਤਲੇਆਮ ਕੀਤਾ, ਅਗਾਂਹਵਧੂ ਬੁੱਧੀਜੀਵੀਆਂ ਉੱਤੇ ਹਮਲੇ ਕੀਤੇ ਅਤੇ ਯਹੂਦੀਆਂ ਦੀ ਨਸਲਕੁਸ਼ੀ ਜਥੇਬੰਦ ਢੰਗ ਨਾਲ ਕੀਤੀ।

ਜਾਂਦੀਆਂ ਸਭ ਚਾਲਾਂ, ਚੋਭਾਂ ਅਤੇ ਰੁਕਾਵਟਾਂ ਦੇ ਬਾਵਜੂਦ ਉਹ ਚੋਣਾਂ ਦੀ ਵਰਤੋਂ ਆਪਣੀ ਰਾਏ ਦਾ ਪ੍ਰਗਟਾਵਾ ਕਰਨ ਲਈ ਕਰਨਗੇ। ਇਹ ਭਰੋਸਾ ਇਸ ਤੱਥ ਉੱਤੇ ਅਧਾਰਤ ਹੈ ਕਿ ਭਿਆਨਕਤਮ ਸਜ਼ਾਵਾਂ, ਨਾ ਸਹਿਣਯੋਗ ਤਸੀਹੇ, ਸਾਰੇ ਰੂਸ ਵਿੱਚੋਂ ਵੱਧ ਤੋਂ ਵੱਧ, ਸੈਂਕੜਿਆਂ, ਹਜ਼ਾਰਾਂ ਜਾਂ ਕਹਿ ਲਵੋ ਦਸ ਹਜ਼ਾਰ ਵੋਟਰਾਂ ਨੂੰ ਖਤਮ ਕਰ ਦੇਣਗੇ। ਪਰ ਇਸ ਨਾਲ਼ **ਲੋਕਾਂ** ਦੇ ਸਰਕਾਰ ਵੱਲ ਵਤੀਰੇ ਅਤੇ ਭਾਵਨਾਵਾਂ ਵਿੱਚ ਕੋਈ ਤਬਦੀਲੀ ਨਹੀਂ ਆਵੇਗੀ। ਮਿਸਾਲ ਵਜੋਂ ਸੇਂਟ ਪੀਟਰਜ਼ਬਰਗ ਵਿੱਚ ਦਸ ਜਾਂ ਵੀਹ ਹਜ਼ਾਰ ਵੋਟਰਾਂ ਦੀ ਲਿਸਟ ਰੱਦ ਕੀਤੀ ਜਾ ਸਕਦੀ ਹੈ, ਪਰ ਇਸ ਨਾਲ਼ ਸਿਰਫ ਇਹੀ ਹੋਵੇਗਾ ਕਿ ਰਾਜਧਾਨੀ ਦੇ ਡੇਢ ਲੱਖ ਵੋਟਰ ਹਾਲ ਦੀ ਘੜੀ ਚੁੱਪ ਕਰਕੇ ਘਰੀਂ ਬੈਠ ਜਾਣਗੇ। ਪਰ ਉਹ ਖਤਮ ਨਹੀਂ ਹੋਣਗੇ ਅਤੇ ਉਹਨਾਂ ਦੀ ਜਨਤਕ ਭਾਵਨਾ ਨਹੀਂ ਬਦਲੇਗੀ; ਤੇ ਜੇ ਇਹ ਬਦਲਦੀ ਹੈ ਤਾਂ ਨਿਸ਼ਚੇ ਹੀ ਇਹ ਸਰਕਾਰ ਦੇ ਹੱਕ ਵਿੱਚ ਨਹੀਂ ਹੋਵੇਗੀ। ਇਸ ਲਈ ਜਿੰਨਾ ਚਿਰ ਚੋਣ ਕਾਨੂੰਨ ਵਿੱਚ ਤਿੱਖੀ ਤਬਦੀਲੀ ਨਹੀਂ ਕੀਤੀ ਜਾਂਦੀ, ਜਿੰਨਾ ਚਿਰ ਚੋਣਕਾਰਾਂ ਦੀ ਕਾਨੂੰਨੀ ਸਥਿਤੀ ਦੀ ਰਹਿੰਦ ਖੂੰਹਦ ਨੂੰ ਆਖਰੀ ਤੌਰ 'ਤੇ ਪੈਰਾਂ ਹੇਠ ਨਹੀਂ ਕੁਚਲਿਆ ਜਾਂਦਾ (ਅਤੇ ਇਹਨਾਂ ਨੂੰ ਚੋਣਕਾਰਾਂ ਦੀਆਂ ਜਥੇਬੰਦਕ ਢੰਗ ਨਾਲ਼ ਕੀਤੀਆਂ ਗ੍ਰਿਫਤਾਰੀਆਂ ਦੇ ਢੰਗ ਨਾਲ਼ ਹੋਰ ਦਰੜਿਆ ਜਾ ਸਕਦਾ ਹੈ: ਸਾਨੂੰ ਸਤੋਲੀਪਿਨ ਤੋਂ ਸਿਰੇ ਦੀ ਭੈੜੀ ਕਾਰਵਾਈ ਦੀ ਹੀ ਆਸ ਰੱਖਣੀ ਚਾਹੀਦੀ ਤੇ!) – ਓਨਾ ਚਿਰ ਕੋਈ ਸ਼ੱਕ ਨਹੀਂ ਕਿ ਜਨਤਾ ਦਾ ਰਉਂ ਚੋਣਾਂ ਦਾ ਫੈਸਲਾ ਕਰੇਗਾ ਅਤੇ ਫੈਸਲਾ ਨਿਸ਼ਚੇ ਹੀ ਸਰਕਾਰ ਅਤੇ ਇਸ ਦੇ ਬਲੈਕ ਹੰਡਰਡਾਂ ਦੇ ਹੱਕ ਵਿੱਚ ਨਹੀਂ ਹੋਵੇਗਾ।

ਅਤੇ ਸਰਕਾਰ ਦੇ ਸਾਰੇ ਗੈਰ-ਹਮਾਇਤੀ ਆਪਣੀਆਂ ਆਸਾਂ ਵੋਟਰਾਂ ਦੀ ਬਹੁਗਿਣਤੀ ਉੱਤੇ ਰੱਖ ਰਹੇ ਹਨ। ਪਰ ਜੇਕਰ ਤੁਸੀਂ ਧਿਆਨ ਨਾਲ਼ ਵਾਚੋ ਕਿ ਜਨਤਾ ਵਿੱਚ ਆਸ ਦਾ ਅਰਥ ਕੀ ਹੈ, ਵੱਖ ਵੱਖ ਪਾਰਟੀਆਂ ਦਾ ਜਨਤਾ ਪ੍ਰਤੀ ਵਤੀਰਾ ਕੀ ਹੈ – ਤੁਸੀਂ ਬੁਰਜੂਆ ਪਾਰਟੀਆਂ ਅਤੇ ਪ੍ਰੋਲੇਤਾਰੀ ਦੀ ਪਾਰਟੀ ਵਿਚਾਲੇ ਬਹੁਤ ਵੱਡਾ ਫਰਕ ਦੇਖੋਂਗੇ।

ਕੈਡਿਟ[1] ਲਿਬਰਲ-ਬੁਰਜੂਆ ਪਾਰਟੀਆਂ ਦੀ ਪਹਿਲੀ ਪਾਲ ਵਿੱਚ ਹਨ। ਪਹਿਲੀ

---

1. **ਕੈਡਿਟ** – ਸੰਵਿਧਾਨ-ਡੈਮੋਕਰੈਟਿਕ ਪਾਰਟੀ – ਰੂਸੀ ਲਿਬਰਲ ਬੁਰਜੂਆਜ਼ੀ ਦੀ ਪਾਰਟੀ – ਦੇ ਮੈਂਬਰ, ਜਿਹੜੀ ਕਿ 1905 ਵਿੱਚ ਕਾਇਮ ਕੀਤੀ ਗਈ। 1905-07 ਦੇ ਪਹਿਲੇ ਰੂਸੀ ਇਨਕਲਾਬ ਦੌਰਾਨ, ਕੈਡਿਟ ਆਪਣੇ ਆਪ ਨੂੰ "ਲੋਕ ਮੁਕਤੀ ਪਾਰਟੀ" ਸਦਾਉਂਦੇ ਸਨ, ਪਰ ਹਕੀਕਤ ਵਿੱਚ ਉਹਨਾਂ ਇਨਕਲਾਬ ਦੀ ਸੰਘੀ ਘੁੱਟਣ ਲਈ ਗੁਪਤ ਤੌਰ 'ਤੇ ਜ਼ਾਰਸ਼ਾਹੀ ਸਰਕਾਰ ਨਾਲ਼ ਸਾਜ਼ਬਾਜ਼ ਕਰਕੇ ਲੋਕਾਂ ਨੂੰ ਪਿੱਠ ਦਿੱਤੀ। ਕੈਡਿਟਾਂ ਨੇ ਸੱਤਾ 'ਤੇ ਕਬਜ਼ੇ ਲਈ ਯਤਨ ਕੀਤਾ ਅਤੇ ਗ੍ਰਹਿ ਅਤੇ ਵਿਦੇਸ਼ ਨੀਤੀ ਦੇ ਮੁੱਖ ਨੁਕਤਿਆਂ ਉੱਤੇ ਉਹ ਜ਼ਾਰਸ਼ਾਹੀ ਦੀ ਹਮਾਇਤ ਕਰਦੇ ਸਨ।
1914-17 ਦੀ ਸਾਮਰਾਜੀ ਜੰਗ ਦੌਰਾਨ, ਕੈਡਿਟ ਆਗੂ ਮਿਲਿਯੂਕੋਵ ਰੂਸੀ ਸਾਮਰਾਜੀ ਬੁਰਜੂਆਜ਼ੀ ਦੀ ਪਸਾਰਵਾਦੀ ਨੀਤੀ ਦੇ ਮੁੱਖ ਵਿਚਾਰਵਾਨਾਂ ਵਿੱਚੋਂ ਸੀ। ਫਰਵਰੀ 1917 ਦੇ ਇਨਕਲਾਬ ਮਗਰੋਂ, ਕੈਡਿਟ ਬੁਰਜੂਆ ਆਰਜ਼ੀ ਸਰਕਾਰ ਵਿੱਚ ਸ਼ਾਮਲ ਹੋ ਗਏ ਅਤੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਇਨਕਲਾਬੀ ਲਹਿਰ ਵਿਰੁੱਧ ਲੜੇ; ਉਹ ਵੱਡੀਆਂ ਜ਼ਮੀਨੀ ਐਸਟੇਟਾਂ ਦੇ ਹੱਕ ਵਿੱਚ ਖੜ੍ਹੇ। ਉਹਨਾਂ ਲੋਕਾਂ ਨੂੰ ਸਾਮਰਾਜੀ ਜੰਗ ਜਾਰੀ ਰੱਖਣ ਲਈ ਮਜਬੂਰ ਕੀਤਾ। ਅਕਤੂਬਰ ਸੋਸ਼ਲਿਸਟ ➩

ਡੂਮਾ ਦੀਆਂ ਚੋਣਾਂ ਦੌਰਾਨ, ਉਹਨਾਂ ਬੇਸ਼ਰਮੀ ਨਾਲ਼ ਸੰਘਰਸ਼ ਨੂੰ ਪਿੱਠ ਦਿੱਤੀ, ਉਹਨਾਂ ਬਾਈਕਾਟ ਵਿੱਚ ਭਾਗ ਲੈਣੋਂ ਇਨਕਾਰ ਕਰ ਦਿੱਤਾ; ਉਹਨਾਂ ਆਪ ਚੋਣਾਂ ਲੜੀਆਂ ਅਤੇ ਇਸ ਤਰ੍ਹਾਂ ਅਗਿਆਨ ਜਨਤਾ ਨੂੰ ਆਪਣੇ ਮਗਰ ਭਰਮਾ ਲਿਆ। ਹੁਣ ਉਹ ਆਪਣੀਆਂ ਆਸਾਂ ਇਸ ਜਨਤਾ ਦੇ ਬੇਹਿਸੇਪਣ ਅਤੇ ਖੱਬੀਆਂ ਪਾਰਟੀਆਂ ਉੱਤੇ ਉਹਨਾਂ ਦੀ ਚੋਣ ਮੁਹਿੰਮ ਚਲਾਉਣ ਸਬੰਧੀ ਅਤੇ ਐਜੀਟੇਸ਼ਨ ਉੱਤੇ ਲਾਈਆਂ ਗਈਆਂ ਪਾਬੰਦੀਆਂ, ਉੱਤੇ ਰੱਖ ਰਹੇ ਹਨ। ਲੋਕਾਂ ਵਿੱਚ ਕੈਡਿਟਾਂ ਦੀ ਆਸ ਅਸਲ ਵਿੱਚ ਲੋਕਾਂ ਦੀ ਸੂਝ ਦੀ ਘਾਟ ਅਤੇ ਉਹਨਾਂ ਵੱਲੋਂ ਰੁਜ਼ਗਾਰ ਵਿੱਚ ਦੂਜਿਆਂ ਤੇ ਟੇਕ ਰੱਖਣ ਉੱਤੇ ਆਸ ਹੈ। ਉਹ ਹੇਠ ਲਿਖੇ ਮੁਤਾਬਕ ਬਹਿਸ ਕਰਦੇ ਹਨ: ਲੋਕ ਸਾਡਾ ਪ੍ਰੋਗਰਾਮ ਅਤੇ ਨੀਤੀਆਂ ਨਹੀਂ ਸਮਝਣਗੇ, ਉਹ ਪੁਰਅਮਨ ਅਤੇ ਕਾਨੂੰਨੀ, ਬੇਹੱਦ ਪੁਰਅਮਨ ਅਤੇ ਨਿਗੂਣੇ ਜਹੇ ਵਿਰੋਧ ਤੋਂ ਅੱਗੇ ਨਹੀਂ ਜਾਣਗੇ – ਇਸ ਲਈ ਨਹੀਂ ਕਿ ਉਹ ਅਜਿਹਾ ਕਰਨਾ ਨਹੀਂ ਚਾਹੁੰਦੇ, ਸਗੋਂ ਇਸ ਲਈ ਕਿ ਉਹਨਾਂ ਨੂੰ ਇਸ ਦੀ ਇਜਾਜ਼ਤ ਨਹੀਂ ਹੋਵੇਗੀ। ਉਹ ਸਾਨੂੰ ਵੋਟ ਦੇਣਗੇ, ਕਿਉਂਕਿ ਖੱਬਿਆਂ ਦਾ ਕੋਈ ਅਖ਼ਬਾਰ ਨਹੀਂ, ਕੋਈ ਮੀਟਿੰਗਾਂ ਨਹੀਂ, ਕੋਈ ਇਸ਼ਤਿਹਾਰ ਨਹੀਂ, ਇੱਕ ਪਾਸੜ ਗ੍ਰਿਫਤਾਰੀ ਅਤੇ ਸਜ਼ਾ ਵਿਰੁੱਧ ਕੋਈ ਸੁਰੱਖਿਆ ਨਹੀਂ। ਇਹ ਹੈ ਕੈਡਿਟਾਂ ਦੀ ਸੋਚ ਅਤੇ ਉਹ ਅਭਿਮਾਨ ਨਾਲ਼ ਅਸਮਾਨ ਵੱਲ ਅੱਖਾਂ ਚੁੱਕ ਕੇ ਕਹਿੰਦਾ ਹੈ: ਹੇ ਰੱਬਾ ਤੇਰਾ ਲੱਖ ਲੱਖ ਸ਼ੁਕਰ ਹੈ ਕਿ ਮੈਂ ਉਹਨਾਂ "ਅੱਤਵਾਦੀਆਂ ਵਿੱਚੋਂ ਨਹੀਂ ਹਾਂ!" ਮੈਂ ਇਨਕਲਾਬੀ ਨਹੀਂ ਹਾਂ, ਮੈਂ ਆਪਣੇ ਆਪ ਨੂੰ ਬੇਹੱਦ ਆਗਿਆਕਾਰੀ ਅਤੇ ਖਿਮਾ ਯਾਚਨਾ ਨਾਲ਼ ਕਿਸੇ ਵੀ ਕਦਮਾਂ ਨਾਲ਼ ਇੱਕਸੁਰ ਕਰਨ ਦੇ ਯੋਗ ਹੋਵਾਂਗਾ; ਮੈਂ ਆਪਣੇ ਚੋਣ ਢੰਗ[1] ਵੀ ਪੁਰਅਮਨ ਰੈਨੋਵੇਟਰਾਂ ਪਾਸੋਂ ਲਵਾਂਗਾ।[2]

ਇਸ ਲਈ ਕੈਡਿਟਾਂ ਦੀ ਸਮੁੱਚੀ ਚੋਣ ਮੁਹਿੰਮ ਜਨਤਾ ਨੂੰ ਬਲੈਕ ਹੰਡਰਡਾਂ ਦੇ ਖਤਰੇ ਅਤੇ ਅੱਤਵਾਦੀ ਖੱਬੀਆਂ ਪਾਰਟੀਆਂ ਦੇ ਖਤਰੇ ਨਾਲ਼ ਡਰਾਉਣ ਦੀ ਆਪਣੇ ਆਪ ਨੂੰ ਪੈਟੀ-ਬੁਰਜੂਆਜ਼ੀ ਦੀ ਗਰੁੜ-ਗਿਆਨਤਾ, ਡਰੂਪਣ ਅਤੇ ਅਨੈਤਿਕਤਾ ਦੇ ਅਨੁਸਾਰ ਢਾਲਣ ਅਤੇ ਪੈਟੀ-ਬੁਰਜੂਆਜ਼ੀ ਨੂੰ ਇਸ ਲਈ ਰਾਜ਼ੀ ਕਰਨ ਦੀ ਹੈ ਕਿ ਕੈਡਿਟ ਲੋਕਾਂ ਦੇ ਸਭ ਤੋਂ ਵੱਧ ਸੁਰੱਖਿਅਤ, ਬੇਹੱਦ ਨਰਮ, ਬੇਹੱਦ ਹਲੀਮ ਅਤੇ ਸਭ ਤੋਂ ਵੱਧ ਸਿਆਣੇ ਆਗੂ ਹਨ। ਹਰ ਰੋਜ਼ ਕੈਡਿਟਾਂ ਦੇ ਅਖ਼ਬਾਰ ਪਾਠਕਾਂ ਨੂੰ ਪੁੱਛਦੇ ਹਨ: ਅਗਿਆਨ ਲੋਕੋ, ਕੀ ਤੁਸੀਂ ਡਰਦੇ ਹੋ? ਸਾਡੇ 'ਤੇ ਭਰੋਸਾ ਰੱਖੋ! ਅਸੀਂ ਤੁਹਾਨੂੰ ਡਰਾਵਾਂਗੇ ਨਹੀਂ ਅਸੀਂ ਹਿੰਸਾ ਦੇ ਵਿਰੁੱਧ ਹਾਂ, ਅਸੀਂ ਸਰਕਾਰ ਦੇ ਆਗਿਆਕਾਰ ਹਾਂ; ਸਾਡੇ 'ਤੇ ਵਿਸ਼ਵਾਸ ਰੱਖੋ ਅਤੇ ਅਸੀਂ, "ਜਿੱਥੋਂ ਤੱਕ ਵੀ ਸੰਭਵ ਹੈ" ਤੁਹਾਡੇ ਲਈ ਸਭ ਕੁਝ ਕਰਾਂਗੇ! ਅਤੇ ਡਰੇ ਹੋਏ ਅਗਿਆਨ ਲੋਕਾਂ ਦੀਆਂ

---

☞ ਇਨਕਲਾਬ ਦੇ ਮਗਰੋਂ, ਕੈਡਿਟਾਂ ਨੇ ਸੋਵੀਅਤ ਰੂਸ ਵਿਰੁੱਧ ਹਥਿਆਰਬੰਦ ਉਲਟ ਇਨਕਲਾਬੀ ਕਾਰਵਾਈ ਵਿੱਚ ਭਾਗ ਲਿਆ।

1. **ਦੇਖੋ ਸਮੁੱਚੀਆਂ ਲਿਖਤਾਂ**, ਜਿਲਦ 2, ਸਫ਼ਾ 385. –ਸੰਪਾ.

2. **ਪੀਸਫੁਲ ਰੈਨੋਵੇਟਰ** – 1906 ਵਿੱਚ ਕਾਇਮ ਕੀਤੀ ਗਈ ਬੁਰਜੂਆਜ਼ੀ ਅਤੇ ਸਰਫ਼ਾਂ ਦੀ ਇੱਕ ਉਲਟ-ਇਨਕਲਾਬੀ ਪਾਰਟੀ, ਪੁਰਅਮਨ ਰੈਨੋਵੇਟਰਾਂ ਦੀ ਪਾਰਟੀ, ਦੇ ਮੈਂਬਰ।

ਪਿੱਠਾਂ ਪਿੱਛੇ ਕੈਡਿਟ ਸਰਕਾਰ ਨੂੰ ਆਪਣੀ ਆਗਿਆਕਾਰਤਾ ਦਰਸਾਉਣ ਲਈ ਖੱਬੇ ਪੱਖੀਆਂ ਨੂੰ ਉਹਨਾਂ ਦਾ ਸੁਤੰਤਰਤਾ ਦਾ ਪਿਆਰ ਦਰਸਾਉਣ ਲਈ, ਪੁਰਅਮਨ ਰੈਨੋਵੇਟਰਾਂ ਨੂੰ ਉਹਨਾਂ ਦੀ ਪਾਰਟੀ ਨਾਲ਼ ਅਤੇ ਚੋਣ ਢੰਗਾਂ ਵਿੱਚ ਸਮਾਨਤਾ ਦਰਸਾਉਣ ਲਈ ਹਰ ਤਰ੍ਹਾਂ ਦੀ ਚਾਲ ਤੋਂ ਕੰਮ ਲੈ ਰਹੇ ਹਨ।

ਜਨਤਾ ਦੀ ਸਿੱਖਿਆ ਨਹੀਂ, ਜਨਤਾ ਨੂੰ ਉਭਾਰਨ ਲਈ ਕੋਈ ਐਜੀਟੇਸ਼ਨ ਨਹੀਂ, ਨਿਰੰਤਰ ਜਮਹੂਰੀ ਨਾਅਰਿਆਂ ਦੀ ਕੋਈ ਵਰਤੋਂ ਨਹੀਂ – ਸਿਰਫ਼ ਡਰੇ ਹੋਏ ਅਗਿਆਨ ਲੋਕਾਂ ਦੀਆਂ ਪਿੱਠਾਂ ਪਿੱਛੇ ਸੀਟਾਂ ਲਈ ਲਲਚਾਉਣਾ – ਲਿਬਰਲ ਬੁਰਜੂਆਜ਼ੀ, ਗੈਰ ਪਾਰਟੀ ਲੋਕਾਂ (**ਤੋਵਾਰਿਸਕ** ਦੇ) ਤੋਂ ਡੈਮੋਕਰੈਟਿਕ ਸੁਧਾਰਾਂ ਦੀ ਪਾਰਟੀ ਤੱਕ, ਸਭ ਪਾਰਟੀਆਂ ਦੀ ਚੋਣ ਮੁਹਿੰਮ ਇੰਝ ਦੀ ਹੈ।

ਮਜ਼ਦੂਰਾਂ ਦੀ ਪਾਰਟੀ ਦਾ ਲੋਕਾਂ ਪ੍ਰਤੀ ਵਤੀਰਾ ਬਿਲਕੁਲ ਉਲਟ ਹੈ। ਸਾਡੇ ਲਈ ਮਹੱਤਵਪੂਰਨ ਗੱਲ ਸਮਝੌਤਿਆਂ ਰਾਹੀਂ ਡੂਮਾ ਵਿੱਚ ਸੀਟਾਂ ਪ੍ਰਾਪਤ ਕਰਨਾ ਨਹੀਂ; ਇਸ ਦੇ ਉਲਟ, ਇਹ ਸੀਟਾਂ ਸਿਰਫ਼ ਇਸ ਕਰਕੇ ਮਹੱਤਵਪੂਰਨ ਹਨ ਕਿਉਂਕਿ ਅਤੇ ਜਿੰਨਾ ਕੁ ਵੀ ਇਹ ਕਰ ਸਕਦੀਆਂ ਹਨ, ਇਹ ਲੋਕਾਂ ਦੀ **ਰਾਜਸੀ ਚੇਤਨਾ** ਨੂੰ ਵਿਕਸਤ ਕਰਨ, ਉਹਨਾਂ ਨੂੰ ਉੱਚੇ ਰਾਜਨੀਤਕ ਪੱਧਰ ਤੱਕ **ਚੁੱਕਣ**, ਉਹਨਾਂ ਨੂੰ **ਜਥੇਬੰਦ** ਕਰਨ ਵਿੱਚ ਮਦਦ ਕਰ ਸਕਦੀਆਂ ਹਨ; ਗਰੁੜ ਗਿਆਨਤਾ ਦੀ ਖੁਸ਼ੀ ਲਈ ਨਹੀਂ, ਨਾ ਹੀ "ਸਥਿਰਤਾ" "ਅਮਨ" ਅਤੇ "ਪੁਰਅਮਨ (ਬੁਰਜੂਆ) ਅਸੀਸ" ਦੇ ਮੰਤਵ ਲਈ ਸਗੋਂ **ਸੰਘਰਸ਼ ਲਈ**, ਕਿਰਤ ਨੂੰ ਹਰ ਕਿਸਮ ਦੀ ਲੁੱਟ ਅਤੇ ਸਭ ਦਮਨ ਤੋਂ ਮੁਕੰਮਲ ਮੁਕਤੀ ਦਿਵਾਉਣ ਦੇ ਸੰਘਰਸ਼ ਲਈ, ਤਿਆਰ ਕਰਨ ਲਈ। ਸਿਰਫ਼ ਇਸ ਮੰਤਵ ਲਈ, ਅਤੇ ਸਿਰਫ਼ ਉਸੇ ਹੱਦ ਤੱਕ ਜਿਸ ਤੱਕ ਉਹ ਸਾਡੀ ਮਦਦ ਕਰਨਗੀਆਂ, ਡੂਮਾ ਦੀਆਂ ਸੀਟਾਂ ਦਾ ਅਤੇ **ਸਮੁੱਚੀ** ਚੋਣ ਮੁਹਿੰਮ ਦਾ ਸਾਡੇ ਲਈ ਮਹੱਤਵ ਹੈ। ਮਜ਼ਦੂਰਾਂ ਦੀ ਪਾਰਟੀ ਸਾਰੀਆਂ ਆਸਾਂ ਲੋਕਾਂ 'ਤੇ ਰੱਖਦੀ ਹੈ, ਉਹਨਾਂ ਲੋਕਾਂ ਉੱਤੇ ਜਿਹੜੇ ਡਰੇ ਹੋਏ ਨਹੀਂ, ਜਿਹੜੇ ਨਿਰਾਸ਼ਾਮਈ ਢੰਗ ਨਾਲ਼ ਹਥਿਆਰ ਨਹੀਂ ਸੁੱਟਦੇ ਅਤੇ ਜਿਹੜੇ ਚੁੱਪ ਚਾਪ ਜੂਲਾਂ ਪੁਆਈ ਨਹੀਂ ਫਿਰਦੇ ਹਨ, ਸਗੋਂ ਉਹਨਾਂ ਲੋਕਾਂ ਉੱਤੇ ਜਿਹੜੇ ਰਾਜਸੀ ਤੌਰ 'ਤੇ ਸੁਚੇਤ, ਸਰਗਰਮ ਅਤੇ ਖਾੜਕੂ ਹਨ। ਮਜ਼ਦੂਰਾਂ ਦੀ ਪਾਰਟੀ ਨੂੰ ਘੱਟ ਪੜ੍ਹੇ ਲਿਖਿਆਂ ਨੂੰ ਬਲੈਕ ਹੰਡਰਡ ਖਤਰੇ ਦੇ ਹਊਏ ਨਾਲ਼ ਡਰਾਉਣ ਦੇ ਲਿਬਰਲਾਂ ਦੇ ਢੰਗ ਦੀ ਨਿੰਦਾ ਕਰਨੀ ਚਾਹੀਦੀ ਹੈ। ਸੋਸ਼ਲ-ਡੈਮੋਕਰੈਟਾਂ ਦਾ ਸਮੁੱਚਾ ਕੰਮ ਲੋਕਾਂ ਨੂੰ ਅਸਲ ਖਤਰੇ ਤੋਂ, ਇਨ੍ਹਾਂ ਤਾਕਤਾਂ ਦੇ ਸੰਘਰਸ਼ ਦੇ ਅਸਲ ਮੰਤਵ ਤੋਂ, ਜਿਨ੍ਹਾਂ ਦੀ ਤਾਕਤ ਡੂਮਾ ਵਿੱਚ ਨਹੀਂ ਹੈ, ਜਿਨ੍ਹਾਂ ਨੂੰ ਡੂਮਾ ਦੀਆਂ ਬਹਿਸਾਂ ਵਿੱਚ ਪੂਰਾ ਮੌਕਾ ਨਹੀਂ ਮਿਲਦਾ ਅਤੇ ਜਿਹੜੇ ਰੂਸ ਦੇ ਸਵਾਲ ਦਾ ਨਿਪਟਾਰਾ ਡੂਮਾ ਤੋਂ ਬਾਹਰ ਰਹਿ ਕੇ ਨਜਿੱਠਣਗੇ, ਜਾਣੂੰ ਕਰਵਾਉਣਾ ਹੈ।

ਇਸ ਲਈ ਮਜ਼ਦੂਰਾਂ ਦੀ ਪਾਰਟੀ ਲੋਕਾਂ ਨੂੰ, ਕੈਡਿਟ ਬੁਰਜੂਆਜ਼ੀ ਦੀਆਂ ਗੁਪਤ ਚਾਲਾਂ ਤੋਂ ਅਤੇ ਉਹਨਾਂ ਦੇ ਇਸ ਬੇਹੂਦਾ ਚੀਕ ਚਿਹਾੜੇ ਤੋਂ ਸੁਚੇਤ ਕਰਦੀ ਹੈ: ਸਾਨੂੰ ਵਕੀਲਾਂ ਪ੍ਰੋਫੈਸਰਾਂ ਅਤੇ ਪੜ੍ਹੇ ਲਿਖੇ ਲੈਂਡਲਾਰਡਾਂ ਨੂੰ ਬਲੈਕ ਹੰਡਰਡਾਂ ਦੇ ਖਤਰੇ ਦਾ ਟਾਕਰਾ ਕਰਨ ਦਾ ਕੰਮ ਸੌਂਪੋ!

ਮਜ਼ਦੂਰਾਂ ਦੀ ਪਾਰਟੀ ਲੋਕਾਂ ਨੂੰ ਦੱਸਦੀ ਹੈ: ਸਿਰਫ਼ ਆਪਣੀ ਸੋਸ਼ਲਿਸਟ ਚੇਤੰਨਤਾ ਉੱਤੇ ਅਤੇ ਆਪਣੀ ਸੋਸ਼ਲਿਸਟ ਜਥੇਬੰਦੀ ਉੱਤੇ ਵਿਸ਼ਵਾਸ ਰੱਖੋ। ਸੰਘਰਸ਼ ਵਿੱਚ ਪਹਿਲ ਅਤੇ ਅਗਵਾਈ ਕਰਨ ਦਾ ਹੱਕ ਲਿਬਰਲ ਬੁਰਜੂਆਜ਼ੀ ਦੇ ਹੱਥ ਦੇਣ ਦਾ ਅਰਥ ਮੁਕਤੀ ਦੇ ਕਾਜ਼ ਨੂੰ ਫੋਕੇ ਬੁਲੰਦ ਬਾਂਗ ਨਾਅਰਿਆਂ, ਫੈਸ਼ਨੇਬਲ ਅਤੇ ਦਿਖਾਵੇ ਦੇ ਸਾਈਨ ਬੋਰਡਾਂ ਦੀ ਭੜਕੀਲੀ ਰੋਸ਼ਨ ਦਿਮਾਗੀਅਤ ਦੇ ਹੱਥ ਵੇਚਣਾ ਹੋਵੇਗਾ। ਡੂਮਾ ਵਿੱਚ ਬਲੈਕ ਹੰਡਰਡ ਖਤਰਾ ਓਨਾ ਹਾਨੀਕਾਰਕ ਨਹੀਂ ਹੋ ਸਕਦਾ ਜਿੰਨਾ ਲੋਕਾਂ ਦੇ ਮਨਾਂ, ਜਿਹੜੇ ਕਿ ਲਿਬਰਲ ਬੁਰਜੂਆਜ਼ੀ, ਇਸ ਦੇ ਨਾਅਰਿਆਂ, ਇਸ ਦੇ ਉਮੀਦਵਾਰਾਂ ਅਤੇ ਇਸ ਦੀ ਨੀਤੀ ਉੱਤੇ ਅੱਖਾਂ ਮੀਟ ਕੇ ਅਮਲ ਕਰ ਰਹੇ ਹਨ, ਵਿੱਚ ਗਲਤ ਗੱਲਾਂ ਭਰਨਾ ਖਤਰਨਾਕ ਹੈ।

ਜਿਨ੍ਹਾਂ ਲੋਕਾਂ ਨੂੰ ਮਜ਼ਦੂਰਾਂ ਦੀ ਪਾਰਟੀ ਅਪੀਲ ਕਰ ਰਹੀ ਹੈ, ਗਿਣਤੀ ਦੇ ਹਿਸਾਬ ਨਾਲ਼ ਉਹਨਾਂ ਵਿੱਚ ਸਭ ਤੋਂ ਮਜ਼ਬੂਤ ਭਾਗ ਕਿਸਾਨ ਅਤੇ ਪੈਟੀ-ਬੁਰਜੂਆਜ਼ੀ ਦੇ ਵੱਖ ਵੱਖ ਭਾਗ ਹਨ। ਉਹ ਕੈਡਿਟਾਂ ਨਾਲੋਂ ਵੱਧ ਦ੍ਰਿੜ੍ਹ ਹਨ, ਵਧੇਰੇ ਇਮਾਨਦਾਰ ਅਤੇ ਲੜਣ ਲਈ ਹਜ਼ਾਰਾਂ ਗੁਣਾਂ ਵਧੇਰੇ ਯੋਗ ਹਨ, ਪਰ ਰਾਜਨੀਤੀ ਵਿੱਚ ਉਹ ਜੁਝਾਰ ਪ੍ਰੋਲੇਤਾਰੀ ਅਤੇ ਸਮਝੌਤਾ ਕਰੂ ਬੁਰਜੂਆਜ਼ੀ ਦੇ ਵਿਚ ਵਿਚਾਲੇ ਲਟਕ ਰਹੇ ਹਨ।

ਕੈਡਿਟਾਂ ਨਾਲ਼ ਬਲਾਕ ਬਣਾਉਣ ਦੇ ਵਕੀਲ ਪ੍ਰੋਲੇਤਾਰੀਆ ਅਤੇ ਮੁਕਤੀ ਦੇ ਸਮੁੱਚੇ ਕਾਜ਼ ਨੂੰ ਹੀ ਨੁਕਸਾਨ ਨਹੀਂ ਪਹੁੰਚਾ ਰਹੇ, ਉਹ ਸ਼ਹਿਰੀ ਅਤੇ ਪੇਂਡੂ ਗਰੀਬਾਂ ਵਿੱਚ ਆਈ ਰਾਜਸੀ ਚੇਤਨਾ ਨੂੰ ਕੁੰਦ ਕਰਦੇ ਹਨ। ਉਹ ਆਪਣਾ ਫੌਰੀ ਫਰਜ਼ ਅਦਾ ਨਹੀਂ ਕਰ ਰਹੇ, ਜਿਹੜਾ ਇਨ੍ਹਾਂ ਲੋਕਾਂ ਨੂੰ ਲਿਬਰਲ ਬੁਰਜੂਆਜ਼ੀ ਦੇ ਅਸਰ ਹੇਠੋਂ ਕੱਢਦਾ ਹੈ। ਤਰੂਦੋਵਿਕਾਂ, "ਪਾਪੂਲਰ ਸੋਸ਼ਲਿਸਟਾਂ" ਸੋਸ਼ਲਿਸਟ ਇਨਕਲਾਬੀਆਂ[1] ਵੱਲ ਦੇਖੋ। ਉਹ ਵੀ ਥਿੜਕ ਰਹੇ ਹਨ ਅਤੇ ਉਹਨਾਂ ਵੀ ਕੈਡਿਟਾਂ ਨਾਲ਼ ਸਮਝੌਤਿਆਂ ਦੀਆਂ ਸਕੀਮਾਂ ਬਣਾ ਰੱਖੀਆਂ ਹਨ। ਤਰੂਦੋਵਿਕਾਂ ਦੇ ਆਗੂ, ਆਪਣੀ ਪਾਰਟੀ ਕਾਇਮ ਕਰਨ ਵਿੱਚ ਅਸਫਲ ਰਹਿਣ ਮਗਰੋਂ, ਜਨਤਾ ਨੂੰ ਕੈਡਿਟਾਂ ਨੂੰ ਵੋਟ ਦੇਣ ਲਈ ਅਪੀਲ ਕਰਕੇ (ਅਨੀਕਿਨ-ਅਖ਼ਬਾਰੀ ਰਿਪੋਰਟਰਾਂ ਰਾਹੀਂ, ਜ਼ਿਲਕਿਨ - **ਤਰੂਦੋਵਿਕ** ਆਦਿ ਵਿੱਚ) ਆਪਣੀਆਂ ਡੂਮਾ ਗਲਤੀਆਂ ਨੂੰ ਦਸ ਗੁਣਾਂ ਕਰ ਰਹੇ ਹਨ। ਇਹ ਕਿਸਾਨੀ ਸੰਘਰਸ਼ ਨਾਲ਼ ਸਿੱਧੀ ਗੱਦਾਰੀ ਹੈ, ਕਿਸਾਨਾਂ ਨੂੰ ਲਿਬਰਲ

---

1. **ਤਰੂਦੋਵਿਕ, ਤਰਦੋਵਿਕ ਗਰੁੱਪ** - ਸਟੇਟ ਡੂਮਾ ਵਿੱਚ ਇੱਕ ਗਰੁੱਪ, ਜਿਹੜਾ ਮੁੱਖ ਤੌਰ 'ਤੇ ਕਿਸਾਨਾਂ ਅਤੇ ਹੋਰ ਪੈਟੀ-ਬੁਰਜੂਆ ਡੈਮੋਕਰੇਟਾਂ ਦਾ ਗਰੁੱਪ ਸੀ। ਉਹਨਾਂ ਮੰਗ ਕੀਤੀ ਕਿ ਜਗੀਰਦਾਰਾਂ, ਰਾਜ, ਰਾਜ ਘਰਾਣੇ ਅਤੇ ਜ਼ਾਰ ਦੇ ਟੱਬਰ ਨਾਲ਼ ਸਬੰਧਤ ਸਾਰੀ ਜ਼ਮੀਨ ਕਿਸਾਨਾਂ ਨੂੰ ਦਿੱਤੀ ਜਾਵੇ ਅਤੇ ਕੌਮੀ ਨਾਬਰਾਬਰੀ ਖਤਮ ਕਰ ਦਿੱਤੀ ਜਾਵੇ ਅਤੇ ਵਿਆਪਕ ਵੋਟ ਅਧਿਕਾਰ ਦਿੱਤਾ ਜਾਵੇ। ਪਰ ਫਿਰ ਵੀ ਤਰੂਦੋਵਿਕ ਕਈ ਵਾਰ ਨਿਰੰਤਰ ਜਮਹੂਰੀਅਤ ਦੇ ਅਸੂਲਾਂ 'ਤੇ ਚਲੇ ਜਾਂਦੇ ਸਨ ਅਤੇ ਲਿਬਰਲ ਬੁਰਜੂਆਜ਼ੀ ਦੇ ਆਗੂਆਂ ਦੀ ਹਮਾਇਤ ਕਰਦੇ ਸਨ।

**ਪਾਪੂਲਰ ਸੋਸ਼ਲਿਸਟ** - 1906 ਵਿੱਚ ਸੱਜੇ ਪੱਖੀ ਸੋਸ਼ਲਿਸਟ ਇਨਕਲਾਬੀਆਂ ਵੱਲੋਂ ਕਾਇਮ ਕੀਤੀ ਗਈ ਪਾਰਟੀ, ਜਿਹੜੀ ਕੈਡਿਟਾਂ ਦੇ ਵਿਚਾਰਾਂ ਨਾਲ਼ ਮਿਲਦੇ ਜੁਲਦੇ ਵਿਚਾਰਾਂ ਦੀ ਧਾਰਨੀ ਸੀ।

ਲੈਂਡਲਾਰਡਾਂ ਦੇ ਹੱਕ ਵਿੱਚ ਸਿੱਧੀ ਪਿੱਠ ਦੇਣਾ ਹੈ, ਲੈਂਡਲਾਰਡ, ਜਿਹੜੇ ਕਿ ਕਿਸਾਨਾਂ ਨੂੰ "ਕਾਫੀ" ਮੁਆਵਜ਼ੇ ਰਾਹੀਂ ਉਸੇ ਤਰ੍ਹਾਂ ਲੁੱਟਦੇ ਹਨ, ਜਿਵੇਂ ਉਹਨਾਂ ਦੇ ਵੱਡੇ ਵਡੇਰੇ ਲੁੱਟਦੇ ਰਹੇ ਹਨ।[1] ਅਤੇ ਜਿੱਥੋਂ ਤੱਕ "ਪਾਪੂਲਰ ਸੋਸ਼ਲਿਸਟਾਂ" ਦਾ ਸਬੰਧ ਹੈ, ਕੈਡਿਟ ਵੀ ਉਹਨਾਂ ਉੱਤੇ ਹੱਸ ਰਹੇ ਹਨ ਅਤੇ ਉਹਨਾਂ ਨੂੰ "ਸੈਕੰਡ ਰਿਜ਼ਰਵ ਕੈਡਿਟ" (**ਰੀਖ** ਵਿੱਚ ਮਿਲਯੂਕੋਵ) ਕਹਿ ਰਹੇ ਹਨ। ਉਹਨਾਂ ਦੇ ਆਗੂ (ਅਨੈਨਸਕੀ ਅਤੇ ਹੋਰ) ਵੀ ਕੈਡਿਟਾਂ ਨਾਲ਼ ਗਠਜੋੜਾਂ ਲਈ ਅਪੀਲਾਂ ਕਰਦੇ ਹਨ। ਉਹਨਾਂ ਦੀ ਨਿਕਚੂ ਪਾਰਟੀ (ਜਿਹੜੀ ਉਹਨਾਂ ਦੇ ਹੱਕ ਵਿੱਚ ਛਪਦੇ ਅਖ਼ਬਾਰ **ਤੋਵਾਰਿਸ਼ਕ** ਅਨੁਸਾਰ, ਪੁਰਅਮਨ ਲੁੱਟ[2] ਦੀ ਪਾਰਟੀ ਨਾਲ਼ੋਂ ਵੀ ਕਮਜ਼ੋਰ ਹੈ ਅਤੇ ਜਿਸ ਦੇ ਰੂਸ ਭਰ ਵਿੱਚ ਸਿਰਫ਼ ਲਗਭਗ 2000 ਮੈਂਬਰ ਹਨ) ਕੈਡਿਟਾਂ ਦੀ ਸਿਰਫ਼ ਇੱਕ ਸ਼ਾਖ ਵਾਂਗ ਹੀ ਹੈ। ਸੋਸ਼ਲਿਸਟ ਇਨਕਲਾਬੀਆਂ ਦੀ ਸਥਿਤੀ ਵੀ ਇਸੇ ਤਰ੍ਹਾਂ ਦੀ ਸ਼ੱਕੀ ਹੈ। ਅਕਤੂਬਰ ਕਾਲ ਅਤੇ ਪਹਿਲੀ ਡੂਮਾ ਦੇ ਸਮੇਂ ਦੌਰਾਨ ਉਹਨਾਂ ਇਸ ਤੱਥ ਨੂੰ ਲੁਕਾਇਆ ਕਿ ਉਹਨਾਂ ਦੀ ਪਾਪੂਲਰ ਸੋਸ਼ਲਿਸਟਾਂ ਨਾਲ਼ ਫੁੱਟ ਪੈ ਗਈ ਹੈ; ਉਹ ਉਹਨਾਂ ਨਾਲ਼ ਮਿਲਵਰਤਣ ਕਰਦੇ ਰਹੇ ਅਤੇ ਇਕੱਠੇ ਹੀ ਇੱਕੋ ਅਖ਼ਬਾਰ ਵੀ ਛਾਪਦੇ ਰਹੇ। ਅੱਜ ਉਹ ਕੋਈ ਖੁੱਲ੍ਹਾ ਅਤੇ ਅਜ਼ਾਦ ਸੰਘਰਸ਼ ਨਹੀਂ ਚਲਾ ਰਹੇ, ਕਾਫੀ ਚੁਰੇੜਾ, ਖੁੱਲ੍ਹੇ ਤੌਰ 'ਤੇ ਅਤੇ ਤਿੱਖੇ ਢੰਗ ਨਾਲ਼ "ਸੈਕਿੰਡ ਰਿਜ਼ਰਵ ਕੈਡਿਟਾਂ" ਉੱਤੇ ਹਮਲਾ ਨਹੀਂ ਕਰ ਰਹੇ ਅਤੇ ਸਮੁੱਚੀ ਚੋਣ ਮੁਹਿੰਮ ਅਤੇ ਆਮ ਤੌਰ 'ਤੇ ਕੁੱਲ ਚੋਣ ਸਮਝੌਤਿਆਂ ਬਾਰੇ ਅਸੂਲੀ ਤੌਰ 'ਤੇ ਕੋਈ ਜਾਇਜ਼ਾ ਨਹੀਂ ਲੈ ਰਹੇ।

ਮਿਹਨਤਕਸ਼ਾਂ ਦੀ ਪਾਰਟੀ ਦਾ ਇਹ ਮਹਾਨ ਇਤਿਹਾਸਕ ਫ਼ਰਜ਼ ਹੈ ਕਿ ਮਜ਼ਦੂਰ ਜਮਾਤ ਦੀ **ਆਜ਼ਾਦ** ਰਾਜਸੀ ਪਾਰਟੀ ਕਾਇਮ ਕਰਨ ਵਿੱਚ ਮਦਦ ਕਰੇ। ਜਿਹੜੇ ਕੈਡਿਟਾਂ ਨਾਲ਼ ਗਠਜੋੜਾਂ ਦੀ ਵਕਾਲਤ ਕਰਦੇ ਹਨ, ਉਹ ਇਸ ਫ਼ਰਜ਼ ਦੇ ਪੂਰਾ ਹੋਣ ਵਿੱਚ ਰੁਕਾਵਟ ਬਣਦੇ ਹਨ।

ਮਿਹਨਤਕਸ਼ਾਂ ਦੀ ਪਾਰਟੀ ਦਾ ਦੂਜਾ ਮਹਾਨ ਫ਼ਰਜ਼ ਲੋਕਾਂ ਨੂੰ ਤਬਾਹ ਹੋ ਚੁੱਕੀ,

---

1. ਲੈਨਿਨ ਉਸ ਖਰੜੇ ਦਾ ਜ਼ਿਕਰ ਕਰ ਰਿਹਾ ਹੈ ਜਿਹੜਾ ਕੈਡਿਟਾਂ ਨੇ ਡੂਮਾ ਨੂੰ ਪੇਸ਼ ਕੀਤਾ ਅਤੇ ਜਿਸ ਨੇ ਕਿਹਾ ਕਿ ਲੈਂਡਲਾਰਡਾਂ ਦੀ ਜ਼ਮੀਨ ਦਾ ਇੱਕ ਹਿੱਸਾ ਖੋਹ ਲੈਣਾ ਚਾਹੀਦਾ ਹੈ ਅਤੇ "ਵਾਜਬ" ਕੀਮਤ ਉਤੇ ਕਿਸਾਨਾਂ ਦੇ ਹੱਕ ਵਿੱਚ ਤਬਦੀਲ ਕਰ ਦੇਣਾ ਚਾਹੀਦਾ ਹੈ: ਇਸ "ਵਾਜਬ" ਦਾ ਅਰਥ ਇਹ ਹੈ ਕਿ ਕਿਸਾਨਾਂ ਨੂੰ ਜ਼ਮੀਨ ਦੀ ਕੀਮਤ ਨਾਲ਼ੋਂ ਕਿਤੇ ਵੱਧ ਰਕਮ ਲੈਂਡਲਾਰਡਾਂ ਨੂੰ ਅਦਾ ਕਰਨੀ ਪਵੇਗੀ।

1861 ਵਿੱਚ ਕੀਤੇ ਗਏ ਇੱਕ ਸੁਧਾਰ ਨਾਲ ਰੂਸ ਵਿੱਚੋਂ ਜਗੀਰਦਾਰੀ ਖ਼ਤਮ ਕਰ ਦਿੱਤੀ ਗਈ। ਇਸ ਦੇ ਨਾਲ਼ ਨਾਲ਼ ਕਿਸਾਨਾਂ ਦੇ ਪਲਾਟਾਂ ਵਿੱਚੋਂ ਵਧੀਆਂ ਜ਼ਮੀਨਾਂ ਕੱਟ ਕੇ ਜਗੀਰਦਾਰਾਂ ਨੂੰ ਦੇ ਦਿੱਤੀਆਂ ਗਈਆਂ। ਕਿਸਾਨਾਂ ਨੂੰ ਪ੍ਰਾਪਤ ਹੋਣ ਵਾਲ਼ੀਆਂ ਅਲਾਟਮੈਂਟਾਂ ਲਈ ਕਿਸਾਨਾਂ ਨੂੰ ਅਸਲ ਕੀਮਤ ਨਾਲੋਂ ਕਿਤੇ ਵੱਧ ਅਦਾਇਗੀ ਕਰਨੀ ਪਈ।

2. **ਪੁਰਅਮਨ ਲੁੱਟ ਦੀ ਪਾਰਟੀ** – ਲੈਨਿਨ ਪੁਰਅਮਨ ਰੈਨੋਵੇਸ਼ਨ (ਦੇਖੋ ਸਫਾ 39 ਦਾ ਨੋਟ) ਦੀ ਪਾਰਟੀ ਦਾ ਹਵਾਲਾ ਦੇ ਰਿਹਾ ਹੈ। ਇਹ "obnovleniye" (ਨਵ–ਬਣਤਰ) ਅਤੇ "ogrableniye" (ਲੁੱਟ) ਸ਼ਬਦਾਂ ਉੱਤੇ ਤਨਜ਼ ਹੈ।

ਗਰੀਬੀ ਦੀ ਮਾਰੀ ਹੋਈ ਅਤੇ ਨਿੱਘਰ ਰਹੀ ਸ਼ਹਿਰੀ ਪੈਟੀ-ਬੁਰਜੂਆਜ਼ੀ ਅਤੇ ਕਿਸਾਨੀ ਨੂੰ ਲਿਬਰਲ ਬੁਰਜੂਆਜ਼ੀ ਦੇ ਵਿਚਾਰਾਂ ਅਤੇ ਵਿਸ਼ਾਦਾਂ ਦੇ ਅਸਰ ਤੋਂ ਬਚਾਉਣਾ ਹੈ। ਇਸ ਫ਼ਰਜ਼ ਨੂੰ ਪੂਰਿਆਂ ਕਰਨ ਦੇ ਰਾਹ ਵਿੱਚ ਵੀ ਉਹੀ ਰੁਕਾਵਟ ਬਣ ਰਹੇ ਹਨ ਜਿਹੜੇ ਕੈਡਿਟਾਂ ਨਾਲ਼ ਪਿਆਰ-ਪੀਘਾਂ ਦੀ ਵਕਾਲਤ ਕਰਦੇ ਹਨ। ਉਹ ਕਿਸਾਨਾਂ ਨੂੰ ਲਿਬਰਲਾਂ ਨਾਲੋਂ ਅਲੱਗ ਨਹੀਂ ਕਰਦੇ, ਸਗੋਂ ਇਸ ਗੈਰਕੁਦਰਤੀ ਗੱਠਜੋੜ ਨੂੰ ਮਜ਼ਬੂਤ ਕਰਦੇ ਹਨ, ਜਿਹੜਾ ਕਿ ਮੁਕਤੀ ਦੇ ਅਤੇ ਪ੍ਰੋਲੇਤਾਰੀਆਂ ਦੇ ਕਾਜ਼ ਲਈ ਘਾਤਕ ਹੈ। ਉਹ ਕਿਸਾਨੀ ਜਨਤਾ ਨੂੰ ਲਿਬਰਲਾਂ ਦੀ ਪਿੱਛਲ-ਦਰਵਾਜ਼ੀ ਰਾਜਨੀਤੀ (ਜਾਂ ਡੂਮਾ ਵਿੱਚ ਸੀਟਾਂ ਦੀ ਵੰਡ ਲਈ ਰਾਜਸੀ ਸਾਜ਼ਸ਼) ਵਿਰੁੱਧ ਚਿਤਾਵਨੀ ਨਹੀਂ ਦਿੰਦੇ, ਸਗੋਂ ਇਸ ਸਾਜ਼ਸ਼ ਵਿੱਚ ਸ਼ਾਮਲ ਹੋ ਕੇ ਇਸ ਦੀ ਪੁਸ਼ਟੀ ਕਰ ਰਹੇ ਹਨ।

ਸਭ ਤਰ੍ਹਾਂ ਦੇ ਗਠਜੋੜਾਂ ਨੂੰ ਰੱਦ ਕਰੋ! ਮਿਹਨਤਕਸ਼ਾਂ ਦੀ ਪਾਰਟੀ ਨੂੰ ਆਪਣੀ ਚੋਣ ਮੁਹਿੰਮ, ਸ਼ਬਦਾਂ ਵਿੱਚ ਹੀ ਨਹੀਂ, ਸਗੋਂ ਅਮਲ ਵਿੱਚ ਵੀ, ਅਜ਼ਾਦ ਤੌਰ ’ਤੇ ਚਲਾਉਣੀ ਹੈ। ਇਸ ਨੂੰ ਲਾਜ਼ਮੀ ਤੌਰ ’ਤੇ ਸਾਰੇ ਲੋਕਾਂ ਅਤੇ ਵਿਸ਼ੇਸ਼ ਕਰਕੇ ਪ੍ਰੋਲੇਤਾਰੀ ਜਨਤਾ ਨੂੰ, ਅਸੂਲਾਂ ਉੱਤੇ ਅਧਾਰਤ ਦਲੇਰਾਨਾ ਅਤੇ ਬੇਝਿਜਕ ਨੁਕਤਾਚੀਨੀ ਦਾ ਮਾਡਲ ਪੇਸ਼ ਕਰਨਾ ਚਾਹੀਦਾ ਹੈ। ਸਿਰਫ਼ ਇਸੇ ਢੰਗ ਨਾਲ਼ ਹੀ ਅਸੀਂ ਲੋਕਾਂ ਨੂੰ, ਮੁਕਤੀ ਦੇ ਗੱਦਾਰ ਕੈਡਿਟਾਂ ਦੇ ਧੋਖਾ ਦੇਊ ਲਿਬਰਲਵਾਦ ਲਈ ਨਹੀਂ, ਸਗੋਂ ਮੁਕਤੀ ਲਈ ਸੰਘਰਸ਼ ਵਿੱਚ, ਵਧੇਰੇ ਅਸਰਦਾਰ ਢੰਗ ਨਾਲ਼ ਲਾਮਬੰਦ ਕਰਨ ਵਿੱਚ ਸਫਲ ਹੋਵਾਂਗੇ।

**ਤਰੇਨੀ ਤਰੂਦਾ ਨੰ. 2,**
31, ਦਸੰਬਰ, 1906

**ਸਮੁੱਚੀਆਂ ਲਿਖਤਾਂ,**
ਜਿਲਦ 11, ਸਫਾ 414-18.

# ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀ ਪੰਜਵੀਂ ਕਾਂਗਰਸ ਲਈ ਡਰਾਫਟ ਮਤਿਆਂ ਵਿੱਚੋਂ

## 4. ਵੱਡੀ ਪੱਧਰ 'ਤੇ ਗਰੀਬੀ ਅਤੇ ਆਰਥਿਕ ਘੋਲ਼ ਦਾ ਤੇਜ਼ ਹੋਣਾ

ਜਦੋਂ ਕਿ:

1. ਬਹੁਤ ਸਾਰੇ ਤੱਥ ਪ੍ਰੋਲੇਤਾਰੀਆਂ ਵਿੱਚ ਗਰੀਬੀ ਦੇ ਵਾਧੇ ਵੱਲ ਅਤੇ ਇਸ ਦੇ ਆਰਥਕ ਘੋਲ਼ ਦੇ ਸਿਖਰ ਹੱਦ ਤੱਕ ਤੇਜ਼ ਹੋਣ ਵੱਲ ਸੰਕੇਤ ਕਰਦੇ ਹਨ (ਪੋਲੈਂਡ ਵਿੱਚ ਲਾਕ ਆਊਟ, ਸੇਂਟ ਪੀਟਰਜ਼ਬਰਗ ਅਤੇ ਇਵਾਨੋਵੋ ਵੋਜਨੇਸੈਨਸਕ ਦੇ ਵਰਕਰਾਂ ਵਿੱਚ ਮਹਿੰਗੇ ਜੀਵਨ ਖਰਚਾਂ ਵਿਰੁੱਧ ਲਹਿਰ, ਮਾਸਕੋ ਦੇ ਸਨਅਤੀ ਇਲਾਕੇ ਵਿੱਚ ਸਰਗਰਮ ਹੜਤਾਲੀ ਲਹਿਰ, ਟਰੇਡ ਯੂਨੀਅਨ ਜਥੇਬੰਦੀਆਂ ਦਾ ਤੇਜ਼ ਘੋਲ਼ ਲਈ ਤਿਆਰੀ ਕਰਨ ਦਾ ਫੌਰੀ ਸੱਦਾ, ਆਦਿ),

2. ਸਭ ਸੰਕੇਤ ਦੱਸਦੇ ਹਨ ਕਿ ਆਰਥਕ ਘੋਲ਼ ਦੇ ਵੱਖ ਵੱਖ ਸਪੱਸ਼ਟ ਪੱਖ ਏਨੀ ਵੱਡੀ ਹੱਦ ਤੱਕ ਵੱਧ ਰਹੇ ਹਨ ਕਿ ਇਸ ਗੱਲ ਦੀ ਆਸ ਕਰਨ ਦੇ ਸਭ ਕਾਰਨ ਮੌਜੂਦ ਹਨ ਕਿ ਦੇਸ਼ ਭਰ ਵਿਚ ਜਨਤਕ ਆਰਥਕ ਐਕਸ਼ਨ ਹੋਵੇਗਾ, ਜਿਸ ਵਿੱਚ ਪ੍ਰੋਲੇਤਾਰੀਆ ਦੇ ਪਹਿਲਾਂ ਨਾਲ਼ੋਂ ਕਿਤੇ ਵੱਡੇ ਹਿੱਸੇ ਭਾਗ ਲੈਣਗੇ;

3. ਰੂਸੀ ਇਨਕਲਾਬ ਦਾ ਸਮੁੱਚਾ ਇਤਿਹਾਸ ਦਰਸਾਉਂਦਾ ਹੈ ਕਿ ਇਨਕਲਾਬੀ ਲਹਿਰਾਂ ਦੇ ਸਾਰੇ ਤਾਕਤਵਰ ਉਭਾਰ ਸਿਰਫ਼ ਅਜਿਹੀਆਂ ਜਨਤਕ ਆਰਥਕ ਲਹਿਰਾਂ ਦੇ ਅਧਾਰ 'ਤੇ ਹੀ ਸ਼ੁਰੂ ਹੋਏ;

ਇਹ ਕਾਨਫਰੰਸ ਐਲਾਨ ਕਰਦੀ ਹੈ:

1. ਕਿ ਸਭ ਪਾਰਟੀ ਜਥੇਬੰਦੀਆਂ ਨੂੰ, ਇਨ੍ਹਾਂ ਸਥਿਤੀਆਂ ਵੱਲ ਬੇਹੱਦ ਗੰਭੀਰਤਾ ਨਾਲ਼ ਧਿਆਨ ਦੇਣਾ ਚਾਹੀਦਾ ਹੈ, ਉਹਨਾਂ ਬਾਰੇ ਪੂਰੀ ਸੂਚਨਾ ਪ੍ਰਾਪਤ ਕਰਨੀ ਚਾਹੀਦੀ ਹੈ ਅਤੇ ਕਿ ਇਹ ਸਵਾਲ ਪੰਜਵੀਂ ਪਾਰਟੀ ਕਾਂਗਰਸ ਦੇ ਅਜੰਡੇ 'ਤੇ ਲੈ ਆਉਣਾ ਚਾਹੀਦਾ ਹੈ;

2. ਕਿ ਮੈਂਬਰਾਂ ਦੀ ਵੱਧ ਤੋਂ ਵੱਧ ਸੰਭਵ ਹੱਦ ਤੱਕ ਗਿਣਤੀ ਨੂੰ ਰੂਸ ਵਿੱਚ ਵਿਕਸਿਤ ਹੋ ਰਹੇ ਸਮੁੱਚੇ ਇਨਕਲਾਬੀ ਸੰਕਟ ਦਾ ਮੁੱਖ ਵਸੀਲਾ ਅਤੇ ਅਧਾਰ ਸਮਝਣਾ ਚਾਹੀਦਾ ਹੈ।

## 5. ਗੈਰ-ਪਾਰਟੀ ਮਜ਼ਦੂਰਾਂ ਦੀਆਂ ਜਥੇਬੰਦੀਆਂ ਅਤੇ ਪ੍ਰੋਲੇਤਾਰੀਆ ਵਿੱਚ ਅਨਾਰਕੋ-ਸਿੰਡੀਕੇਲਿਸਟ ਰੁਚੀ

ਜਦੋਂ ਕਿ:

1. ਕਾਮਰੇਡ ਐਕਸੇਲਰੋਦ ਦੀ ਗੈਰ–ਪਾਰਟੀ ਲੇਬਰ ਕਾਂਗਰਸ ਲਈ ਐਜੀਟੇਸ਼ਨ ਦੇ ਸਬੰਧ ਵਿੱਚ ਇੱਕ ਰਉਂ (ਜਿਸ ਦੀ ਪ੍ਰਤੀਨਿਧਤਾ ਲਾਰਿਨ, ਸ਼ੈਗਲੋ, ਐਲ, ਇਵਾਨੋਵਸਕੀ,

ਮਿਰੋਵ ਅਤੇ ਉਤੇਸਾ ਪ੍ਰਕਾਸ਼ਨ **ਓਸਵੋਬੋਜ਼ਦੇਨੀਏ ਤਰੂਦਾ** ਕਰਦੇ ਹਨ) ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀਆਂ ਸਫਾਂ ਵਿੱਚ ਉਭਰਿਆ ਹੈ, ਜਿਸ ਦਾ ਮਕਸਦ ਸੋਸ਼ਲਿਸਟ-ਡੈਮੋਕਰੈਟਿਕ ਲੇਬਰ ਪਾਰਟੀ ਨੂੰ ਨਸ਼ਟ ਕਰਨਾ ਅਤੇ ਇਸ ਦੀ ਥਾਂ ਪ੍ਰੋਲੇਤਾਰੀ ਦੀ ਗੈਰ-ਪਾਰਟੀ ਰਾਜਸੀ ਜਥੇਬੰਦੀ ਕਾਇਮ ਕਰਨਾ ਹੈ;[1]

2. ਇਸ ਤੋਂ ਬਿਨਾਂ ਪਾਰਟੀ ਤੋਂ ਬਾਹਰ ਅਤੇ ਅਸਲ ਵਿੱਚ ਪਾਰਟੀ ਦੇ ਵਿਰੁੱਧ, ਪ੍ਰੋਲੇਤਾਰੀਆਂ ਦਰਮਿਆਨ ਅਨਾਰਕੋ-ਸਿੰਡੀਕੇਲਿਸਟ ਐਜ਼ੀਟੇਸ਼ਨ ਚਲਾਈ ਜਾ ਰਹੀ ਹੈ ਅਤੇ ਗੈਰ-ਪਾਰਟੀ ਲੇਬਰ ਕਾਂਗਰਸ ਅਤੇ ਗੈਰ-ਪਾਰਟੀ ਜਥੇਬੰਦੀਆਂ ਦਾ ਉਹੀ ਨਾਅਰਾ ਵਰਤਿਆ ਜਾ ਰਿਹਾ ਹੈ (**ਸੋਯੂਜ਼ਨੋਏ ਦੇਲੋ** ਅਤੇ ਮਾਸਕੋ ਵਿੱਚ ਇਸ ਦਾ ਗਰੁੱਪ, ਓਡਸਾ ਵਿੱਚ ਅਨਾਰਕਿਸਟ ਪ੍ਰੈਸ ਵਗੈਰਾ);

3. ਰੂਸੀ ਸੋਸ਼ਲ ਡੈਮੋਕਰੈਟਿਕ ਪਾਰਟੀ ਦੀ ਨਵੰਬਰ ਦੀ ਕੁੱਲ ਰੂਸੀ ਕਾਨਫਰੰਸ ਵੱਲੋਂ ਪਾਸ ਕੀਤੇ ਗਏ ਮਤੇ ਦੀ ਪਾਲਣਾ ਨਾ ਕਰਦੇ ਹੋਏ, ਸਾਡੀ ਪਾਰਟੀ ਵਿੱਚ, ਗੈਰ-ਪਾਰਟੀ ਜਥੇਬੰਦੀਆਂ ਕਾਇਮ ਕਰਨ ਦੇ ਮੰਤਵ ਨਾਲ਼ ਬਹੁਤ ਸਾਰੀਆਂ ਗੜਬੜ ਵਾਲ਼ੀਆਂ ਕਾਰਵਾਈਆਂ ਦੇਖੀਆਂ ਗਈਆਂ ਹਨ।

4. ਦੂਜੇ ਪਾਸੇ, ਰੂਸੀ ਸੋਸ਼ਲ-ਡੈਮੋਕਰੈਟਿਕ ਪਾਰਟੀ ਨੇ ਕਦੇ ਵੀ ਕੁਝ ਗੈਰ-ਪਾਰਟੀ ਜਥੇਬੰਦੀਆਂ, ਜਿਵੇਂ ਕਿ ਮਜ਼ਦੂਰਾਂ ਦੀਆਂ ਡਿਪਟੀਆਂ ਦੀਆਂ ਸੋਵੀਅਤਾਂ, ਦੇ ਵੱਧ ਜਾਂ ਘੱਟ ਇਨਕਲਾਬੀ ਉਭਾਰ ਦੇ ਦਿਨਾਂ ਵਿੱਚ, ਮਜ਼ਦੂਰ ਜਮਾਤ ਵਿੱਚ ਸੋਸ਼ਲ-ਡੈਮੋਕਰੈਟਿਕ ਰਸੂਖ ਨੂੰ ਮਜ਼ਬੂਤ ਕਰਨ ਅਤੇ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਨੂੰ ਮਜ਼ਬੂਤ ਕਰਨ ਦੇ ਮਕਸਦ ਲਈ ਵਰਤੋਂ ਕਰਨ ਦੀ ਇੱਛਾ ਤੋਂ ਇਨਕਾਰ ਨਹੀਂ ਕੀਤਾ (ਦੇਖੋ ਸੇਂਟ ਪੀਟਰਜ਼ਬਰਗ ਕਮੇਟੀ ਦੇ ਅਤੇ ਲੇਬਰ ਕਾਂਗਰਸ ਬਾਰੇ ਮਾਸਕੋ ਕਮੇਟੀ ਦੇ ਮਤੇ, **ਪ੍ਰੋਲੇਤਾਰੀ** 3 ਅਤੇ 4),

5. ਮੁੜ-ਉਭਾਰ ਦਾ ਮੁਢਲਾ ਪੜਾਅ ਇਸ ਗੱਲ ਦੇ ਮੌਕੇ ਪੈਦਾ ਕਰਦਾ ਹੈ ਕਿ ਗੈਰ-ਪਾਰਟੀ ਮਜ਼ਦੂਰ ਜਮਾਤ ਦੀਆਂ ਪ੍ਰਤੀਨਿਧ ਸੰਸਥਾਵਾਂ, ਜਿਵੇਂ ਕਿ ਵਰਕਰਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ, ਵਰਕਰਾਂ ਦੇ ਡੈਲੀਗੇਟਾਂ ਦੀਆਂ ਸੋਵੀਅਤਾਂ ਆਦਿ ਜਥੇਬੰਦ ਕੀਤੀਆਂ

---

1. **ਖਾਤਮਾਵਾਦ** ਦਾ ਜ਼ਿਕਰ – ਇੱਕ ਮੌਕਾਪ੍ਰਸਤੀ ਰੁਚੀ, ਜਿਹੜੀ 1905-07 ਦੇ ਇਨਕਲਾਬ ਦੀ ਹਾਰ ਮਗਰੋਂ ਮੈਨਸ਼ਵਿਕ ਸੋਸ਼ਲਿਸਟ-ਡੈਮੋਕਰੈਟਾਂ ਵਿੱਚ ਆਮ ਸੀ।
ਖਾਤਮਾਵਾਦੀਆਂ ਨੇ ਮਜ਼ਦੂਰ ਜਮਾਤ ਦੀ ਅੰਡਰ ਗਰਾਊਂਡ ਪਾਰਟੀ ਖਤਮ ਕਰਨ ਦੀ ਮੰਗ ਕੀਤੀ ਅਤੇ ਵਰਕਰਾਂ ਨੂੰ ਜ਼ਾਰਸ਼ਾਹੀ ਵਿਰੁੱਧ ਇਨਕਲਾਬੀ ਸੰਘਰਸ਼ ਬੰਦ ਕਰਨ ਦਾ ਸੱਦਾ ਦਿੱਤਾ। ਉਹ ਗੈਰ-ਪਾਰਟੀ "ਮਜ਼ਦੂਰਾਂ" ਦੀ ਕਾਂਗਰਸ ਕਰਨਾ ਅਤੇ ਇਨਕਲਾਬੀ ਨਾਅਰਿਆਂ ਨੂੰ ਤੱਜ ਕੇ ਇੱਕ ਮੌਕਾ ਪ੍ਰਸਤਾਨਾ "ਚੁਰੇੜੀ ਮਜ਼ਦੂਰ ਪਾਰਟੀ" ਜਥੇਬੰਦ ਕਰਨਾ ਅਤੇ ਜ਼ਾਰਸ਼ਾਹੀ ਸਰਕਾਰ ਵੱਲੋਂ ਲਾਈਆਂ ਹੱਦਾਂ ਦੇ ਅੰਦਰ ਰਹਿ ਕੇ ਰਾਜਸੀ ਸਰਗਰਮੀ ਕਰਨਾ ਚਾਹੁੰਦੇ ਸਨ। ਲੈਨਿਨ ਅਤੇ ਹੋਰ ਬਾਲਸ਼ਵਿਕਾਂ ਨੇ ਲਗਾਤਾਰ ਖਾਤਮਾਵਾਦੀਆਂ ਨੂੰ ਨੰਗਿਆਂ ਕੀਤਾ, ਜਿਨ੍ਹਾਂ ਨੇ ਇਨਕਲਾਬ ਦੇ ਕਾਜ਼ ਨੂੰ ਪਿੱਠ ਦਿੱਤੀ ਸੀ। ਖਾਤਮਾਵਾਦੀਆਂ ਦਾ ਜਨਤਾ ਵਿੱਚ ਕੋਈ ਰਸੂਖ ਨਾ ਰਿਹਾ। ਰੂਸੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀ ਜਨਵਰੀ 1912 ਦੀ ਪਰਾਗ ਕਾਨਫਰੰਸ ਨੇ ਖਾਤਮਾਵਾਦੀਆਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ।

ਜਾਣ ਅਤੇ ਉਹਨਾਂ ਦੀ ਸੋਸ਼ਲ-ਡੈਮੋਕਰੈਟਿਕ ਲਹਿਰ ਦੇ ਵਿਕਾਸ ਦੇ ਮੰਤਵ ਲਈ ਵਰਤੋਂ ਕੀਤੀ ਜਾਵੇ; ਅਤੇ ਇਸ ਦੇ ਨਾਲ਼ ਹੀ ਸੋਸ਼ਲ-ਡੈਮੋਕਰੈਟਿਕ ਪਾਰਟੀ ਜਥੇਬੰਦੀਆਂ ਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਜੇਕਰ ਪ੍ਰੋਲੇਤਾਰੀ ਜਨਤਾ ਵਿੱਚ ਸੋਸ਼ਲ-ਡੈਮੋਕਰੈਟਿਕ ਸਰਗਰਮੀਆਂ ਠੀਕ ਅਸਰਦਾਰ ਢੰਗ ਨਾਲ਼ ਅਤੇ ਵੱਡੇ ਪੱਧਰ 'ਤੇ ਜਥੇਬੰਦ ਕੀਤੀਆਂ ਜਾਂਦੀਆਂ ਹਨ ਤਾਂ ਅਜਿਹੀਆਂ ਸੰਸਥਾਵਾਂ ਅਸਲ ਵਿੱਚ ਬੇਲੋੜੀਆਂ ਹੋ ਜਾਣਗੀਆਂ:

ਇਹ ਕਾਨਫਰੰਸ ਐਲਾਨ ਕਰਦੀ ਹੈ:

1. ਕਿ ਪ੍ਰੋਲੇਤਾਰੀਆ ਵਿੱਚ ਚਲਾਈ ਜਾ ਰਹੀ ਅਨਾਰਕੋ-ਸਿੰਡੀਕੇਲਿਸਟ ਲਹਿਰ ਦੇ ਖਿਲਾਫ਼ ਅਤੇ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿੱਚ ਐਕਸੇਲਰੋਦ ਅਤੇ ਲਾਰਿਨ ਦੇ ਵਿਚਾਰਾਂ ਵਿਰੁੱਧ ਬੇਹੱਦ ਦ੍ਰਿੜ ਸੰਕਲਪ ਨਾਲ਼ ਵਿਚਾਰਧਾਰਕ ਘੋਲ਼ ਚਲਾਇਆ ਜਾਵੇ।

2. ਕਿ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਨੂੰ ਅੰਦਰੋਂ ਕਮਜ਼ੋਰ ਕਰਨ ਦੇ ਭੰਨ੍ਹ ਤੋੜ ਕਰਨ ਵਾਲ਼ੇ ਅਤੇ ਨਾਅਰੇਬਾਜ਼ੀ ਵਾਲ਼ੇ ਸਾਰੇ ਯਤਨਾਂ ਵਿਰੁੱਧ ਅਤੇ ਸੋਸ਼ਲ-ਡੈਮੋਕਰੈਟਿਕ ਪਾਰਟੀ ਲਈ ਗੈਰ-ਪਾਰਟੀ ਰਾਜਸੀ, ਪ੍ਰੋਲੇਤਾਰੀ ਜਥੇਬੰਦੀਆਂ ਲਿਆਉਣ ਲਈ ਵਰਤੋਂ ਕਰਨ ਵਿਰੁੱਧ ਦ੍ਰਿੜ ਸੰਘਰਸ਼ ਕਰਨਾ ਚਾਹੀਦਾ ਹੈ;

3. ਕਿ ਲੋੜ ਪੈਣ 'ਤੇ ਸੋਸ਼ਲ-ਡੈਮੋਕਰੈਟਿਕ ਜਥੇਬੰਦੀਆਂ, ਵਰਕਰਾਂ ਦੇ ਡੈਲੀਗੇਟਾਂ ਦੀਆਂ ਅੰਤਰ-ਪਾਰਟੀ ਸੋਵੀਅਤਾਂ, ਵਰਕਰਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਅਤੇ ਇਹਨਾਂ ਜਥੇਬੰਦੀਆਂ ਦੇ ਪ੍ਰਤੀਨਿਧਾਂ ਦੀਆਂ ਕਾਂਗਰਸਾਂ ਵਿੱਚ ਭਾਗ ਲੈ ਸਕਦੀਆਂ ਅਤੇ ਅਜਿਹੀਆਂ ਸੰਸਥਾਵਾਂ ਜਥੇਬੰਦ ਕਰ ਸਕਦੀਆਂ ਹਨ, ਪਰ ਸ਼ਰਤ ਇਹ ਹੈ ਕਿ ਇਹ ਕੰਮ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਨੂੰ ਵਿਕਸਤ ਕਰਨ ਅਤੇ ਮਜ਼ਬੂਤ ਕਰਨ ਦੇ ਮੰਤਵ ਲਈ ਸਖ਼ਤੀ ਨਾਲ਼ ਪਾਰਟੀ ਲਾਈਨ ਦੇ ਮੁਤਾਬਕ ਕੀਤਾ ਜਾਵੇ।

4. ਕਿ ਪ੍ਰੋਲੇਤਾਰੀਆ ਦੇ ਵੱਡੇ ਹਿੱਸੇ ਵਿੱਚ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਰਸੂਖ ਨੂੰ ਵਧਾਉਣ ਅਤੇ ਮਜ਼ਬੂਤ ਕਰਨ ਦੇ ਮਕਸਦ ਲਈ ਇਹ ਜ਼ਰੂਰੀ ਹੈ ਕਿ, ਇਕ ਪਾਸੇ ਟਰੇਡ ਯੂਨੀਅਨਾਂ ਜਥੇਬੰਦ ਕਰਨ ਤੇ ਸੋਸ਼ਲ-ਡੈਮੋਕਰੈਟਿਕ ਪਰਾਪੇਗੰਡਾ ਅਤੇ ਐਜੀਟੇਸ਼ਨ ਕਰਨ ਲਈ ਅਤੇ ਦੂਜੇ ਪਾਸੇ, ਮਜ਼ਦੂਰ ਜਮਾਤ ਦੇ ਹੋਰ ਵੱਡੇ ਹਿੱਸਿਆਂ ਨੂੰ ਪਾਰਟੀ ਜਥੇਬੰਦੀਆਂ ਦੀਆਂ ਸਭ ਕਿਸਮ ਦੀਆਂ ਸਰਗਰਮੀਆਂ ਵਿੱਚ ਖਿੱਚਣ ਲਈ ਯਤਨ ਤੇਜ਼ ਕੀਤੇ ਜਾਣ।

15-18 ਫਰਵਰੀ (28 ਫਰਵਰੀ
3 ਮਾਰਚ) 1907 ਨੂੰ ਲਿਖਿਆ।
4 ਮਾਰਚ 1907 ਨੂੰ ਪ੍ਰੋਲੇਤਾਰੀ
ਨੰ. 14 ਵਿੱਚ ਛਪਿਆ।

**ਸਮੁੱਚੀਆਂ ਲਿਖਤਾਂ**,
ਜਿਲਦ 12,
ਸਫੇ 142-44

# ਮੌਜੂਦਾ ਸਥਿਤੀ ਦਾ ਜਾਇਜ਼ਾ

ਰੂਸੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀ ਆਉਣ ਵਾਲ਼ੀ ਕੁੱਲ ਰੂਸੀ ਕਾਨਫਰੰਸ ਦੇ ਅਜੰਡੇ ਵਿੱਚ ਇਹ ਸਵਾਲ ਵੀ ਸ਼ਾਮਲ ਹੈ: "ਮੌਜੂਦਾ ਸਥਿਤੀ ਅਤੇ ਪਾਰਟੀ ਦੇ ਕੰਮ।" ਸਾਡੀ ਪਾਰਟੀ ਦੀਆਂ ਜਥੇਬੰਦੀਆਂ ਨੇ ਹੁਣ ਤੋਂ ਹੀ (ਇਸ ਪੱਖ ਤੋਂ ਮਾਸਕੋ ਅਤੇ ਸੇਂਟ ਪੀਟਰਜ਼ਬਰਗ ਸਭ ਤੋਂ ਅਗੇ ਹਨ) ਇਸ ਸਵਾਲ ਬਾਰੇ ਬਾਕਾਇਦਾ ਢੰਗ ਨਾਲ਼ ਵਿਚਾਰ ਵਟਾਂਦਰਾ ਸ਼ੁਰੂ ਕਰ ਦਿੱਤਾ ਹੈ, ਜਿਹੜਾ ਕਿ ਬਿਨਾਂ ਸ਼ੱਕ ਬੇਹੱਦ ਮਹੱਤਵ ਵਾਲ਼ਾ ਸਵਾਲ ਹੈ।

ਮੁਕਤੀ ਲਈ ਲਹਿਰ ਵਿੱਚ ਖੜੋਤ, ਮਜ਼ਬੂਤ ਪਿਛਾਖੜ, ਜਮਹੂਰੀਅਤ ਪਸੰਦਾਂ ਦੇ ਕੈਂਪ ਵਿੱਚ ਗੱਦਾਰੀ ਅਤੇ ਅਨਿਸ਼ਚਿਤਤਾ, ਸੋਸ਼ਲ-ਡੈਮੋਕਰੈਟਿਕ ਜਥੇਬੰਦੀਆਂ ਵਿੱਚ ਸੰਕਟ ਅਤੇ ਨੀਮ-ਵਿਸ਼ਾਦ ਦਾ ਮੌਜੂਦਾ ਕਾਲ, ਇਸ ਗੱਲ ਨੂੰ ਵਿਸ਼ੇਸ਼ ਤੌਰ 'ਤੇ ਮਹੱਤਵ ਪ੍ਰਦਾਨ ਕਰ ਦਿੰਦੇ ਹਨ ਕਿ ਸਾਡੇ ਇਨਕਲਾਬ ਦੀ ਪਹਿਲੀ ਮੁਹਿੰਮ ਦੇ ਮੁੱਖ ਸਬਕਾਂ ਦਾ ਜਾਇਜ਼ਾ ਲਿਆ ਜਾਵੇ। ਸਾਡੇ ਮਨਾਂ ਵਿੱਚ ਸ਼ਬਦਾਂ ਦੇ ਸੌੜ ਅਰਥਾਂ ਵਿੱਚ ਯੁੱਧਨੀਤਕ ਸਬਕ ਨਹੀਂ, ਸਗੋਂ ਸਭ ਤੋਂ ਪਹਿਲਾ ਇਨਕਲਾਬਾਂ ਦੇ ਆਮ ਸਬਕ ਹਨ ਅਤੇ ਇਸ ਮੁਤਾਬਕ ਸਾਡਾ ਪਹਿਲਾ ਸਵਾਲ ਇਹ ਹੋਵੇਗਾ ਕਿ 1904 ਅਤੇ 1908 ਦਰਮਿਆਨ ਰੂਸ ਦੀਆਂ ਤਾਕਤਾਂ ਦੇ ਰਾਜਸੀ ਤੋਲ ਅਤੇ ਜਮਾਤਾਂ ਦੇ ਗਰੁੱਪਾਂ ਵਿੱਚ ਕਿਹੜੀਆਂ ਬਾਹਰਮੁਖੀ ਤਬਦੀਲੀਆਂ ਆਈਆਂ ਹਨ[1] ? ਸਾਡੇ ਵਿਚਾਰ ਅਨੁਸਾਰ ਮੁੱਖ ਤਬਦੀਲੀਆਂ ਨੂੰ ਹੇਠ ਲਿਖੀਆਂ ਪੰਜਾਂ ਵਿੱਚ ਸੀਮਤ ਕੀਤਾ ਜਾ ਸਕਦਾ ਹੈ: (1) ਕਿਸਾਨੀ ਦੇ ਸਵਾਲ ਉੱਤੇ ਤਾਨਾਸ਼ਾਹੀ ਦੀ ਖੇਤੀਬਾੜੀ ਨੀਤੀ ਵਿੱਚ ਮੁਢਲੀ ਤਬਦੀਲੀ ਹੋਈ ਹੈ: ਪੁਰਾਣੇ ਪੇਂਡੂ ਕਮਿਊਨ ਦੀ ਮਦਦ ਅਤੇ ਉਤਸ਼ਾਹ ਦੀ ਥਾਂ ਪੁਲੀਸ ਵੱਲੋਂ ਉਸ ਕਮਿਊਨ ਨੂੰ ਖਤਮ ਕਰਨ ਅਤੇ ਤਹਿਸ ਨਹਿਸ ਕਰਨ ਦੀ ਨੀਤੀ ਨੇ ਲੈ ਲਈ ਹੈ।[2] (2) ਬਲੈਕ ਹੰਡਰਡ ਭੱਦਰ ਪੁਰਸ਼ਾਂ ਅਤੇ ਵੱਡੀ ਬੁਰਜੂਆਜ਼ੀ ਦੇ ਪ੍ਰਤੀਨਿਧ ਪ੍ਰਬੰਧਾਂ ਨੇ ਅੱਗੇ ਵੱਲ ਨੂੰ ਇੱਕ ਤਕੜੀ ਛਾਲ਼ ਮਾਰੀ ਹੈ; ਪਹਿਲਾਂ ਦੀਆਂ ਭੱਦਰ ਪੁਰਸ਼ਾਂ ਅਤੇ ਵਪਾਰੀਆਂ ਦੀਆਂ ਸਥਾਨਕ ਚੁਣੀਆਂ ਕਮੇਟੀਆਂ ਦੀ ਥਾਂ, ਉਹਨਾਂ ਨੂੰ ਕੁੱਲ ਰੂਸੀ ਪੱਧਰ 'ਤੇ ਪ੍ਰਤੀਨਿਧਤਾ ਦੇਣ ਲਈ ਕੀਤੇ ਗਏ ਯਤਨਾਂ ਦੀ ਥਾਂ, ਹੁਣ ਇੱਕੋ ਇੱਕ ਪ੍ਰਤੀਨਿਧ ਸੰਸਥਾ, ਸਟੇਟ ਡੂਮਾ ਹੈ, ਜਿਸ

1. ਅਰਥਾਤ 1905-07 ਦੇ ਇਨਕਲਾਬ ਦੇ ਮਗਰੋਂ।

2. 9 (22) ਨਵੰਬਰ, 1906 ਨੂੰ ਮੰਤਰੀਆਂ ਦੀ ਕੌਂਸਲ ਦੇ ਚੇਅਰਮੈਨ ਸਤੋਲੀਪਿਨ ਨੇ ਇੱਕ ਜ਼ਮੀਨੀ ਐਲਾਨ ਜਾਰੀ ਕੀਤਾ ਜਿਸ ਵਿੱਚ ਕਿਸਾਨਾਂ ਨੂੰ ਕਮਿਊਨ ਛੱਡਣ ਅਤੇ ਵੱਖਰੇ ਫਾਰਮ ਕਾਇਮ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਸਤੋਲੀਪਿਨ ਦੇ ਜ਼ਮੀਨੀ ਸੁਧਾਰਾਂ, ਜਿਹੜੇ ਕਿ ਪੇਂਡੂ ਗਰੀਬਾਂ ਨੂੰ ਮੁਕੰਮਲ ਤੌਰ 'ਤੇ ਤਬਾਹ ਕਰਨ ਵਾਲ਼ੇ ਅਤੇ ਕੁਲਕਾਂ ਨੂੰ ਲਾਭ ਪਹੁੰਚਾਉਂਦੇ ਸਨ, ਦਾ ਮਕਸਦ ਕੁਲਕਾਂ ਨੂੰ ਪੇਂਡੂ ਖੇਤਰ ਵਿੱਚ ਜ਼ਾਰਸ਼ਾਹੀ ਦੇ ਤਕੜੇ ਥੰਮ੍ਹ ਬਣਾਉਣਾ ਸੀ।

ਵਿੱਚ ਇਨ੍ਹਾਂ ਜਮਾਤਾਂ ਨੂੰ ਮੁਕੰਮਲ ਅਧਿਕਾਰ ਦੀ ਗਾਰੰਟੀ ਕੀਤੀ ਗਈ ਹੈ। ਕਿਸਾਨੀ ਅਤੇ ਪ੍ਰੋਲੇਤਾਰੀ ਦੀ ਗੱਲ ਹੀ ਕੀ ਕਹਿਣੀ, ਲਿਬਰਲ ਕਿੱਤਿਆਂ ਦੀ ਪ੍ਰਤੀਨਿਧਤਾ ਨੂੰ ਵੀ ਇਸ ਕਥਿਤ "ਸੰਵਿਧਾਨਕ" ਸੰਸਥਾ ਵਿੱਚ ਸਹਿ-ਸੰਸਥਾ ਦਾ ਰੋਲ ਦੇ ਦਿੱਤਾ ਗਿਆ ਹੈ ਅਤੇ ਇਸ ਨੂੰ ਪਾਂਸਕੂ ਕਰ ਦਿੱਤਾ ਹੈ ਅਤੇ ਇਸ ਸੰਸਥਾ ਦਾ ਮੰਤਵ ਤਾਨਾਸ਼ਾਹੀ ਨੂੰ ਮਜ਼ਬੂਤ ਕਰਨਾ ਹੈ। (3) ਪਹਿਲੀ ਵਾਰ ਜਮਾਤਾਂ ਦੀ ਪੱਧਰੀ 'ਤੇ ਸਾਫ ਵੰਡ ਹੋਈ ਹੈ ਅਤੇ ਇਹਨਾਂ ਇਸ ਕਾਲ਼ ਦੌਰਾਨ ਖੁੱਲ੍ਹੇ ਰਾਜਸੀ ਸੰਘਰਸ਼ਾਂ ਵਿੱਚ ਭਾਗ ਲਿਆ ਹੈ। ਜਿਹੜੀਆਂ ਰਾਜਸੀ ਪਾਰਟੀਆਂ ਅੱਜ ਕੱਲ੍ਹ ਖੁੱਲ੍ਹੇਆਮ ਜਾਂ ਗੁਪਤ ਤੌਰ 'ਤੇ (ਵਧੇਰੇ ਠੀਕ ਹੋਵੇਗਾ ਜੇਕਰ ਨੀਮ-ਗੁਪਤ ਤੌਰ 'ਤੇ ਕਹੀਏ, ਕਿਉਂਕਿ ਇਨਕਲਾਬ ਤੋਂ ਬਾਅਦ ਰੂਸ ਵਿੱਚ ਕੋਈ "ਮੁਕੰਮਲ ਤੌਰ 'ਤੇ" ਗੁਪਤ ਪਾਰਟੀ ਨਹੀਂ ਰਹੀ) ਹੋਂਦ ਵਿੱਚ ਨਹੀਂ ਹਨ, ਉਹ ਉਹਨਾਂ ਜਮਾਤਾਂ, ਜਿਹੜੀਆਂ ਤਿੰਨ ਸਾਲ ਦੇ ਸਮੇਂ ਦੌਰਾਨ ਏਨੀਆਂ ਸਿਆਣੀਆਂ ਹੋ ਗਈਆਂ ਹਨ, ਜਿੰਨੀਆਂ ਉਹ ਪਿਛਲੀ ਅੱਧੀ ਸਦੀ ਵਿੱਚ ਨਹੀਂ ਹੋਈਆਂ ਹਨ, ਦੇ ਹਿੱਤ ਅਤੇ ਵਿਚਾਰਾਂ ਬਾਰੇ ਜਿੰਨੀ ਜ਼ੋਰ ਨਾਲ਼ ਤੇ ਸਾਫਗੋਈ ਨਾਲ਼ ਗੱਲਾਂ ਕਰਦੀਆਂ ਹਨ, ਓਨੀ ਸਾਫਗੋਈ ਨਾਲ਼ ਪਹਿਲਾਂ ਕਦੇ ਵੀ ਨਹੀਂ ਸੀ ਕੀਤੀ ਜਾਂਦੀ। ਬਲੈਕ ਹੰਡਰਡ ਭੱਦਰ ਪੁਰਸ਼ਾਂ, ਕੌਮੀ "ਲਿਬਰਲ" ਬੁਰਜੂਆਜ਼ੀ, ਪੈਟੀ-ਬੁਰਜੂਆ ਡੈਮੋਕਰੇਟਾਂ, (ਐਸ. ਆਰਜ. ਦੇ ਖੱਬੇ ਪੱਖ ਦੇ ਨਾਲ਼ ਤਰੂਦੋਵਿਕ) ਅਤੇ ਪ੍ਰੋਲੇਤਾਰੀ ਸੋਸ਼ਲ ਡੈਮੋਕਰੇਟਾਂ, ਸਭ ਨੇ ਇਸ ਸਮੇਂ ਦੌਰਾਨ ਆਪਣੇ ਵਿਕਾਸ ਦੀ, "ਪੂਰੇ ਵਿਕਾਸ" ਦੀ, ਸਟੇਜ ਮੁਕੰਮਲ ਕਰ ਲਈ ਹੈ ਅਤੇ ਆਪਣੇ ਖਾਸੇ ਬਾਰੇ ਸ਼ਬਦਾਂ ਨਾਲ਼ ਨਹੀਂ ਸਗੋਂ ਤੱਥਾਂ ਅਤੇ ਜਨਤਕ ਕਾਰਵਾਈਆਂ ਰਾਹੀਂ ਪੰਜ ਸਾਲ ਅਗਾਊਂ ਹੀ ਵਿਆਖਿਆ ਕਰ ਦਿੱਤੀ ਹੈ (4) ਇਨਕਲਾਬ ਤੋਂ ਪਹਿਲਾਂ ਜਿਹੜਾ ਲਿਬਰਲ ਅਤੇ ਲਿਬਰਲ ਨਰੋਦਨਿਕ "ਸਮਾਜ" ਜਾਂ ਸਮੁੱਚੀ "ਕੌਮ" ਦਾ "ਸੂਝ ਬੂਝ ਵਾਲ਼ਾ" ਹਿੱਸਾ ਅਖਵਾਉਂਦਾ ਸੀ – ਖਾਂਦੇ ਪੀਂਦੇ ਭੱਦਰ ਪੁਰਸ਼ਾਂ ਅਤੇ ਬੁੱਧੀਜੀਵੀਆਂ ਦੀ "ਆਪੋਜੀਸ਼ਨ" ਜਿਹੜੀ ਇੱਕ ਇਕੱਠੀ ਜੁੜੀ ਹੋਈ ਅਤੇ ਇੱਕਸੁਰ ਪ੍ਰਤੀਤ ਹੁੰਦੀ ਸੀ ਅਤੇ ਜਿਹੜੀ ਜ਼ੈਮਸਤੋਵਾਂ, ਯੂਨੀਵਰਸਿਟੀਆਂ ਅਤੇ ਸਾਰੀ "ਭੱਦਰ" ਪ੍ਰੈੱਸ ਵਗੈਰਾ ਵਗੈਰਾ ਤੱਕ ਫੈਲੀ ਹੋਈ ਸੀ – ਨੇ ਇਨਕਲਾਬ ਵਿੱਚ ਆਪਣੇ ਆਪ ਨੂੰ ਬੁਰਜੂਆਜ਼ੀ ਦੇ ਵਿਚਾਰਧਾਰਕਾਂ ਅਤੇ ਹਮਾਇਤੀਆਂ ਵਜੋਂ ਪੇਸ਼ ਕੀਤਾ ਹੈ ਅਤੇ ਸੋਸ਼ਲਿਸਟ ਪ੍ਰੋਲੇਤਾਰੀ ਅਤੇ ਜਮਹੂਰੀ ਕਿਸਾਨੀ ਦੇ **ਜਨਤਕ** ਸੰਘਰਸ਼ ਦੇ ਸਬੰਧ ਵਿੱਚ ਜਿਹੜੀ ਪੁਜ਼ੀਸ਼ਨ ਲਈ ਹੈ ਅਤੇ ਜਿਸ ਨੂੰ ਕਿ ਹੁਣ ਸਾਰੇ ਚੰਗੀ ਤਰ੍ਹਾਂ ਪਹਿਚਾਣ ਸਕਦੇ ਹਨ, **ਉਲਟ ਇਨਕਲਾਬੀ** ਪੁਜ਼ੀਸ਼ਨ ਹੈ। ਉਲਟ-ਇਨਕਲਾਬੀ ਲਿਬਰਲ ਬੁਰਜੂਆਜ਼ੀ ਹੋਂਦ ਵਿੱਚ ਆ ਗਈ ਹੈ ਅਤੇ ਇਹ ਵਿਕਾਸ ਕਰ ਰਹੀ ਹੈ – ਅਤੇ ਇਹ ਤੱਥ ਇਸ ਕਰਕੇ ਖਤਮ ਨਹੀਂ ਹੋ ਜਾਵੇਗਾ ਕਿਉਂਕਿ ਇਸ ਤੋਂ "ਅਗਾਂਹਵਧੂ" ਕਾਨੂੰਨੀ ਪ੍ਰੈੱਸ ਵੱਲੋਂ ਇਨਕਾਰ ਕੀਤਾ ਜਾ ਰਿਹਾ ਹੈ, ਜਾਂ ਸਾਡੇ ਮੌਕਾਪ੍ਰਸਤ, ਮੈਨਸ਼ਵਿਕ ਇਸ ਬਾਰੇ ਚੁੱਪ ਸਾਧੀ ਰੱਖ ਰਹੇ ਹਨ ਅਤੇ ਇਸ ਨੂੰ ਸਮਝ ਨਹੀਂ ਰਹੇ। (5) ਜਨ ਸੰਖਿਆ ਵਿੱਚੋਂ ਲੱਖਾਂ ਲੋਕਾਂ ਨੇ, "ਆਮ ਹੜਤਾਲ" ਜਗੀਰਦਾਰਾਂ ਦੇ ਨਿਕਾਲੇ, ਉਹਨਾਂ ਦੇ ਪਿੰਡਾਂ ਦੇ ਮਕਾਨਾਂ ਨੂੰ ਅੱਗ ਲਾਉਣ ਅਤੇ ਖੁੱਲ੍ਹੇ ਹਥਿਆਰਬੰਦ ਵਿਦਰੋਹ ਸਮੇਤ, ਨਿਆਈਂ ਜਨਤਕ ਅਤੇ ਸਿੱਧੇ ਤੌਰ 'ਤੇ ਇਨਕਲਾਬੀ ਸੰਘਰਸ਼ ਵਿੱਚ, ਬਹੁਤ ਵੱਖ ਵੱਖ ਕਿਸਮਾਂ ਰਾਹੀਂ, ਅਮਲੀ **ਤਜ਼ਰਬਾ** ਪ੍ਰਾਪਤ

ਕੀਤਾ ਹੈ। ਜਿਹੜਾ ਇਨਕਲਾਬ ਤੋਂ ਪਹਿਲਾਂ ਇਨਕਲਾਬੀ ਜਾਂ ਜਮਾਤੀ ਤੌਰ ’ਤੇ ਸੁਚੇਤ ਕਾਮਾ ਸੀ, ਉਹ ਵੀ ਇਸ ਤੱਥ ਦੀ ਮਹਾਨ ਮਹੱਤਤਾ ਨੂੰ ਪੂਰੀ ਤਰ੍ਹਾਂ ਮਹਿਸੂਸ ਨਹੀਂ ਕਰ ਸਕਦਾ, ਜਿਸ ਨੇ ਕਿ ਰਾਜਨੀਤਕ ਸੰਕਟ ਦੇ ਵਿਕਾਸ ਰਾਹ ਦੀਆਂ ਕਈ ਮੁਢਲੀਆਂ ਗਿਣਤੀਆਂ, ਇਸ ਦੀ ਰਫਤਾਰ, ਜਨਤਾ ਵੱਲੋਂ ਅਮਲੀ ਤੌਰ ’ਤੇ ਕਾਇਮ ਕੀਤੇ ਇਤਿਹਾਸ ਦੇ ਵਿਰੋਧਾਂ ਵਿੱਚ ਤਿੱਖੀ ਤਬਦੀਲੀ ਕਰ ਦਿੱਤੀ ਹੈ। **ਜਨਤਾ ਵੱਲੋਂ** ਇਸ ਤਜ਼ਰਬੇ ਦਾ ਜਾਇਜ਼ਾ ਅਦਿੱਖ, ਕਸ਼ਟਪੂਰਨ ਅਤੇ ਲੰਮਾ ਅਮਲ ਹੈ, ਜਿਹੜਾ ਕਿ ਦੇਸ਼ ਦੇ ਰਾਜਨੀਤਕ ਜੀਵਨ ਦੀ ਸਤਿਹ ਤੇ ਕਿਤੇ ਵਧੇਰੇ ਮਹੱਤਵਪੂਰਨ ਰੋਲ ਅਦਾ ਕਰਦਾ ਹੈ, ਰਾਜਨੀਤਕ ਜੀਵਨ, ਜਿਹੜਾ ਕਿ ਉਹਨਾਂ ਬੱਚਿਆਂ ਨੂੰ ਖਿਚ ਪਾਉਂਦਾ ਹੈ ਜਿਹੜੇ ਨਾ ਸਿਰਫ਼ ਰਾਜਨੀਤੀ ਵਿੱਚ ਬਚਪਨੇ ਵਿੱਚ ਹੀ ਹਨ ਸਗੋਂ ਕਦੇ ਕਦੇ ਰਤਾ ਵੱਡੇ ਵੀ ਹੁੰਦੇ ਹਨ। ਜੇਕਰ ਅਸੀਂ ਸਮੁੱਚੇ ਤੌਰ ’ਤੇ ਦੇਖੀਏ ਤਾਂ ਸਾਰੇ ਲੋਕ ਸਪੱਸ਼ਟਤਾ ਨਾਲ਼ ਦੇਖ ਸਕਦੇ ਹਨ ਕਿ ਪ੍ਰੋਲੇਤਾਰੀ ਜਨਤਾ ਨੇ ਇਨਕਲਾਬ ਅਤੇ ਸੰਘਰਸ਼ ਦੇ ਸਾਰੇ ਖੇਤਰਾਂ ਵਿੱਚ ਮੁਜ਼ਾਹਰਿਆਂ ਤੋਂ ਵਿਦਰੋਹ ਰਾਹੀਂ, (ਘਟਨਾਕ੍ਰਮ ਮੁਤਾਬਕ), “ਪਾਰਲੀਮੈਂਟਰੀ” ਸਰਗਰਮੀ ਤੱਕ, ਸਭ ਥਾਂ ਆਗੂ ਰੋਲ ਅਦਾ ਕੀਤਾ।

ਅਜਿਹੀਆਂ ਹਨ ਬਾਹਰਮੁਖੀ ਤਬਦੀਲੀਆਂ ਜਿਨ੍ਹਾਂ ਨੇ ਅਕਤੂਬਰ ਤੋਂ ਪਹਿਲਾਂ[1] ਅਤੇ ਹੁਣ ਦੇ ਰੂਸ ਵਿੱਚ ਅੰਤਰ ਪੈਦਾ ਕਰ ਦਿੱਤਾ ਹੈ। ਸਾਡੇ ਇਤਿਹਾਸ ਦੇ ਬੇਹੱਦ ਘਟਨਾ-ਭਰਪੂਰ ਕਾਲ ਦੇ ਅਜਿਹੇ ਨਤੀਜੇ ਹਨ, ਜਿਹੜੇ ਨਤੀਜੇ ਕਿ ਨਿਸ਼ਚੇ ਹੀ ਏਨੇ ਸੰਖੇਪ ਢੰਗ ਨਾਲ਼ ਦਿੱਤੇ ਗਏ ਹਨ ਕਿ ਕੋਈ ਵੀ ਜਣਾ ਕੁਝ ਸਤਰਾਂ ਵਿੱਚ ਦਸ ਸਕਦਾ ਹੈ ਕਿ ਕਿਹੜੀ ਗੱਲ ਮਹੱਤਵਪੂਰਨ ਅਤੇ ਜ਼ਰੂਰੀ ਹੈ। ਆਓ ਹੁਣ ਆਪਾਂ ਯੁੱਧਨੀਤੀ ਦੇ ਖੇਤਰ ਵਿੱਚ ਇਹਨਾਂ ਨਤੀਜਿਆਂ ਤੋਂ ਕੱਢੇ ਜਾਣ ਵਾਲ਼ੇ ਸਿੱਟਿਆਂ ਬਾਰੇ ਜਾਂਚ ਕਰੀਏ।

ਤਾਨਾਸ਼ਾਹੀ ਦੀ ਖੇਤੀਬਾੜੀ ਨੀਤੀ ਵਿੱਚ ਤਬਦੀਲੀ ਰੂਸ ਵਰਗੇ “ਕਿਸਾਨੀ” ਵਾਲੇ ਦੇਸ਼ ਲਈ ਵਿਸ਼ੇਸ਼ ਤੌਰ ’ਤੇ ਮਹਾਨ ਮਹੱਤਤਾ ਵਾਲ਼ੀ ਹੈ। ਇਹ ਤਬਦੀਲੀ ਹਾਦਸਨ ਨਹੀਂ, ਇਹ ਕਾਰਵਾਈ ਦੇ ਮੰਤਰੀ ਢੰਗ ਵਿੱਚ ਤਬਦੀਲੀ ਨਹੀਂ, ਨਾ ਹੀ ਇਹ ਅਫਸਰਸ਼ਾਹੀ ਦੀ ਕਾਢ ਹੈ। ਨਹੀਂ, ਇਹ **ਖੇਤੀਬਾੜੀ ਬੋਨਾਪਾਰਟਵਾਦ** ਵੱਲ, ਕਿਸਾਨੀ ਜ਼ਮੀਨੀ ਸਬੰਧਾਂ ਦੇ ਖੇਤਰ ਵਿੱਚ ਲਿਬਰਲ (ਆਰਥਕ ਤੌਰ ’ਤੇ ਸਮਝ ਯੋਗ ਆਰਥਕ ਬੁਰਜੂਆ) ਨੀਤੀ ਵੱਲ ਡੂੰਘੀ “ਤਬਦੀਲੀ” ਹੈ। ਬੋਨਾਪਾਰਟਵਾਦ ਰਾਜਸ਼ਾਹੀ ਵੱਲੋਂ, ਜਿਹੜੀ ਕਿ ਆਪਣੀ ਪੁਰਾਣੀ ਵਿਰਾਸਤੀ ਜਾਂ ਜਗੀਰੂ, ਸਾਦਾ ਅਤੇ ਠੋਸ ਨੀਂਹ ਗੁਆ ਚੁੱਕੀ ਹੈ, ਵੱਲੋਂ ਕੀਤੀ ਗਈ ਕਾਰਵਾਈ ਹੈ – ਅਜਿਹੀ ਰਾਜਸ਼ਾਹੀ ਵੱਲੋਂ, ਜਿਸ ਨੂੰ ਇਸ ਕਾਰਨ ਕੱਸੇ ਹੋਏ ਰੱਸੇ ’ਤੇ ਤੁਰਨਾ ਪੈ ਰਿਹਾ ਹੈ ਕਿ ਕਿਤੇ ਉਹ ਡਿੱਗ ਨਾ ਪਵੇ, ਰਾਜ ਕਰਨ ਲਈ ਕੁਝ ਕਾਰਵਾਈਆਂ ਕਰਨੀਆਂ ਪੈ ਰਹੀਆਂ ਹਨ, ਪਿਆਰ-ਪ੍ਰਾਪਤੀ ਲਈ ਰਿਸ਼ਵਤਾਂ ਦੇਣੀਆਂ ਪੈ ਰਹੀਆਂ ਹਨ ਅਤੇ ਇਸ ਗੱਲ ਲਈ ਕਿ ਸਿਰਫ਼ ਕਿਰਚਾਂ ਉੱਤੇ ਹੀ ਟੇਕ ਨਾ ਰਖੀ ਜਾਵੇ, ਸਮਾਜ ਦੇ ਕੋਹੜਾਂ, ਚੋਰਾਂ ਅਤੇ ਠੱਗਾਂ ਨਾਲ਼ ਦੋਸਤਾਨਾ ਗੰਢਣਾ ਪੈ ਰਿਹਾ ਹੈ। ਬੋਨਾਪਾਰਟਵਾਦ ਕਿਸੇ ਵੀ ਬੁਰਜੂਆ ਦੇਸ਼ ਵਿੱਚ ਰਾਜਸ਼ਾਹੀ

1. ਇਹ ਅਕਤੂਬਰ 1905 ਦੀ ਕੁੱਲ-ਰੂਸੀ ਰਾਜਸੀ ਹੜਤਾਲ ਤੋਂ ਪਹਿਲਾਂ ਦੀ ਗੱਲ ਹੈ।

ਦੀ ਬਾਹਰਮੁਖੀ ਤੌਰ 'ਤੇ ਜ਼ਰੂਰੀ ਉਪਜ ਹੈ, ਜਿਸ ਬਾਰੇ ਮਾਰਕਸ ਅਤੇ ਏਂਗਲਜ਼ ਨੇ ਯੂਰਪ ਦੇ ਆਧੁਨਿਕ ਇਤਿਹਾਸ ਵਿੱਚ ਬਹੁਤ ਸਾਰੇ ਤੱਥ ਦੇ ਕੇ, ਸਪੱਸ਼ਟਤਾ ਨਾਲ਼ ਦਰਸਾਇਆ ਹੈ ਅਤੇ ਸਤੋਲੀਪਿਨ ਦਾ ਖੇਤੀਬਾੜੀ ਬੋਨਾਪਾਰਟਵਾਦ, ਜਿਸ ਦੀ ਇਸ ਨੁਕਤੇ 'ਤੇ ਬਲੈਕ ਹੰਡਰਡ ਲੈਂਡਲਾਡਰਾਂ ਅਤੇ ਅਕਤੂਬਰਵਾਦੀ[1] ਬੁਰਜੂਆਜ਼ੀ ਵੱਲੋਂ ਹਮਾਇਤ ਕੀਤੀ ਜਾ ਰਹੀ ਹੈ, ਨੇ ਦੋ ਸਾਲ ਤੱਕ ਚੱਲਣਾ ਤਾਂ ਦੂਰ ਰਿਹਾ ਹੈ, ਰੋਸ਼ਨੀ ਵੀ ਨਾ ਦੇਖੀ ਹੁੰਦੀ, ਜੇਕਰ ਰੂਸ ਵਿੱਚ ਕਮਿਊਨ ਸਰਮਾਏਦਾਰੀ ਸੇਧ ਵਿੱਚ ਵਿਕਾਸ ਨਾ ਕਰ ਰਹੀ ਹੁੰਦੀ, ਜੇਕਰ ਕਮਿਊਨ ਦੇ ਅੰਦਰ ਅਜਿਹੇ ਅਨਸਰ ਲਗਾਤਾਰ ਜ਼ੋਰ ਨਾ ਫੜ ਰਹੇ ਹੁੰਦੇ ਜਿਨ੍ਹਾਂ ਨਾਲ਼ ਤਾਨਾਸ਼ਾਹੀ ਅੱਖ ਮਟੱਕਾ ਸ਼ੁਰੂ ਕਰ ਸਕਦੀ, ਜਿਸ ਨੂੰ ਇਹ ਕਹਿ ਸਕਦੀ: "ਆਪਣੇ ਆਪ ਨੂੰ ਤਕੜਿਆਂ ਕਰੋ !" "ਕਮਿਊਨਾਂ ਨੂੰ ਲੁੱਟ ਲਓ ਪਰ ਮੇਰੀ ਹਮਾਇਤ ਕਰੋ।" ਇਸ ਲਈ ਸਤੋਲੀਪਿਨ ਦੀ ਖੇਤੀਬਾੜੀ ਨੀਤੀ ਦਾ ਕੋਈ ਵੀ ਜਾਇਜ਼ਾ, ਜਿਹੜਾ ਇੱਕ ਪਾਸੇ ਉਸ ਦੇ ਬੋਨਾਪਾਰਟਵਾਦੀ ਢੰਗਾਂ ਤਰੀਕਿਆਂ ਨੂੰ ਧਿਆਨ ਵਿੱਚ ਨਹੀਂ ਰੱਖਦਾ ਅਤੇ ਦੂਜੇ ਪਾਸੇ ਇਸ ਦੇ ਬੁਰਜੂਆ (ਅਰਥਾਤ ਲਿਬਰਲ) ਖਾਸੇ ਵੱਲ ਧਿਆਨ ਨਹੀਂ ਦਿੰਦਾ, ਉਹ ਨਿਸ਼ਚੇ ਹੀ ਗਲਤ ਹੋਵੇਗਾ।

ਮਿਸਾਲ ਵਜੋਂ, ਲਿਬਰਲ ਆਪਣੀ ਬਹੁਤ ਘੱਟ ਮਹਿਸੂਸ ਕੀਤੀ ਸੂਝ ਕਿ ਸਤੋਲੀਪਿਨ ਦੀ ਖੇਤੀਬਾੜੀ ਨੀਤੀ ਬੋਨਾਪਾਰਟਵਾਦ ਹੈ, ਦਾ ਪ੍ਰਗਟਾਵਾ ਪੁਲੀਸ ਦੇ ਖਾਸੇ, ਕਿਸਾਨਾਂ ਦੇ ਮਾਮਲਿਆਂ ਵਿੱਚ ਅਧਿਕਾਰੀਆਂ ਦੀ ਬੇਵਕੂਫਾਨਾ ਦਖਲ ਅੰਦਾਜ਼ੀ ਵਗੈਰਾ ਵਗੈਰਾ ਉੱਤੇ ਹਮਲੇ ਕਰਕੇ ਕਰਦੇ ਹਨ। ਪਰ ਜਦੋਂ ਕੈਡਿਟ ਸਾਡੇ ਪੇਂਡੂ ਜੀਵਨ ਦੀਆਂ "ਸਦੀਆਂ ਪੁਰਾਣੀਆਂ" ਰਵਾਇਤਾਂ ਦੇ ਟੁੱਟਣ ਉੱਤੇ ਅਫਸੋਸ ਪ੍ਰਗਟ ਕਰਦੇ ਹਨ ਤਾਂ ਉਹ ਪਿਛਾਖੜੀ ਰੋਂਦੂ ਬਣ ਜਾਂਦੇ ਹਨ। ਪੁਰਾਣੇ ਰੂਸੀ ਪੇਂਡੂ ਸਮਾਜ ਦੀਆਂ ਰਵਾਇਤਾਂ ਦੀ ਤੇਜ਼ੀ ਨਾਲ਼ ਅਤੇ ਇਨਕਲਾਬੀ ਟੁੱਟ ਭੱਜ ਤੋਂ ਬਿਨਾਂ ਰੂਸ ਦਾ ਵਿਕਾਸ ਨਹੀਂ ਹੋ ਸਕਦਾ। ਸੰਘਰਸ਼ ਚੱਲ ਰਿਹਾ ਹੈ – ਭਾਵੇਂ ਇਸ ਵਿੱਚ ਭਾਗ ਲੈ ਰਹੇ ਬਹੁਤ ਸਾਰੇ ਲੋਕਾਂ ਨੂੰ ਇਸ ਦਾ ਅਹਿਸਾਸ ਨਹੀਂ ਹੈ, **ਸਿਰਫ਼** ਇਸ ਬਾਰੇ ਕਿ ਕੀ ਇਹ ਕਿਸਾਨਾਂ ਵਿਰੁੱਧ ਜਾਗੀਰਦਾਰਾਂ ਦੀ ਰਾਜਸ਼ਾਹੀ ਦੀ ਹਿੰਸਾ ਦੇ ਰੂਪ ਵਿੱਚ ਹੋਵੇਗਾ ਜਾਂ ਜਾਗੀਰਦਾਰਾਂ ਵਿਰੁੱਧ ਕਿਸਾਨ ਗਣਰਾਜ ਦੀ ਹਿੰਸਾ ਦੇ ਰੂਪ ਵਿੱਚ। ਦੋਵਾਂ

---

1. **ਅਕਤੂਬਰਵਾਦੀ ਜਾਂ 17 ਅਕਤੂਬਰ ਦੀ ਯੂਨੀਅਨ** – 1905 ਵਿੱਚ ਕਾਇਮ ਕੀਤੀ ਗਈ ਵੱਡੇ ਸਰਮਾਏਦਾਰਾਂ ਦੀ ਸ਼ਾਹੀ–ਪੱਖੀ ਪਾਰਟੀ। ਪਾਰਟੀ ਦਾ ਨਾਮ ਜ਼ਾਰ ਦੇ 17 ਅਕਤੂਬਰ 1905 ਦੇ ਉਸ ਮੈਨੀਫੈਸਟੋ ਨਾਲ਼ ਇੱਕਮੁਠਤਾ ਦਾ ਪ੍ਰਗਟਾਵਾ ਕਰਦਾ ਹੈ ਜਿਸ ਰਾਹੀਂ ਰੂਸ ਵਿੱਚ ਸੰਵਿਧਾਨਕ ਆਜ਼ਾਦੀਆਂ ਦਾ ਵਾਅਦਾ ਕੀਤਾ ਗਿਆ ਸੀ। ਇਸ ਪਾਰਟੀ ਨੇ ਲੋਕ ਵਿਰੋਧੀ ਨੀਤੀਆਂ ਅਪਣਾਈਆਂ ਅਤੇ ਵੱਡੀ ਬੁਰਜੂਆਜ਼ੀ ਅਤੇ ਜ਼ਮੀਨ ਮਾਲਕਾਂ, ਜਿਹੜੇ ਆਪਣੇ ਫ਼ਾਰਮਾਂ ਨੂੰ ਸਰਮਾਏਦਾਰੀ ਲੀਹਾਂ 'ਤੇ ਚਲਾਉਂਦੇ ਸਨ, ਦੇ ਸਵਾਰਥੀ ਹਿੱਤਾਂ ਨੂੰ ਅਪਣਾਇਆ। ਅਕਤੂਬਰਵਾਦੀਆਂ ਨੇ ਜ਼ਾਰ ਦੀਆਂ ਪਿਛਾਂਹ–ਖਿੱਚੂ ਘਰੇਲੂ ਅਤੇ ਵਿਦੇਸ਼ੀ ਨੀਤੀਆਂ ਦੀ ਪੂਰੀ ਹਮਾਇਤ ਕੀਤੀ। ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਮਗਰੋਂ ਅਕਤੂਬਰਵਾਦੀਆਂ, ਕੈਡਿਟਾਂ ਨਾਲ਼ ਅਤੇ ਵਿਦੇਸ਼ ਸਾਮਰਾਜੀਆਂ ਦੀ ਮਦਦ ਨਾਲ਼ ਮਿਲਕੇ ਸੋਵੀਅਤ ਲੋਕਾਂ ਵਿਰੁੱਧ ਹਥਿਆਰਬੰਦ ਸੰਘਰਸ਼ ਚਲਾਇਆ।

ਮਾਮਲਿਆਂ ਵਿੱਚ ਇੱਕ ਬੁਰਜੂਆ, ਅਤੇ ਹੋਰ ਕਿਸੇ ਵੀ ਕਿਸਮ ਦਾ ਨਹੀਂ, ਖੇਤੀ ਇਨਕਲਾਬ ਹੀ ਰੂਸ ਵਿੱਚ ਹੋਣਾ **ਲਾਜ਼ਮੀ** ਹੈ, ਪਰ ਪਹਿਲੇ ਮਾਮਲੇ ਵਿੱਚ ਇਹ ਧੀਮਾ ਅਤੇ ਕਸ਼ਟਦਾਇਕ ਅਮਲ ਹੋਵੇਗਾ, ਦੂਜੇ ਮਾਮਲੇ ਵਿੱਚ ਇਹ ਤੇਜ਼, ਚੁਰੇੜਾ ਅਤੇ ਆਸਾਨੀ ਨਾਲ਼ ਚੱਲਣ ਵਾਲ਼ਾ ਇਨਕਲਾਬ ਹੋਵੇਗਾ। ਮਜ਼ਦੂਰਾਂ ਦੀ ਪਾਰਟੀ ਦਾ ਇਸ ਦੂਜੇ ਰਾਹ ਲਈ ਘੋਲ਼ ਦਾ ਸਾਡੇ ਪ੍ਰੋਗਰਾਮ ਵਿੱਚ ਪ੍ਰਗਟਾਵਾ ਹੁੰਦਾ ਹੈ ਅਤੇ ਇਸ ਨੂੰ ਮਾਨਤਾ ਦਿੱਤੀ ਗਈ ਹੈ – ਉਸ ਹਿੱਸੇ ਵਿੱਚ ਨਹੀਂ ਜਿੱਥੇ "ਮਿਉਂਸਪਲੀਕਰਨ" ਦਾ ਬੇਅਰਥ ਵਿਚਾਰ ਪੇਸ਼ ਕੀਤਾ ਗਿਆ ਹੈ, ਸਗੋਂ ਉਸ ਹਿੱਸੇ ਵਿੱਚ ਜਿਹੜਾ **ਸਭ ਜ਼ਮੀਨੀ ਐਸਟੇਟਾਂ ਉੱਤੇ ਕਬਜ਼ੇ** ਦੀ ਗੱਲ ਕਰਦਾ ਹੈ। ਤਿੰਨ ਸਾਲ ਦੇ ਤਜ਼ਰਬੇ ਮਗਰੋਂ ਇਹ ਗੱਲ, ਸ਼ਾਇਦ, ਸਿਰਫ਼ ਮੈਨਸ਼ਵਿਕਾਂ ਵਿੱਚ ਹੀ ਹੈ ਕਿ ਹਾਲੇ ਵੀ ਉਹ ਲੋਕ ਲੱਭੇ ਜਾ ਸਕਦੇ ਹਨ ਜਿਹੜੇ ਜ਼ਬਤੀ ਲਈ ਸੰਘਰਸ਼ ਅਤੇ ਗਣਰਾਜ ਲਈ ਸੰਘਰਸ਼ ਦਰਮਿਆਨ ਸਬੰਧਾਂ ਨੂੰ ਨਹੀਂ ਦੇਖਦੇ। ਸਤੋਲੀਪਿਨ ਦੀ ਖੇਤੀਬਾੜੀ ਨੀਤੀ, ਜੇਕਰ ਇਹ ਲੰਬੇ ਸਮੇਂ ਲਈ ਚਾਲੂ ਰੱਖੀ ਜਾਂਦੀ ਹੈ, ਜੇਕਰ ਪੱਕੇ ਤੌਰ 'ਤੇ ਪਿੰਡਾਂ ਵਿੱਚ ਜ਼ਮੀਨੀ ਸਬੰਧਾਂ ਦੀ ਨਿਰੋਲ ਬੁਰਜੂਆ ਸੇਧਾਂ ਉੱਤੇ ਨਵਉਸਾਰੀ ਕਰਦੀ ਹੈ, ਹੋ ਸਕਦਾ ਹੈ ਸਾਨੂੰ ਬੁਰਜੂਆ ਸਮਾਜ ਵਿੱਚ ਕਿਸੇ ਵੀ ਖੇਤੀ ਪ੍ਰੋਗਰਾਮ ਦਾ ਵਿਚਾਰ ਖਤਮ ਕਰਨ ਲਈ ਮਜਬੂਰ ਕਰ ਸਕਦੀ ਹੈ (ਅੱਜ ਤਕ ਮੈਨਸ਼ਵਿਕ ਵੀ, ਅਤੇ ਮੈਨਸ਼ਵਿਕਾਂ ਵਿੱਚੋਂ ਚੇਰੇਵਾਨਿਨਸ ਵੀ, ਸਾਡੇ ਖੇਤੀਬਾੜੀ ਪ੍ਰੋਗਰਾਮ ਨੂੰ ਰੱਦ ਕਰਨ ਤੱਕ ਨਹੀਂ ਪੁੱਜੇ ਹਨ)। ਪਰ ਸਤੋਲੀਪਿਨ ਦੀ ਨੀਤੀ ਕਿਸੇ ਵੀ ਤਰ੍ਹਾਂ ਸਾਨੂੰ ਅੱਜ ਯੁੱਧਨੀਤੀ ਤਬਦੀਲ ਕਰਨ ਲਈ ਪ੍ਰਭਾਵਤ ਨਹੀਂ ਕਰ ਸਕਦੀ। ਕਿਉਂਕਿ "ਜ਼ਮੀਨੀ ਐਸਟੇਟਾਂ ਦੀ ਜ਼ਬਤੀ" ਪ੍ਰੋਗਰਾਮ ਵਿੱਚ ਕਾਇਮ ਹੈ, ਸਿਰਫ਼ ਬੱਚੇ ਹੀ ਇਸ ਤੋਂ ਉਤਪੰਨ ਹੋਣ ਵਾਲ਼ੇ ਇਨਕਲਾਬੀ ਦਾਅਪੇਚਾਂ ਨੂੰ ਦੇਖਣ ਤੋਂ ਅਸਮਰੱਥ ਰਹਿਣਗੇ ("ਇਨਕਲਾਬੀ" ਸ਼ਬਦ ਦੇ ਸੌੜੇ ਅਤੇ ਸਿੱਧੇ ਅਰਥਾਂ ਵਿੱਚ)। ਅਤੇ ਸਵਾਲ ਨੂੰ ਇਸ ਤਰ੍ਹਾਂ ਪੇਸ਼ ਕਰਨਾ ਵੀ ਗਲਤ ਹੋਵੇਗਾ, ਕਿ ਜੇਕਰ ਸਤੋਲੀਪਿਨ ਦੀ ਨੀਤੀ "ਦੀਵਾਲੀਆ" ਹੋ ਗਈ ਹੈ ਤਾਂ ਇਸ ਦਾ ਅਰਥ ਹੈ ਕਿ ਨਵ–ਉਭਾਰ ਨੇੜੇ ਹੈ ਅਤੇ ਇਸ ਦੇ ਉਲਟ ਬੋਨਾਪਾਰਟਵਾਦੀ ਢੰਗਾਂ ਦੀ ਅਸਫਲਤਾ ਦਾ ਅਰਥ ਇਹ ਨਹੀਂ ਕਿ ਕੁਲਕਾਂ ਵੱਲੋਂ ਪਿੰਡਾਂ ਦੀਆਂ ਕਮਿਊਨਾਂ ਨੂੰ ਲੁੱਟਣ ਦੀ ਨੀਤੀ ਅਸਫਲ ਹੋ ਗਈ ਹੈ ਅਤੇ ਇਸ ਦੇ ਉਲਟ, ਪਿੰਡਾਂ ਵਿੱਚ ਹੁਣ ਅਤੇ ਆਉਣ ਵਾਲ਼ੇ ਸਾਲਾਂ ਦੌਰਾਨ ਸਤੋਲੀਪਿਨ ਦੀ "ਸਫਲਤਾ" **ਲਾਜ਼ਮੀ ਤੌਰ 'ਤੇ** ਕਿਸਾਨੀ ਅੰਦਰ ਸੰਘਰਸ਼ ਨੂੰ ਮੰਦਾ ਕਰਨ ਦੀ ਥਾਂ, ਭੜਕਾਏਗੀ, ਕਿਉਂਕਿ ਸਿਰਫ਼ ਬਹੁਤ ਲੰਬੇ ਰਾਹ ਰਾਹੀਂ ਹੀ "ਟੀਚਾ", ਅਰਥਾਤ **ਨਿਰੋਲ** ਬੁਰਜੂਆ ਕਿਸਾਨੀ ਅਰਥਚਾਰੇ ਨੂੰ ਆਖਰੀ ਤੌਰ ਉੱਤੇ ਅਤੇ ਮੁਕੰਮਲ ਤੌਰ 'ਤੇ ਪੱਕੇ ਪੈਰੀਂ ਕਰਨ ਦਾ ਕੰਮ, ਪ੍ਰਾਪਤ ਕੀਤਾ ਜਾ ਸਕਦਾ ਹੈ। ਫੌਰੀ ਅਗਲੇ ਸਾਲਾਂ ਦੌਰਾਨ ਸਤੋਲੀਪਿਨ ਦੀਆਂ "ਸਫਲਤਾਵਾਂ" ਵੱਧ ਤੋਂ ਵੱਧ ਸੁਚੇਤ ਉਲਟ–ਇਨਕਲਾਬੀ ਅਕਤੂਬਰਵਾਦੀ ਕਿਸਾਨਾਂ ਦੇ ਇੱਕ ਗਰੁੱਪ ਨੂੰ ਕਾਇਮ ਕਰਨ ਵਿੱਚ ਮਦਦ ਕਰ ਸਕਦੀਆਂ ਹਨ, ਪਰ ਇਹ ਖਾਂਦੀ ਪੀਂਦੀ ਘੱਟਗਿਣਤੀ ਦੀ ਰਾਜਨੀਤਕ ਤੌਰ 'ਤੇ ਸੁਚੇਤ ਅਤੇ ਏਕਤਾਬੱਧ ਤਾਕਤ ਵਿੱਚ ਅਜਿਹੀ ਤਬਦੀਲੀ ਹੈ, ਜਿਹੜੀ ਲਾਜ਼ਮੀ ਤੌਰ 'ਤੇ ਅਜਿਹੀ ਘੱਟਗਿਣਤੀ ਦੇ ਵਿਰੁੱਧ ਰਾਜਸੀ ਚੇਤੰਨਤਾ ਅਤੇ ਜਮਹੂਰੀ ਲੋਕਾਂ ਦੀ ਏਕਤਾ ਕਾਇਮ ਕਰਨ ਨੂੰ ਬਹੁਤ ਜ਼ਿਆਦਾ ਸ਼ਕਤੀ ਪ੍ਰਦਾਨ ਕਰੇਗੀ।

ਅਸੀਂ ਸੋਸ਼ਲ-ਡੈਮੋਕਰੈਟ "ਸ਼ਾਰਕਾਂ" ਅਤੇ "ਭਾਈਚਾਰੇ" ਵਿਚਾਲੇ ਆਪ-ਮੁਹਾਰੇ, ਇੱਕਾ ਦੁੱਕਾ ਅਤੇ ਗੈਰ ਸੁਚੇਤ ਘੋਲ਼ ਦੀ ਅਕਤੂਬਰਵਾਦੀਆਂ ਅਤੇ ਤਰੂਦੋਵਿਕਾਂ ਦਰਮਿਆਨ ਸੁਚੇਤ ਅਤੇ ਖੁੱਲ੍ਹੇ ਸੰਘਰਸ਼ ਵਿੱਚ ਤਬਦੀਲੀ ਨਾਲ਼ੋਂ ਵੱਧ ਚੰਗੀ ਹੋਰ ਕਿਸੇ ਗੱਲ ਦੀ ਆਸ ਕਰ ਸਕਦੇ ਹਾਂ।

ਆਓ, ਅਸੀਂ ਡੂਮਾ ਦਾ ਸਵਾਲ ਲਈਏ। ਬਿਨਾਂ ਸ਼ੱਕ, ਇਹ ਬਲੈਕ ਹੰਡਰਡ "ਸੰਵਿਧਾਨਕ" ਸੰਸਥਾ ਮੁਕੰਮਲ ਤਾਨਾਸ਼ਾਹੀ ਦਾ ਬੋਨਾਪਾਰਟਵਾਦ ਵੱਲ ਹੋਰ ਵਿਕਾਸ ਮਾਤਰ ਹੈ। ਬੋਨਾਪਾਰਟਵਾਦ ਦੇ ਉਹ ਸਾਰੇ ਪੱਖ, ਜਿਹੜੇ ਅਸੀਂ ਉੱਪਰ ਨੋਟ ਕੀਤੇ ਹਨ, ਉਹ ਸਾਰੇ ਮੁਕੰਮਲ ਸਫਾਈ ਨਾਲ਼, ਮੌਜੂਦਾ ਚੋਣ ਕਾਨੂੰਨ, ਬਲੈਕ ਹੰਡਰਡ ਪ੍ਰਤੀਨਿਧਾਂ ਜਮਾਂ ਅਕਤੂਬਰਵਾਦੀਆਂ ਦੀ ਝੂਠੀ ਬਹੁਸੰਮਤੀ, ਯੂਰਪ ਦੀ ਬੇਸ਼ਰਮੀ ਦੀ ਹੱਦ ਤੱਕ ਨਕਲ, ਕਰਜ਼ਿਆਂ ਲਈ ਦੌੜ, ਜਿਸ ਦੇ ਖਰਚਾਂ ਉੱਤੇ ਕੰਟਰੋਲ ਕਥਿਤ ਤੌਰ 'ਤੇ "ਕੌਮ ਦੇ ਪ੍ਰਤੀਨਿਧਾਂ" ਵੱਲੋਂ ਕੀਤਾ ਜਾਂਦਾ ਹੈ ਅਤੇ ਤਾਨਾਸ਼ਾਹੀ ਵੱਲੋਂ ਆਪਣੀ ਅਮਲੀ ਨੀਤੀ ਵਿੱਚ ਡੂਮਾ ਦੀਆਂ ਸਭ ਬਹਿਸਾਂ ਅਤੇ ਫੈਸਲਿਆਂ ਨੂੰ ਨਜ਼ਰ-ਅੰਦਾਜ਼ ਕਰਨ, ਤੋਂ ਜ਼ਾਹਰ ਹੋ ਜਾਂਦੇ ਹਨ। ਬਲੈਕ ਹੰਡਰਡ ਬਹੁਸੰਮਤੀ, ਜਿਹੜੀ ਲਗਭਗ ਸੁਪਰੀਮ ਹੀ ਹੈ ਅਤੇ ਬੁਰਜੂਆ "ਸੰਵਿਧਾਨ" ਦੇ ਚੌਖਟੇ ਵਿਚਾਲੇ ਵਿਰੋਧ ਵੱਧ ਤੋਂ ਵੱਧ ਸਪੱਸ਼ਟਤਾ ਨਾਲ਼ ਜ਼ਾਹਰ ਹੁੰਦਾ ਜਾ ਰਿਹਾ ਹੈ ਅਤੇ ਆਪਣੇ ਨਾਲ਼ ਨਵੇਂ ਇਨਕਲਾਬੀ ਸੰਕਟ ਦੇ ਅਧਾਰ ਲਿਆ ਰਿਹਾ ਹੈ। ਡੂਮਾ ਦੀ ਮਦਦ ਨਾਲ਼ ਤਾਨਾਸ਼ਾਹੀ ਨੂੰ ਢੱਕਿਆ, ਡਰੈਸ ਕੀਤਾ ਅਤੇ ਸ਼ਿੰਗਾਰਿਆ ਜਾਣਾ ਸੀ; ਅਸਲ ਵਿੱਚ, ਬਲੈਕ-ਹੰਡਰਡ ਅਕਤੂਬਰਵਾਦੀ ਡੂਮਾ ਆਪਣੀ ਹੋਂਦ ਦੇ ਹਰ ਦਿਨ ਨਾਲ਼ ਸਾਡੀ ਰਾਜਸੱਤ੍ਹਾ, ਇਸ ਦੀਆਂ ਹਕੀਕੀ ਜਮਾਤੀ ਨੀਹਾਂ ਅਤੇ ਇਸ ਦੇ ਬੋਨਾਪਾਰਟਵਾਦ ਦੇ ਅਸਲ ਖਾਸੇ ਨੂੰ ਜ਼ਾਹਰ, ਬੇਨਕਾਬ ਅਤੇ ਨੰਗਿਆਂ ਕਰ ਰਹੀ ਹੈ। ਇਸ ਮੌਕੇ ਉੱਤੇ ਏਂਗਲਜ਼ ਵੱਲੋਂ (27 ਅਗਸਤ, 1883 ਨੂੰ ਬਰਨਸਟੀਨ ਨੂੰ ਆਪਣੀ ਚਿੱਠੀ ਵਿੱਚ) ਨਿਰੋਲ ਤੋਂ ਸੰਵਿਧਾਨਕ ਰਾਜਾਸ਼ਾਹੀ ਵਿੱਚ **ਤਬਦੀਲੀ** ਦੇ ਸਹੀ ਅਰਥਾਂ ਬਾਰੇ ਬੇਹੱਦ ਸ਼ਾਨਦਾਰ ਢੰਗ ਨਾਲ਼ ਕਹੀ ਗੱਲ ਚੇਤੇ ਆਉਂਦੀ ਹੈ। ਜਦੋਂ ਲਿਬਰਲ, ਆਮ ਤੌਰ 'ਤੇ ਅਤੇ ਰੂਸੀ ਕੈਡਿਟ, ਵਿਸ਼ੇਸ਼ ਤੌਰ 'ਤੇ ਅਜਿਹੀ ਤਬਦੀਲੀ ਵਿੱਚ ਆਪਣੇ ਸ਼ਰਾਰਤੀ "ਪੁਰਅਮਨ" ਪ੍ਰਗਤੀ ਦੇ ਕੰਮ ਨੂੰ ਅਤੇ ਇਸ ਦੀ ਗਾਰੰਟੀ ਨੂੰ ਮਹਿਸੂਸ ਕਰਦੇ ਹਨ, ਏਂਗਲਜ਼ ਨੇ ਸੰਵਿਧਾਨਕ ਰਾਜਾਸ਼ਾਹੀ ਦੇ, ਰਾਜ ਦੀ ਕਿਸਮ ਦੇ ਰੂਪ ਵਿੱਚ ਰੋਲ ਬਾਰੇ ਦੱਸਿਆ, ਜਿਹੜਾ ਰਾਜ ਕਿ ਜਗੀਰੂ ਅਤੇ ਬੁਰਜੂਆਜ਼ੀ ਵਿਚਾਲੇ **ਫੈਸਲਾਕੁਨ** ਘੋਲ਼ ਲਈ ਮੌਕੇ ਪ੍ਰਦਾਨ ਕਰਦਾ ਹੈ। ਏਂਗਲਜ਼ ਨੇ ਲਿਖਿਆ: "ਪਰ ਜਿਵੇਂ ਕਿ ਇਹ ਘੋਲ਼ (ਜਗੀਰੂਵਾਦ ਅਤੇ ਬੁਰਜੂਆਜ਼ੀ ਵਿਚਾਲੇ) ਪੁਰਾਣੀ ਮੁਕੰਮਲ ਤਾਨਾਸ਼ਾਹੀ ਤਹਿਤ ਕਿਸੇ ਫੈਸਲਾਕੁਨ ਸਿੱਟੇ ਤੱਕ ਨਹੀਂ ਲੜਿਆ ਜਾ ਸਕਦਾ ਹੈ, ਸਗੋਂ ਸਿਰਫ਼ ਸੰਵਿਧਾਨਕ ਤਾਨਾਸ਼ਾਹੀ ਵਿੱਚ ਹੀ ਲੜਿਆ ਜਾ ਸਕਦਾ ਹੈ (ਇੰਗਲੈਂਡ, ਫ਼ਰਾਂਸ 1789-92 ਅਤੇ 1815-30), ਇਸੇ ਤਰ੍ਹਾਂ ਬੁਰਜੂਆਜ਼ੀ ਅਤੇ ਪ੍ਰੋਲੇਤਾਰੀ ਵਿਚਾਲੇ ਘੋਲ਼ ਸਿਰਫ਼ ਗਣਰਾਜ ਵਿੱਚ ਹੀ ਲੜਿਆ ਜਾ ਸਕਦਾ ਹੈ।" ਏਂਗਲਜ਼ ਏਥੇ ਹੋਰਾਂ ਦੇ ਨਾਲ਼, 1816 ਦੇ ਫ਼ਰਾਂਸ ਨੂੰ ਸੰਵਿਧਾਨਕ ਰਾਜਸ਼ਾਹੀ ਦਾ ਨਾਮ ਦਿੰਦਾ ਹੈ, ਜਦੋਂ ਇਕ ਪਿਛਾਂਹਖਿੱਚੂ ਉਲਟ ਇਨਕਲਾਬੀ ਚੈਂਬਰ, ਮਸ਼ਹੂਰ ਚੈਂਬਰ ਇੰਟਰੂਵੇਬਲ,

ਇਨਕਲਾਬ ਵਿਰੁੱਧ ਵਾਈਟ ਟੈਰਰ (ਸਫੈਦ ਦਹਿਸ਼ਤ) ਦੀ ਹਮਾਇਤ ਲਈ ਸਾਡੀ ਤੀਜੀ ਡੂਮਾ ਵਾਂਗ ਹੀ ਫਾਵਾ ਹੋ ਗਿਆ ਸੀ। ਇਸ ਦਾ ਕੀ ਅਰਥ ਹੈ ? ਕੀ ਏਂਗਲਜ਼ ਜਗੀਰਦਾਰਾਂ ਅਤੇ ਸਰਮਾਏਦਾਰਾਂ ਦੇ ਪ੍ਰਤੀਨਿਧਾਂ ਦੀਆਂ ਪਿਛਾਂਹਖਿਚੂ ਅਸੰਬਲੀਆਂ, ਜਿਹੜੀਆਂ ਕਿ ਇਨਕਲਾਬ ਨਾਲ਼ ਆਪਣੇ ਘੋਲ਼ ਵਿੱਚ ਤਾਨਾਸ਼ਾਹੀ ਦੀ ਮਦਦ ਕਰਦੀਆਂ ਹਨ, ਨੂੰ ਨਿਆਈਂ ਸੰਵਿਧਾਨਕ ਸੰਸਥਾਵਾਂ ਮੰਨਦਾ ਹੈ ? ਨਹੀਂ। ਇਸ ਦਾ ਅਰਥ ਹੈ ਕਿ ਅਜਿਹੀਆਂ ਇਤਿਹਾਸਕ ਸਥਿਤੀਆਂ ਪੈਦਾ ਹੋ ਸਕਦੀਆਂ ਹਨ ਜਦੋਂ ਸੰਵਿਧਾਨ ਦੀ ਦੁਰਵਰਤੋਂ ਕਰਨ ਵਾਲ਼ੀਆਂ ਸੰਸਥਾਵਾਂ ਹਕੀਕੀ ਸੰਵਿਧਾਨ ਲਈ ਸੰਘਰਸ਼ ਨੂੰ ਆਰੰਭ ਕਰਨ ਅਤੇ ਨਵੇਂ ਇਨਕਲਾਬੀ ਸੰਕਟ ਦੇ ਵਿਕਾਸ ਵਿੱਚ ਇੱਕ ਪੜਾਅ ਬਣ ਜਾਣ। ਸਾਡੇ ਇਨਕਲਾਬ ਦੀ ਪਹਿਲੀ ਮੁਹਿੰਮ ਵਿੱਚ, ਬਹੁਸੰਮਤੀ ਲੋਕ ਹਾਲੇ ਵੀ ਨਿਆਈਂ ਸੰਵਿਧਾਨ ਅਤੇ ਤਾਨਾਸ਼ਾਹੀ ਵਿਚਾਲੇ ਸਮਝੌਤੇ ਦੀ ਸੰਭਾਵਨਾ ਵਿੱਚ ਵਿਸ਼ਵਾਸ ਰੱਖਦੇ ਹਨ; ਅਤੇ ਕੈਡਿਟਾਂ ਨੇ ਆਪਣੀ ਸਮੁੱਚੀ ਨੀਤੀ ਬਾਕਾਇਦਾ ਤੌਰ ’ਤੇ ਇਸ ਵਿਸ਼ਵਾਸ ਨੂੰ ਲੋਕਾਂ ਵਿੱਚ ਪ੍ਰਚਾਰਨ ’ਤੇ ਅਧਾਰਤ ਕੀਤੀ ਹੈ, ਜਦੋਂ ਕਿ ਤਰੂਦੋਵਿਕਾਂ ਨੇ ਇਸ ਪਾਸੇ ਵੱਲ ਕੈਡਿਟਾਂ ਦੀ ਲਗਭਗ ਅੱਧੀ ਨਕਲ ਕੀਤੀ ਹੈ। ਹੁਣ ਤਾਨਾਸ਼ਾਹੀ ਆਪਣੀ ਤੀਜੀ ਡੂਮਾ ਰਾਹੀਂ ਲੋਕਾਂ ਨੂੰ ਅਮਲੀ ਤੌਰ ’ਤੇ ਦਰਸਾ ਰਹੀ ਹੈ ਕਿ ਇਹ ਆਪਣੇ ਆਪ ਨੂੰ ਕਿਸ “ਸੰਵਿਧਾਨ” ਨਾਲ਼ “ਸਮਝੌਤੇ” ਲਈ ਰਾਜੀ ਕਰ ਸਕਦੀ ਹੈ – ਅਤੇ ਇਸ ਤਰ੍ਹਾਂ **ਤਾਨਾਸ਼ਾਹੀ ਵਿਰੁੱਧ** ਚੁਰੇੜੇ ਅਤੇ ਵਧੇਰੇ ਦ੍ਰਿੜ ਸੰਕਲਪ ਘੋਲ਼ ਨੂੰ ਹੋਰ ਨੇੜੇ ਲਿਆ ਰਹੀ ਹੈ।

ਸਬੱਬੀਂ, ਇਸ ਤੋਂ ਗੱਲ ਨਿਕਲਦੀ ਹੈ ਕਿ ਸਾਡੇ ਪੁਰਾਣੇ ਨਾਅਰੇ ‘ਤਾਨਾਸ਼ਾਹੀ ਮੁਰਦਾਬਾਦ’ ਦੀ ਥਾਂ “ਤੀਜੀ ਡੂਮਾ ਮੁਰਦਾਬਾਦ” ਦਾ ਨਾਅਰਾ ਦੇਣਾ ਬਿਲਕੁਲ ਗਲਤ ਗੱਲ ਹੋਵੇਗੀ। “ਤੀਜੀ ਡੂਮਾ ਮੁਰਦਾਬਾਦ” ਵਰਗਾ ਨਾਅਰਾ ਕਿਸ ਤਰ੍ਹਾਂ ਦੀਆਂ ਹਾਲਤਾਂ ਵਿੱਚ ਕੋਈ ਅਰਥ ਅਖਤਿਆਰ ਕਰ ਸਕਦਾ ਹੈ ? ਆਓ ਆਪਾਂ ਕਿਆਸ ਕਰੀਏ ਕਿ ਸਾਨੂੰ ਤਿੱਖੇ ਇਨਕਲਾਬੀ ਸੰਕਟ, ਜਿਹੜਾ ਕਿ ਸਿੱਧੀ ਘਰੇਲੂ ਜੰਗ ਦੇ ਪੜਾਅ ਤੱਕ ਵਿਕਾਸ ਕਰ ਚੁੱਕਾ ਹੈ, ਦੇ ਦੌਰ ਵਿੱਚ ਲਿਬਰਲ, ਸੁਧਾਰ ਕਰਨ ਵਾਲ਼ੀ ਅਤੇ ਸਮਝੌਤਾ-ਕਰੂ ਡੂਮਾ ਦਾ ਸਾਹਮਣਾ ਹੈ। ਇਹ ਕਾਫੀ ਸੰਭਵ ਹੈ ਕਿ ਅਜਿਹੇ ਮੌਕੇ ’ਤੇ ਸਾਡਾ ਨਾਅਰਾ “ਡੂਮਾ ਮੁਰਦਾਬਾਦ” ਹੋ ਸਕਦਾ ਹੈ, ਅਰਥਾਤ, ਜ਼ਾਰ ਨਾਲ਼ ਪੁਰਅਮਨ ਗੱਲਬਾਤ ਮੁਰਦਾਬਾਦ, “ਅਮਨ” ਦੀ ਧੋਖਾਦੇਊ ਸੰਸਥਾ ਮੁਰਦਾਬਾਦ, ਆਓ ਆਪਾਂ ਸਿੱਧੇ ਹਮਲੇ ਦਾ ਸੱਦਾ ਦੇਈਏ। ਹੁਣ ਆਪਾਂ ਕਿਆਸ ਕਰੀਏ ਕਿ ਇਸ ਦੇ ਉਲਟ ਸਾਨੂੰ ਕੱਟੜ ਪਿਛਾਂਹਖਿੱਚੂ ਡੂਮਾ ਦਾ ਸਾਹਮਣਾ ਹੈ, ਜਿਹੜੀ ਕਿ ਅਧੂਰੇ ਚੋਣ ਕਾਨੂੰਨ ਰਾਹੀਂ ਚੁਣੀ ਗਈ ਹੈ, ਅਤੇ ਦੇਸ਼ ਵਿੱਚ ਕਾਫੀ ਵੱਡੇ ਇਨਕਲਾਬੀ ਸੰਕਟ ਦੀ ਅਣਹੋਂਦ ਦਾ ਸਾਹਮਣਾ ਹੈ। ਉਸ ਮਾਮਲੇ ਵਿੱਚ “ਡੂਮਾ ਮੁਰਦਾਬਾਦ” ਦਾ ਨਾਅਰਾ ਚੋਣ ਸੁਧਾਰਾਂ ਲਈ ਘੋਲ਼ ਦਾ ਨਾਅਰਾ ਬਣ ਸਕਦਾ ਹੈ। ਅਸੀਂ ਮੌਜੂਦਾ ਸਮੇਂ ਵਿੱਚ ਉਪਰੋਕਤ ਵਿੱਚੋਂ ਕੋਈ ਅਸਾਰ ਨਹੀਂ ਦੇਖਦੇ। ਤੀਜੀ ਡੂਮਾ ਸਮਝੌਤਾ ਕਰਨ ਵਾਲ਼ੀ ਨਹੀਂ ਸਗੋਂ ਕੱਟੜ ਉਲਟ-ਇਨਕਲਾਬੀ ਸੰਸਥਾ ਹੈ ਜਿਹੜੀ ਤਾਨਾਸ਼ਾਹੀ ਨੂੰ ਓਹਲਾ ਨਹੀਂ ਦਿੰਦੀ ਸਗੋਂ ਇਸ ਨੂੰ ਬੇਨਕਾਬ ਕਰਦੀ ਹੈ ਅਤੇ ਜਿਹੜੀ ਕਿਸੇ ਵੀ ਪੱਖ ਤੋਂ ਕੋਈ ਆਜ਼ਾਦਾਨਾ ਰੋਲ਼ ਅਦਾ ਨਹੀਂ ਕਰਦੀ; ਕੋਈ ਵੀ ਜਣਾ ਕਿਤੇ ਵੀ ਇਸ ਉੱਤੇ ਅਗਾਂਹਵਧੂ ਸੁਧਾਰ ਕਰਨ ਦੀ ਆਸ ਨਹੀਂ ਕਰਦਾ; ਕੋਈ ਵੀ

ਕਲਪਨਾ ਨਹੀਂ ਕਰਦਾ ਕਿ ਜ਼ਾਰਵਾਦ ਦੀ ਹਕੀਕੀ ਤਾਕਤ ਦਾ ਵਸੀਲਾ ਕੱਟੜ ਪੁਰਾਤਨਵਾਦੀਆਂ ਦੀ ਅਸੰਬਲੀ ਵਿੱਚ ਹੈ। ਸਭ ਸਹਿਮਤ ਹਨ ਕਿ ਜ਼ਾਰਵਾਦ ਇਸ ਉੱਤੇ ਟੇਕ ਨਹੀਂ ਰੱਖਦਾ ਸਗੋਂ ਇਸ ਦੀ ਵਰਤੋਂ ਕਰਦਾ ਹੈ; ਕਿ ਜ਼ਾਰਵਾਦ ਫਿਰ ਵੀ ਆਪਣੀ ਸਮੁੱਚੀ ਮੌਜੂਦਾ ਨੀਤੀ ਚਲਾ ਸਕਦਾ ਹੈ, ਜੇਕਰ ਅਜਿਹੀ ਡੂਮਾ ਸੱਦਣ ਨੂੰ ਅੱਗੇ ਪਾ ਦਿੱਤਾ ਜਾਵੇ (ਜਿਵੇਂ 1878 ਵਿੱਚ ਤੁਰਕੀ ਵਿੱਚ ਪਾਰਲੀਮੈਂਟ ਸੱਦਣ ਨੂੰ "ਅੱਗੇ ਪਾ ਦਿੱਤਾ ਗਿਆ ਸੀ।") ਅਤੇ ਜੇਕਰ ਇਸ ਦੀ ਥਾਂ "ਜ਼ੈਮਸਕੀ ਸੋਬੋਰ"[1] ਜਾਂ ਇਸ ਤਰ੍ਹਾਂ ਦੀ ਕੋਈ ਹੋਰ ਚੀਜ਼ ਲੈ ਆਂਦੀ ਜਾਵੇ। "ਡੂਮਾ ਮੁਰਦਾਬਾਦ" ਦੇ ਨਾਅਰੇ ਦਾ ਅਰਥ ਮੁੱਖ ਹਮਲਾ ਉਸ ਸੰਸਥਾ ਵੱਲ ਸੇਧਤ ਕਰਨਾ ਹੋਵੇਗਾ ਜਿਹੜੀ ਨਾ ਅਜ਼ਾਦ ਅਤੇ ਨਾ ਹੀ ਫੈਸਲਾਕੁਨ ਅਤੇ ਜਿਹੜੀ ਮੁੱਖ ਰੋਲ਼ ਅਦਾ ਨਹੀਂ ਕਰਦੀ। ਇਸ ਤਰ੍ਹਾਂ ਦਾ ਨਾਅਰਾ ਗਲਤ ਹੋਵੇਗਾ। ਸਾਨੂੰ ਆਪਣਾ "ਤਾਨਾਸ਼ਾਹੀ ਮੁਰਦਾਬਾਦ" ਅਤੇ "ਸੰਵਿਧਾਨਕ ਅਸੰਬਲੀ ਜ਼ਿੰਦਾਬਾਦ" ਦਾ ਪੁਰਾਣਾ ਨਾਅਰਾ ਕਾਇਮ ਰੱਖਣਾ ਚਾਹੀਦਾ ਹੈ, ਕਿਉਂਕਿ ਇਹ ਮੁੱਖ ਤੌਰ 'ਤੇ ਤਾਨਾਸ਼ਾਹੀ ਹੈ ਜਿਹੜੀ ਲਗਾਤਾਰ ਹਕੀਕੀ ਅਥਾਰਟੀ, ਪਿਛਾਖ਼ੜ ਦੀ ਹਕੀਕੀ ਮਦਦਕਾਰ ਅਤੇ ਸੰਚਾਲਕ ਚੱਲੀ ਆ ਰਹੀ ਹੈ। ਤਾਨਾਸ਼ਾਹੀ ਦੇ ਪਤਨ ਦਾ ਅਰਥ ਲਾਜ਼ਮੀ ਤੌਰ 'ਤੇ ਤੀਜੀ ਡੂਮਾ ਦੇ ਜ਼ਾਰਵਾਦ ਦੀ ਸੰਸਥਾ ਵਜੋਂ ਖਾਤਮਾ ਅਤੇ ਉਹ ਵੀ ਇਨਕਲਾਬੀ ਖਾਤਮਾ) ਹੋਵੇਗਾ; ਪਰ ਸਿਰਫ਼ ਤੀਜੀ ਡੂਮਾ ਦੇ ਹੀ ਖਾਤਮੇ ਦਾ ਅਰਥ ਜਾਂ ਤਾਂ ਉਸੇ ਤਾਨਾਸ਼ਾਹੀ ਵੱਲੋਂ ਕਿਸੇ ਨਵੇਂ ਉੱਦਮ ਵਿੱਚ ਤੇ ਜਾਂ ਉਸੇ ਤਾਨਾਸ਼ਾਹੀ ਵੱਲੋਂ ਕਿਸੇ ਸੁਧਾਰ – ਧੋਖਾ ਦੇਊ ਅਤੇ ਪੇਤਲਾ ਸੁਧਾਰ – ਵਿੱਚ ਨਿਕਲੇਗਾ।[2]

ਅੱਗੇ ਵਧੀਏ। ਅਸੀਂ ਦੇਖਿਆ ਹੈ ਕਿ ਪਹਿਲੀ ਇਨਕਲਾਬੀ ਮੁਹਿੰਮ ਦੇ ਪਹਿਲੇ ਤਿੰਨ ਸਾਲਾਂ ਦੌਰਾਨ ਰਾਜਸੀ ਪਾਰਟੀਆਂ ਦੇ ਜਮਾਤੀ ਖਾਸੇ ਦੀ ਵਿਸ਼ੇਸ਼ ਤਾਕਤ ਅਤੇ ਨਿਵੇਕਲੇ ਢੰਗਾਂ ਨਾਲ਼ ਵਿਆਖਿਆ ਹੋਈ ਹੈ। ਇਸ ਤਰ੍ਹਾਂ ਇਹ ਪਤਾ ਲੱਗਦਾ ਹੈ ਕਿ ਰਾਜਸੀ ਪਾਰਟੀਆਂ ਦੇ ਤਾਜ਼ਾ ਤੋਲ ਬਾਰੇ, ਇਸ ਤੋਲ ਨੂੰ ਬਦਲਣ ਦੀਆਂ ਰੁਚੀਆਂ ਵਗੈਰਾ ਬਾਰੇ ਇਤਿਹਾਸਕ ਤਜ਼ਰਬੇ ਦੇ ਇਨ੍ਹਾਂ ਠੋਸ ਅੰਕੜਿਆਂ ਵੱਲ ਧਿਆਨ ਦੇਣਾ ਜ਼ਰੂਰੀ ਹੈ ਨਾ ਕਿ ਛਿਛਲੀਆਂ 'ਆਮ ਦਲੀਲਾਂ' ਵੱਲ। ਯੂਰਪੀ ਰਾਜਾਂ ਦਾ ਸਮੁੱਚਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਵਿਸ਼ੇਸ਼ ਕਰਕੇ ਸਿੱਧੇ ਇਨਕਲਾਬੀ ਸੰਘਰਸ਼ ਦੇ ਕਾਲ ਦੌਰਾਨ ਜਮਾਤੀ ਗਰੁੱਪਾਂ ਦੀਆਂ ਜੜ੍ਹਾਂ ਡੂੰਘੀਆਂ ਅਤੇ ਸਥਾਈ ਨਹੀਂ ਰੱਖੀਆਂ ਜਾਂਦੀਆਂ ਹਨ ਅਤੇ ਵੱਡੀਆਂ ਰਾਜਨੀਤਕ ਪਾਰਟੀਆਂ ਵਿੱਚ ਵੰਡ ਹੁੰਦੀ ਹੈ, ਜਿਹੜੀ ਬਾਅਦ ਵਿੱਚ ਖੜ੍ਹੋਤ ਦੇ ਲੰਬੇ ਸਮਿਆਂ ਦੌਰਾਨ ਕਾਇਮ ਰਹਿੰਦੀ ਹੈ। ਕੁਝ ਪਾਰਟੀਆਂ ਰੂਪੋਸ਼ ਹੋ ਸਕਦੀਆਂ ਹਨ, ਉਹਨਾਂ ਦਾ ਕੋਈ ਨਿਸ਼ਾਨ ਵੀ ਦਿਖਾਈ ਨਹੀਂ ਦੇ ਸਕਦਾ, ਰਾਜਨੀਤਕ ਸਟੇਜ ਦੇ ਮੋਰਚੇ ਤੋਂ ਅਲੋਪ ਹੋ ਸਕਦੀਆਂ ਹਨ; ਪਰ ਮੁੱਖ ਰਾਜਸੀ

---

1. ਇੱਕ ਕੇਂਦਰੀ ਪ੍ਰਤੀਨਿਧ ਅਸੰਬਲੀ –ਸੰਪਾ.

2. ਅਗਲੇ ਵਿਸ਼ੇ 'ਤੇ ਅਸੀਂ "ਡੂਮਾ" ਦਾਅਪੇਚਾਂ ਦੇ ਸਵਾਲ ਦੇ ਹੋਰ ਪੱਖ ਦੀ ਜਾਂਚ ਕਰਾਂਗੇ ਅਤੇ ਇੱਕ ਓਤਜ਼ੋਵਾਦੀ* ਕਾਮਰੇਡ ਵੱਲੋਂ **ਰਾਬੋਚੇਯੇ ਜ਼ਨਾਮੀਆ** ਨੰ. 5 ਵਿਚਲੇ "ਖਤ" ਬਾਰੇ ਵਿਚਾਰ ਕਰਾਂਗੇ। (ਦੇਖੋ ਸਮੁੱਚੀਆਂ ਲਿਖਤਾਂ, ਜਿਲਦ 15, ਸਫਾ 280, 302. –ਸੰਪਾ.)

ਤਾਕਤਾਂ ਦੇ ਰਤਾ ਕੁ ਮੁੜ-ਉਭਾਰ ਹੀ ਉਹ ਲਾਜ਼ਮੀ ਤੌਰ ’ਤੇ ਆਪਣੀ ਹੋਂਦ ਦੇ ਸੰਕੇਤ ਦੇ ਦੇਣਗੀਆਂ, ਸ਼ਾਇਦ ਬਦਲੇ ਹੋਏ ਰੂਪ ਵਿੱਚ, ਪਰ ਉਸੇ ਖਾਸੇ ਅਤੇ ਸਰਗਰਮੀ ਦੀ ਸੇਧ ਨਾਲ਼, ਓਨਾ ਚਿਰ ਜਿੰਨਾ ਚਿਰ ਇਨਕਲਾਬ, ਜਿਸ ਨੂੰ ਇੱਕ ਜਾਂ ਦੂਜੀ ਹੱਦ ਤੱਕ ਹਾਰ ਹੋਈ ਹੈ, ਦੇ ਬਾਹਰਮੁਖੀ ਕੰਮ ਪੂਰੇ ਨਹੀਂ ਹੋ ਜਾਂਦੇ। ਇਸ ਲਈ, ਮਿਸਾਲ ਵਜੋਂ, ਇਹ ਖਿਆਲ ਕਰਨਾ ਸਭ ਤੋਂ ਵੱਡੀ ਥੋੜ੍ਹ-ਦ੍ਰਿਸ਼ਟੀ ਹੋਵੇਗੀ ਕਿ ਕਿਉਂਕਿ ਸਥਾਨਕ ਇਲਾਕਿਆਂ ਵਿੱਚ ਤਰੂਦੋਵਿਕ ਜਥੇਬੰਦੀਆਂ ਨਹੀਂ ਹਨ, ਅਤੇ ਤੀਜੀ ਡੂਮਾ ਵਿੱਚ ਤਰੂਦੋਵਿਕ ਗਰੁੱਪ ਵਿਸ਼ੇਸ਼ ਕਰਕੇ ਇਸ ਦੇ ਧੁੰਦਲੇਪਨ ਅਤੇ ਨਾਕਾਰੇਪਣ ਕਰਕੇ ਮਸ਼ਹੂਰ ਹੈ, ਜਮਹੂਰੀ ਕਿਸਾਨੀ ਜਨਤਾ ਇਸ ਕਰਕੇ ਅਲੱਗ ਥਲੱਗ ਹੋ ਗਈ ਹੈ ਅਤੇ ਨਵੇਂ ਇਨਕਲਾਬੀ ਸੰਕਟ ਦੇ ਉਭਾਰ ਦੇ ਅਮਲ ਵਿੱਚ ਕੋਈ ਜ਼ਰੂਰੀ ਰੋਲ ਅਦਾ ਨਹੀਂ ਕਰਦੀ। ਅਜਿਹਾ ਵਿਚਾਰ ਸਿਰਫ਼ ਮੈਨਸ਼ਵਿਕਾਂ ਲਈ ਹੀ ਹੈ, ਜਿਹੜੇ ਵੱਧ ਤੋਂ ਵੱਧ ਬੇਥਵ੍ਹੇ “ਪਾਰਲੀਮੈਂਟਰੀ ਬਚਪਨੇ” ਵੱਲ ਪ੍ਰੇਰਤ ਹੁੰਦੇ ਜਾ ਰਹੇ ਹਨ (ਮਿਸਾਲ ਵਜੋਂ, ਗੈਰਕਾਨੂੰਨੀ ਪਾਰਟੀ ਜਥੇਬੰਦੀ ਵਿਰੁੱਧ ਉਹਨਾਂ ਦੇ ਸੱਚਮੁਚ ਹੀ ਅਪਮਾਨ ਜਨਕ ਗੱਦਾਰਾਨਾ ਹਮਲਿਆਂ ਨੂੰ ਲਵੋ)। ਮਾਰਕਸਵਾਦੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪ੍ਰਤੀਨਿਧਤਾ ਦੀਆਂ ਸਥਿਤੀਆਂ, ਨਾ ਸਿਰਫ ਸਾਡੀ ਬਲੈਕ ਹੰਡਰਡ ਡੂਮਾ ਵਿੱਚ ਹੀ, ਸਗੋਂ ਬੇਹੱਦ ਆਦਰਸ਼ਕ ਬੁਰਜੂਆ ਪਾਰਲੀਮੈਂਟ ਵਿੱਚ ਵੀ ਵੱਖ ਵੱਖ ਜਮਾਤਾਂ ਦੀ ਅਸਲ ਤਾਕਤ ਅਤੇ ਉਹਨਾਂ ਦੀ ਪ੍ਰਤੀਨਿਧ ਸੰਸਥਾਵਾਂ ਵਿੱਚ ਪ੍ਰਤੀਨਿਧਤਾ ਵਿਚਾਲੇ ਮਸਨੂਈ ਫ਼ਰਕ ਪੈਦਾ ਕਰ ਦੇਣਗੀਆਂ। ਮਿਸਾਲ ਵਜੋਂ, ਲਿਬਰਲ ਬੁਰਜੂਆ ਬੁੱਧੀਜੀਵੀ ਸਦਾ ਅਤੇ ਹਰ ਥਾਂ ਉੱਤੇ ਪਾਰਲੀਮੈਂਟ ਵਿੱਚ ਅਸਲੀਅਤ ਨਾਲ਼ੋਂ ਸੌ ਗੁਣਾਂ ਵੱਧ ਮਜ਼ਬੂਤ ਹੁੰਦਾ ਹੈ (ਸਾਡੇ ਇਨਕਲਾਬ ਵਿੱਚ ਵੀ ਮੌਕਾਪ੍ਰਸਤ ਸੋਸ਼ਲ-ਡੈਮੋਕਰੈਟਿਕ ਕੈਡਿਟਾਂ ਦੀ ਤਾਕਤ ਓਨੀ ਹੀ ਸਮਝਦੇ ਹਨ ਜਿੰਨੀ ਉਹਨਾਂ ਦੀ ਤਾਕਤ ਦਿਖਾਈ ਦਿੰਦੀ ਹੈ) ਅਤੇ ਇਸ ਦੇ ਉਲਟ ਪੈਟੀ-ਬੁਰਜੂਆਜ਼ੀ ਦਾ ਇੱਕ ਬਹੁਤ ਚੁਰੇੜਾ ਹਿੱਸਾ (1848 ਦੇ ਬੁਰਜੂਆ ਇਨਕਲਾਬ ਦੌਰਾਨ ਸ਼ਹਿਰਾਂ ਵਿੱਚ, ਰੂਸ ਵਿੱਚ, ਪਿੰਡਾਂ ਵਿੱਚ) ਆਮ ਤੌਰ ’ਤੇ ਲੋਕਾਂ ਦੇ ਖੁੱਲ੍ਹੇ ਸੰਘਰਸ਼ ਵਿੱਚ ਬਹੁਤ ਹੀ ਮਹੱਤਵਪੂਰਨ ਰੋਲ਼ ਅਦਾ ਕਰਦਾ ਹੈ, ਜਦੋਂ ਕਿ ਪਾਰਲੀਮੈਂਟਾਂ ਵਿੱਚ ਪ੍ਰਤੀਨਿਧਤਾ ਦੇ ਪੱਖ ਤੋਂ ਇਹ ਬਹੁਤ ਨਿਗੂਣਾ ਜਿਹਾ ਹੁੰਦਾ ਹੈ।

ਸਾਡੀ ਕਿਸਾਨੀ ਜਦੋਂ ਇਨਕਲਾਬ ਵਿੱਚ ਦਾਖਲ ਹੋਈ ਓਦੋਂ ਉਹ ਇੱਕ ਪਾਸੇ ਲਿਬਰਲ ਬੁਰਜੂਆਜ਼ੀ ਅਤੇ ਦੂਜੇ ਪਾਸੇ ਸੋਸ਼ਲਿਸਟ ਪ੍ਰੋਲੇਤਾਰੀ ਤੋਂ ਰਾਜਸੀ ਤੌਰ ’ਤੇ ਬਹੁਤ ਹੀ ਘੱਟ ਚੇਤੰਨ ਸੀ। ਇਸੇ ਕਾਰਨ ਇਸ ਨੇ ਇਨਕਲਾਬ ਤੋਂ ਹੋਰ ਜਮਾਤਾਂ ਨਾਲੋਂ ਵੱਧ ਕੀਮਤੀ ਪਰ ਵਧੇਰੇ ਕਸ਼ਟਦਾਇਕ ਧੁੰਦਲਾਪਨ ਦੂਰ ਕੀਤਾ, ਵਧੇਰੇ ਕੌੜੇ ਪਰ ਲਾਹੇਵੰਦੇ ਸਬਕ ਕੱਢੇ। ਬਿਲਕੁਲ ਕੁਦਰਤੀ ਤੌਰ ’ਤੇ, ਇਹ ਇਹਨਾਂ ਸਬਕਾਂ ਨੂੰ ਵਿਸ਼ੇਸ਼ ਮੁਸ਼ਕਲ ਨਾਲ਼ ਅਤੇ ਕਾਫੀ ਧੀਮੀ ਗਤੀ ਨਾਲ਼ ਗ੍ਰਹਿਣ ਕਰ ਰਹੀ ਹੈ। ਬਿਲਕੁਲ ਕੁਦਰਤੀ ਤੌਰ ’ਤੇ ਬੁੱਧੀਜੀਵੀਆਂ ਵਿੱਚੋਂ ਬਹੁਤ ਸਾਰੇ “ਗਰਮ ਖਿਆਲ” ਧੀਰਜ ਛੱਡ ਬਹਿਣਗੇ ਅਤੇ ਇਸ ਨੂੰ ਇੱਕ ਭੈੜੇ ਕੰਮ ਵਾਂਗ ਛੱਡ ਦੇਣਗੇ – ਏਸੇ ਤਰ੍ਹਾਂ ਕੁਝ ਸੋਸ਼ਲ-ਡੈਮੋਕਰੈਟਿਕ ਗਰੁੜ ਗਿਆਨੀ ਵੀ ਕਰਨਗੇ, ਜਿਨ੍ਹਾਂ ਦੇ ਚਿਹਰਿਆਂ ਉੱਤੇ ਉਦੋਂ ਘ੍ਰਿਣਾਮਈ ਤਨਜ਼ ਉਭਰ ਆਉਂਦੀ ਹੈ ਜਦੋਂ ਕੋਈ ਜਣਾ ਕਿਸਾਨੀ ਜਮਹੂਰੀਅਤ

ਜਾਂ ਇਸ ਤਰ੍ਹਾਂ ਦੀ ਕੋਈ ਗੱਲ ਕਰਦਾ ਹੈ ਪਰ ਜਿਨ੍ਹਾਂ ਦੇ ਮੂੰਹਾਂ ਵਿੱਚ "ਗੂੜ੍ਹ ਗਿਆਨੀ" ਲਿਬਰਲਾਂ ਨੂੰ ਦੇਖਦੇ ਹੀ ਪਾਣੀ ਭਰ ਜਾਂਦਾ ਹੈ। ਪਰ ਜਮਾਤੀ ਤੌਰ 'ਤੇ ਸੁਚੇਤ ਪ੍ਰੋਲੇਤਾਰੀ ਆਪਣੀ ਯਾਦ ਵਿੱਚੋਂ 1905 ਦੀ ਪਤਝੜ ਅਤੇ ਸਰਦੀ ਦੌਰਾਨ ਦੇਖੀਆਂ ਗੱਲਾਂ ਅਤੇ ਉਹਨਾਂ ਗੱਲਾਂ ਨੂੰ, ਜਿਨ੍ਹਾਂ ਵਿੱਚ ਉਸ ਨੇ ਭਾਗ ਲਿਆ ਸੀ ਕਦੇ ਨਹੀਂ ਭੁਲਾਵੇਗਾ ਅਤੇ ਸਾਡੇ ਇਨਕਲਾਬ ਵਿੱਚ ਤਾਕਤਾਂ ਦੇ ਤੋਲ ਨੂੰ ਦੇਖਦੇ ਹੋਏ, ਸਾਨੂੰ ਜਾਣਨਾ ਚਾਹੀਦਾ ਹੈ ਕਿ ਅੱਜ ਦੇ ਰੂਸ ਵਿੱਚ ਲਾਜ਼ਮੀ ਤੌਰ 'ਤੇ, ਸਮਾਜੀ ਉਭਾਰ ਦੇ ਚੁਰੇੜੇ ਪੱਧਰ ਦੇ ਫੈਲਣ, ਨਿਆਈਂ ਤੌਰ 'ਤੇ ਨੇੜੇ ਆ ਰਹੇ ਇਨਕਲਾਬੀ ਸੰਕਟ, ਕਿਸਾਨੀ ਵਿੱਚ ਲਹਿਰ ਦੇ ਸੰਕੇਤ, ਮਿਲਣਗੇ।

ਸਾਡੇ ਦੇਸ਼ ਵਿੱਚ ਲਿਬਰਲ ਬੁਰਜੂਆਜ਼ੀ ਉਲਟ-ਇਨਕਲਾਬੀ ਦੇ ਰਾਹ ਪੈ ਗਈ ਹੈ। ਸਿਰਫ਼ ਬਹਾਦਰ ਚੇਰੇਵਾਨਾਨੀ ਹੀ ਇਸ ਤੋਂ ਇਨਕਾਰ ਕਰ ਸਕਦੇ ਹਨ - ਉਹ ਅਤੇ **ਗੋਲੋਸ ਸੋਤਸੀਆਲ ਡੈਮੋਕਰੈਟਾ**[1] ਦੇ ਬੁਜ਼ਦਿਲ ਸੰਪਾਦਕ ਹੀ, ਜਿਹੜੇ ਆਪਣੇ ਸੰਗਰਾਮ ਅਤੇ ਵਿਚਾਰਧਾਰਕ ਸਾਥੀਆਂ ਤੋਂ ਹੀ ਇਨਕਾਰ ਕਰਦੇ ਹਨ। ਪਰ ਜੇਕਰ ਬੁਰਜੂਆ ਲਿਬਰਲਾਂ ਦੇ ਇਸ ਉਲਟ-ਇਨਕਲਾਬੀ ਖਾਸੇ ਤੋਂ ਕੋਈ ਇਹ ਸਮਝੇ ਕਿ ਉਹਨਾਂ ਦਾ ਵਿਰੋਧ ਅਤੇ ਨਿਰਾਸ਼ਾ, ਉਹਨਾਂ ਦੇ ਬਲੈਕ ਹੰਡਰਡਾਂ ਨਾਲ ਵਿਰੋਧ, ਜਾਂ ਬੁਰਜੂਆਜ਼ੀ ਦੇ ਵੱਖ ਵੱਖ ਹਿੱਸਿਆਂ ਦਾ ਆਪਸ ਵਿੱਚ ਸੰਘਰਸ਼ ਅਤੇ ਦੁਸ਼ਮਣੀ, ਨਵੇਂ ਵਿਦਰੋਹ ਦੇ ਅਮਲ ਵਿੱਚ ਕੋਈ ਮਹੱਤਤਾ ਨਹੀਂ ਰੱਖਦੇ, ਤਾਂ ਇਹ ਇੱਕ ਬਹੁਤ ਹੀ ਵੱਡੀ ਗਲਤੀ ਅਤੇ ਅੰਦਰੋਂ ਬਾਹਰੋਂ ਹਕੀਕੀ ਮੈਨਸ਼ਵਿਕਵਾਦ ਹੋਵੇਗਾ। ਹੋਰ ਦੇਸ਼ਾਂ ਦੇ ਤਜ਼ਰਬੇ ਵਾਂਗ ਰੂਸੀ ਇਨਕਲਾਬ ਦਾ ਤਜ਼ਰਬਾ ਬਿਨਾਂ ਕਿਸੇ ਸ਼ੱਕ ਦੇ ਸਾਬਤ ਕਰਦਾ ਹੈ ਕਿ ਜਿੱਥੇ ਡੂੰਘੇ ਰਾਜਸੀ ਸੰਕਟ ਦੀਆਂ ਬਾਹਰਮੁਖੀ ਸਥਿਤੀਆਂ ਮੌਜੂਦ ਹਨ, ਦੇਖਣ ਨੂੰ ਇਨਕਲਾਬ ਦੇ ਹਕੀਕੀ ਤੌਰ 'ਤੇ ਪਨਪਣ ਵਾਲ਼ੇ ਅਧਾਰ ਤੋਂ ਅਲੱਗ ਨਿੱਕੇ ਜਿਹੇ ਝਗੜੇ ਵੀ, ਕਾਰਨ ਵਜੋਂ, ਆਖਰੀ ਤੌਰ 'ਤੇ ਲੋਕ ਰਾਏ ਵਿੱਚ ਤਬਦੀਲੀ ਦੇ ਨੁਕਤੇ ਵਗੈਰਾ ਵਜੋਂ, ਬੇਹੱਦ ਗੰਭੀਰ ਮਹੱਤਤਾ ਵਾਲ਼ੇ ਹੋ ਸਕਦੇ ਹਨ। ਚੇਤੇ ਕਰੋ ਕਿ ਜ਼ੈਮਸਤਵੋ ਮੁਹਿੰਮ ਅਤੇ 1904 ਦੀ ਲਿਬਰਲਾਂ ਦੀ ਪਟੀਸ਼ਨ, ਨੌਂ ਜਨਵਰੀ[2] ਵਰਗੀ ਮੂਲ਼ ਅਤੇ ਨਿਰੋਲ ਪ੍ਰੋਲੇਤਾਰੀ

---

1. **ਗੋਲੋਸ ਸੋਤਸੀਆਲ ਡੈਮੋਕਰੈਟਾ** (ਸੋਸ਼ਲ ਡੈਮੋਕਰੈਟਾਂ ਦੀ ਆਵਾਜ਼) - ਮੈਨਸ਼ਵਿਕ ਖਾਤਮਾਵਾਦੀਆਂ ਦਾ ਅਖ਼ਬਾਰ।

2. **ਜ਼ੈਮਸਤਵੋ ਮੁਹਿੰਮ** ਅਗਸਤ 1904 ਤੋਂ ਜਨਵਰੀ 1905 ਤੱਕ ਚੱਲੀ। ਕਾਂਗਰਸਾਂ, ਮੀਟਿੰਗਾਂ ਅਤੇ ਭੋਜਨਾਂ ਉੱਤੇ ਜ਼ੈਮਸਤਵੋ ਅਧਿਕਾਰੀਆਂ ਨੇ ਨਰਮ ਸੰਵਿਧਾਨਕ ਮੰਗਾਂ ਬਾਰੇ ਤਕਰੀਰਾਂ ਕੀਤੀਆਂ ਅਤੇ ਮਤੇ ਪ੍ਰਵਾਨ ਕੀਤੇ।

**9 ਜਨਵਰੀ 1905** ਨੂੰ, ਸੇਂਟ ਪੀਟਰਜ਼ਬਰਗ ਦੇ ਵਰਕਰ ਆਪਣੀਆਂ ਪਤਨੀਆਂ ਅਤੇ ਬੱਚਿਆਂ ਦੇ ਨਾਲ਼ ਜ਼ਾਰ ਨੂੰ ਇੱਕ ਪਟੀਸ਼ਨ ਦੇਣ ਲਈ ਵਿੰਟਰ ਪੈਲੇਸ ਗਏ। ਪਟੀਸ਼ਨ ਵਿੱਚ ਵਰਕਰਾਂ ਦੀ ਅਸਿਹ ਸਥਿਤੀ ਅਤੇ ਉਹਨਾਂ ਦੇ ਹੱਕਾਂ ਦੀ ਅਣਹੋਂਦ ਦਾ ਜ਼ਿਕਰ ਕੀਤਾ ਗਿਆ ਸੀ। ਜ਼ਾਰ ਨੇ ਨਿਹੱਥੇ ਵਰਕਰਾਂ ਦੇ ਪੁਰਅਮਨ ਮੁਜ਼ਾਹਰੇ ਉੱਤੇ ਫੌਜਾਂ ਨੂੰ ਗੋਲ਼ੀ ਚਲਾਉਣ ਦਾ ਹੁਕਮ ਦੇ ਦਿੱਤਾ। ਰੂਸ ਭਰ ਵਿੱਚ ਵਰਕਰਾਂ ਨੇ ਇਸ ਨਿਰਦਈ ਕਤਲੇਆਮ ਵਿਰੁੱਧ "ਤਾਨਾਸ਼ਾਹੀ ਮੁਰਦਾਬਾਦ!" ਦੇ ਨਾਹਰੇ ਹੇਠ ਜਨਤਕ ਰਾਜਸੀ ਹੜਤਾਲਾਂ ਅਤੇ ਮੁਜ਼ਾਹਰੇ ਕਰਕੇ ਰੋਸ ਪ੍ਰਗਟ ਕੀਤਾ। 9 ਜਨਵਰੀ ਦੀਆਂ ਘਟਨਾਵਾਂ ਨੇ 1905-07 ਦੇ ਇਨਕਲਾਬ ਨੂੰ ਚਿੰਗਾੜੀ ਦਿੱਤੀ।

"ਪਟੀਸ਼ਨ" ਦੀਆਂ ਅਗਾਊਂ ਘਟਨਾਵਾਂ ਸਨ। ਜਦੋਂ ਬਾਲਸ਼ਵਿਕ ਜ਼ੈਮਸਤਵੋ ਮੁਹਿੰਮ ਬਾਰੇ ਬਹਿਸਾਂ ਕਰ ਰਹੇ ਸਨ, ਤਾਂ ਇਹ ਬਹਿਸ ਇਸ ਦੀ ਵਰਤੋਂ ਪ੍ਰੋਲੇਤਾਰੀ ਮੁਜ਼ਾਹਰਿਆਂ ਲਈ ਕਰਨ ਦੇ ਵਿਰੁੱਧ ਨਹੀਂ ਸੀ, ਸਗੋਂ ਸਾਡੇ ਮੈਨਸ਼ਵਿਕਾਂ ਵਿਰੁੱਧ ਸੀ ਜਿਹੜੇ ਇਨ੍ਹਾਂ ਮੁਜ਼ਾਹਰਿਆਂ ਨੂੰ ਜ਼ੈਮਸਤਵੋ ਅਸੰਬਲੀ ਹਾਲਾਂ ਤੱਕ ਸੀਮਤ ਕਰਨ ਵਿਰੁੱਧ, ਜ਼ੈਮਸਤਵੋ ਵਾਲ਼ਿਆਂ ਅੱਗੇ ਮੁਜ਼ਾਹਰਿਆਂ ਨੂੰ ਮੁਜ਼ਾਹਰੇ ਦੀ ਸਿਖਰੀ ਕਿਸਮ ਗਰਦਾਨਣ ਵਿਰੁੱਧ ਅਤੇ ਮੁਜ਼ਾਹਰਿਆਂ ਨੂੰ ਇਸ ਨਜ਼ਰੀਏ ਨਾਲ਼ ਜਥੇਬੰਦ ਕਰਨ ਵਿਰੁੱਧ ਸੀ ਕਿ ਲਿਬਰਲਾਂ ਨੂੰ ਡਰਾਇਆ ਨਾ ਜਾਵੇ। ਹੋਰ ਉਦਾਹਰਣ ਵਿਦਿਆਰਥੀ ਅੰਦੋਲਨ ਦੀ ਹੈ। ਇੱਕ ਅਜਿਹੇ ਦੇਸ਼ ਵਿੱਚ, ਜਿਹੜਾ ਬੁਰਜੂਆ-ਡੈਮੋਕਰੈਟਿਕ ਇਨਕਲਾਬ ਦੇ ਦੌਰ ਵਿੱਚੋਂ ਲੰਘ ਰਿਹਾ ਹੈ ਜਿਸ ਵਿੱਚ ਧਮਾਕਾਖੇਜ਼ ਮਵਾਦ ਬੜੇ ਅਗਾਂਹਵਧੂ ਢੰਗ ਨਾਲ਼ ਇਕੱਠਾ ਹੋ ਰਿਹਾ ਹੈ, ਇਹ ਅੰਦੋਲਨ ਆਸਾਨੀ ਨਾਲ਼ ਅਜਿਹੀਆਂ ਘਟਨਾਵਾਂ ਨੂੰ ਭੜਕਾ ਸਕਦਾ ਹੈ ਜਿਨ੍ਹਾਂ ਦੇ ਸਿੱਟੇ ਰਾਜ ਪ੍ਰਸ਼ਾਸਨ ਦੀ ਕਿਸੇ ਇੱਕ ਇਕਾਈ ਦੇ ਮਾਮਲਿਆਂ ਦੇ ਪ੍ਰਬੰਧ ਉੱਤੇ ਸਥਾਨਕ ਅਤੇ ਛੋਟੇ ਜਿਹੇ ਝਗੜੇ ਤੋਂ ਕਿਤੇ ਵਧੇਰੇ ਦੂਰ-ਰਸੀ ਨਿਕਲ ਸਕਦੇ ਸਨ। ਕੁਦਰਤੀ ਤੌਰ 'ਤੇ, ਸੋਸ਼ਲ-ਡੈਮੋਕਰੈਟ, ਜਿਹੜੇ ਪ੍ਰੋਲੇਤਾਰੀ ਦੀ ਆਜ਼ਾਦਾਨਾ ਜਮਾਤੀ ਨੀਤੀ ਅੱਗੇ ਵਧਾਉਂਦੇ ਹਨ, ਕਦੇ ਵੀ ਆਪਣੇ ਆਪ ਨੂੰ ਵਿਦਿਆਰਥੀ ਘੋਲ਼ ਜਾਂ ਨਵੀਆਂ ਜ਼ੈਮਸਤਵੋ ਕਾਂਗਰਸਾਂ ਦੇ ਅਨੁਸਾਰ ਜਾਂ ਬੁਰਜੂਆਜ਼ੀ ਦੇ ਉਹਨਾਂ ਹਿੱਸਿਆਂ ਦੇ ਸੰਕਲਪਾਂ ਦੇ ਮੁਤਾਬਕ ਨਹੀਂ ਢਾਲ ਸਕਦੇ, ਜਿਹੜੇ ਆਪਸ ਵਿੱਚ ਹੀ ਮੁੱਕੇ ਵੱਟੀ ਫਿਰਦੇ ਹਨ; ਉਹ ਕਦੇ ਵੀ ਇਸ ਪਰਿਵਾਰਕ ਝਗੜੇ ਨੂੰ ਤੇ ਹੋਰਾਂ ਗੱਲਾਂ ਨੂੰ ਅਜ਼ਾਦ ਮਹੱਤਤਾ ਨਹੀਂ ਦੇਣਗੇ। ਪਰ ਸਮੁੱਚੇ ਤੌਰ 'ਤੇ ਇਹ ਸੋਸ਼ਲ ਡੈਮੋਕਰੈਟਿਕ ਪਾਰਟੀ ਹੀ ਹੈ ਜਿਹੜੀ ਬੰਦ-ਖਲਾਸੀ ਦੇ ਸਮੁੱਚੇ ਸੰਘਰਸ਼ ਦੀ ਅਗਵਾਈ ਕਰ ਰਹੀ ਜਮਾਤ ਦੀ ਪਾਰਟੀ ਹੈ; ਇਹ ਬਿਨਾਂ ਕਿਸੇ ਕਿੰਤੂ ਦੇ ਹਰ ਝਗੜੇ ਦੀ ਵਰਤੋਂ ਕਰਨ, ਇਸ ਨੂੰ ਹੋਰ ਤੇਜ਼ ਕਰਨ, ਇਸ ਦੀ ਮਹੱਤਤਾ ਨੂੰ ਵਧਾਉਣ, ਇਸ ਨਾਲ਼ ਇਨਕਲਾਬੀ ਨਾਅਰਿਆਂ ਲਈ ਆਪਣੀ ਐਜੀਟੇਸ਼ਨ ਨੂੰ ਸਬੰਧਤ ਕਰਨ, ਇਹਨਾਂ ਝਗੜਿਆਂ ਦੀ ਖਬਰ ਜਨਤਾ ਦੇ ਵੱਡੇ ਹਿੱਸਿਆਂ ਤੱਕ ਪਹੁੰਚਾਉਣ, ਉਹਨਾਂ ਨੂੰ ਆਪਣੀਆਂ ਮੰਗਾਂ ਲਈ ਆਜ਼ਾਦਾਨਾ ਅਤੇ ਖੁੱਲ੍ਹੀ ਕਾਰਵਾਈ ਕਰਨ ਲਈ ਤਿਆਰ ਕਰਨ ਆਦਿ ਲਈ ਕੰਮ ਕਰੇਗੀ। ਫ਼ਰਾਂਸ ਵਿੱਚ 1793 ਤੋਂ ਬਾਅਦ, ਇਹ ਉਲਟ ਇਨਕਲਾਬੀ ਲਿਬਰਲ ਬੁਰਜੂਆਜ਼ੀ ਹੋਂਦ ਵਿੱਚ ਆ ਗਈ ਅਤੇ ਲਗਾਤਾਰ ਵਿਕਾਸ ਕਰਦੀ ਰਹੀ; ਫਿਰ ਵੀ ਇਸ ਦੇ ਵੱਖ ਵੱਖ ਹਿੱਸਿਆਂ ਵਿਚਾਲੇ ਝਗੜੇ ਅਤੇ ਘੋਲ਼ ਹੋਰ ਸੌ ਸਾਲ ਤੱਕ ਚੱਲਦੇ ਰਹੇ ਜਿਨ੍ਹਾਂ ਨੇ ਇੱਕ ਜਾਂ ਦੂਜੇ ਢੰਗ ਨਾਲ਼ ਨਵੇਂ ਇਨਕਲਾਬਾਂ ਦੇ ਅਧਾਰ ਦਾ ਕੰਮ ਕੀਤਾ ਜਿਨ੍ਹਾਂ ਵਿੱਚ ਪ੍ਰੋਲੇਤਾਰੀਆਂ ਨੇ ਦ੍ਰਿੜਤਾ ਨਾਲ਼ ਮੂਲ਼ ਚਾਲਕ-ਸ਼ਕਤੀ ਦਾ ਰੋਲ ਅਦਾ ਕੀਤਾ, ਅਤੇ ਜਿਨ੍ਹਾਂ ਨੂੰ ਇਹ ਗਣਰਾਜ ਦੀ ਜਿੱਤ ਤੱਕ **ਲੈ ਗਏ।**

ਆਓ ਅਸੀਂ ਹੁਣ ਸਾਡੇ ਬੁਰਜੂਆ-ਡੈਮੋਕਰੈਟਿਕ ਇਨਕਲਾਬ ਵਿੱਚ ਇਸ ਅਗਵਾਈ ਕਰਨ ਵਾਲ਼ੀ ਅਤੇ ਵਿਕਸਤ ਜਮਾਤ, ਪ੍ਰੋਲੇਤਾਰੀਆਂ, ਵੱਲੋਂ ਹੱਲੇ ਦੀਆਂ ਹਾਲਤਾਂ ਬਾਰੇ ਵਿਚਾਰ ਕਰੀਏ। ਜਦੋਂ ਮਾਸਕੋ ਵਾਲੇ ਸਾਥੀ ਇਸ ਸਵਾਲ ਬਾਰੇ ਵਿਚਾਰ ਕਰ ਰਹੇ ਸਨ, ਉਹਨਾਂ ਬਿਲਕੁਲ ਸਹੀ ਤੌਰ 'ਤੇ ਸਨਅਤੀ ਸੰਕਟ ਦੀ ਮੂਲ਼ ਮਹੱਤਤਾ ਉੱਤੇ ਜ਼ੋਰ ਦਿੱਤਾ।

ਉਹਨਾਂ ਇਸ ਸੰਕਟ ਬਾਰੇ ਬੇਹੱਦ ਦਿਲਚਸਪ ਮਵਾਦ ਇਕੱਤਰ ਕੀਤਾ, ਮਾਸਕੋ ਅਤੇ ਲੋਡਜ਼ ਵਿਚਾਲੇ ਘੋਲ਼ ਦੀ ਮਹੱਤਤਾ ਨੂੰ ਨੋਟ ਕੀਤਾ ਅਤੇ ਹੁਣ ਤੱਕ ਚੱਲੇ ਆ ਰਹੇ ਕੁਝ ਸੰਕਲਪਾਂ ਵਿੱਚ ਕਈ ਪੱਖਾਂ ਤੋਂ ਤਬਦੀਲੀਆਂ ਕੀਤੀਆਂ। ਇਹ ਇੱਛਾ ਕਰਨੀ ਚਾਹੀਦੀ ਹੈ ਕਿ ਇਹ ਮਵਾਦ ਮਾਸਕੋ ਕਮੇਟੀ ਦੀਆਂ ਸਬ ਕਮੇਟੀਆਂ ਜਾਂ ਮਾਸਕੋ ਏਰੀਆ ਕਮੇਟੀ ਵਿੱਚ ਹੀ ਖਿਲਰ ਪੱਤਰ ਨਾ ਜਾਵੇ, ਸਗੋਂ ਇਸ ਬਾਰੇ ਪੂਰੀ ਤਰ੍ਹਾਂ ਵਿਚਾਰ ਕਰੇ, ਪ੍ਰੈੱਸ ਵਿੱਚ ਛਾਪਿਆ ਜਾਣਾ ਚਾਹੀਦਾ ਹੈ ਤਾਂ ਜੋ ਸਮੁੱਚੀ ਪਾਰਟੀ ਇਸ ਬਾਰੇ ਵਿਚਾਰ ਕਰ ਸਕੇ। ਜਿੱਥੋਂ ਤੱਕ ਸਾਡਾ ਸਬੰਧ ਹੈ, ਅਸੀਂ ਆਪਣੇ ਆਪ ਨੂੰ ਇਸ ਸਵਾਲ ਦੀ **ਪੇਸ਼ਕਾਰੀ** ਉੱਤੇ ਕੁਝ ਟਿਪਣੀਆਂ ਤੱਕ ਹੀ ਸੀਮਤ ਰੱਖਾਂਗੇ। ਜਿਸ ਦਿਸ਼ਾ ਵੱਲ ਸੰਕਟ ਵੱਧ ਰਿਹਾ ਹੈ, ਉਹ ਸਪੱਸ਼ਟ ਤੌਰ 'ਤੇ ਜ਼ੇਰੇ-ਬਹਿਸ ਸਵਾਲ ਹੈ (ਇਹ ਆਮ ਤੌਰ 'ਤੇ ਪ੍ਰਵਾਨ ਕੀਤਾ ਜਾਂਦਾ ਹੈ ਕਿ ਇੱਕ ਬਹੁਤ ਹੀ ਡੂੰਘਾ ਨਿੱਗਰ ਅਤੇ ਸੰਕਟ, ਬਹੁਤ ਥੋੜ੍ਹ-ਚਿਰੇ ਅਤੇ ਹਲਕੇ ਜਿਹੇ ਉਭਾਰ ਮਗਰੋਂ ਸਾਡੀ ਸਨਅਤ ਉਤੇ ਛਾ ਗਿਆ ਹੈ)। ਕੁਝ ਲੋਕ ਕਹਿੰਦੇ ਹਨ ਕਿ ਵਰਕਰਾਂ ਵੱਲੋਂ ਹੱਲੇ ਵਾਲ਼ਾ ਆਰਥਕ ਘੋਲ਼ ਪਹਿਲਾਂ ਜਿੰਨਾ ਹੀ ਅਸੰਭਵ ਹੈ ਅਤੇ ਸਿੱਟੇ ਵਜੋਂ ਨਿਕਟ ਭਵਿੱਖ ਵਿੱਚ ਇਸ ਨੂੰ ਇਨਕਲਾਬੀ ਹੁਲਾਰਾ ਦੇਣਾ ਵੀ ਸੰਭਵ ਨਹੀਂ। ਦੂਜੇ ਕਹਿੰਦੇ ਹਨ ਕਿ ਆਰਥਕ ਘੋਲ਼ ਦੀ ਅਸੰਭਵਤਾ ਨੇ ਰਾਜਸੀ ਘੋਲ਼ ਨੂੰ ਇੱਕ ਮੋੜ ਦੇ ਦਿੱਤਾ ਹੈ ਅਤੇ ਇਸ ਲਈ ਨਿਕਟ ਭਵਿੱਖ ਵਿੱਚ ਇਨਕਲਾਬੀ ਹੁਲਾਰਾ ਲਾਜ਼ਮੀ ਹੈ।

ਸਾਡਾ ਵਿਚਾਰ ਹੈ ਕਿ ਦੋਵਾਂ ਰਾਵਾਂ ਵਿੱਚ ਇੱਕੋ ਬੁਨਿਆਦੀ ਨੁਕਸ ਹੈ, ਜਿਹੜਾ ਇੱਕ ਗੁੰਝਲਦਾਰ ਮਸਲੇ ਨੂੰ ਸਾਦਾ ਅਤੇ ਆਸਾਨ ਬਣਾਉਣ ਵਿੱਚ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਨਅਤੀ ਸੰਕਟ ਦਾ ਵੇਰਵੇਪੂਰਨ ਅਧਿਐਨ ਬਹੁਤ ਮਹੱਤਤਾ ਵਾਲ਼ੀ ਗੱਲ ਹੈ। ਪਰ ਇਹ ਗੱਲ ਵੀ ਸ਼ੱਕੋਂ ਬਾਹਰੀ ਹੈ ਕਿ ਸੰਕਟ ਬਾਰੇ ਕੋਈ ਵੀ ਅੰਕੜੇ, ਭਾਵੇਂ ਉਹ ਕਿੰਨੇ ਵੀ ਆਦਰਸ਼ਕ ਅਤੇ ਠੀਕ ਠਾਕ ਹੋਣ, ਹਕੀਕੀ ਤੌਰ 'ਤੇ ਇਸ ਬਾਰੇ ਨਿਰਣਾ ਨਹੀਂ ਦੇ ਸਕਦੇ ਕਿ ਇਨਕਲਾਬੀ ਜਵਾਰ ਆ ਰਿਹਾ ਹੈ ਜਾਂ ਨਹੀਂ: ਕਿਉਂਕਿ ਅਜਿਹਾ ਉਭਾਰ ਹਜ਼ਾਰਾਂ ਹੋਰ ਪੱਖਾਂ ਉੱਤੇ ਹੀ ਨਿਰਭਰ ਕਰਦਾ ਹੈ, ਜਿਨ੍ਹਾਂ ਦੀ ਗਿਣਤੀ ਸਮੇਂ ਤੋਂ ਪਹਿਲਾਂ ਕਰਨਾ ਅਸੰਭਵ ਹੈ। ਇਹ ਗੱਲ ਤਾਂ ਬਿਲਕੁਲ ਸ਼ੱਕ-ਰਹਿਤ ਹੈ ਕਿ ਦੇਸ਼ ਵਿੱਚ ਖੇਤੀਬਾੜੀ ਸੰਕਟ ਦੇ ਆਮ, ਮੁਢਲੇ ਕੰਮ ਤੋਂ ਬਿਨਾਂ ਅਤੇ ਸਨਅਤ ਵਿੱਚ ਨਿਘਾਰ ਤੋਂ ਬਿਨਾਂ, ਡੂੰਘਾ ਰਾਜਸੀ ਸੰਕਟ ਸੰਭਵ ਨਹੀਂ। ਪਰ ਜੇਕਰ ਆਮ ਮੁਢਲਾ ਕੰਮ ਮੌਜੂਦ ਹੈ, ਤਾਂ ਇਹ ਸਾਨੂੰ ਇਹ ਸਿੱਟਾ ਕੱਢਣ ਦੀ ਇਜਾਜ਼ਤ ਨਹੀਂ ਦਿੰਦਾ ਕਿ ਇਹ ਨਿਘਾਰ ਆਮ ਤੌਰ 'ਤੇ ਮਜ਼ਦੂਰ ਦੇ ਜਨਤਕ ਘੋਲ਼ ਨੂੰ ਹਾਲ ਦੀ ਘੜੀ ਰੋਕਾਂ ਲਾਵੇਗਾ, ਜਾਂ ਕਿ ਘਟਨਾਵਾਂ ਦੇ **ਕਿਸੇ ਵਿਸ਼ੇਸ ਪੜਾਅ ਉੱਤੇ ਇਹੀ** ਨਿਘਾਰ ਨਵੇਂ ਲੋਕਾਂ ਅਤੇ ਤਾਜ਼ਾ ਤਾਕਤਾਂ ਨੂੰ ਰਾਜਸੀ ਘੋਲ਼ ਵਿੱਚ ਧੱਕ ਦੇਵੇਗਾ। ਅਜਿਹੇ ਸਵਾਲ ਦਾ ਜਵਾਬ ਦੇਣ ਦਾ ਸਿਰਫ ਇਕੋ ਰਾਹ ਹੈ: ਦੇਸ਼ ਦੇ ਸਮੁੱਚੇ ਰਾਜਨੀਤਕ ਜੀਵਨ ਦੀ ਨਬਜ਼ ਉੱਤੇ ਚੌਕਸੀ ਨਾਲ਼ ਹੱਥ ਰੱਖਣਾ, ਖਾਸ ਕਰਕੇ ਲਹਿਰ ਦੀ ਸਥਿਤੀ ਅਤੇ ਪ੍ਰੋਲੇਤਾਰੀਆਂ ਜਨਤਾ ਦੇ ਰਉਂ ਉੱਤੇ। ਮਿਸਾਲ ਵਜੋਂ, ਹੁਣੇ ਜਿਹੇ, ਰੂਸ ਦੇ ਵੱਖ ਵੱਖ ਭਾਗਾਂ ਦੇ ਖੇਤੀ ਅਤੇ ਸਨਅਤੀ ਇਲਾਕਿਆਂ ਵਿੱਚੋਂ ਪਾਰਟੀ ਵਰਕਰਾਂ ਦੀਆਂ ਬਹੁਤ ਸਾਰੀਆਂ ਰਿਪੋਰਟਾਂ ਦਿਲਚਸਪੀ ਦੇ ਬਿਨਾਂ ਸ਼ੱਕ ਮੁੜ-

ਉਭਾਰ, ਨਵੀਂਆਂ ਤਾਕਤਾਂ ਦੀ ਵੱਡੇ ਪੱਧਰ 'ਤੇ ਉਤਪਤੀ, ਐਜੀਟੇਸ਼ਨ ਵਿੱਚ ਵੱਧ ਰਹੀ ਦਿਲਚਸਪੀ ਆਦਿ ਵੱਲ ਸੰਕੇਤ ਕਰਦੀਆਂ ਹਨ। ਇਸ ਨਾਲ਼, ਇੱਕ ਪਾਸੇ ਵਿਦਿਆਰਥੀਆਂ ਵਿੱਚ ਵੱਡੇ ਪੱਧਰ 'ਤੇ ਬੇਚੈਨੀ ਸ਼ੁਰੂ ਹੋਣ ਅਤੇ ਦੂਜੇ ਪਾਸੇ ਜ਼ੈਮਸਤਵੋ ਕਾਂਗਰਸਾਂ ਨੂੰ ਮੁੜ ਸੁਰਜੀਤ ਕਰਨ ਦੇ ਯਤਨਾਂ ਦਾ ਟਾਕਰਾ ਕਰਦੇ ਹੋਏ, ਅਸੀਂ ਘਟਨਾਵਾਂ ਵਿੱਚ ਕੁਝ ਤਬਦੀਲੀ ਨੂੰ ਰਿਕਾਰਡ ਕਰ ਸਕਦੇ ਹਾਂ, ਅਜਿਹੀ ਚੀਜ਼ ਜਿਹੜੀ, ਪਿਛਲੇ ਅਠਾਰਾਂ ਮਹੀਨਿਆਂ ਦੀ ਖੜ੍ਹੋਤ ਨੂੰ ਤੋੜ ਰਹੀ ਹੈ। ਇਹ ਮੋੜ ਕਿੰਨਾ ਮਜ਼ਬੂਤ ਹੈ, ਕੀ ਇਸ ਦਾ ਅਰਥ ਖੁੱਲ੍ਹੇ ਘੋਲ਼ ਵਗੈਰਾ ਦੇ ਨਵੇਂ ਦੌਰ ਦਾ ਮੁਢਲਾ ਪੜਾਅ ਸ਼ੁਰੂ ਹੋਣਾ ਹੈ, ਇਹ ਗੱਲ ਤੱਥ ਦੱਸ ਦੇਣਗੇ। ਹੁਣ ਅਸੀਂ ਜੋ ਕਰ ਸਕਦੇ ਹਾਂ, ਅਤੇ ਜੋ ਸਾਨੂੰ ਇਸ ਮਾਮਲੇ ਵਿਚ ਜ਼ਰੂਰ ਕਰਨਾ ਚਾਹੀਦਾ ਹੈ, ਉਹ ਗੈਰ-ਕਾਨੂੰਨੀ ਪਾਰਟੀ ਜਥੇਬੰਦੀ ਨੂੰ ਮਜ਼ਬੂਤ ਕਰਨ ਅਤੇ ਪ੍ਰੋਲੇਤਾਰੀ ਜਨਤਾ ਵਿੱਚ ਆਪਣੀ ਮੁਹਿੰਮ ਨੂੰ ਦਸ ਗੁਣਾਂ ਵਧਾਉਣ ਲਈ ਯਤਨਾਂ ਨੂੰ ਤੇਜ਼ ਕਰਨਾ ਹੈ। ਸਿਰਫ਼ ਐਜੀਟੇਸ਼ਨ ਹੀ ਚੁਰੇੜੇ ਪੱਧਰ ਉੱਤੇ ਜਨਤਾ ਦੇ ਮਨਾਂ ਦੀ ਸਹੀ ਸਥਿਤੀ ਨੂੰ ਜ਼ਾਹਰ ਕਰ ਸਕਦੀ ਹੈ, ਸਿਰਫ਼ ਐਜ਼ੀਟੇਸ਼ਨ ਹੀ ਪਾਰਟੀ ਅਤੇ ਸਮੁੱਚੀ ਮਜ਼ਦੂਰ ਜਮਾਤ ਵਿਚਾਲੇ ਨਿਕਟ ਮਿਲਵਰਤਨ ਵਧਾ ਸਕਦੀ ਹੈ, ਪਰ ਹੜਤਾਲ, ਮਜ਼ਦੂਰ ਜਮਾਤ ਦੇ ਜੀਵਨ ਦੀ ਹਰ ਮਹੱਤਵਪੂਰਨ ਘਟਨਾ ਜਾਂ ਮਾਮਲੇ, ਹੁਕਮਰਾਨ ਜਮਾਤਾਂ ਵਿਚਾਲੇ ਜਾਂ ਇਹਨਾਂ ਜਮਾਤਾਂ ਦੇ ਕਿਸੇ ਇੱਕ ਜਾਂ ਦੂਜੇ ਹਿੱਸੇ ਦੇ ਤਾਨਾਸ਼ਾਹੀ ਨਾਲ਼ ਝਗੜੇ, ਇੱਕ ਸੋਸ਼ਲ-ਡੈਮੋਕਰੇਟ ਵੱਲੋਂ ਡੂਮਾ ਵਿੱਚ ਕੀਤੀ ਗਈ ਹਰ ਤਕਰੀਰ, ਸਰਕਾਰ ਦੀ ਉਲਟ-ਇਨਕਲਾਬੀ ਨੀਤੀ ਦੇ ਹਰ ਨਵੇਂ ਪ੍ਰਗਟਾਵੇ ਵਗੈਰਾ ਦੀ ਵਰਤੋਂ ਕਰਕੇ ਹੀ - ਸਿਰਫ਼ ਇਸ ਤਰ੍ਹਾਂ ਕੰਮ ਕਰਕੇ ਹੀ ਇਨਕਲਾਬੀ ਪ੍ਰੋਲੇਤਾਰੀਆਂ ਦੀਆਂ ਸਫਾਂ ਨੂੰ ਇੱਕ ਵਾਰ ਫੇਰ ਨੇੜੇ ਨੇੜੇ ਲਿਆਂਦਾ ਜਾ ਸਕਦਾ ਹੈ ਅਤੇ ਇਸ ਗੱਲ ਦਾ ਨਿਰਣਾ ਕਰਨ ਲਈ ਬਿਲਕੁਲ ਠੀਕ ਮਵਾਦ ਮੁਹੱਈਆ ਕੀਤਾ ਜਾ ਸਕਦਾ ਹੈ ਕਿ ਨਵੀਂਆਂ ਅਤੇ ਵਧੇਰੇ ਫੈਸਲਾਕੁਨ ਲੜਾਈਆਂ ਦਾ ਸਮਾਂ ਕਿੰਨੀ ਰਫ਼ਤਾਰ ਨਾਲ਼ ਆ ਰਿਹਾ ਹੈ।

ਨਿਚੋੜ ਕੱਢੀਏ। ਇਨਕਲਾਬ ਦੇ ਸਿੱਟਿਆਂ ਅਤੇ ਮੌਜੂਦਾ ਸਥਿਤੀ ਦਾ ਸਰਵੇ ਸਾਫ ਤੌਰ 'ਤੇ ਦਰਸਾਉਂਦਾ ਹੈ ਕਿ ਇਨਕਲਾਬ ਦੇ ਵਸਤੂਗਤ ਕੰਮ ਪੂਰੇ ਨਹੀਂ ਕੀਤੇ ਗਏ ਹਨ। ਤਾਨਾਸ਼ਾਹੀ ਦੀ ਨੀਤੀ ਵਿੱਚ ਡੂਮਾ ਦੇ ਅੰਦਰ ਅਤੇ ਡੂਮਾ ਦੇ ਮਾਧਿਅਮ ਰਾਹੀਂ ਖੇਤੀਬਾੜੀ ਅਤੇ ਆਮ ਨੀਤੀ ਵਿੱਚ ਬੋਨਾਪਾਰਟਵਾਦ ਵੱਲ ਤਬਦੀਲੀ, ਇੱਕ ਪਾਸੇ, ਬਲੈਕ ਹੰਡਰਡ ਤਾਨਾਸ਼ਾਹੀ ਅਤੇ "ਜੰਗਲੀ ਜਗੀਰਦਾਰ" ਵਿਚਾਲੇ ਅਤੇ ਦੂਜੇ ਪਾਸੇ ਸਮੁੱਚੇ ਦੇਸ਼ ਦੇ ਆਰਥਕ ਅਤੇ ਸਮਾਜੀ ਵਿਕਾਸ ਦੀਆਂ ਲੋੜਾਂ ਵਿਚਾਲੇ ਵਿਰੋਧਤਾਈਆਂ ਨੂੰ ਤਿੱਖਿਆਂ ਅਤੇ ਚੁਰੇੜਿਆਂ ਹੀ ਕਰਦੀ ਹੈ। ਪੇਂਡੂ ਇਲਾਕਿਆਂ ਵਿੱਚ ਲੋਕਾਂ ਵਿਰੁੱਧ ਪੁਲਿਸ ਅਤੇ ਕੁਲਕ ਕਾਰਵਾਈ ਉੱਥੇ ਸੰਘਰਸ਼ ਨੂੰ ਵਧੇਰੇ ਤਿੱਖਾ ਅਤੇ ਰਾਜਸੀ ਤੌਰ 'ਤੇ ਚੇਤੰਨ ਬਣਾ ਰਹੀ ਹੈ, ਕਿਹਾ ਜਾਵੇ ਤਾਂ, ਤਾਨਾਸ਼ਾਹੀ ਵਿਰੁੱਧ ਘੋਲ਼ ਨੂੰ ਹਰ ਪਿੰਡ ਦੀਆਂ ਹਰ ਰੋਜ਼ ਦੀਆਂ ਅਤੇ ਮਹੱਤਵਪੂਰਨ ਸਮੱਸਿਆਵਾਂ ਦੇ ਨੇੜੇ ਲਿਆ ਰਹੀ ਹੈ। ਖੇਤੀਬਾੜੀ ਸਵਾਲ ਉੱਤੇ ਇਨਕਲਾਬੀ-ਡੈਮੋਕਰੈਟਿਕ ਮੰਗਾਂ (ਸਾਰੀਆਂ ਜ਼ਮੀਨੀ ਐਸਟੇਟਾਂ ਦੀ ਜ਼ਬਤੀ) ਦੀ ਰਾਖੀ ਦੇ ਕੰਮ ਨੇ ਅਜਿਹੇ ਮੌਕੇ 'ਤੇ ਸੋਸ਼ਲ-ਡੈਮੋਕਰੇਟਾਂ ਲਈ ਬੇਹੱਦ ਅਹਿਮ ਕੰਮ ਮਿੱਥ ਦਿੱਤਾ ਹੈ। ਬਲੈਕ ਹੰਡਰਡ-ਅਕਤੂਬਵਾਦੀ

ਡੂਮਾ, ਜਿਸ ਨੇ ਅਮਲੀ ਤੌਰ ਤੇ ਸਾਫ ਸਾਫ ਦਰਸਾ ਦਿੱਤਾ ਹੈ ਕਿ ਤਾਨਾਸ਼ਾਹੀ ਕਿਹੜੇ "ਸੰਵਿਧਾਨ" ਨੂੰ "ਪ੍ਰਵਾਨ" ਕਰ ਸਕਦੀ ਹੈ ਤੇ ਜਿਹੜਾ ਦੇਸ਼ ਦੇ ਆਰਥਕ ਵਿਕਾਸ ਦੀਆਂ ਲੋੜਾਂ ਪੂਰੀਆਂ ਕਰਨ ਦੀਆਂ ਸਭ ਤੋਂ ਵੱਧ ਸੌੜੀਆਂ ਹੱਦਾਂ ਵਿੱਚ ਵੀ ਇੱਕ ਵੀ ਸਵਾਲ ਨੂੰ ਹੱਲ ਕਰਨ ਦੇ ਸਮਰੱਥ ਨਹੀਂ, "ਸੰਵਿਧਾਨ ਲਈ" ਘੋਲ਼ ਨੂੰ **ਤਾਨਾਸ਼ਾਹੀ ਵਿਰੁੱਧ** ਇਨਕਲਾਬੀ ਘੋਲ਼ ਵਿੱਚ ਬਦਲ ਰਹੀ ਹੈ। ਬੁਰਜੂਆਜ਼ੀ ਦੇ ਵੱਖ ਵੱਖ ਹਿੱਸਿਆਂ ਵਿੱਚ ਆਪਸ ਦਰਮਿਆਨ ਅਤੇ ਸਰਕਾਰ ਨਾਲ਼ ਝਗੜੇ ਅਜਿਹੀ ਸਥਿਤੀ ਵਿੱਚ, ਅਜਿਹੇ ਘੋਲ਼ ਨੂੰ ਨੇੜੇ ਲੈ ਆਉਂਦੇ ਹਨ। ਪਿੰਡਾਂ ਵਿੱਚ ਗਰੀਬੀ ਦਾ ਵਾਧਾ, ਸਨਅਤ ਵਿੱਚ ਖੜ੍ਹੋਤ, ਇਹ ਆਮ ਵਿਚਾਰ ਕਿ ਮੌਜੂਦਾ ਰਾਜਸੀ ਸਥਿਤੀ ਵਿੱਚੋਂ ਨਿਕਲਣ ਦਾ ਕੋਈ ਰਾਹ ਨਹੀਂ ਅਤੇ ਕਿ ਬਦਨਾਮ "ਪੁਰਅਮਨ ਸੰਵਿਧਾਨਕ" ਢੰਗ ਤੇ ਬਿਲਕੁਲ ਹੀ ਆਸ ਨਹੀਂ ਕੀਤੀ ਜਾ ਸਕਦੀ, ਇਹ ਸਭ ਗੱਲਾਂ ਇਨਕਲਾਬੀ ਸੰਕਟ ਦੇ ਵੱਧ ਤੋਂ ਵੱਧ ਨਵੇਂ ਅੰਸ਼ਾਂ ਨੂੰ ਜਨਮ ਦੇ ਰਹੀਆਂ ਹਨ। ਹੁਣ ਸਾਡਾ ਕੰਮ ਮਸਨੂਈ ਤੌਰ 'ਤੇ ਨਵੇਂ ਨਾਅਰੇ ਈਜ਼ਾਦ ਕਰਨਾ ਨਹੀਂ (ਜਿਵੇਂ "ਤਾਨਾਸ਼ਾਹੀ ਮੁਰਦਾਬਾਦ" ਦੀ ਥਾਂ "ਡੂਮਾ ਮੁਰਦਾਬਾਦ" ਵਾਲ਼ਾ), ਪਰ ਗੈਰ ਕਾਨੂੰਨੀ ਪਾਰਟੀ ਜਥੇਬੰਦੀ ਨੂੰ ਮਜ਼ਬੂਤ ਕਰਨਾ (ਮੈਨਸ਼ਵਿਕਾਂ ਦੇ ਪਿਛਾਂਹਖਿਚੂ ਚੀਕ ਚਿਹਾੜੇ ਦੇ ਬਾਵਜੂਦ, ਜਿਹੜੇ ਕਿ ਇਸ ਨੂੰ ਬਿਲਕੁਲ ਹੀ ਖਤਮ ਕਰਨਾ ਚਾਹੁੰਦੇ ਹਨ) ਅਤੇ ਚੁਰੇੜੀ ਇਨਕਲਾਬੀ ਸੋਸ਼ਲ-ਡੈਮੋਕਰੈਟਿਕ ਐਜ਼ੀਟੇਸ਼ਨ ਦਾ ਵਿਕਾਸ ਕਰਨਾ ਹੈ, ਜਿਹੜੀ ਪਾਰਟੀ ਨੂੰ ਪ੍ਰੋਲੇਤਾਰੀ ਜਨਤਾ ਨਾਲ਼ ਕਰੜਾਈ ਨਾਲ਼ ਬੰਨ੍ਹ ਦੇਵੇਗੀ ਅਤੇ ਉਸ ਜਨਤਾ ਨੂੰ ਲਾਮਬੰਦ ਕਰੇਗੀ।

**ਪ੍ਰੋਲੇਤਾਰੀ** ਨੰ. 38,
ਨਵੰਬਰ 1 (14), 1908.

**ਸਮੁੱਚੀਆਂ ਲਿਖਤਾਂ**,
ਜਿਲਦ 15, ਸਫੇ 267-80

---

* **ਓਤਜ਼ੋਵਾਦੀ ਓਤਜ਼ੋਵਵਾਦ**—ਇੱਕ ਮੌਕਾਪ੍ਰਸਤ ਰੁਚੀ, ਜਿਹੜੀ 1605-07 ਦੇ ਇਨਕਲਾਬ ਦੀ ਹਾਰ ਮਗਰੋਂ ਬਾਲਸ਼ਵਿਕਾਂ ਦੇ ਇੱਕ ਛੋਟੇ ਜਿਹੇ ਗਰੁੱਪ ਵਿੱਚ ਪੈਦਾ ਹੋ ਗਈ। ਓਤਜ਼ੋਵਾਦੀਆਂ ਮੰਗ ਕੀਤੀ ਕਿ ਡੂਮਾ ਤੋਂ ਸੋਸ਼ਲ-ਡੈਮੋਕ੍ਰੈਟਿਕ ਡਿਪਟੀਆਂ ਨੂੰ ਵਾਪਸ ਬੁਲਾ ਲਿਆ ਜਾਵੇ। 1908 ਵਿੱਚ ਉਨ੍ਹਾਂ ਇੱਕ ਸਪੈਸ਼ਲ ਗਰੁੱਪ ਕਾਇਮ ਕਰ ਲਿਆ ਅਤੇ ਲੈਨਿਨ ਵਿਰੁੱਧ ਮੁਹਿੰਮ ਸ਼ੁਰੂ ਕਰ ਦਿੱਤੀ। ਓਤਜ਼ੋਵਾਦੀਆਂ ਨੇ ਡੂਮਾ, ਟਰੇਡ ਯੂਨੀਅਨਾਂ, ਸਹਿਕਾਰੀ ਸੁਸਾਇਟੀਆਂ ਅਤੇ ਹੋਰ ਜਨਤਕ ਕਾਨੂੰਨੀ ਅਤੇ ਨੀਮ ਕਾਨੂੰਨੀ ਜਥੇਬੰਦੀਆਂ ਵਿੱਚ ਕੰਮ ਕਰਨੋਂ ਇਨਕਾਰ ਕਰ ਦਿੱਤਾ। ਉਨ੍ਹਾਂ ਆਪਣੇ ਆਪ ਨੂੰ ਗ਼ੈਰ-ਕਾਨੂੰਨੀ ਕੰਮ ਤੱਕ ਹੀ ਸੀਮਤ ਰੱਖਿਆ। "ਇਨਕਲਾਬੀ" ਨਾਅਰਿਆਂ ਹੇਠ, ਓਤਜ਼ੋਵਾਦੀਆਂ ਨੇ ਪਾਰਟੀ ਦੇ ਮਜ਼ਦੂਰਾਂ ਦੇ ਵੱਡੇ ਹਿੱਸਿਆਂ ਨਾਲ਼ ਸਬੰਧਾਂ ਵਿੱਚ ਰੁਕਾਵਟ ਪਾਈ, ਪਾਰਟੀ ਨੂੰ ਜਨਤਾ ਨਾਲ਼ੋਂ ਨਿਖੇੜ ਦਿੱਤਾ ਅਤੇ ਇਸ ਤਰ੍ਹਾਂ ਇਸ ਨੂੰ ਕਮਜ਼ੋਰ ਕੀਤਾ। ਲੈਨਿਨ ਨੇ ਉਨ੍ਹਾਂ ਦੀ ਤਿੱਖੀ ਨੁਕਤਾਚੀਨੀ ਕੀਤੀ ਅਤੇ "ਨਵੀਂ ਕਿਸਮ ਦੇ ਖ਼ਾਤਮਾਵਾਦੀ", "ਅੰਦਰਲੇ ਮੈਨਸ਼ਵਿਕ" ਕਰਾਰ ਦਿੱਤਾ।

# ਰਾਹੇ ਰਾਹ

ਨਿਖੇੜ ਦਾ ਇੱਕ ਸਾਲ, ਵਿਚਾਰਧਾਰਕ ਅਤੇ ਰਾਜਸੀ ਅਨੇਕਤਾ ਦਾ ਸਾਲ, ਪਾਰਟੀ ਦੀ ਬੇਮੰਤਵੀ ਦਾ ਇੱਕ ਸਾਲ ਅਸੀਂ ਲੰਘ ਆਏ ਹਾਂ। ਸਾਡੀਆਂ ਸਾਰੀਆਂ ਪਾਰਟੀ ਜਥੇਬੰਦੀਆਂ ਦੀ ਮੈਂਬਰਸ਼ਿਪ ਘਟੀ ਹੈ। ਉਹਨਾਂ ਵਿੱਚ ਕੁਝ, ਜਿਨ੍ਹਾਂ ਦੀ ਮੈਂਬਰਸ਼ਿਪ ਬਹੁਤ ਘੱਟ ਪ੍ਰੋਲੇਤਾਰੀ ਸੀ – ਟੁਕੜੇ ਟੁਕੜੇ ਹੋ ਗਈਆਂ ਹਨ। ਇਨਕਲਾਬ ਵੱਲੋਂ ਕਾਇਮ ਕੀਤੀਆਂ ਪਾਰਟੀ ਦੀਆਂ ਨੀਮ ਕਾਨੂੰਨੀ ਸੰਸਥਾਵਾਂ ਵਾਰ ਵਾਰ ਟੁੱਟੀਆਂ ਹਨ। ਹਾਲਾਤ ਉਸ ਨੁਕਤੇ ’ਤੇ ਪਹੁੰਚ ਗਏ ਜਦੋਂ ਪਾਰਟੀ ਦੇ ਅੰਦਰ ਕੁਝ ਅਨਸਰਾਂ ਨੇ ਟੁੱਟ ਭੱਜ ਦੇ ਅਸਰ ਹੇਠ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਕੀ ਪੁਰਾਣੀ ਸੋਸ਼ਲ–ਡੈਮੋਕਰੈਟਿਕ ਪਾਰਟੀ ਨੂੰ ਕਾਇਮ ਰੱਖਣਾ ਜ਼ਰੂਰੀ ਹੈ, ਕੀ **ਇਸ ਦਾ** ਕੰਮ ਜਾਰੀ ਰੱਖਣਾ ਜ਼ਰੂਰੀ ਹੈ, ਕੀ ਇੱਕ ਵਾਰ ਫੇਰ “ਰੂਪੋਸ਼” ਹੋਣਾ ਲਾਜ਼ਮੀ ਹੈ, ਅਤੇ ਇਹ ਕਿਵੇਂ ਕਿਹਾ ਜਾਣਾ ਹੈ। ਅਤੇ ਅਤਿ ਸੱਜੇ ਪੱਖ (ਜਿਸ ਨੂੰ “ਖਾਤਮਾਵਾਦੀ ਰੁਚੀ ਕਿਹਾ ਜਾਂਦਾ ਹੈ) ਨੇ ਇਸ ਸਵਾਲ ਦਾ ਜਵਾਬ ਇਸ ਅਰਥ ਵਿੱਚ ਦਿੱਤਾ ਕਿ ਸਾਨੂੰ ਆਪਣੇ ਆਪ ਨੂੰ ਕਾਨੂੰਨੀ ਬਣਾਉਣਾ ਜ਼ਰੂਰੀ ਹੈ, ਪਾਰਟੀ ਪ੍ਰੋਗਰਾਮ, ਦਾਅਪੇਚਾਂ ਅਤੇ ਜਥੇਬੰਦੀ ਦਾ ਖੁੱਲ੍ਹੇ ਤੌਰ ’ਤੇ ਤਿਆਗ ਕਰਨ ਦੀ ਕੀਮਤ ਉੱਤੇ ਵੀ। ਇਹ ਬੇਸ਼ੱਕ ਇੱਕ ਵਿਚਾਰਧਾਰਕ ਅਤੇ ਰਾਜਸੀ ਸੰਕਟ ਦੇ ਨਾਲ਼ ਨਾਲ਼ ਜਥੇਬੰਦਕ ਸੰਕਟ ਵੀ ਸੀ।

ਹਾਲ ਹੀ ਦੀ ਰੂਸੀ ਸੋਸ਼ਲ–ਡੈਮੋਕਰੈਟਿਕ ਲੇਬਰ ਪਾਰਟੀ ਦੀ ਕੁੱਲ ਰੂਸੀ ਕਾਨਫਰੰਸ ਨੇ ਪਾਰਟੀ ਨੂੰ ਫੇਰ ਪੰਧ ਉੱਤੇ ਪਾਇਆ ਹੈ ਅਤੇ ਇਹ ਉਲਟ ਇਨਕਲਾਬ ਦੀ ਜਿੱਤ ਤੋਂ ਬਾਅਦ ਰੂਸੀ ਮਜ਼ਦੂਰ ਜਮਾਤ ਦੇ ਵਿਕਾਸ ਵਿੱਚ ਇੱਕ ਮੋੜ ਕੱਟਣ ਵਾਲ਼ਾ ਪੜਾਅ ਹੈ। ਕਾਨਫਰੰਸ ਦੇ ਫੈਸਲਿਆਂ, ਜਿਹੜੇ ਸਾਡੀ ਪਾਰਟੀ ਦੀ ਕੇਂਦਰੀ ਕਮੇਟੀ ਵੱਲੋਂ ਜਾਰੀ ਕੀਤੀ ਗਈ ਸਪੈਸ਼ਲ ਰਿਪੋਰਟ ਵਿੱਚ ਛਾਪੇ ਗਏ ਹਨ, ਦੀ ਕੇਂਦਰੀ ਕਮੇਟੀ ਵੱਲੋਂ ਪੁਸ਼ਟੀ ਕਰ ਦਿੱਤੀ ਗਈ ਹੈ ਅਤੇ ਇਸ ਲਈ, ਅਗਲੀ ਕਾਂਗਰਸ ਤੱਕ ਇਹ ਸਮੁੱਚੀ ਪਾਰਟੀ ਦੇ ਫੈਸਲੇ ਹਨ। ਇਹ ਫੈਸਲੇ ਸੰਕਟ ਦੇ ਕਾਰਨਾਂ ਅਤੇ ਮਹੱਤਤਾ ਅਤੇ ਇਸ ਦੇ ਨਾਲ਼ ਇਸ ਨੂੰ ਹੱਲ ਕਰਨ ਦੇ ਸਵਾਲ ਦਾ ਬਹੁਤ ਨਿੱਗਰ ਜਵਾਬ ਦਿੰਦੇ ਹਨ। ਕਾਨਫਰੰਸ ਦੇ ਪ੍ਰਸਤਾਵਾਂ ਮੁਤਾਬਕ ਕੰਮ ਕਰਦੇ ਹੋਏ, **ਸਾਰੇ** ਪਾਰਟੀ ਵਰਕਰਾਂ ਨੂੰ ਪਾਰਟੀ ਦੇ ਮੌਜੂਦਾ ਕੰਮਾਂ ਨੂੰ ਸਾਫ ਅਤੇ ਪੂਰੇ ਤੌਰ ’ਤੇ ਮਹਿਸੂਸ ਕਰਨ ਲਈ ਯਤਨ ਕਰਨ ਨਾਲ਼, ਸਾਡੀਆਂ ਜਥੇਬੰਦੀਆਂ ਸੰਯੁਕਤ ਅਤੇ ਅਸਰਦਾਰ ਇਨਕਲਾਬੀ ਸੋਸ਼ਲ–ਡੈਮੋਕਰੈਟਿਕ ਕੰਮ ਲਈ ਆਪਣੀਆਂ ਤਾਕਤਾਂ ਨੂੰ ਮਜ਼ਬੂਤ ਕਰਨ ਅਤੇ ਇਕੱਠਿਆਂ ਕਰਨ ਦੇ ਯੋਗ ਹੋ ਜਾਣਗੀਆਂ।

ਸੰਕਟ ਦਾ ਮੁੱਖ ਕਾਰਨ ਜਥੇਬੰਦੀ ਬਾਰੇ ਮਤੇ ਦੇ ਮੁੱਖਬੰਧ ਵਿੱਚ ਦੱਸਿਆ ਗਿਆ ਹੈ। ਇਹ ਮੁੱਖ ਕਾਰਨ ਢਿਲ ਮਿਲ ਬੁੱਧੀਜੀਵੀ ਅਤੇ ਪੈਟੀ–ਬੁਰਜੂਆ ਅਨਸਰ ਹਨ ਜਿਨ੍ਹਾਂ ਤੋਂ

ਮਜ਼ਦੂਰਾਂ ਦੀ ਪਾਰਟੀ ਨੇ ਪਿੱਛਾ ਛੁਡਾਉਣਾ ਹੈ; ਇਹ ਅਨਸਰ ਹਨ ਜਿਹੜੇ ਮੁੱਖ ਤੌਰ ’ਤੇ ਇਸ ਆਸ ਨਾਲ਼ ਮਜ਼ਦੂਰ ਜਮਾਤ ਦੀ ਲਹਿਰ ਵਿੱਚ ਸ਼ਾਮਲ ਹੋਏ ਸਨ ਕਿ ਬੁਰਜੂਆ ਡੈਮੋਕਰੈਟਿਕ ਇਨਕਲਾਬ ਛੇਤੀ ਜਿੱਤ ਜਾਵੇਗਾ ਅਤੇ ਜਿਹੜੇ ਪਿਛਾਖੜ ਦੇ ਦੌਰ ਵਿੱਚ ਟਿਕੇ ਨਹੀਂ ਰਹਿ ਸਕੇ, ਉਹਨਾਂ ਦੀ ਅਸਥਿਰਤਾ ਥਿਊਰੀ (“ਇਨਕਲਾਬੀ ਮਾਰਕਸਵਾਦ ਤੋਂ ਭਾਂਜ” : ਮੌਜੂਦਾ ਸਥਿਤੀ ਉੱਤੇ ਪ੍ਰਸਤਾਵ) ਅਤੇ ਜਥੇਬੰਦੀ ਦੋਹਾਂ ਵਿੱਚ ਜ਼ਾਹਰ ਹੋ ਗਈ ਸੀ। ਜਮਾਤੀ ਤੌਰ ’ਤੇ ਸੁਚੇਤ ਮਜ਼ਦੂਰਾਂ ਨੇ ਇਸ ਅਸਥਿਰਤਾ ਨੂੰ ਪਿਛਾਂਹ ਧੱਕਿਆ, ਖਾਤਮਾਵਾਦੀਆਂ ਵਿਰੁੱਧ ਖੁੱਲੇ ਤੌਰ ’ਤੇ ਨਿੱਤਰੇ, ਪਾਰਟੀ ਜਥੇਬੰਦੀਆਂ ਦਾ ਪ੍ਰਬੰਧ ਅਤੇ ਅਗਵਾਈ ਆਪਣੇ ਹੱਥਾਂ ਵਿੱਚ ਲੈਣ ਲੱਗੇ। ਜੇਕਰ ਸਾਡੀ ਪਾਰਟੀ ਦਾ ਇਹ ਨਿੱਗਰ ਹਿੱਸਾ ਸ਼ੁਰੂ ਵਿੱਚ ਅਨੇਕਤਾ ਅਤੇ ਸੰਕਟ ਦੇ ਅਨਸਰਾਂ ਉੱਤੇ ਕਾਬੂ ਨਹੀਂ ਪਾ ਸਕਿਆ ਤਾਂ ਇਹ ਸਿਰਫ਼ ਇਸ ਕਰਕੇ ਨਹੀਂ ਕਿ ਇਹ ਕੰਮ ਉਲਟ-ਇਨਕਲਾਬ ਦੀ ਜਿੱਤ ਕਾਰਨ ਬਹੁਤ ਵੱਡਾ ਅਤੇ ਔਖਾ ਸੀ, ਸਗੋਂ ਇਸ ਕਰਕੇ ਵੀ ਕਿ ਕੁਝ ਵਰਕਰਾਂ ਵਿੱਚ ਪਾਰਟੀ ਪ੍ਰਤੀ ਕੁਝ ਵਖਰੇਵਾਂ ਜਿਹਾ ਪੈਦਾ ਹੋ ਗਿਆ, ਉਹ ਵਰਕਰ ਭਾਵੇਂ ਇਨਕਲਾਬੀ ਸਨ, ਪਰ ਉਹ ਵਾਜਬ ਹੱਦ ਤੱਕ ਸੋਸ਼ਲਿਸਟ ਨਹੀਂ ਸਨ। ਇਹ ਰੂਸ ਦੇ ਜਮਾਤੀ ਤੌਰ ’ਤੇ ਸੁਚੇਤ ਮਜ਼ਦੂਰ ਹੀ ਹਨ ਜਿਨ੍ਹਾਂ ਨੂੰ ਮੁੱਖ ਤੌਰ ’ਤੇ ਕਾਨਫਰੰਸ ਦੇ ਫੈਸਲੇ – ਅਨੇਕਤਾ ਅਤੇ ਢਿਲ ਮਿਲ ਦਾ ਟਾਕਰਾ ਕਰਨ ਦੇ ਸਾਧਨਾਂ ਨਾਲ਼ ਸਬੰਧਤ ਸੋਸ਼ਲ-ਡੈਮੋਕਰੇਸੀ ਦੀ ਨਿਤਾਰੀ ਹੋਈ ਰਾਏ ਦੇ ਰੂਪ ਵਿੱਚ – ਸੰਬੋਧਤ ਕੀਤੇ ਗਏ ਹਨ।

ਅੱਜ ਦੇ ਜਮਾਤੀ ਸਬੰਧਾਂ ਅਤੇ ਜ਼ਾਰਵਾਦ ਦੀ ਨਵੀਂ ਨੀਤੀ ਬਾਰੇ ਮਾਰਕਸਵਾਦੀ ਨਿਰਣਾ, ਸਾਡੀ ਪਾਰਟੀ ਵੱਲੋਂ ਪਹਿਲਾਂ ਵਾਂਗ ਹੀ ਮਿੱਥੇ ਗਏ ਘੋਲ਼ ਦੇ ਫੌਰੀ ਟੀਚੇ ਦਾ ਇਸ਼ਾਰਾ, ਇਨਕਲਾਬੀ ਸੋਸ਼ਲ-ਡੈਮੋਕਰੈਟਾਂ ਦੇ ਦਾਅਪੇਚਾਂ ਸਬੰਧੀ ਇਨਕਲਾਬ ਦੇ ਫੈਸਲਿਆਂ ਦੀ ਪ੍ਰਸੰਸਾ, ਪਾਰਟੀ ਸੰਕਟ ਦੇ ਕਾਰਨਾਂ ਦੀ ਵਿਆਖਿਆ, ਪਾਰਟੀ ਵਿੱਚ ਪ੍ਰੋਲੇਤਾਰੀ ਅਨਸਰਾਂ ਵੱਲੋਂ ਸੰਕਟ ਨੂੰ ਦੂਰ ਕਰਨ ਦੇ ਰੋਲ ਦਾ ਜ਼ਿਕਰ, ਗੈਰ ਕਾਨੂੰਨੀ ਅਤੇ ਕਾਨੂੰਨੀ ਜਥੇਬੰਦੀਆਂ ਵਿਚਾਲੇ ਸਬੰਧਾਂ ਦੀਆਂ ਸਮੱਸਿਆਵਾਂ ਦਾ ਹੱਲ, ਡੂਮਾ ਟ੍ਰਿਬਿਊਨ ਦੀ ਵਰਤੋਂ ਕਰਨ ਦੀ ਲੋੜ ਨੂੰ ਪ੍ਰਵਾਨ ਕਰਨਾ ਅਤੇ ਸਾਡੇ ਡੂਮਾ ਗਰੁੱਪ ਲਈ, ਇਸ ਦੀਆਂ ਗਲਤੀਆਂ ਦੀ ਸਿੱਧੀ ਨੁਕਤਾਚੀਨੀ ਨਾਲ਼ ਜੋੜ ਕੇ, ਅਗਵਾਈ ਲਈ ਨਾਪਵੀਂਆਂ ਤੁਲਵੀਆਂ ਹਦਾਇਤਾਂ ਦੇਣੀਆਂ – ਕਾਨਫਰੰਸ ਦੇ ਫੈਸਲਿਆਂ ਦਾ ਮੁੱਖ ਵਿਸ਼ਾ ਇਹ ਸੀ, ਜਿਹੜੇ ਫੈਸਲੇ ਮਜ਼ਦੂਰ ਜਮਾਤ ਦੀ ਪਾਰਟੀ ਵੱਲੋਂ ਮੌਜੂਦਾ ਔਖੇ ਸਮੇਂ ਨਿਸ਼ਚਿਤ ਰਾਹ ਚੁਣਨ ਦੇ ਸਵਾਲ ਦਾ ਮੁਕੰਮਲ ਜਵਾਬ ਹੈ।

ਰਾਜਸੀ ਗਰੁੱਪਾਂ ਵਿੱਚ ਜਮਾਤਾਂ ਦੇ ਆਪਸ ਵਿਚਲੇ ਸਬੰਧ ਉਹੀ ਹਨ, ਜਿਹੜੇ ਜਨਤਾ ਦੇ ਸਿੱਧੇ ਇਨਕਲਾਬੀ ਘੋਲ਼ ਦੇ ਬੀਤੇ ਸਮੇਂ ਵਿੱਚ ਸਨ।[1] ਕਿਸਾਨਾਂ ਦੀ ਬਹੁਤ ਵੱਡੀ ਬਹੁ-ਗਿਣਤੀ ਖੇਤੀਬਾੜੀ ਇਨਕਲਾਬ ਦੇ ਹੱਕ ਵਿੱਚ ਹੋਵੇਗੀ ਜਿਹੜਾ ਕਿ ਅਰਧ-ਜਗੀਰੂ ਜ਼ਮੀਨ ਮਾਲਕੀ ਨੂੰ ਖਤਮ ਕਰ ਦੇਵੇਗਾ ਅਤੇ ਜਿਹੜਾ ਜ਼ਾਰਵਾਦ ਦੇ ਖਾਤਮੇ ਤੋਂ ਬਿਨਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਪਿਛਾਖੜ ਦੀ ਜਿੱਤ ਨੇ ਕਿਸਾਨੀ ਦੇ ਜਮਹੂਰੀ ਅਨਸਰਾਂ ਉੱਤੇ

1 ਅਰਥਾਤ 1905-07 ਦੇ ਇਨਕਲਾਬ ਦਾ ਦੌਰ।

ਕਾਫੀ ਮਾੜਾ ਅਸਰ ਪਿਆ ਹੈ, ਜਿਹੜੇ ਨਿੱਗਰ ਜਥੇਬੰਦੀ ਕਾਇਮ ਕਰਨ ਦੇ ਸਮਰੱਥ ਨਹੀਂ; ਪਰ ਸਮੁੱਚੇ ਦਮਨ, ਬਲੈਕ ਹੰਡਰਡ ਡੂਮਾ, ਤਰੂਦੋਵਿਕਾਂ ਦੀ ਸਿਰੇ ਦੀ ਮੌਕਾਪ੍ਰਸਤੀ ਦੇ ਬਾਵਜੂਦ ਕਿਸਾਨੀ ਜਨਤਾ ਦਾ ਇਨਕਲਾਬੀ ਰਉਂ ਤੀਜੀ ਡੂਮਾ ਵਿੱਚ ਹੋਈਆਂ ਤਕਰੀਰਾਂ ਤੋਂ ਸਾਫ ਦਿਖਾਈ ਦਿੰਦਾ ਹੈ। ਰੂਸ ਵਿੱਚ ਬੁਰਜੂਆ ਡੈਮੋਕਰੈਟਿਕ ਇਨਕਲਾਬ ਦੇ ਕੰਮਾਂ ਸਬੰਧੀ ਪ੍ਰੋਲੇਤਾਰੀਆਂ ਦੀ ਮੁਢਲੀ ਪੁਜ਼ੀਸ਼ਨ ਵਿੱਚ ਕੋਈ ਤਬਦੀਲੀ ਨਹੀਂ ਹੋਈ ਹੈ: ਇਹ ਕੰਮ ਹੈ ਜਮਹੂਰੀ ਕਿਸਾਨੀ ਦੀ ਅਗਵਾਈ ਕਰਨੀ ਅਤੇ ਇਸ ਨੂੰ ਲਿਬਰਲ ਬੁਰਜੂਆਜ਼ੀ, ਕੈਡਿਟ ਪਾਰਟੀ ਤੋਂ ਖੋਹਣਾ – ਜਿਹੜੀ ਪਾਰਟੀ ਕਿ ਛੋਟੇ ਛੋਟੇ ਪ੍ਰਾਈਵੇਟ ਝਗੜਿਆਂ ਦਾ ਖਿਆਲ ਨਾ ਕਰਦੇ ਹੋਏ ਅਕਤੂਬਰਵਾਦੀਆਂ ਦੇ ਨੇੜੇ ਨੇੜੇ ਹੁੰਦੀ ਜਾ ਰਹੀ ਹੈ, ਅਤੇ ਜਿਹੜੀ ਹੁਣੇ ਜਿਹੇ ਤੱਕ ਹੀ ਨੈਸ਼ਨਲ ਲਿਬਰਲਵਾਦ ਕਾਇਮ ਕਰਨ ਅਤੇ ਸ਼ਾਵਨਵਾਦੀਆਂ ਐਜ਼ੀਟੇਸ਼ਨ ਰਾਹੀਂ ਜ਼ਾਰਵਾਦ ਅਤੇ ਪਿਛਾਖੜ ਦੀ ਮਦਦ ਕਰਨ ਦਾ ਯਤਨ ਕਰਦੀ ਰਹੀ ਹੈ। ਮਤਾ ਕਹਿੰਦਾ ਹੈ ਕਿ ਰਾਜਾਸ਼ਾਹੀ ਦੇ ਮੁਕੰਮਲ ਖਾਤਮੇ ਅਤੇ ਪ੍ਰੋਲੇਤਾਰੀਆਂ ਅਤੇ ਇਨਕਲਾਬੀ ਕਿਸਾਨੀ ਵੱਲੋਂ ਰਾਜਨੀਤਕ ਸੱਤ੍ਹਾ ਉੱਤੇ ਜਿੱਤ ਲਈ ਸੰਘਰਸ਼ ਪਹਿਲਾਂ ਵਾਂਗ ਹੀ ਚੱਲ ਰਿਹਾ ਹੈ।

ਤਾਨਾਸ਼ਾਹੀ, ਜਿਵੇਂ ਕਿ ਹੁਣ ਤੱਕ ਨਹੀਂ ਹੈ, ਪ੍ਰੋਲੇਤਾਰੀਆਂ ਅਤੇ ਸਾਰੀਆਂ ਜਮਹੂਰੀ ਰੁਚੀਆਂ ਦੀ ਮੁੱਖ ਦੁਸ਼ਮਣ ਹੈ। ਇਹ ਕਲਪਨਾ ਕਰਨਾ ਗਲਤ ਹੋਵੇਗਾ ਕਿ ਇਹ ਬਦਲ ਗਈ ਹੈ। ਸਤੋਲੀਪਿਨ ਦਾ "ਸੰਵਿਧਾਨ" ਅਤੇ ਸਤੋਲੀਪਿਨ ਦੀ ਖੇਤੀਬਾੜੀ ਨੀਤੀ, ਪੁਰਾਣੇ ਅਰਧ ਵਿਰਾਸਤ ਮੁੱਖੀ, ਅਰਧ-ਜਗੀਰੂ ਜ਼ਾਰਵਾਦ ਦੇ ਖਾਤਮੇ ਦਾ ਇੱਕ ਨਵਾਂ ਪੜਾਅ, ਇਸ ਦੇ ਬੁਰਜੂਆ ਰਾਜਸ਼ਾਹੀ ਵਿੱਚ ਤਬਦੀਲੀ ਵੱਲ ਇੱਕ ਨਵਾਂ ਕਦਮ ਹੈ। ਕੌਕਾਸਮ ਤੋਂ ਡੈਲੀਗੇਟ, ਜਿਨ੍ਹਾਂ ਮੰਗ ਕੀਤੀ ਕਿ ਜਾਂ ਤਾਂ ਮੌਜੂਦਾ ਸਥਿਤੀ ਦਾ ਇਸ ਤਰ੍ਹਾਂ ਦਾ ਖਾਸਾ ਨਿਰਧਾਰਨ ਬਿਲਕੁਲ ਹੀ ਨਾ ਕੀਤਾ ਜਾਵੇ ਤੇ ਜਾਂ "ਬੁਰਜੂਆ" ਦੀ ਥਾਂ "ਦੌਲਤਮੰਦ" ਸ਼ਬਦ ਵਰਤਿਆ ਜਾਵੇ, ਗਲਤ ਸਨ। ਤਾਨਾਸ਼ਾਹੀ ਪਾਸ ਦੌਲਤ ਦੀ ਤਾਕਤ ਲੰਬੇ ਸਮੇਂ ਤੋਂ ਰਹੀ ਹੈ; ਪਰ ਇਹ ਇਨਕਲਾਬ ਦੇ ਪਹਿਲੇ ਪੜਾਅ ਕਾਰਨ, ਇਸ ਦੇ ਹੱਲਿਆਂ ਦੇ ਅਸਰ ਤਹਿਤ ਹੀ ਹੋਇਆ ਹੈ ਕਿ ਤਾਨਾਸ਼ਾਹੀ, ਆਪਣੀ ਖੇਤੀ ਨੀਤੀ ਅਤੇ ਇਸ ਦੇ ਬੁਰਜੂਆਜ਼ੀ ਦੇ ਕੁਝ ਹਿੱਸਿਆਂ ਨਾਲ਼ ਸਿੱਧੇ, ਕੌਮੀ ਪੱਧਰ 'ਤੇ ਜਥੇਬੰਦ ਕੀਤੇ ਗਠਜੋੜ ਦੋਹਾਂ ਵਿੱਚ ਹੀ ਬੁਰਜੂਆ ਬਣ ਰਹੀ ਹੈ। ਤਾਨਾਸ਼ਾਹੀ ਲੰਬੇ ਸਮੇਂ ਤੋਂ ਬੁਰਜੂਆਜ਼ੀ ਨੂੰ ਚੁੱਕਦੀ ਆ ਰਹੀ ਹੈ; ਬੁਰਜੂਆਜ਼ੀ, ਰੂਬਲ ਦੇ ਸਾਧਨ ਨਾਲ਼, ਲੰਬੇ ਸਮੇਂ ਤੋਂ "ਸਿਖਰ" ਵੱਲ ਵੱਧਦੀ ਜਾ ਰਹੀ ਹੈ, ਕਾਨੂੰਨਸਾਜ਼ੀ ਅਤੇ ਪ੍ਰਸ਼ਾਸਨ ਉੱਤੇ ਅਸਰ ਪ੍ਰਾਪਤ ਕਰਦੀ ਜਾ ਰਹੀ ਹੈ ਅਤੇ ਭੱਦਰ ਪੁਰਸ਼ ਹੁਕਮਰਾਨਾਂ ਦੇ ਬਰਾਬਰ ਦੀ ਥਾਂ ਲੈਂਦੀ ਜਾ ਰਹੀ ਹੈ। ਪਰ ਮੌਜੂਦਾ ਸਥਿਤੀ ਦਾ ਇੱਕ ਵਿਸ਼ੇਸ਼ ਪੱਖ ਇਹ ਹੈ ਕਿ ਤਾਨਾਸ਼ਾਹੀ ਨੂੰ ਬੁਰਜੂਆਜ਼ੀ ਦੇ ਕੁਝ ਵਰਗਾਂ ਲਈ ਪ੍ਰਤੀਨਿਧ ਅਸੰਬਲੀ ਕਾਇਮ ਕਰਨ, ਉਹਨਾਂ ਅਤੇ ਜਗੀਰੂ ਲੈਂਡਲਾਰਡਾਂ ਵਿਚਾਲੇ ਤੋਲ ਕਾਇਮ ਕਰਨ, ਡੂਮਾ ਵਿੱਚ ਇਨ੍ਹਾਂ ਹਿੱਸਿਆਂ ਦਾ ਗੱਠਜੋੜ ਕਾਇਮ ਕਰਨ ਲਈ ਮਜਬੂਰ ਹੋਣਾ ਪਿਆ ਹੈ, ਇਸ ਨੂੰ ਉਹ ਸਾਰੀਆਂ ਆਸਾਂ ਦਾ ਤਿਆਗ ਕਰਨਾ ਪਿਆ ਹੈ ਜਿਹੜੀਆਂ ਇਸ ਨੇ ਮੁਜ਼ੀਕਾ ਦੇ ਸ਼ਾਹੀ ਵਿਰਾਸਤਵਾਦ ਉੱਤੇ ਰੱਖੀਆਂ ਸਨ ਅਤੇ ਪੇਂਡੂ ਜਨਤਾ ਵਿਰੁੱਧ ਅਮੀਰ ਕਿਸਾਨਾਂ ਦੀ ਮਦਦ ਲੈਣੀ ਪਈ ਹੈ ਜਿਹੜੇ ਕਿ ਪੇਂਡੂ

ਕਮਿਊਨਾਂ ਨੂੰ ਤਬਾਹ ਕਰ ਰਹੇ ਹਨ।

ਤਾਨਾਸ਼ਾਹੀ ਆਪਣੇ ਆਪ ਨੂੰ ਧੁੰਦ-ਸੰਵਿਧਾਨਕ ਜਥੇਬੰਦੀਆਂ ਨਾਲ਼ ਢੱਕਦੀ ਹੈ, ਪਰ ਉਸੇ ਸਮੇਂ ਜ਼ਾਰ ਵੱਲੋਂ ਪੁਰੀਸ਼ਕੇਵਿਚਾਂ ਅਤੇ ਗੁਚਕੋਵਾਂ ਨਾਲ ਗਠਜੋੜ ਕਰਨ ਅਤੇ ਹੋਰ ਕਿਸੇ ਨਾਲ ਵੀ ਅਜਿਹਾ ਨਾ ਕਰਨ ਕਾਰਨ ਇਸ ਦਾ ਜਮਾਤੀ ਖਾਸਾ ਪਹਿਲਾਂ ਦੇ ਕਿਸੇ ਵੀ ਸਮੇਂ ਨਾਲ਼ੋਂ ਵੱਧ ਚੰਗੀ ਤਰ੍ਹਾਂ ਬੇਨਕਾਬ ਹੋ ਰਿਹਾ ਹੈ। ਤਾਨਾਸ਼ਾਹੀ ਬੁਰਜੂਆ ਇਨਕਲਾਬ ਦੇ ਉਹਨਾਂ ਕੰਮਾਂ ਦੀ ਪੂਰਤੀ ਦੀ ਜ਼ਿੰਮੇਵਾਰੀ ਆਪਣੇ ਉੱਤੇ ਲੈਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਹੜੇ ਕਿ ਬਾਹਰਮੁੱਖੀ ਤੌਰ ’ਤੇ ਜ਼ਰੂਰੀ ਹਨ – ਇਹ ਹਨ ਲੋਕਾਂ ਦੀ ਪ੍ਰਤੀਨਿਧ ਅਸੰਬਲੀ ਕਾਇਮ ਕਰਨਾ, ਜਿਹੜੀ ਸੱਚਮੁਚ ਬੁਰਜੂਆ ਸਮਾਜ ਦੇ ਮਾਮਲਿਆਂ ਨੂੰ ਸਾਂਭੇਗੀ ਅਤੇ ਪੇਂਡੂ ਇਲਾਕੇ ਵਿੱਚੋਂ, ਮੱਧ-ਯੁੱਗੀ, ਉਲਝੇ ਹੋਏ ਅਤੇ ਪੁਰਾਣੇ ਖੇਤੀਬਾੜੀ ਸਬੰਧਾਂ ਨੂੰ ਖਤਮ ਕਰਨਾ। ਪਰ ਤਾਨਾਸ਼ਾਹੀ ਵੱਲੋਂ ਚੁੱਕੇ ਗਏ ਇਨ੍ਹਾਂ ਕਦਮ ਦੇ ਅਮਲੀ ਸਿੱਟੇ ਹੁਣ ਤੱਕ ਸਿਫਰ ਰਹੇ ਹਨ ਅਤੇ ਇਸ ਤੋਂ ਕਿਸੇ ਵੀ ਪਹਿਲੇ ਸਮੇਂ ਨਾਲੋਂ ਵੱਧ ਸਾਫ ਤੌਰ ਤੇ ਸਿਰਫ਼ ਇਹ ਪਤਾ ਲੱਗਦਾ ਹੈ ਕਿ ਇਸ ਇਤਿਹਾਸਕ ਕਾਰਜ ਦੀ ਪੂਰਤੀ ਲਈ ਹੋਰ ਸ਼ਕਤੀਆਂ ਅਤੇ ਹੋਰ ਸਾਧਨਾਂ ਦੀ ਲੋੜ ਹੈ। ਰਾਜਨੀਤੀ ਵਿੱਚ ਗੈਰ-ਤਜ਼ਰਬੇਕਾਰ ਲੱਖਾਂ ਲੋਕਾਂ ਦੇ ਮਨਾਂ ਮੁਤਾਬਕ, ਤਾਨਾਸ਼ਾਹੀ ਦੇ ਟਾਕਰੇ ਤੇ ਆਮ ਲੋਕ-ਪ੍ਰਿਆ ਪ੍ਰਤੀਨਿਧਤਾ ਕਾਇਮ ਹੋ ਗਈ ਹੈ; ਹੁਣ ਸੰਘਰਸ਼ ਆਪਣੇ ਟੀਚੇ ਦਾ ਘੇਰਾ ਘਟਾ ਰਿਹਾ ਹੈ ਅਤੇ ਰਾਜ ਵਿੱਚ ਸੱਤ੍ਹਾ ਲਈ ਸੰਘਰਸ਼ ਦੇ ਤੌਰ ’ਤੇ ਵਧੇਰੇ ਠੋਸ ਢੰਗ ਨਾਲ਼ ਆਪਣੇ ਕਾਰਜਾਂ ਦਾ ਘੇਰਾ ਨਿਸ਼ਚਿਤ ਕਰ ਰਿਹਾ ਹੈ, ਉਸ ਰਾਜ ਵਿੱਚ, ਜਿਹੜਾ ਖੁਦ ਪ੍ਰਤੀਨਿਧਤਾ ਦੇ ਖਾਸੇ ਅਤੇ ਉਸ ਦੀ ਮਹੱਤਤਾ ਬਾਰੇ ਨਿਰਣਾ ਕਰਦਾ ਹੈ। ਇਹੀ ਕਾਰਨ ਹੈ ਕਿ ਪੁਰਾਣੇ ਜ਼ਾਰਵਾਦ ਦੇ ਨਿਘਾਰ, ਇਸ ਦੇ ਨਵੇਂ ਨਵੇਂ ਹੈਰਾਨਕੁਨ ਕੰਮ ਕਰਨ ਦੇ ਖਾਸੇ ਵਿੱਚ ਤੇਜ਼ੀ, ਇਨ੍ਹਾਂ ਟੀਚਿਆਂ ਲਈ ਘੋਲ਼ (ਅਤੇ ਘੋਲ਼ ਵਿਚ ਭਾਗ ਲੈਣ ਵਾਲ਼ਿਆਂ ਦੀ ਗਿਣਤੀ) ਦੇ ਖੇਤਰ ਨੂੰ ਚੁਰੇੜਾ ਕਰਨ ਲਈ ਤੀਜਾ ਡੂਮਾ ਇੱਕ ਵਿਸ਼ੇਸ਼ ਪੜਾਅ ਬਣ ਗਿਆ ਹੈ।

ਸਾਨੂੰ ਲਾਜ਼ਮੀ ਤੌਰ ’ਤੇ ਇਸ ਪੜਾਅ ਉੱਤੇ ਅਧਿਕਾਰ ਕਰਨਾ ਹੈ। ਮੌਜੂਦਾ ਨਵੀਆਂ ਸਥਿਤੀਆਂ ਲਈ ਘੋਲ਼ ਦੀਆਂ ਨਵੀਂਆਂ ਕਿਸਮਾਂ ਦੀ ਲੋੜ ਹੈ। ਡੂਮਾ ਟ੍ਰਿਬਿਊਨ ਦੀ ਵਰਤੋਂ ਬਹੁਤ ਜ਼ਰੂਰੀ ਹੈ। ਪ੍ਰੋਲੇਤਾਰੀ ਜਨਤਾ ਨੂੰ ਸਿੱਖਿਆ ਦੇਣ ਅਤੇ ਜਥੇਬੰਦ ਕਰਨ ਲਈ ਨਿਰੰਤਰ ਯਤਨ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਗੈਰ-ਕਾਨੂੰਨੀ ਅਤੇ ਕਾਨੂੰਨੀ ਜਥੇਬੰਦੀਆਂ ਨੂੰ ਇੱਕ ਕਰਨ ਨੇ ਪਾਰਟੀ ਅੱਗੇ ਨਵੀਂਆਂ ਸਮੱਸਿਆਵਾਂ ਪੈਦਾ ਕੀਤੀਆਂ ਹਨ। ਇਨਕਲਾਬ ਦੇ ਤਜ਼ਰਬਿਆਂ, ਜਿਨ੍ਹਾਂ ਨੂੰ ਲਿਬਰਲ ਅਤੇ ਖਾਤਮਾਵਾਦੀ ਬੁੱਧੀਜੀਵੀ ਨਾਕਾਰਣ ਦੀ ਕੋਸ਼ਿਸ਼ ਕਰ ਰਹੇ ਹਨ, ਨੂੰ ਲੋਕ ਪ੍ਰਿਆ ਬਣਾਉਣ ਅਤੇ ਇਹਨਾਂ ਨੂੰ ਸਾਫ ਕਰਨਾ, ਸਿਧਾਂਤ ਅਤੇ ਅਮਲ, ਦੋਹਾਂ ਪੱਖਾਂ ਤੋਂ ਜ਼ਰੂਰੀ ਹੈ। ਪਰ ਪਾਰਟੀ ਦੀ ਯੁੱਧਨੀਤਕ ਲਾਈਨ ਜਿਹੜੀ ਸੰਘਰਸ਼ ਦੇ ਢੰਗਾਂ ਅਤੇ ਸਾਧਨਾਂ ਵਿੱਚ ਨਵੀਂਆਂ ਸਥਿਤੀਆਂ ਦਾ ਖਿਆਲ ਰੱਖਣ ਦੇ ਸਮਰੱਥ ਹੋਵੇ – ਵਿੱਚ ਕੋਈ ਤਬਦੀਲੀ ਨਹੀਂ ਹੋਈ। ਕਾਨਫਰੰਸ ਦਾ ਇੱਕ ਪ੍ਰਸਤਾਵ ਕਹਿੰਦਾ ਹੈ ਕਿ ਇਨਕਲਾਬੀ ਸੋਸ਼ਲ-ਡੈਮੋਕਰੈਟਿਕ ਦਾਅਪੇਚਾਂ ਦੇ ਠੀਕ ਹੋਣ ਦੀ ਪੁਸ਼ਟੀ 1905-07 ਦੇ ਜਨਤਕ ਘੋਲ਼

ਦੇ ਤਜ਼ਰਬੇ ਨੇ ਕਰ ਦਿੱਤੀ ਹੈ। ਇਸ ਪਹਿਲੀ ਮੁਹਿੰਮ ਦੇ ਸਿੱਟੇ ਵਜੋਂ ਇਨਕਲਾਬੀ ਹਾਰ ਸਿੱਧ ਕਰਦੀ ਹੈ ਕਿ ਕਾਰਜ ਗਲਤ ਨਹੀਂ ਸਨ, ਨਾ ਫੌਰੀ ਟੀਚੇ ਹੀ "ਯੂਟੋਪੀਆਈ" ਸਨ, ਨਾ ਢੰਗ ਅਤੇ ਸਾਧਨ ਹੀ ਗਲਤ ਮਿੱਥੇ ਗਏ ਸਨ, ਪਰ ਇਹ ਕਿ ਤਾਕਤਾਂ ਦੀ ਤਿਆਰੀ ਕਾਫੀ ਨਹੀਂ ਸੀ, ਕਿ ਇਨਕਲਾਬੀ ਸੰਕਟ ਪੂਰੀ ਤਰ੍ਹਾਂ ਡੂੰਘਾ ਅਤੇ ਚੁਰੇੜਾ ਨਹੀਂ ਸੀ ਅਤੇ ਕਿ ਸਤੋਲੀਪਿਨ ਅਤੇ ਕੰਪਨੀ ਇਸ ਨੂੰ ਚੁਰੇੜਾ ਅਤੇ ਡੂੰਘਾ ਕਰਨ ਲਈ ਪ੍ਰਸੰਸਾਯੋਗ ਉਤਸ਼ਾਹ ਨਾਲ਼ ਕੰਮ ਕਰ ਰਹੇ ਹਨ। ਅਜ਼ਾਦੀ ਲਈ ਪਹਿਲੀ ਠੀਕ ਜਨਤਕ ਲੜਾਈ ਤੋਂ ਬਾਅਦ ਲਿਬਰਲਾਂ ਅਤੇ ਡਰੇ ਹੋਏ ਬੁੱਧੀਜੀਵੀਆਂ ਨੂੰ ਦਿਲ ਛੱਡਣ ਦਿਓ, ਉਹਨਾਂ ਨੂੰ ਬੁਜ਼ਦਿਲਾਂ ਵਾਂਗ ਦੁਹਰਾਉਣ ਦਿਓ: ਉਸ ਥਾਂ ਨਾ ਜਾਓ, ਜਿੱਥੇ ਅਸੀਂ ਪਹਿਲਾਂ ਹਾਰ ਖਾ ਚੁੱਕੇ ਹਾਂ, ਦੁਬਾਰਾ ਘਾਤਕ ਰਾਹ 'ਤੇ ਨਾ ਚੱਲੋ। ਜਮਾਤੀ ਤੌਰ 'ਤੇ ਸੁਚੇਤ ਪ੍ਰੋਲੇਤਾਰੀਆਂ ਉਹਨਾਂ ਨੂੰ ਉੱਤਰ ਦੇਵੇਗਾ: ਇਤਿਹਾਸ ਵਿੱਚ ਮਹਾਨ ਜੰਗਾਂ, ਇਨਕਲਾਬਾਂ ਦੀਆਂ ਮਹਾਨ ਸਮੱਸਿਆਵਾਂ, ਵਿਕਸਤ ਜਮਾਤਾਂ ਵੱਲੋਂ ਵਾਰ ਵਾਰ ਹਮਲੇ ਕਰਨ ਨਾਲ਼ ਹੱਲ ਕੀਤੀਆਂ ਗਈਆਂ ਸਨ ਅਤੇ ਉਹਨਾਂ ਹਾਰਾਂ ਤੋਂ ਸਬਕ ਸਿੱਖਣ ਮਗਰੋਂ ਹੀ ਜਿੱਤ ਪ੍ਰਾਪਤ ਕੀਤੀ ਸੀ। ਹਾਰੀਆਂ ਹੋਈਆਂ ਫੌਜਾਂ ਚੰਗੀ ਤਰ੍ਹਾਂ ਸਿੱਖਦੀਆਂ ਹਨ। ਰੂਸ ਦੀਆਂ ਇਨਕਲਾਬੀ ਜਮਾਤਾਂ ਪਹਿਲੇ ਹੱਲੇ ਵਿੱਚ ਹਾਰ ਗਈਆਂ ਹਨ, ਪਰ ਇਨਕਲਾਬੀ ਸਥਿਤੀ ਕਾਇਮ ਹੈ। ਨਵੇਂ ਢੰਗਾਂ ਅਤੇ ਹੋਰ ਰਾਹਾਂ ਰਾਹੀਂ, ਕਈ ਵਾਰ ਸਾਡੀ ਇੱਛਾ ਨਾਲ਼ੋਂ ਘੱਟ ਰਫਤਾਰ ਨਾਲ਼, ਇਨਕਲਾਬੀ ਸੰਕਟ ਪੈਦਾ ਹੋ ਰਿਹਾ ਹੈ, ਫੇਰ ਸਿਖਰ ਵੱਲ ਵੱਧ ਰਿਹਾ ਹੈ। ਸਾਨੂੰ ਵਿਸ਼ਾਲ ਜਨਤਾ ਨੂੰ, ਉਸ ਸੰਕਟ ਲਈ ਤਿਆਰ ਕਰਨ ਦੇ ਲੰਬੇ ਕੰਮ ਨੂੰ ਕਰਨਾ ਚਾਹੀਦਾ ਹੈ, ਇਹ ਤਿਆਰੀ ਵਧੇਰੇ ਗੰਭੀਰ ਹੋਣੀ ਚਾਹੀਦੀ ਹੈ ਅਤੇ ਵੱਡੇ ਅਤੇ ਵਧੇਰੇ ਠੋਸ ਕਾਰਜਾਂ ਨੂੰ ਧਿਆਨ ਵਿੱਚ ਰੱਖ ਕੇ ਹੋਣੀ ਚਾਹੀਦੀ ਹੈ; ਅਤੇ ਜਿੰਨੀ ਵੱਧ ਸਫਲਤਾ ਨਾਲ਼ ਅਸੀਂ ਇਹ ਕੰਮ ਕਰਾਂਗੇ, ਨਵੇਂ ਘੋਲ਼ ਵਿੱਚ ਸਾਡੀ ਜਿੱਤ ਓਨੀ ਵਧੇਰੇ ਨਿਸ਼ਚਿਤ ਹੋਵੇਗੀ। ਰੂਸੀ ਪ੍ਰੋਲੇਤਾਰੀਆਂ ਇਸ ਗੱਲ ਦਾ ਮਾਣ ਕਰ ਸਕਦਾ ਹੈ ਕਿ 1905 ਵਿੱਚ ਇਸ ਦੀ ਅਗਵਾਈ ਹੇਠ ਗੁਲਾਮਾਂ ਦੀ ਇੱਕ ਕੌਮ ਪਹਿਲੀ ਵਾਰ ਲੱਖਾਂ ਦੀ ਗਿਣਤੀ ਵਿੱਚ ਮਜ਼ਬੂਤ ਇਨਕਲਾਬ ਦੀ ਫੌਜ ਬਣੀ, ਜਿਸ ਨੇ ਜ਼ਾਰਵਾਦ ਉੱਤੇ ਸੱਟ ਮਾਰੀ ਅਤੇ ਹੁਣ ਉਹੀ ਪ੍ਰੋਲੇਤਾਰੀ ਜਾਣ ਜਾਏਗਾ ਕਿ ਨਵੇਂ ਕੇਡਰ ਨੂੰ ਹੋਰ ਤਾਕਤਵਰ ਇਨਕਲਾਬੀ ਤਾਕਤ ਵਜੋਂ ਸਿੱਖਿਆ ਅਤੇ ਟਰੇਨਿੰਗ ਦੇਣ ਦਾ ਕੰਮ ਲਗਾਤਾਰ, ਸਿਰ-ਤੋੜ ਢੰਗ ਨਾਲ਼ ਅਤੇ ਧੀਰਜ ਨਾਲ ਕਿਸ ਤਰ੍ਹਾਂ ਕਰਨਾ ਹੈ।

ਜਿਵੇਂ ਅਸੀਂ ਕਿਹਾ ਹੈ, ਸਿੱਖਿਆ ਅਤੇ ਟਰੇਨਿੰਗ ਦੇਣ ਦੇ ਕੰਮ ਵਿੱਚ ਡੂਮਾ ਪਲੇਟਫਾਰਮ ਦੀ ਵਰਤੋਂ ਇੱਕ ਜ਼ਰੂਰੀ ਪੱਖ ਹੈ। ਡੂਮਾ ਗਰੁੱਪ ਬਾਰੇ ਕਾਨਫਰੰਸ ਦਾ ਮਤਾ ਸਾਰੀ ਪਾਰਟੀ ਨੂੰ ਉਸ ਰਾਹ ਵੱਲ ਸੰਕੇਤ ਕਰਦਾ ਹੈ ਜਿਹੜਾ – ਜੇਕਰ ਅਸੀਂ ਇਤਿਹਾਸ ਵਿੱਚੋਂ ਉਦਾਹਰਣਾਂ ਲਈਏ – ਤਾਂ ਐਂਟੀ-ਸੋਸ਼ਲਿਸਟ ਕਾਨੂੰਨ[1] ਦੇ ਸਮੇਂ ਦੌਰਾਨ ਜਰਮਨ ਸੋਸ਼ਲ

1. **ਵਿਸ਼ੇਸ਼ ਸੋਸ਼ਲਿਸਟ-ਵਿਰੋਧੀ ਕਾਨੂੰਨ** ਜਰਮਨੀ ਵਿੱਚ ਬਿਸਮਾਰਕ ਸਰਕਾਰ ਵੱਲੋਂ 1878 ਵਿੱਚ ਪੇਸ਼ ਕੀਤਾ ਗਿਆ ਸੀ, ਜਿਸ ਰਾਹੀਂ ਸੋਸ਼ਲ-ਡੈਮੋਕਰੈਟਿਕ ਪਾਰਟੀ, ਸਭ ਜਨਤਕ ਮਜ਼ਦੂਰ ਜਥੇਬੰਦੀਆਂ ਅਤੇ ਮਜ਼ਦੂਰਾਂ ਦੀ ਪ੍ਰੈੱਸ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਜਰਮਨ ਸੋਸ਼ਲ ਡੈਮੋਕਰੈਟਾਂ ਦੇ ⇨

ਡੈਮੋਕਰੇਸੀ ਦੇ ਤਜ਼ਰਬੇ ਦੇ ਸਭ ਤੋਂ ਵੱਧ ਨੇੜੇ ਹੈ। ਗੈਰਕਾਨੂੰਨੀ ਪਾਰਟੀ ਨੂੰ ਜਾਣਨਾ ਚਾਹੀਦਾ ਹੈ ਕਿ ਕਾਨੂੰਨੀ ਡੂਮਾ ਗਰੁੱਪ ਦੀ ਵਰਤੋਂ ਕਿਵੇਂ ਕੀਤੀ ਜਾਵੇ, ਇਸ ਨੂੰ ਇੰਞ ਕਰਨਾ ਸਿੱਖਣਾ ਚਾਹੀਦਾ ਹੈ: ਪਾਰਟੀ ਨੂੰ ਡੂਮਾ ਗਰੁੱਪ ਨੂੰ ਇਸ ਦੇ ਕਾਰਜ ਮੁਤਾਬਕ ਪਾਰਟੀ ਜਥੇਬੰਦੀ ਵਿੱਚ ਟਰੇਨਿੰਗ ਦੇਣੀ ਚਾਹੀਦੀ ਹੈ। ਮੌਜੂਦਾ ਕਾਲ ਦੀਆਂ ਸਥਿਤੀਆਂ ਵਿੱਚ ਸਭ ਤੋਂ ਗਲਤ ਦਾਅਪੇਚ, ਨਿਰੰਤਰ ਪ੍ਰੋਲੇਤਾਰੀ ਕੰਮ ’ਚ ਸਭ ਤੋਂ ਵੱਧ ਅਫਸੋਸਨਾਕ ਅਣਗਹਿਲੀ ਇਹ ਮੰਗ ਕਰਨਾ ਹੋਵੇਗਾ ਕਿ ਡੂਮਾ ਗਰੁੱਪ ਨੂੰ ਵਾਪਸ ਬੁਲਾਇਆ ਜਾਵੇ (ਕਾਨਫਰੰਸ ਵਿੱਚੋਂ ਦੋ ‘ਓਤਜ਼ੋਵਵਾਦੀ’ ਸਨ, ਪਰ ਉਹਨਾਂ ਖੁੱਲ੍ਹੇ ਤੌਰ ’ਤੇ ਇਹ ਮਸਲਾ ਨਹੀਂ ਉਠਾਇਆ) ਜਾਂ ਇਸ ਦੀਆਂ ਗਲਤੀਆਂ ਦੀ ਸਿੱਧੇ ਅਤੇ ਖੁੱਲ੍ਹੇ ਤੌਰ ’ਤੇ ਨੁਕਤਾਚੀਨੀ ਕਰਨ ਜਾਂ ਇਸ ਦਾ ਮਤੇ ਵਿੱਚ ਜ਼ਿਕਰ ਕਰਨ ਤੋਂ ਗੁਰੇਜ਼ ਕੀਤਾ ਜਾਵੇ (ਜਿਵੇਂ ਕੁਝ ਡੈਲੀਗੇਟਾਂ ਨੇ ਕਾਨਫਰੰਸ ਵਿੱਚ ਜ਼ੋਰ ਦਿੱਤਾ)। ਮਤਾ ਪੂਰੀ ਤਰ੍ਹਾਂ ਪ੍ਰਵਾਨ ਕਰਦਾ ਹੈ ਕਿ ਗਰੁੱਪ ਨੇ ਗਲਤੀਆਂ ਕੀਤੀਆਂ ਹਨ ਜਿਨ੍ਹਾਂ ਲਈ ਸਿਰਫ ਉਨ੍ਹਾਂ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਅਤੇ ਜਿਹੜੀਆਂ ਉਨ੍ਹਾਂ ਗਲਤੀਆਂ ਨਾਲ਼ ਰਲਦੀਆਂ ਮਿਲਦੀਆਂ ਸਨ ਜਿਹੜੀਆਂ ਸਾਡੀ ਪਾਰਟੀ ਦੀਆਂ ਸਭ ਜਥੇਬੰਦੀਆਂ ਨੇ ਕੀਤੀਆਂ। ਪਰ ਹੋਰ ਗਲਤੀਆਂ ਵੀ ਹਨ – ਪਾਰਟੀ ਦੀ **ਰਾਜਸੀ ਲਾਈਨ** ਤੋਂ ਥਿੜਕਣਾ। ਕਿਉਂਕਿ ਇਹ ਥਿੜਕਣਾਂ ਹੋਈਆਂ, ਕਿਉਂਕਿ ਇਹ ਥਿੜਕਣਾਂ ਉਸ ਜਥੇਬੰਦੀ ਵੱਲੋਂ ਹੋਈਆਂ ਜਿਹੜੀ ਖੁੱਲ੍ਹੇ ਤੌਰ ’ਤੇ ਪਾਰਟੀ ਦੇ ਨਾਮ ਹੇਠ ਕੰਮ ਕਰਦੀ ਹੈ, ਪਾਰਟੀ ਨੂੰ ਸਾਫ ਤੌਰ ’ਤੇ ਅਤੇ ਸਪੱਸ਼ਟ ਢੰਗ ਨਾਲ਼ ਇਹ ਐਲਾਨ ਕਰਨਾ ਪੈਣਾ ਸੀ ਕਿ ਇਹ ਥਿੜਕਣਾਂ ਸਨ। ਪੱਛਮ ਯੂਰਪੀ ਸੋਸ਼ਲਿਸਟ ਪਾਰਟੀਆਂ ਦੇ ਇਤਿਹਾਸ ਵਿੱਚ ਪਾਰਲੀਮੈਂਟ ਗਰੁੱਪਾਂ ਅਤੇ ਪਾਰਟੀ ਵਿਚਾਲੇ ਵੱਖਰੇਵੇਂ ਵਾਲ਼ੇ ਸਬੰਧਾਂ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਮਿਲਦੀਆਂ ਸਨ; ਅੱਜ ਤੱਕ ਵੀ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਇਹ ਸਬੰਧ ਕਾਫੀ ਅਸੁਖਾਵੇਂ ਹਨ, ਜਿਥੇ ਇਹ ਗਰੁੱਪ ਕਾਫੀ ਪਾਰਟੀ ਭਾਵਨਾ ਨਹੀਂ ਦਿਖਾਉਂਦੇ। ਸਾਨੂੰ ਸ਼ੁਰੂ ਵਿੱਚ ਹੀ ਰੂਪ ਵਿੱਚ ਵੱਖਰੇ ਅਧਾਰ ਤੇ ਸੋਸ਼ਲ-ਡੈਮੋਕਰੈਟਿਕ ਪਾਰਲੀਮੈਂਟਵਾਦ ਜਥੇਬੰਦ ਕਰਨਾ ਚਾਹੀਦਾ ਹੈ; ਸਾਨੂੰ ਇਸ ਖੇਤਰ ਵਿੱਚ ਟੀਮ ਵਰਕ ਤੋਂ ਕੰਮ ਲੈਣਾ ਚਾਹੀਦਾ ਹੈ – ਤਾਂ ਜੋ ਹਰ ਸੋਸ਼ਲ-ਡੈਮੋਕਰੈਟਿਕ ਡਿਪਟੀ ਸੱਚਮੁਚ ਮਹਿਸੂਸ ਕਰੇ ਕਿ ਸਮੁੱਚੀ ਪਾਰਟੀ ਉਸ ਦੇ ਮਗਰ ਹੈ, ਕਿ ਪਾਰਟੀ ਉਸ ਦੀਆਂ ਗਲਤੀਆਂ ਬਾਰੇ ਚਿੰਤਤ ਹੈ ਅਤੇ ਉਸ ਦੇ ਰਾਹ ਨੂੰ ਸਿੱਧਿਆਂ ਕਰਦੀ ਹੈ – ਤਾਂ ਜੋ ਹਰ ਪਾਰਟੀ ਵਰਕਰ, ਡੂਮਾ ਦੇ ਕਦਮਾਂ ਦੀ ਅਮਲੀ ਮਾਰਕਸਵਾਦੀ ਨੁਕਤਾਚੀਨੀ ਤੋਂ ਸਿੱਖ ਕੇ, ਇਹ ਮਹਿਸੂਸ ਕਰਕੇ ਕਿ ਇਸ ਦੀ ਮਦਦ ਕਰਨਾ ਅਤੇ ਗਰੁੱਪ ਦੇ ਸਪੈਸ਼ਲ ਕਾਰਜ ਨੂੰ ਪਾਰਟੀ ਦੀ ਸਮੁੱਚੇ ਪ੍ਰਚਾਰ ਅਤੇ ਐਜ਼ੀਟੇਸ਼ਨ ਦੀ ਸਰਗਰਮੀ ਦੇ ਬਰਾਬਰ ਲਿਆਉਣ ਲਈ ਯਤਨ ਕਰਨਾ ਉਸ

---

⇨ਸਭ ਤੋਂ ਬਿਹਤਰੀਨ ਪ੍ਰਤੀਨਿਧ ਆਗਸਟ ਬੇਬੇਲ ਅਤੇ ਵਿਲਹੈਲਮ ਲੀਬਨੇਖਤ ਦੁਆਲ਼ੇ ਇਕੱਠੇ ਹੋ ਗਏ ਅਤੇ ਉਹਨਾਂ ਰੂਪੋਸ਼ੀ ਵਿੱਚ ਤੇਜ਼ੀ ਨਾਲ਼ ਕੰਮ ਸ਼ੁਰੂ ਕਰ ਦਿੱਤਾ। ਮਜ਼ਦੂਰ ਜਮਾਤ ਵਿੱਚ ਪਾਰਟੀ ਦਾ ਰਸੂਖ ਵਧਿਆ। ਰੀਖਸਟਾਗ ਲਈ 1870 ਦੀਆਂ ਚੋਣਾਂ ਵਿੱਚ, ਸੋਸ਼ਲ ਡੈਮੋਕਰੈਟਾਂ ਨੇ ਲਗਭਗ 15 ਲੱਖ ਵੋਟਾਂ ਲਈਆਂ। ਉਸੇ ਸਾਲ, ਸਰਕਾਰ ਨੂੰ ਐਂਟੀ-ਸੋਸ਼ਲਿਸਟ ਕਾਨੂੰਨ ਰੱਦ ਕਰਨ ਲਈ ਮਜਬੂਰ ਹੋਣਾ ਪਿਆ।

ਦਾ ਫ਼ਰਜ਼ ਹੈ, ਪਾਰਟੀ ਦੇ ਆਮ ਡੂਮਾ ਕੰਮ ਵਿੱਚ ਭਾਗ ਲੈ ਸਕਦਾ ਹੈ।

ਸਮੁੱਚੇ ਸੈਸ਼ਨ ਦੌਰਾਨ ਡੂਮਾ ਸੋਸ਼ਲ–ਡੈਮੋਕਰੈਟਿਕ ਦੇ ਡੂਮਾ ਗਰੁੱਪ ਦੇ ਕੰਮ ਬਾਰੇ ਵਿਚਾਰ ਕਰਨ ਲਈ ਕਾਨਫਰੰਸ, ਵੱਡੀਆਂ ਪਾਰਟੀ ਜਥੇਬੰਦੀਆਂ ਦੇ ਡੈਲੀਗੇਟਾਂ ਦੀ ਪਹਿਲੀ ਅਧਿਕਾਰਪੂਰਨ ਮੀਟਿੰਗ ਸੀ ਅਤੇ ਕਾਨਫਰੰਸ ਦਾ ਫੈਸਲਾ ਇਹ ਗੱਲ ਬਹੁਤ ਸਾਫ ਤੌਰ 'ਤੇ ਦਰਸਾਉਂਦਾ ਹੈ ਪਾਰਟੀ ਡੂਮਾ ਦੇ ਕੰਮ ਨੂੰ ਕਿਸ ਤਰ੍ਹਾਂ ਚਲਾਵੇਗੀ, ਇਸ ਖੇਤਰ ਵਿੱਚ ਆਪਣੇ ਆਪ ਅਤੇ ਗਰੁੱਪ ਵੱਲ ਪਾਰਟੀ ਕਿੰਨੀ ਸਖਤ ਹੋਵੇਗੀ ਸੱਚਮੁਚ ਦਾ ਸੋਸ਼ਲ–ਡੈਮੋਕਰੈਟਿਕ ਪਾਰਲੀਮੈਂਟ ਵਿਕਾਸ ਕਰਨ ਦੇ ਕੰਮ ਦਾ ਇਹ ਕਿੰਨੀ ਦ੍ਰਿੜਤਾ ਅਤੇ ਨਿਰੰਤਰਤਾ ਨਾਲ਼ ਕਰਨ ਦਾ ਪ੍ਰਸਤਾਵ ਰੱਖਦੀ ਹੈ।

ਡੂਮਾ ਗਰੁੱਪ ਪ੍ਰਤੀ ਸਾਡੇ ਵਤੀਰੇ ਦੇ ਸਵਾਲ ਦਾ ਇੱਕ ਦਾਅਪੇਚਕ ਅਤੇ ਇੱਕ ਜਥੇਬੰਦਕ ਪੱਖ ਹੈ। ਮਗਰਲੇ ਪੱਖ ਵਿੱਚ ਡੂਮਾ ਗਰੁੱਪ ਬਾਰੇ ਮਤਾ ਸਿਰਫ ਕਿਸੇ ਵਿਸ਼ੇਸ਼ ਕੇਸ ਵਿੱਚ ਜਥੇਬੰਦਕ ਨੀਤੀ ਦੇ ਆਮ ਅਸੂਲਾਂ ਨੂੰ ਲਾਗੂ ਕਰਨਾ ਹੀ ਹੈ, ਉਹ ਅਸੂਲ ਜਿਹੜੇ ਕਾਨਫਰੰਸ ਨੇ ਜਥੇਬੰਦੀ ਦੇ ਸਵਾਲ ਉੱਤੇ ਹਦਾਇਤਾਂ ਦੇਣ ਵਾਲ਼ੇ ਮਤੇ ਵਿੱਚ ਮਿਥਿਆ ਸੀ। ਕਾਨਫਰੰਸ ਨੇ ਰਿਕਾਰਡ ਕੀਤਾ ਹੈ ਕਿ ਇਸ ਸਵਾਲ ਉੱਤੇ "ਰੂਸੀ ਸੋਸ਼ਲ–ਡੈਮੋਕਰੈਟਿਕ ਲੇਬਰ ਪਾਰਟੀ ਵਿੱਚ ਦੋ ਮੁੱਖ ਰੁਚੀਆਂ ਮੌਜੂਦ ਹਨ: ਇਨ੍ਹਾਂ ਵਿੱਚੋਂ ਇੱਕ ਗੈਰ–ਕਾਨੂੰਨੀ ਪਾਰਟੀ ਜਥੇਬੰਦੀਆਂ ਉੱਤੇ ਜ਼ੋਰ ਦੇ ਹੱਕ ਵਿੱਚ ਹੈ, ਦੂਜੀ ਜਿਹੜੀ ਲਗਭਗ ਖਾਤਮਾਵਾਦ ਨਾਲ਼ ਮਿਲਦੀ ਜੁਲਦੀ ਹੈ – ਕਾਨੂੰਨੀ ਅਤੇ ਅਰਧ–ਕਾਨੂੰਨੀ ਜਥੇਬੰਦੀਆਂ ਉੱਤੇ ਜ਼ੋਰ ਦਿੰਦੀ ਹੈ। ਨੁਕਤਾ ਇਹ ਹੈ ਕਿ ਜਿਵੇਂ ਕਿ ਅਸੀਂ ਪਹਿਲਾਂ ਦੀ ਦੱਸ ਚੁੱਕੇ ਹਾਂ, ਮੌਜੂਦਾ ਸਥਿਤੀ ਦਾ ਪਤਾ ਕੁਝ ਪਾਰਟੀ ਮੈਂਬਰਾਂ – ਕੁਝ ਬੁੱਧੀਜੀਵੀਆਂ, ਪਰ ਕੁਝ ਪ੍ਰੋਲੇਤਾਰੀਆਂ ਵੱਲੋਂ ਵੀ, ਪਾਰਟੀ ਛੱਡਣ ਤੋਂ ਲੱਗਦਾ ਹੈ। ਖਾਤਮਾਵਾਦੀ ਰੁਝਾਨ ਇਹ ਸਵਾਲ ਉਠਾਉਂਦਾ ਹੈ ਕਿ ਪਾਰਟੀ ਦਾ ਤਿਆਗ ਕਰਨ ਵਾਲ਼ੇ ਅਤੇ ਆਪਣੀ ਸਰਗਰਮੀ ਲਈ ਕਾਨੂੰਨੀ ਖੇਤਰ ਚੁਣਨ ਵਾਲ਼ੇ ਅਨਸਰ ਸਭ ਤੋਂ ਵਧੀਆ ਅਤੇ ਸਰਗਰਮ ਹਨ ਜਾਂ "ਢਿਲ ਮਿਲ ਬੁੱਧੀਜੀਵੀ ਅਤੇ ਪੈਟੀ–ਬੁਰਜੂਆ ਅਨਸਰ"। ਕਹਿਣ ਦੀ ਲੋੜ ਨਹੀਂ ਹੈ ਕਿ ਜ਼ੋਰਦਾਰ ਢੰਗ ਨਾਲ਼ ਖਾਤਮਾਵਾਦ ਨੂੰ ਰੱਦ ਕਰਕੇ ਅਤੇ ਨਿੰਦਾ ਕਰਕੇ ਕਾਨਫਰੰਸ ਨੇ ਜਵਾਬ ਦਿੱਤਾ ਕਿ ਪਾਰਟੀ ਛੱਡਣ ਵਾਲ਼ੇ ਮਗਰਲੇ ਅਨਸਰ ਸਨ। ਪਾਰਟੀ ਦੇ ਬੇਹੱਦ ਪ੍ਰੋਲੇਤਾਰੀ ਅਨਸਰ ਅਤੇ ਬੁੱਧੀਜੀਵੀ ਵਰਗ ਦੇ ਉਹ ਅਨਸਰ ਜਿਹੜੇ ਅਸੂਲੀ ਤੌਰ 'ਤੇ ਸਥਾਈ ਅਤੇ ਵਧੇਰੇ ਸੋਸ਼ਲ–ਡੈਮੋਕਰੈਟਿਕ ਸਨ, ਰੂਸੀ ਸੋਸ਼ਲ ਡੈਮੋਕਰੈਟਿਕ ਲੇਬਰ ਪਾਰਟੀ ਪ੍ਰਤੀ ਵਫਾਦਾਰ ਰਹੇ। ਪਾਰਟੀ ਵਿੱਚੋਂ ਨਿਕਾਸ ਦਾ ਅਰਥ ਹੈ, ਇਸ ਦੀ ਸਫਾਈ, ਇਸ ਦਾ ਮਤਲਬ ਹੈ ਸਭ ਤੋਂ ਘੱਟ ਸਥਾਈ ਅਨਸਰਾਂ, ਇਸ ਦੇ ਨਾਭਰੋਸੇਯੋਗ ਮਿੱਤਰਾਂ, ਇਸ ਦੇ "ਸੰਗੀ ਮੁਸਾਫਰਾਂ" (Mitlaufer) ਤੋਂ ਛੁਟਕਾਰਾ ਪਾਉਣਾ ਜਿਹੜੇ ਹਮੇਸ਼ਾ ਰਤਾ ਕੁ ਚਿਰ ਲਈ ਪ੍ਰੋਲੇਤਾਰੀਆਂ ਨਾਲ਼ ਰਲਦੇ ਹਨ ਅਤੇ ਜਿਨ੍ਹਾਂ ਨੂੰ ਪੈਟੀ–ਬੁਰਜੂਆਜ਼ੀ ਜਾਂ "ਬੇਜਮਾਤੇ" ਅਰਥਾਤ ਕਿਸੇ ਨਿਸ਼ਚਿਤ ਜਮਾਤ ਦੇ ਘੇਰੇ ਵਿੱਚੋਂ ਬਾਹਰ ਕੱਢੇ ਗਏ ਲੋਕਾਂ ਵਿੱਚੋਂ ਭਰਤੀ ਕੀਤਾ ਗਿਆ ਸੀ।

ਪਾਰਟੀ ਜਥੇਬੰਦੀ ਦੇ ਅਸੂਲਾਂ ਦੇ ਇਸ ਮੁਲਾਂਕਣ ਤੋਂ ਹੀ ਤਰਕਪੂਰਨ ਢੰਗ ਨਾਲ਼

ਕਾਨਫਰੰਸ ਵੱਲੋਂ ਪ੍ਰਵਾਨ ਕੀਤੀ ਗਈ ਜਥੇਬੰਦਕ ਨੀਤੀ ਦੀ ਲਾਈਨ ਤਿਆਰ ਕੀਤੀ ਗਈ। ਗੈਰ-ਕਾਨੂੰਨੀ ਪਾਰਟੀ ਜਥੇਬੰਦੀ ਨੂੰ ਮਜ਼ਬੂਤ ਕਰਨਾ, ਕੰਮ ਦੇ ਸਾਰੇ ਖੇਤਰਾਂ ਵਿੱਚ ਪਾਰਟੀ ਸੈੱਲ ਕਾਇਮ ਕਰਨਾ, ਸਭ ਤੋਂ ਪਹਿਲਾਂ "ਵਰਕਰਾਂ ਤੇ ਮੁਸਤਮਿਲ ਨਿਰੋਲ ਪਾਰਟੀ ਕਮੇਟੀਆਂ, ਚਾਹੇ ਵਰਕਰਾਂ ਦੀ ਗਿਣਤੀ ਕਿੰਨੀ ਵੀ ਘੱਟ ਕਿਉਂ ਨਾ ਹੋਵੇ, ਹਰ ਸਨਅਤੀ ਅਦਾਰੇ ਵਿੱਚ ਕਾਇਮ ਕਰਨਾ, ਲੀਡਰਸ਼ਿਪ ਦੇ ਕੰਮਾਂ ਨੂੰ ਸੋਸ਼ਲ-ਡੈਮੋਕਰੈਟਿਕ ਲਹਿਰ ਦੇ ਵਰਕਰਾਂ ਵਿੱਚੋਂ ਆਏ ਆਗੂਆਂ ਹੱਥਾਂ ਵਿੱਚ ਸੌਂਪਣਾ - ਅਜਿਹਾ ਹੈ ਅੱਜ ਦਾ ਕੰਮ। ਕਹਿਣ ਦੀ ਲੋੜ ਨਹੀਂ ਕਿ ਇਨ੍ਹਾਂ ਸੈੱਲ ਅਤੇ ਕਮੇਟੀਆਂ ਦਾ ਕੰਮ, ਸਾਰੀਆਂ ਅਰਧ ਕਾਨੂੰਨੀ ਅਤੇ ਜਿੱਥੋਂ ਤੱਕ ਸੰਭਵ ਹੋ ਸਕੇ, ਕਾਨੂੰਨੀ ਜਥੇਬੰਦੀਆਂ ਨੂੰ "ਜਨਤਾ ਨਾਲ਼ ਕੇਵਲ ਸਬੰਧ ਕਾਇਮ ਰੱਖਣ" ਲਈ ਵਰਤਣਾ ਅਤੇ ਕੰਮ ਨੂੰ ਇਸ ਤਰ੍ਹਾਂ ਸੇਧਤ ਕਰਨਾ ਹੈ ਕਿ ਸੋਸ਼ਲ-ਡੈਮੋਕਰੇਸੀ ਵਰਕਰਾਂ ਦੀਆਂ ਸਭ ਲੋੜਾਂ 'ਤੇ ਹੁੰਗਾਰਾ ਭਰੇ। ਹਰ ਪਾਰਟੀ ਸੈੱਲ ਅਤੇ ਵਰਕਰਜ਼ ਕਮੇਟੀ ਨੂੰ "ਜਨਤਾ ਵਿੱਚ ਐਜ਼ੀਟੇਸ਼ਨ, ਪ੍ਰਚਾਰ ਅਤੇ ਅਮਲੀ ਜਥੇਬੰਦਕ ਕੰਮ ਲਈ ਅਧਾਰ" ਬਣਨਾ ਚਾਹੀਦਾ ਹੈ ਅਰਥਾਤ ਉਹਨਾਂ ਨੂੰ ਉੱਥੇ ਜਾਣਾ ਚਾਹੀਦਾ ਹੈ ਜਿੱਥੇ ਲੋਕ ਜਾਂਦੇ ਹਨ ਅਤੇ ਹਰ ਕਦਮ ਉੱਤੇ ਜਨਤਾ ਦੀ ਚੇਤਨਾ ਨੂੰ ਸਮਾਜਵਾਦ ਵੱਲ ਸੇਧਤ ਕਰਨ, ਹਰ ਵਿਸ਼ੇਸ਼ ਸਵਾਲ ਨੂੰ ਪ੍ਰੋਲੇਤਾਰੀਆਂ ਦੇ ਆਮ ਕਾਰਜਾਂ ਨਾਲ ਜੋੜਣ, ਜਥੇਬੰਦੀ ਦੀ ਹਰ ਕਾਰਵਾਈ ਨੂੰ **ਜਮਾਤੀ** ਮਜਬੂਤੀ ਦੀ ਕਾਰਵਾਈ ਵਿੱਚ ਤਬਦੀਲ ਕਰਨ, ਜੋਸ਼ ਅਤੇ ਵਿਚਾਰਧਾਰਕ ਰਸੂਖ (ਉਹਨਾਂ ਦੇ ਆਹੁਦਿਆਂ ਅਤੇ ਰੁਤਬਿਆਂ ਨਾਲ਼ ਨਹੀਂ) ਨਾਲ਼ ਸਭ ਪ੍ਰੋਲੇਤਾਰੀ ਕਾਨੂੰਨੀ ਜਥੇਬੰਦੀਆਂ ਵਿੱਚ ਅਗਵਾਈ ਦਾ ਰੋਲ ਅਖਤਿਆਰ ਕਰਨ ਲਈ ਯਤਨ ਕਰਨਾ ਚਾਹੀਦਾ ਹੈ। ਜੇਕਰ ਕਿਸੇ ਸਮੇਂ ਇਹ ਸੈੱਲ ਅਤੇ ਕਮੇਟੀਆਂ ਛੋਟੀਆਂ ਵੀ ਹੋਣ, ਇਹ ਪਾਰਟੀ ਰਵਾਇਤ ਅਤੇ ਪਾਰਟੀ ਜਥੇਬੰਦੀ, ਨਿਸ਼ਚਿਤ ਜਮਾਤੀ ਪ੍ਰੋਗਰਾਮ ਰਾਹੀਂ ਆਪਸ ਵਿੱਚ ਸਬੰਧਤ ਹੋ ਜਾਣਗੀਆਂ ਅਤੇ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਦੋ ਜਾਂ ਤਿੰਨ ਮੈਂਬਰ ਇਸ ਤਰ੍ਹਾਂ ਇਸ ਗੱਲ ਦੇ ਸਮਰੱਥ ਹੋਣਗੇ ਕਿ ਉਹ ਕਿਸੇ ਅਣਘੜ੍ਹ ਕਾਨੂੰਨੀ ਜਥੇਬੰਦੀ ਵਿੱਚ ਜਜ਼ਬ ਹੋਣੋਂ ਬਚਣ ਅਤੇ ਸਭ ਹਾਲਤਾਂ ਸਭ ਸਥਿਤੀਆਂ ਅਤੇ ਸਭ ਮੌਕਿਆਂ ਉੱਤੇ ਆਪਣੀ **ਪਾਰਟੀ** ਲਾਈਨ ਮੰਨਣ, ਆਪਣੇ ਆਲ਼ੇ ਦੁਆਲ਼ੇ ਨੂੰ ਸਮੁੱਚੀ ਪਾਰਟੀ ਦੀ ਭਾਵਨਾ ਨਾਲ਼ ਪ੍ਰਭਾਵਤ ਕਰਨ, ਅਤੇ ਆਲੇ ਦੁਆਲ਼ੇ ਵੱਲੋਂ ਉਹਨਾਂ ਨੂੰ ਖਤਮ ਨਾ ਕਰਨ ਦੇਣ ਵਿੱਚ ਸਫਲ ਹੋ ਜਾਣਗੇ।

ਭਾਵੇਂ ਇੱਕ ਜਾਂ ਦੂਜੀ ਕਿਸਮ ਦੀ ਜਨਤਕ ਜਥੇਬੰਦੀ ਨੂੰ ਭੰਗ ਕਰ ਦਿੱਤਾ ਜਾਵੇ, ਚਾਹੇ ਕਾਨੂੰਨੀ ਟਰੇਡ ਯੂਨੀਅਨਾਂ ਦੀ ਹੋਂਦ ਖਤਮ ਕਰ ਦਿੱਤੀ ਜਾਵੇ, ਭਾਵੇਂ ਉਲਟ-ਇਨਕਲਾਬ ਦੀ ਹਕੂਮਤ ਤਹਿਤ ਵਰਕਰਾਂ ਦੀ ਹਰ ਪਹਿਲਕਦਮੀ ਦੀ ਹਰ ਖੁੱਲ੍ਹੀ ਕਾਰਵਾਈ ਨੂੰ ਪੁਲੀਸ ਵੱਲੋਂ ਇੱਕ ਜਾਂ ਦੂਜਾ ਬਹਾਨਾ ਲਾ ਕੇ ਕੁਚਲ ਦਿੱਤਾ ਜਾਵੇ, ਫਿਰ ਵੀ ਦੁਨੀਆਂ ਦੀ ਕੋਈ ਵੀ ਤਾਕਤ ਇੱਕ ਸਰਮਾਏਦਾਰ ਦੇਸ਼ ਵਿੱਚ, ਜਿਸ ਤਰ੍ਹਾਂ ਦਾ ਕਿ ਰੂਸ ਬਣ ਚੁੱਕਾ ਹੈ, ਮਜ਼ਦੂਰ ਜਨਤਾ ਦੇ ਇੱਕਮੁੱਠ ਹੋਣ ਨੂੰ ਨਹੀਂ ਰੋਕ ਸਕਦੀ। ਇੱਕ ਢੰਗ ਜਾਂ ਦੂਜਾ, ਕਾਨੂੰਨੀ ਜਾਂ ਅਰਧ-ਕਾਨੂੰਨੀ, ਖੁੱਲ੍ਹੇ ਤੌਰ 'ਤੇ ਜਾਂ ਗੁਪਤ ਰੂਪ ਵਿੱਚ, ਮਜ਼ਦੂਰ ਜਮਾਤ ਆਪਣੇ ਲਾਮਬੰਦ ਹੋਣ ਦੇ ਨੁਕਤੇ ਲੱਭ ਲਵੇਗੀ; ਜਮਾਤੀ ਤੌਰ 'ਤੇ ਸੁਚੇਤ ਪਾਰਟੀ, ਸੋਸ਼ਲ-ਡੈਮੋਕਰੈਟ, ਹਰ ਥਾਂ ਅਤੇ

ਹਮੇਸ਼ਾ ਜਨਤਾ ਦੇ ਮੂਹਰੇ ਹੋ ਕੇ ਚੱਲਣਗੇ, ਹਰ ਥਾਂ ਅਤੇ ਹਮੇਸ਼ਾ ਜਨਤਾ ਨੂੰ ਪਾਰਟੀ ਦੀ ਭਾਵਨਾ ਨਾਲ਼ ਪ੍ਰਭਾਵਤ ਕਰਨ ਲਈ ਇਕੱਠੇ ਹੋ ਕੇ ਕੰਮ ਕਰਨਗੇ ਅਤੇ ਸੋਸ਼ਲ-ਡੈਮੋਕਰੇਸੀ, ਜਿਸ ਨੇ ਖੁੱਲ੍ਹੇ ਇਨਕਲਾਬ ਰਾਹੀਂ ਦਰਸਾ ਦਿੱਤਾ ਹੈ ਕਿ ਇਹ ਜਮਾਤ ਦੀ ਪਾਰਟੀ ਹੈ, ਅਜਿਹੀ ਪਾਰਟੀ ਜਿਹੜੀ ਲੱਖਾਂ ਲੋਕਾਂ ਨੂੰ ਹੜਤਾਲਾਂ, 1905 ਦੇ ਵਿਦਰੋਹ ਅਤੇ ਇਸ ਦੇ ਨਾਲ਼ ਨਾਲ਼ 1906-07 ਦੀਆਂ ਚੋਣਾਂ ਵਿੱਚ ਅਗਵਾਈ ਦੇਣ ਵਿੱਚ ਸਫਲ ਰਹੀ ਹੈ, ਹੁਣ ਵੀ ਜਮਾਤ ਦੀ, ਜਨਤਾ ਦੀ ਪਾਰਟੀ, ਮੁਹਰੈਲ ਦਸਤਾ ਬਣੀ ਰਹੇਗੀ, ਜਿਹੜੀ ਅਤਿ ਔਖੇ ਦਿਨਾਂ ਵਿੱਚ ਫੌਜ ਦੇ ਵੱਡੇ ਹਿੱਸੇ ਨਾਲ਼ੋਂ ਸੰਪਰਕ ਨਹੀਂ ਤੋੜੇਗੀ, ਸਗੋਂ ਜਨਤਾ ਨੂੰ ਇਨ੍ਹਾਂ ਔਖੇ ਦਿਨਾਂ ਉੱਤੇ ਕਾਬੂ ਪਾਉਣ ਵਿੱਚ ਮਦਦ ਕਰੇਗੀ, ਇਸ ਦੀਆਂ ਸਫਾਂ ਨੂੰ ਇੱਕ ਵਾਰ ਫੇਰ ਇਕੱਠਿਆਂ ਕਰੇਗੀ ਅਤੇ ਵੱਧ ਤੋਂ ਵੱਧ ਨਵੇਂ ਲੜਾਕਿਆਂ ਨੂੰ ਤਿਆਰ ਕਰੇਗੀ।

ਬਲੈਕ ਹੰਡਰਡ ਫਾਡੀਆਂ ਨੂੰ ਡੂਮਾ ਦੇ ਅੰਦਰ ਤੇ ਬਾਹਰ, ਰਾਜਧਾਨੀ ਦੇ ਅੰਦਰ ਅਤੇ ਦੂਰ ਦੁਰਾਡੇ ਦੇ ਪ੍ਰਾਂਤਾਂ ਵਿੱਚ ਚੀਕਾਂ ਮਾਰਨ ਦਿਓ, ਪਿਛਾਖੜ ਨੂੰ ਲਾਲ ਪੀਲਾ ਹੋਣ ਦਿਓ, ਸਦਾ ਸਿਆਣਾ ਸ਼੍ਰੀ ਸਤੋਲੀਪਿਨ, ਔਖਿਆਂ ਹੋ ਕੇ ਤੋਲ ਕਾਇਮ ਰੱਖ ਰਹੀ ਤਾਨਾਸ਼ਾਹੀ ਨੂੰ ਇਸ ਦੇ ਨਿਘਾਰ ਦੇ ਹੋਰ ਨੇੜੇ ਲਿਆਉਣ ਤੋਂ ਬਿਨਾਂ ਰਾਜਸੀ ਅਸੰਭਵਤਾ ਅਤੇ ਬੇਹੁਦਗੀ ਦੀਆਂ ਨਵੀਂਆਂ ਗੁੰਝਲਾਂ ਕਾਇਮ ਕਰਨ ਤੋਂ ਬਿਨਾਂ ਪ੍ਰੋਲੇਤਾਰੀਆਂ ਦੀਆਂ ਸਫਾਂ ਅਤੇ ਕਿਸਾਨੀ ਜਨਤਾ ਦੇ ਇਨਕਲਾਬੀ ਅਨਸਰਾਂ ਦੀਆਂ ਸਫਾਂ ਵਿੱਚ ਨਵੀਂਆਂ ਅਤੇ ਤਾਜ਼ਾਂ ਤਾਕਤਾਂ ਜੋੜਣ ਤੋਂ ਬਿਨਾਂ, ਇੱਕ ਵੀ ਕਦਮ ਨਹੀਂ ਚੁੱਕ ਸਕਦਾ। ਜਿਹੜੀ ਪਾਰਟੀ ਲੋਕਾਂ ਨਾਲ਼ ਸੰਪਰਕ ਨਾਲ਼ ਅਥਿੜਕਵਾਂ ਕੰਮ ਕਰਨ ਲਈ ਆਪਣੇ ਆਪ ਨੂੰ ਮਜ਼ਬੂਤ ਕਰਨ ਵਿੱਚ ਸਫਲ ਹੋ ਜਾਂਦੀ ਹੈ ਅਤੇ ਜਿਹੜੀ ਆਪਣੀਆਂ ਤਾਕਤਾਂ ਨੂੰ ਇਸ ਤਰ੍ਹਾਂ ਅਗਵਾਈ ਦਿੰਦੀ ਹੈ ਕਿ ਪ੍ਰੋਲੇਤਾਰੀਆਂ ਦੇ ਜੀਵਨ ਦੇ ਹਰ ਪਲ ਨੂੰ ਸੋਸ਼ਲ-ਡੈਮੋਕਰੈਟਿਕ ਭਾਵਨਾ ਨਾਲ਼ ਪ੍ਰਭਾਵਤ ਕਰ ਸਕੇ ਉਹ ਪਾਰਟੀ ਜਿੱਤੇਗੀ, ਚਾਹੇ ਜੋ ਵੀ ਵਾਪਰ ਜਾਵੇ।

**ਸੋਤਸਿਆਲ ਡੈਮੋਕਰੈਟ** ਨੰ. 2,
28 ਜਨਵਰੀ (10 ਫਰਵਰੀ), 1909.

**ਸਮੁੱਚੀਆਂ ਲਿਖਤਾਂ**,
ਜਿਲਦ 15, ਸਫੇ 345-55

# ਇੱਕ ਵਾਰ ਫੇਰ ਪਾਰਟੀਵਾਦ ਅਤੇ ਗੈਰ-ਪਾਰਟੀਵਾਦ ਬਾਰੇ

ਮੌਜੂਦਾ ਡੂਮਾ ਚੋਣਾਂ ਵਿੱਚ ਪਾਰਟੀ ਅਤੇ ਗੈਰ–ਪਾਰਟੀ, ਜ਼ਰੂਰੀ ਅਤੇ ਗੈਰ–ਜ਼ਰੂਰੀ ਉਮੀਦਵਾਰੀ ਦਾ ਸਵਾਲ, ਜੇਕਰ ਸਭ ਤੋਂ ਵੱਧ ਮਹੱਤਵਪੂਰਨ ਨਹੀਂ ਤਾਂ ਨਿਸ਼ਚੇ ਹੀ ਸਭ ਤੋਂ ਵੱਧ ਮਹੱਤਵਪੂਰਨ ਸਵਾਲਾਂ ਵਿੱਚੋਂ ਇੱਕ ਹੈ। ਸਭ ਤੋਂ ਪਹਿਲਾਂ ਅਤੇ ਸਭ ਤੋਂ ਵੱਧ ਚੋਣਕਾਰਾਂ ਅਤੇ ਜਨਤਾ, ਜਿਹੜੇ ਚੋਣਾਂ ’ਤੇ ਨਜ਼ਰ ਰੱਖ ਰਹੇ ਹਨ, ਨੂੰ ਇਹ ਸਮਝਣਾ ਚਾਹੀਦਾ ਹੈ ਕਿ ਚੋਣ **ਕਿਉਂ** ਜ਼ਰੂਰੀ ਹੈ, ਡੂਮਾ ਡਿਪਟੀ ਨੂੰ ਦਰਪੇਸ਼ ਕੰਮ **ਕਿਹੜਾ** ਹੈ, ਤੀਜੀ ਡੂਮਾ ਵਿੱਚ ਸੇਂਟ ਪੀਟਰਜ਼ਬਰਗ ਦੇ ਡਿਪਟੀ ਦੇ ਦਾਅਪੇਚ **ਕਿਹੜੇ** ਹੋਣੇ ਚਾਹੀਦੇ ਹਨ। ਪਰ ਇਸ ਸਭ ਕਾਸੇ ਦਾ ਸੱਚਮੁਚ ਪੂਰਾ ਅਤੇ ਠੀਕ ਠੀਕ ਢੰਗ ਨਾਲ਼ ਅੰਦਾਜ਼ਾ ਤਾਂ ਹੀ ਸੰਭਵ ਹੈ ਜੇਕਰ ਸਮੁੱਚੀ ਚੋਣ ਮੁਹਿੰਮ ਪਾਰਟੀ ਖਾਸੇ ਵਾਲ਼ੀ ਹੋਵੇ।

ਜਿਹੜੇ ਲੋਕ ਇੱਛਾ ਰੱਖਦੇ ਹਨ ਕਿ ਚੋਣਾਂ ਸੱਚਮੁਚ ਵਿਸ਼ਾਲ ਤੇ ਵਿਸ਼ਾਲਤਮ ਜਨਤਾ ਦੇ ਹਿੱਸਿਆਂ ਦੇ ਹਿੱਤਾਂ ਦੀ ਰਾਖੀ ਕਰਨ, ਉਹਨਾਂ ਦਾ ਪਹਿਲਾਂ ਅਤੇ ਸਭ ਤੋਂ ਵੱਡਾ ਕੰਮ ਜਨਤਾ ਦੀ ਰਾਜਸੀ ਚੇਤਨਾ ਦਾ ਵਿਕਾਸ ਕਰਨਾ ਹੈ। ਜਿੰਨੀ ਵੱਧ ਇਹ ਚੇਤਨਾ ਵਿਕਸਤ ਹੋਵੇਗੀ ਅਤੇ ਇਸ ਵਿਕਾਸ ਨਾਲ਼ ਜਿੰਨਾ ਪੱਕਾ ਤੇ ਅਟੁੱਟ ਰਿਸ਼ਤਾ ਕਾਇਮ ਹੋਵੇਗਾ, ਜਨਤਾ ਦੀਆਂ ਵੱਖ ਵੱਖ ਜਮਾਤਾਂ ਦੇ ਮੁਤਾਬਕ ਵੱਖ ਵੱਖ ਗਰੁੱਪਾਂ ਵਿਚਾਲੇ ਓਨੇ ਹੀ ਸਾਫ ਢੰਗ ਨਾਲ਼ ਰੇਖਾਵਾਂ ਖਿੱਚਦੀਆਂ ਹਨ। ਸਭ ਗੈਰ–ਪਾਰਟੀਵਾਦ, ਚਾਹੇ ਉਹ ਵਿਸ਼ੇਸ਼ ਤੌਰ ’ਤੇ ਹਾਂ ਪੱਖੀ ਹਾਲਤਾਂ ਵਿੱਚ ਹੋਵੇ, ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਉਮੀਦਵਾਰ, ਉਸ ਦੀ ਹਮਾਇਤ ਕਰ ਰਹੇ ਗਰੁੱਪ ਜਾਂ ਪਾਰਟੀਆਂ ਅਤੇ ਉਸ ਦੀ ਚੋਣ ਵਿੱਚ ਭਾਗ ਲੈਣ ਵਾਲ਼ੀ ਜਨਤਾ ਵਿੱਚ ਰਾਜਸੀ ਚੇਤਨਾ ਦੀ ਕਮੀ ਹੈ।

ਵਾਜਬ ਜਥੇਬੰਦੀ ਅਤੇ ਸਾਫ ’ਤੇ ਅਸੂਲੀ ਪ੍ਰੋਗਰਾਮ[1] ਤੋਂ ਵਾਂਝੀਆਂ ਸਭ ਪਾਰਟੀਆਂ, ਜਿਨ੍ਹਾਂ ਦਾ ਚੋਣਾਂ ਵਿੱਚ ਮਕਸਦ ਜਾਇਦਾਦ ਵਾਲ਼ੀਆਂ ਜਮਾਤਾਂ ਦੇ ਕਿਸੇ ਵਿਸ਼ੇਸ਼ ਗਰੁੱਪ ਦੇ ਹਿੱਤਾਂ ਦੀ ਰਾਖੀ ਕਰਨਾ ਹੁੰਦਾ ਹੈ, ਦੇ ਮਾਮਲੇ ਵਿੱਚ ਲੋਕਾਂ ਦੀ ਰਾਜਸੀ ਚੇਤਨਾ ਨੂੰ ਸਦਾ ਪਿਛਲੀ ਗੁੱਠੇ ਧੱਕ ਦਿੱਤਾ ਜਾਂਦਾ ਹੈ, ਜਦ ਕਿ ਜਨਤਾ ਦੇ ਸਾਫ ਜਮਾਤੀ ਨਿਖੇੜ ਨੂੰ ਹਮੇਸ਼ਾ ਹੀ ਬੇਲੋੜਾ ਅਤੇ ਖਤਰਨਾਕ ਸਮਝਿਆ ਜਾਂਦਾ ਹੈ। ਉਹਨਾਂ ਲਈ, ਜਿਹੜੇ ਬੁਰਜੂਆ

---

1. ਕਾਨੂੰਨੀ ਪ੍ਰਕਾਸ਼ਨਾਂ ਲਈ, ਅਰਥਾਤ, ਉਹਨਾਂ ਲਈ ਜਿਨ੍ਹਾਂ ਉੱਤੇ ਜ਼ਾਰਵਾਦੀ ਸੈਂਸਰਸ਼ਿਪ ਲਾਗੂ ਸੀ, ਲੇਖ ਲਿਖਦੇ ਹੋਏ, ਲੈਨਿਨ ਨੂੰ "ਐਸੋਪੀਅਨ ਭਾਸ਼ਾ" ਦੀ ਵਰਤੋਂ ਕਰਨੀ ਪਈ। ਇੱਥੇ, "ਵਾਜਬ ਜਥੇਬੰਦੀ ਤੋਂ ਵਾਂਝੀਆਂ ਪਾਰਟੀਆਂ" ਬਾਰੇ ਦੱਸਦੇ ਹੋਏ, ਲੈਨਿਨ ਨੇ ਮਨ ਵਿੱਚ ਨਿੱਕ–ਬੁਰਜੂਆ ਪਾਰਟੀਆਂ ਸਨ, ਜਿਹੜੀਆਂ ਪਾਰਟੀ ਸਬੰਧਾਂ ਦਾ ਵਿਰੋਧ ਕਰਦੀਆਂ ਹਨ ਅਤੇ ਜਿਨ੍ਹਾਂ ਦਾ ਕੋਈ ਸਪੱਸ਼ਟ ਰਾਜਸੀ ਪਲੇਟਫਾਰਮ ਨਹੀਂ ਹੈ।

ਪਾਰਟੀਆਂ ਦੀ ਰਾਖੀ ਤੇ ਆਉਣ ਦੀ ਕੋਈ ਇੱਛਾ ਨਹੀਂ ਰੱਖਦੇ, ਰਾਜਸੀ ਚੇਤਨਾ ਦੀ ਸਪੱਸ਼ਟਤਾ ਅਤੇ ਜਮਾਤੀ ਸਬੰਧ ਬਾਕੀ ਸਭ ਗੱਲਾਂ ਤੋਂ ਪਹਿਲਾਂ ਆਉਂਦੇ ਹਨ। ਇਨ੍ਹਾਂ ਵਿੱਚੋਂ ਕੁਝ ਵਿਸ਼ੇਸ਼ ਮਾਮਲਿਆਂ ਵਿੱਚ ਵੱਖ ਵੱਖ ਪਾਰਟੀਆਂ ਵੱਲੋਂ ਕੀਤੀਆਂ ਜਾਂਦੀਆਂ ਆਰਜ਼ੀ ਸਾਂਝੀਆਂ ਕਾਰਵਾਈਆਂ ਬਾਹਰ ਨਹੀਂ ਹਨ, ਪਰ ਇਸ ਵਿੱਚ ਸਭ ਗੈਰ-ਪਾਰਟੀਵਾਦ ਅਤੇ ਪਾਰਟੀ ਖਾਸੇ ਦੀ ਕਮਜ਼ੋਰੀ ਅਤੇ ਧੁੰਦਲੇਪਨ ਨੂੰ ਕੋਈ ਥਾਂ ਨਹੀਂ ਹੈ।

ਪਰ ਇਸ ਕਾਰਨ ਕਿ ਅਸੀਂ ਪਾਰਟੀ ਅਸੂਲਾਂ ਤਹਿਤ, ਵਿਸ਼ਾਲ ਜਨਤਾ ਦੇ ਹਿੱਤਾਂ ਵਿੱਚ ਉਹਨਾਂ ਨੂੰ ਹਰ ਕਿਸਮ ਦੇ ਬੁਰਜੂਆਜ਼ੀ ਪ੍ਰਭਾਵ ਤੋਂ ਬਚਾਉਣਾ, ਜਮਾਤੀ ਸਬੰਧਾਂ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰਨਾ ਹੈ, ਸਾਨੂੰ ਆਪਣੀ ਤਾਕਤ ਅਤੇ ਚੌਕਸੀ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਪਾਰਟੀ ਅਸੂਲਾਂ ਤੋਂ **ਸਿਰਫ** ਗੱਲਾਂ ਵਿੱਚ ਹੀ ਨਹੀਂ **ਸਗੋਂ ਅਮਲ** ਵਿੱਚ ਵੀ ਪਾਲਣਾ ਹੋਵੇ।

ਗੈਰ-ਪਾਰਟੀ ਉਮੀਦਵਾਰ ਕੂਜ਼ਮਿਨ ਕਾਰਾਵਾਯੇਵ, ਜਿਸ ਨੂੰ ਪਹਿਲਾਂ ਹੀ "ਗੈਰ-ਜ਼ਰੂਰੀ ਉਮੀਦਵਾਰ" ਕਰਾਰ ਦਿੱਤਾ ਜਾ ਚੁੱਕਾ ਹੈ, ਦਾ ਕਹਿਣਾ ਹੈ ਕਿ ਜੇਕਰ ਸੱਚ ਕਿਹਾ ਜਾਏ ਤਾਂ ਸੇਂਟ ਪੀਟਰਜ਼ਬਰਗ ਦੀਆਂ ਚੋਣਾਂ ਵਿੱਚ ਕੋਈ ਪਾਰਟੀ ਉਮੀਦਵਾਰ ਨਹੀਂ ਹੈ। ਇਹ ਰਾਏ ਏਨੀ ਗਲਤ ਹੈ ਕਿ ਇਸ ਨੂੰ ਇੱਕ ਮਿੰਟ ਵੀ ਰੁਕਿਆਂ ਰੱਦ ਕਰ ਦੇਣਾ ਚਾਹੀਦਾ ਹੈ। ਇਹ ਸ਼ੱਕ ਕਰਨਾ ਅਸੰਭਵ ਹੈ ਕਿ ਕੂਟਲਰ ਅਤੇ ਐਨ. ਡੀ. ਸੋਕੋਲੋਵ ਪਾਰਟੀ ਉਮੀਦਵਾਰ ਹਨ। ਕੁਜ਼ਾਮਿਨਾਂ-ਕਾਰਾਵਾਯੇਵ ਨੂੰ ਭੁਚਲਾਵਾ ਇਸ ਕਾਰਨ ਪਿਆ ਕਿਉਂਕਿ ਜਿਨ੍ਹਾਂ ਪਾਰਟੀਆਂ ਨੇ ਉਮੀਦਵਾਰਾਂ ਨੂੰ ਨਾਮਜ਼ਦ ਕੀਤਾ ਹੈ, ਉਹ ਖੁੱਲ੍ਹੇ ਤੌਰ 'ਤੇ ਹੋਂਦ ਵਿਚ ਨਹੀਂ ਹਨ। ਪਰ ਜੇਕਰ ਚੋਣਾਂ ਪਾਰਟੀ ਅਧਾਰ 'ਤੇ ਲੜਣੀਆਂ ਮੁਸ਼ਕਲ ਹੁੰਦੀਆਂ ਹਨ, ਤਾਂ ਇਸ ਦਾ ਅਰਥ ਇਹ ਨਹੀਂ ਕਿ ਇਸ ਦੀ ਲੋੜ ਨਹੀਂ ਹੈ। **ਅਜਿਹੀਆਂ** ਮੁਸ਼ਕਲਾਂ ਅੱਗੇ ਢੇਰੀ ਢਾਹ ਦੇਣਾ, ਉਹਨਾਂ ਦੇ ਸਾਹਮਣੇ ਬਾਹਾਂ ਲਟਕਾ ਲੈਣਾ ਬਿਲਕੁਲ ਸ਼੍ਰੀ ਸਤੋਲੀਪਿਨ ਦੀ ਇਸ ਇੱਛਾ ਨੂੰ ਪ੍ਰਵਾਨ ਕਰਨਾ ਹੈ ਕਿ "ਆਪੋਜ਼ੀਸ਼ਨ" (ਕਥਿਤ ਆਪੋਜ਼ੀਸ਼ਨ) ਦੇ ਮੂੰਹੋ ਉਸ ਦੇ "ਸੰਵਿਧਾਨਵਾਦ" ਦੀ ਪੁਸ਼ਟੀ ਹੋਵੇ।

ਜਿਹੜੇ ਲੋਕ ਸੇਂਟ ਪੀਟਰਜ਼ਬਰਗ ਦੀਆਂ ਚੋਣਾਂ ਵਿੱਚ ਭਾਗ ਲੈ ਰਹੇ ਹਨ, ਉਹਨਾਂ ਲਈ ਹੁਣ ਇਹ ਪਤਾ ਕਰਨਾ ਜ਼ਰੂਰੀ ਹੈ ਕਿ **ਕਿਹੜੀਆਂ** ਪਾਰਟੀਆਂ ਨੇ ਇਹਨਾਂ ਮੁਸ਼ਕਲਾਂ ਦੇ ਸਾਹਮਣੇ **ਢੇਰੀ ਢਾਹ** ਦਿੱਤੀ ਹੈ ਅਤੇ ਕਿਹੜੀਆਂ ਨੇ ਆਪਣੇ ਸਮੁੱਚੇ ਪ੍ਰੋਗਰਾਮ ਅਤੇ ਨਾਅਰਿਆਂ ਨੂੰ ਕਾਇਮ ਰੱਖਿਆ ਹੈ; ਕਿਹੜੀਆਂ ਨੇ ਆਪਣੀ ਡੂਮਾ ਸਰਗਰਮੀ, ਆਪਣੀ ਪ੍ਰੈੱਸ ਅਤੇ ਆਪਣੀ ਜਥੇਬੰਦੀ ਨੂੰ ਇਸ ਹਕੂਮਤ ਦੇ ਮੁਤਾਬਕ ਘੱਟ ਕਰਕੇ ਆਪਣੇ ਆਪ ਨੂੰ ਇਸ ਪਿਛਾਖੜੀ ਹਕੂਮਤ ਦੇ "ਮੁਤਾਬਕ ਢਾਲ" ਲਿਆ ਹੈ ਅਤੇ ਕਿਹੜੀਆਂ ਨੇ ਡੂਮਾ ਵਿੱਚ ਆਪਣੇ ਨਾਅਰਿਆਂ ਨੂੰ ਤੱਜ ਕੇ ਨਹੀਂ ਸਗੋਂ ਸਰਗਰਮੀ ਦੀਆਂ ਕੁਝ ਕਿਸਮਾਂ ਤਬਦੀਲ ਕਰਕੇ ਜਾਂ ਆਪਣੀ ਪ੍ਰੈੱਸ, ਜਥੇਬੰਦੀ ਵਗੈਰਾ ਦੇ ਢੰਗ ਤਰੀਕੇ ਬਦਲ ਕੇ, ਆਪਣੇ ਆਪ ਨੂੰ ਇਸ ਮੁਤਾਬਕ ਢਾਲਿਆ ਹੈ। ਪਾਰਟੀਆਂ ਦੇ ਇਤਿਹਾਸ 'ਤੇ ਅਧਾਰਤ, ਡੂਮਾ ਦੇ ਅੰਦਰ ਅਤੇ ਬਾਹਰ ਉਹਨਾਂ ਦੀ ਸਰਗਰਮੀ ਦੇ ਤੱਥਾਂ 'ਤੇ ਅਧਾਰਤ ਅਜਿਹੀ ਵਿਆਪਕ ਜਾਂਚ, ਚੋਣ

ਮੁਹਿੰਮ ਦਾ ਮੁੱਖ ਮੁੱਦਾ ਹੋਣਾ ਚਾਹੀਦਾ ਹੈ। ਇਸ ਨਵੀਂ ਅਤੇ ਡੈਮੋਕਰੈਟਾਂ ਲਈ ਮੁਸ਼ਕਲ ਵਾਲ਼ੀ ਸਥਿਤੀ ਵਿੱਚ ਜਨਤਾ ਨੂੰ ਉਹਨਾਂ **ਪਾਰਟੀਆਂ** ਬਾਰੇ ਆਪਣੇ ਆਪ ਨੂੰ ਮੁੜ ਜਾਣੂ ਕਰਵਾਉਣਾ ਚਾਹੀਦਾ ਹੈ ਜਿਹੜੀਆਂ ਆਪਣੇ ਆਪ ਨੂੰ ਜਮਹੂਰੀ ਅਖਵਾਉਂਦੀਆਂ ਹਨ। ਲੋਕਾਂ ਨੂੰ ਆਪਣੇ ਆਪ ਨੂੰ ਵਾਰ ਵਾਰ ਉਹਨਾਂ ਪੱਖਾਂ ਤੋਂ, ਜਿਹੜੇ ਬੁਰਜੂਆ ਡੈਮੋਕਰੈਟਾਂ ਅਤੇ ਉਹਨਾਂ ਡੈਮੋਕਰੈਟਾਂ, ਜਿਨ੍ਹਾਂ ਇਸ ਮੌਕੇ ’ਤੇ ਐਨ. ਡੀ. ਸੋਕੋਲੋਵ ਨੂੰ ਨਾਮਜ਼ਦ ਕੀਤਾ ਹੈ, ਵਿਚਾਲੇ ਨਿਖੇੜਾ ਕਰਦੇ ਹਨ, ਉਹਨਾਂ ਦੀ ਆਮ ਪਹੁੰਚ, ਆਖਰੀ ਮੰਤਵਾਂ, ਬੰਦ ਖਲਾਸੀ ਲਈ ਮਹਾਨ ਕੌਮਾਂਤਰੀ ਲਹਿਰ ਦੇ ਕਾਰਜ ਪ੍ਰਤੀ ਉਹਨਾਂ ਦੀ ਪਹੁੰਚ, ਰੂਸ ਵਿੱਚ ਬੰਦ ਖਲਾਸੀ ਲਈ ਲਹਿਰ ਦੇ ਅਸੂਲਾਂ ਅਤੇ ਢੰਗਾਂ ਨੂੰ ਲਾਗੂ ਕਰਨ ਦੀ ਉਹਨਾਂ ਦੀ ਸਮਰੱਥਾ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ। ਇਸ ਚੋਣ ਮੁਹਿੰਮ ਤੋਂ ਜਨਤਾ ਨੂੰ ਵਧੇਰੇ ਪਾਰਟੀ ਚੇਤੰਨ, ਵੱਖ ਵੱਖ ਜਮਾਤਾਂ ਦੇ ਹਿੱਤਾਂ, ਮੰਤਵਾਂ, ਨਾਅਰਿਆਂ, ਵਿਚਾਰਾਂ ਅਤੇ ਕਾਰਵਾਈ ਦੇ ਢੰਗਾਂ ਬਾਰੇ ਵਧੇਰੇ ਸਪੱਸ਼ਟ ਤੌਰ ’ਤੇ ਜਾਣੂ ਹੋ ਕੇ ਨਿਕਲਣਾ ਚਾਹੀਦਾ ਹੈ – ਇਹ ਹੈ ਉਹ ਸਥਾਈ ਸਿੱਟਾ ਜਿਸ ਨੂੰ ਐਨ. ਡੀ. ਸੋਕੋਲੋਵ ਦੀ ਪ੍ਰਤੀਨਿਧਤਾ ਵਾਲ਼ੀ ਰਾਜਸੀ ਰੁਚੀ ਸਭ ਤੋਂ ਵੱਧ ਕੀਮਤੀ ਗੱਲ ਮਿੱਥਦੀ ਹੈ ਅਤੇ ਜਿਸ ਦੀ ਪ੍ਰਾਪਤੀ ਬਹੁਤ ਨਿਧੜਕ, ਲਗਾਤਾਰ ਵਿਸ਼ਾਲ ਅਤੇ ਸਖਤ ਜਾਨ ਕੰਮ ਨਾਲ਼ ਹੀ ਹੋ ਸਕੇਗੀ।

**ਨੋਵੀਦੀਅਨ** ਨੰ. 9,
ਸਤੰਬਰ 14 (27),
1909,
ਸਹੀ. **ਵਲਾ. ਇਲੀਅਨ**

**ਸਮੁੱਚੀਆਂ ਲਿਖਤਾਂ**,
ਜਿਲਦ 16,
ਸਫੇ 62–64.

# ਚੌਥੀ ਡੂਮਾ ਲਈ ਚੋਣਾਂ ਦੇ ਮੌਕੇ 'ਤੇ

ਚੋਣਾਂ ਦੇ ਮੌਕੇ 'ਤੇ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਵੱਡੇ ਪੱਧਰ 'ਤੇ ਗ੍ਰਿਫਤਾਰੀਆਂ ਦੇ ਬਾਵਜੂਦ, ਨਿਰਦਈ ਸਜ਼ਾਵਾਂ ਦੇ ਬਾਵਜੂਦ ਤੇ ਹੋਰ ਕਿਸੇ ਵੀ ਪਾਰਟੀ ਨਾਲੋਂ ਸਪੱਸ਼ਟ, ਵਧੇਰੇ ਵੱਖਰੇ ਅਤੇ ਵਧੇਰੇ ਸੰਖੇਪ ਪ੍ਰੋਗਰਾਮ, ਦਾਅਪੇਚ ਅਤੇ ਪਲੇਟਫਾਰਮ (ਮੈਨੀਫੈਸਟੋ) ਲੈ ਕੇ ਅੱਗੇ ਆਈ ਹੈ।

ਜਨਵਰੀ 1912 ਵਿੱਚ, ਆਰ. ਐਸ. ਡੀ. ਐਲ. ਪੀ. ਦੀ ਕੁੱਲ ਰੂਸੀ ਕਾਨਫਰੰਸ ਨੇ ਉਲਟ-ਇਨਕਲਾਬ ਦੇ ਔਖੇ ਸਾਲਾਂ ਦੌਰਾਨ ਪਾਰਟੀ ਵੱਲੋਂ ਕੀਤੇ ਗਏ ਵਿਚਾਰਧਾਰਕ ਅਤੇ ਰਾਜਨੀਤਕ ਕੰਮ ਦੇ ਸਿੱਟੇ ਕੱਢੇ ਸਨ। ਕਾਨਫਰੰਸ ਦੇ ਫੈਸਲੇ ਲਹਿਰ ਦੇ ਸਾਰੇ ਜ਼ੋਰਦਾਰ ਸਵਾਲਾਂ ਦੇ ਜਵਾਬ ਦਿੰਦੇ ਹਨ। ਇਨ੍ਹਾਂ ਫੈਸਲਿਆਂ ਦੇ ਸਿੱਟੇ ਵਜੋਂ ਚੋਣ ਪਲੇਟਫਾਰਮ ਸਿਰਫ ਇੱਕ ਆਖਰੀ ਬਿਆਨ ਹੀ ਸੀ। ਪਲੇਟਫਾਰਮ ਸੈਂਟਰਲ ਕਮੇਟੀ ਵੱਲੋਂ ਰੂਸ ਵਿੱਚ ਪ੍ਰਕਾਸ਼ਤ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਸਭ ਸਥਾਨਕ ਜਥੇਬੰਦੀਆਂ ਵੱਲੋਂ ਮੁੜ ਛਾਪਿਆ ਗਿਆ। ਸਮੁੱਚੀ ਬੁਰਜੂਆਜ਼ੀ ਨੇ ਕਾਨਫਰੰਸ ਦੀਆਂ ਖਬਰਾਂ ਦਿੱਤੀਆਂ ਅਤੇ ਇਸ ਦੇ ਕੁਝ ਫੈਸਲੇ ਵੀ ਛਾਪੇ।

ਕਾਨਫਰੰਸ ਤੋਂ ਬਾਅਦ ਦੇ ਛੇ ਮਹੀਨਿਆਂ ਤੋਂ, ਪਾਰਟੀ ਪ੍ਰੈੱਸ, ਦਰਜਨਾਂ, ਰਿਪੋਰਟਾਂ, ਫੈਕਟਰੀ ਗਰੁੱਪਾਂ ਵਿੱਚ ਸੈਂਕੜੇ ਤਕਰੀਰਾਂ ਅਤੇ ਅਪ੍ਰੈਲ ਅਤੇ ਮਈ ਵਿੱਚ ਮੀਟਿੰਗਾਂ ਰਾਹੀਂ, ਕਾਨਫਰੰਸ ਦੇ ਫੈਸਲਿਆਂ ਦੀ ਵਿਆਖਿਆ ਕਰਨ ਅਤੇ ਇਸ ਨੂੰ ਲਾਗੂ ਕਰਨ ਦਾ ਕੰਮ ਚੱਲ ਰਿਹਾ ਹੈ। ਪਾਰਟੀ ਦੇ ਨਾਅਰੇ ਇੱਕ ਗਣਰਾਜ, ਅੱਠ ਘੰਟੇ ਦਾ ਕੰਮ ਦਿਨ, ਭੋਂ ਐਸਟੇਟਾਂ ਦੀ ਜ਼ਬਤੀ ਰੂਸ ਭਰ ਵਿੱਚ ਫੈਲ ਗਏ ਹਨ ਅਤੇ ਇਨ੍ਹਾਂ ਨੂੰ ਬਹੁਤੇ ਪ੍ਰੋਲੇਤਾਰੀਆਂ ਨੇ ਪ੍ਰਵਾਨ ਕਰ ਲਿਆ ਹੈ। ਹੜਤਾਲਾਂ ਅਤੇ ਮੀਟਿੰਗਾਂ ਤੋਂ ਲੈ ਕੇ ਹਥਿਆਰਬੰਦ ਫੌਜਾਂ ਦੇ ਵਿਦਰੋਹ ਤੱਕ ਤੋਂ ਪ੍ਰਤੀਬਿੰਬਤ ਹੁੰਦੇ ਜਨਤਾ ਦੇ ਇਨਕਲਾਬੀ ਉਭਾਰ ਨੇ ਦਰਸਾ ਦਿੱਤਾ ਹੈ ਕਿ ਇਹ ਨਾਅਰੇ ਸਹੀ ਅਤੇ ਅਹਿਮੀਅਤ ਰੱਖਣ ਵਾਲ਼ੇ ਸਨ।

ਸਾਡੀ ਪਾਰਟੀ ਨੇ ਚੋਣਾਂ ਦਾ ਫਾਇਦਾ ਉਠਾਇਆ ਹੈ ਅਤੇ ਬਹੁਤ ਜ਼ਿਆਦਾ ਉਠਾਇਆ ਹੈ। ਪੁਲੀਸ ਵੱਲੋਂ ਕੋਈ "ਵਿਆਖਿਆ", ਚੌਥੀ ਡੂਮਾ ਬਾਰੇ ਕਿੰਨਾ ਵੀ ਵੱਡਾ ਝੂਠ (ਪਾਦਰੀਪੁਣੇ ਜਾਂ ਹੋਰ ਕਿਸੇ ਤਰ੍ਹਾਂ) ਇਸ ਸਿੱਟੇ ਨੂੰ ਰੱਦ ਨਹੀਂ ਕਰ ਸਕਦਾ। ਸਖਤੀ ਨਾਲ਼ ਪਾਰਟੀ ਲਾਈਨ ਉੱਤੇ ਜਥੇਬੰਦ ਕੀਤਾ ਗਿਆ ਪਰਾਪੇਗੰਡਾ ਹਰ ਥਾਂ ਚਲਾਇਆ ਗਿਆ ਹੈ ਅਤੇ ਸੋਸ਼ਲ-ਡੈਮੋਕਰੈਟਾਂ ਦੀ ਸਮੁੱਚੀ ਚੋਣ ਮੁਹਿੰਮ ਲਈ **ਹਾਲਾਤ ਕਾਇਮ ਕੀਤੇ** ਹਨ।

ਬੁਰਜੂਆ ਪਾਰਟੀਆਂ ਕਾਹਲੀ ਤੇ ਛਿੱਥੇਪਣ ਵਾਲ਼ੇ ਢੰਗ ਨਾਲ਼ "ਚੋਣਾਂ ਲਈ", ਵਾਅਦਿਆਂ ਲਈ, ਵੋਟਰਾਂ ਨੂੰ ਭੁਚਲਾਉਣ ਲਈ "ਪਲੇਟਫਾਰਮ" ਲਿਖ ਰਹੀਆਂ ਹਨ।

ਖਾਤਮਾਵਾਦੀ ਵੀ, ਜਿਹੜੇ ਕਿਸੇ ਗੱਲੋਂ ਲਿਬਰਲਾਂ ਤੋਂ ਪਿੱਛੇ ਨਹੀਂ ਹਨ, ਹੁਣ ਚੋਣਾਂ ਲਈ **ਕਾਨੂੰਨੀ** ਪਲੇਟਫਾਰਮ ਤਿਆਰ ਕਰ ਰਹੇ ਹਨ। ਖਾਤਮਾਵਾਦੀਏ ਕਾਨੂੰਨੀ ਸੈਂਸਰ-ਸ਼ੁਦਾ ਪ੍ਰੈੱਸ ਵਿੱਚ ਪਲੇਟਫਾਰਮਾਂ ਬਾਰੇ ਰੌਲ਼ਾ ਪਾ ਰਹੇ ਹਨ ਅਤੇ ਆਪਣੇ ਉਘੜ ਦੁਘੜਪਣ, ਜਥੇਬੰਦੀ ਦੀ ਬਦ-ਇੰਤਜ਼ਾਮੀ ਅਤੇ ਵਿਚਾਰਧਾਰਕ ਅਸੂਲ ਦੀ ਅਣਹੋਂਦ ਨੂੰ ਸਤਿਕਾਰ ਯੋਗ ਕਾਨੂੰਨ ਮੰਨਣ ਵਾਲ਼ੇ "ਚੋਣਾਂ ਲਈ ਪਲੇਟਫਾਰਮ" ਨਾਲ਼ ਢੱਕਣਾ ਚਾਹੁੰਦੇ ਹਨ।

"ਚੋਣਾਂ ਲਈ" ਪਲੇਟਫਾਰਮ ਨਹੀਂ, ਪਰ **ਇਨਕਲਾਬੀ ਸੋਸ਼ਲ-ਡੈਮੋਕਰੈਟਿਕ** ਪਲੇਟਫਾਰਮ ਲਾਗੂ ਕਰਨ ਲਈ ਚੋਣਾਂ। ਮਜ਼ਦੂਰਾਂ ਦੀ ਪਾਰਟੀ ਇਸ ਨੂੰ ਇੰਝ ਦੇਖਦੀ ਹੈ। ਅਸੀਂ ਪਹਿਲਾਂ ਵੀ ਇਸ ਮੰਤਵ ਲਈ ਚੋਣਾਂ ਦੀ ਵਰਤੋਂ ਕੀਤੀ ਹੈ ਅਤੇ ਇਸ ਦੀ ਮੁਕੰਮਲ ਤੌਰ 'ਤੇ ਵਰਤੋਂ ਕਰਾਂਗੇ। ਅਸੀਂ ਰੂਸੀ ਐਸ. ਡੀ. ਐਲ. ਪਾਰਟੀ ਦੀ ਯੁੱਧਨੀਤੀ, ਪ੍ਰੋਗਰਾਮ ਅਤੇ ਇਨਕਲਾਬੀ ਪਲੇਟਫਾਰਮ ਦੀ ਵਕਾਲਤ ਲਈ ਬੇਹੱਦ ਪਿਛਾਂਹਖਿਚੂ ਜ਼ਾਰਵਾਦੀ ਡੂਮਾ ਦੀ ਵੀ ਵਰਤੋਂ ਕਰਾਂਗੇ। ਹਕੀਕੀ ਤੌਰ 'ਤੇ ਕੀਮਤੀ ਉਹ ਪਲੇਟਫਾਰਮ ਹਨ ਜਿਹੜੇ ਲੰਬੇ **ਇਨਕਲਾਬੀ** ਐਜੀਟੇਸ਼ਨ ਦੇ ਕੰਮ ਨੂੰ ਮੁਕੰਮਲ ਕਰਦੇ ਹਨ, ਜਿਨ੍ਹਾਂ ਨੇ ਪਹਿਲਾਂ ਹੀ ਲਹਿਰ ਦੇ **ਸਾਰੇ** ਸਵਾਲਾਂ ਦੇ **ਪੂਰੇ** ਜਵਾਬ ਦੇ ਦਿੱਤੇ ਹਨ ਤੇ ਉਹ ਪਲੇਟਫਾਰਮ (ਵਿਸ਼ੇਸ਼ ਕਰਕੇ ਕਾਨੂੰਨੀ !) ਨਹੀਂ ਜਿਹੜੇ, ਜਿਵੇਂ ਕਿ ਖਾਤਮਾਵਾਦੀਆਂ ਦੇ ਮਾਮਲੇ ਵਿੱਚ ਹੈ, ਕਾਹਲੀ ਕਾਹਲੀ ਨਾਲ਼ ਅਤੇ ਖਾਨਾਪੂਰੀ ਲਈ ਤਿਆਰ ਕੀਤੇ ਗਏ ਹਨ।

ਪਾਰਟੀ ਨੂੰ ਆਪਣੇ ਆਪ ਨੂੰ ਮੁੜ ਸਥਿਰ ਕੀਤਿਆਂ ਛੇ ਮਹੀਨੇ ਲੰਘ ਗਏ ਹਨ। ਨਾ ਮੰਨਣ ਯੋਗ ਮੁਸ਼ਕਲਾਂ ਨੂੰ ਹੱਲ ਕਰਦੇ, ਸਖਤ ਸਜ਼ਾਵਾਂ ਸਹਿੰਦੇ ਅਤੇ ਇੱਕ ਜਾਂ ਦੂਜੇ ਸਥਾਨਕ ਸੈਂਟਰ ਜਾਂ ਸਾਂਝੇ ਸੈਂਟਰ ਦੇ ਕੰਮਾਂ ਵਿੱਚ ਵਿਘਨਾਂ ਦਾ ਅਨੁਭਵ ਕਰਦੇ ਹੋਏ – ਕੇਂਦਰੀ ਕਮੇਟੀ – ਪਾਰਟੀ ਨਿਸ਼ਚੇ ਹੀ ਅੱਗੇ ਵੱਧ ਰਹੀ ਹੈ ਅਤੇ ਆਪਣਾ ਕੰਮ ਅਤੇ ਪ੍ਰਭਾਵ ਜਨਤਾ ਵਿੱਚ ਵਧਾ ਰਹੀ ਹੈ। ਕੰਮਾਂ ਦਾ ਇਹ ਵਿਸਥਾਰ **ਨਵੇਂ ਢੰਗ** ਨਾਲ਼ ਹੋ ਰਿਹਾ ਹੈ। ਗੈਰ-ਕਾਨੂੰਨੀ ਕੇਂਦਰਾਂ, ਜਿਹੜੇ ਕਿ ਗੁਪਤ ਅਤੇ ਸੌੜੇ ਅਤੇ ਪਹਿਲਾਂ ਨਾਲੋਂ ਚੰਗੀ ਤਰ੍ਹਾਂ ਲੁਕਵੇਂ ਹਨ ਤੋਂ ਬਿਨਾਂ, ਚੁਰੇੜਾ ਕਾਨੂੰਨੀ ਮਾਰਕਸੀ ਪ੍ਰਚਾਰ ਵੀ ਹੈ। ਇਨਕਲਾਬ ਲਈ ਨਵੀਂਆਂ ਹਾਲਤਾਂ ਵਿੱਚ ਨਵੀਂਆਂ ਤਿਆਰੀਆਂ ਦਾ ਇਹ ਵਿਸ਼ੇਸ਼ ਖਾਸਾ ਹੈ, ਜਿਹੜਾ ਪਾਰਟੀ ਨੇ ਲੰਬਾ ਸਮਾਂ ਪਹਿਲਾਂ ਨੋਟ ਕੀਤਾ ਅਤੇ ਪ੍ਰਵਾਨ ਕੀਤਾ ਸੀ।

ਅਤੇ ਹੁਣ ਅਸੀਂ ਖਾਤਮਾਵਾਦੀਆਂ ਦੇ ਰੌਲੇ ਰੱਪੇ ਦਾ ਪੂਰਾ ਜਵਾਬ ਦੇ ਸਕਦੇ ਹਾਂ, ਜਿਹੜੇ ਕਿ ਸਾਨੂੰ "ਦੂਹਰੇ ਉਮੀਦਵਾਰਾਂ" ਦੀ ਧਮਕੀ ਦਿੰਦੇ ਹਨ। ਖੋਖਲੀਆਂ ਧਮਕੀਆਂ, ਜਿਨ੍ਹਾਂ ਦਾ ਕਿਸੇ ਉੱਤੇ ਕੋਈ ਅਸਰ ਨਹੀਂ ਪੈਂਦਾ। ਖਾਤਮਵਾਦੀ ਏਨੇ ਜ਼ਿਆਦਾ ਮਾਰ ਖਾਏ ਅਤੇ ਨਕਾਰੇ ਹਨ ਕਿ **ਕਿੰਨੀ ਵੀ ਮਾਤਰਾ ਵਿੱਚ ਮਦਦ** ਉਹਨਾਂ ਨੂੰ ਸੁਰਜੀਤ ਨਹੀਂ ਕਰ ਸਕਦੀ। ਉਹ "ਦੂਹਰੇ ਉਮੀਦਵਾਰ" ਪੇਸ਼ ਕਰਨ ਬਾਰੇ ਸੋਚ ਵੀ ਨਹੀਂ ਸਕਦੇ; ਜੇਕਰ ਉਹਨਾਂ ਅਜਿਹਾ ਕੀਤਾ ਤਾਂ ਉਹ ਤਰਸਯੋਗ, ਬੇਹੱਦ ਨਿਗੂਣੀ ਗਿਣਤੀ ਵਿੱਚ ਵੋਟਾਂ ਪ੍ਰਾਪਤ ਕਰ ਸਕਣਗੇ। ਉਹ ਇਹ ਗੱਲ ਜਾਣਦੇ ਹਨ ਅਤੇ ਉਹ ਤਜ਼ਰਬਾ ਨਹੀਂ ਕਰਨਾ ਚਾਹੁੰਣਗੇ। ਉਹ ਧਿਆਨ ਲਾਂਭੇ ਕਰਨ ਅਤੇ ਸੱਚ ਨੂੰ ਲੁਕਾਉਣ ਲਈ ਹੀ ਰੌਲ਼ਾ ਪਾ ਰਹੇ ਹਨ।

ਅਸੀਂ ਕਿਹਾ ਹੈ "ਮਦਦ ਦੀ ਕਿੰਨੀ ਵੀ ਮਾਤਰਾ"। ਖਾਤਮਾਵਾਦੀ ਵਿਦੇਸ਼ਾਂ ਤੋਂ ਮਦਦ 'ਤੇ ਟੇਕ ਰੱਖ ਰਹੇ ਹਨ। ਉਹਨਾਂ ਦੇ ਦੋਸਤ, ਵਿਸ਼ੇਸ਼ ਕਰਕੇ ਲੈਟ, ਬੁੰਦ[1] ਅਤੇ ਟਰਾਟਸਕੀ ਨੇ **ਦਸ** "ਸੈਂਟਰ, ਜਥੇਬੰਦੀਆਂ ਅਤੇ ਧੜਿਆਂ"! ਨੂੰ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਹੱਸੋ ਨਾ! ਸ਼ਬਦ ਵਿਦੇਸ਼ ਬਹੁਤ ਭਰਪੂਰ, ਮਹਾਨ ਅਤੇ ਲਾਹੇਵੰਦਾ ਸ਼ਬਦ ਹੈ। ਥੋੜ੍ਹੇ ਵੀ ਨਹੀਂ – "ਦਸ ਕੇਂਦਰ"!! ਇਸ ਮਾਮਲੇ ਵਿੱਚ ਵਰਤੇ ਗਏ ਢੰਗ ਉਹੀ ਹਨ ਜਿਵੇਂ ਚੌਥੀ ਡੂਮਾ ਵਿੱਚ ਸਰਕਾਰ ਨਾਲ਼ ਵਰਤੇ ਗਏ ਢੰਗ; ਪ੍ਰਤੀਨਿਧ ਸੰਸਥਾ ਕਾਇਮ ਕਰਨ, ਬਹੁਤ ਸਾਰੀਆਂ ਸਿਫਰਾਂ ਨੂੰ "ਵੱਡਾ ਹਿੰਦਸਾ" ਦਰਸਾਉਣ ਵਿੱਚ ਤਬਦੀਲ ਕਰਨਾ। ਸਭ ਤੋਂ ਪਹਿਲਾਂ, ਟਰਾਟਸਕੀ (ਰੂਸ ਵਿੱਚ ਉਹ ਸਿਫਰ ਹੈ, ਉਹ ਸਿਫਰ **ਜ਼ਿਵੋਏ ਦੇਲੋ** ਵਿੱਚ ਹੀ ਲਿਖਦਾ ਹੈ ਅਤੇ ਉਸ ਦੇ ਏਜੰਟ ਸਿਰਫ਼ ਖਾਤਮਾਵਾਦੀਆਂ ਦੇ "ਮੋਢੀ ਗਰੁੱਪਾਂ"[2] ਦੇ ਹੀ ਰੱਖਿਅਕ ਹਨ)। ਦੂਜੇ, **ਗੋਲੋਸ ਸੋਤਸੀਅਲ ਡੈਮੋਕਰੇਟ** ਅਰਥਾਤ ਉਹੀ ਨਕਾਰੇ ਖਾਤਮਾਵਾਦੀ। ਤੀਜੇ, ਚੋਲੇ ਹੇਠਾਂ "ਕਾਕੇਸ਼ੀਆਈ ਰਿਜ਼ਨਲ ਕਮੇਟੀ" ਇੱਕ ਹੋਰ ਸਿਫਰ। ਚੌਥੇ ਉੱਕਾ ਹੀ ਖਾਤਮਾਵਾਦੀਆਂ ਦੇ ਚੋਗੇ ਹੇਠਾਂ "ਜਥੇਬੰਦਕ ਕਮੇਟੀ।"[3] ਪੰਜਵੇਂ ਅਤੇ ਛੇਵੇਂ, ਲੈਂਟ ਅਤੇ ਬੁੰਦ, ਜਿਹੜੇ ਅੱਜ ਸਮੁੱਚੇ ਤੌਰ 'ਤੇ ਖਾਤਮਾਵਾਦੀ ਹਨ। ਹਰ ਏਨਾ ਹੀ ਕਾਫੀ ਹੈ!

ਕਹਿਣ ਦੀ ਲੋੜ ਨਹੀਂ ਕਿ ਵਿਦੇਸ਼ਾਂ ਵਿਚਲੇ ਅਣਹੋਇਆਂ ਦੀ ਇਸ ਖੇਡ ਉੱਤੇ ਹੱਸ ਰਹੇ ਹਨ। ਉਹ ਮੁਰਦੇ ਵਿੱਚ ਜਾਨ ਨਹੀਂ ਪਾ ਸਕਦੇ, ਕਿਉਂਕਿ ਰੂਸ ਵਿੱਚ ਖਾਤਮਾਵਾਦੀ ਇੱਕ ਮੁਰਦਾ ਹੀ ਹਨ।

---

1. **ਲੈਟ** - ਲੈਟਿਸ਼ ਇਲਾਕੇ ਦੇ ਸੋਸ਼ਲ-ਡੈਮੋਕਰੈਟ, ਜਿਹੜੇ ਖਾਤਮਾਵਾਦ ਨਾਲ਼ ਚੰਬੜੇ ਰਹੇ।

**ਬੁੰਦ** – ਲਿਥੂਨੀਆਂ ਪੋਲੈਂਡ ਅਤੇ ਰੂਸ ਦੀ ਜਨਰਲ ਯਹੂਦੀ ਵਰਕਰਜ਼ ਯੂਨੀਅਨ ਲਈ ਸੰਖੇਪ। ਇਹ 1897 ਵਿੱਚ ਜਥੇਬੰਦ ਕੀਤੀ ਗਈ ਸੀ ਅਤੇ ਇਸ ਨੇ ਮੁੱਖ ਤੌਰ 'ਤੇ ਰੂਸ ਦੇ ਪੱਛਮੀ ਖੇਤਰ ਵਿੱਚ ਯਹੂਦੀ ਦਸਤਕਾਰਾਂ ਨੂੰ ਜਥੇਬੰਦ ਕੀਤਾ। ਬੁੰਦ ਮੌਕਾਪ੍ਰਸਤ, ਮੈਨਸ਼ਵਿਕ ਨੀਤੀ 'ਤੇ ਚੱਲੇ, 1905–07 ਦੇ ਇਨਕਲਾਬ ਦੇ ਮਗਰੋਂ ਇਹ ਖਾਤਮਾਵਾਦੀਆਂ ਵਿੱਚ ਸ਼ਾਮਲ ਹੋ ਗਏ।

2. **ਜ਼ਿਵੋਏ ਦੇਲੋ** (ਜੀਵੰਤ ਕਾਜ਼) – 1912 ਵਿੱਚ ਸੇਂਟ ਪੀਟਰਜ਼ਬਰਗ ਤੋਂ ਛੱਪਦਾ ਇੱਕ ਖਾਤਮਾਵਾਦੀ ਅਖ਼ਬਾਰ।

**ਮਜ਼ਦੂਰਾਂ ਦੀ ਖੁੱਲ੍ਹੀ ਲਹਿਰ ਦੇ ਸੋਸ਼ਲ ਡੈਮੋਕਰੈਟ ਸਰਗਰਮਾਂ ਦੇ ਮੋਢੀ ਗਰੁੱਪ** ਖਾਤਮਾਵਾਦੀਆਂ ਨੇ ਕੁਝ ਕਸਬਿਆਂ ਵਿੱਚ ਗੈਰ-ਕਾਨੂੰਨੀ ਪਾਰਟੀ ਜਥੇਬੰਦੀਆਂ ਦੇ ਵਿਰੋਧ ਕਾਇਮ ਕੀਤੇ ਸਨ। ਖਾਤਮਾਵਾਦੀਆਂ ਇਸ ਨੂੰ ਨਵੀ ਚੁਰੇੜੀ ਕਾਨੂੰਨੀ ਪਾਰਟੀ ਦੇ ਸੈੱਲਾਂ ਵਜੋਂ ਸਮਝਿਆ ਜਿਹੜੇ ਆਪਣੇ ਆਪ ਨੂੰ ਸਤੋਲੇਪਿਨ ਹਕੂਮਤ ਮੁਤਾਬਕ ਢਾਲ ਲੈਣਗੇ। ਇਹ ਗਰੁੱਪ ਬਹੁਤ ਘੱਟ ਸਨ, ਬੁੱਧੀਜੀਵੀਆਂ 'ਤੇ ਅਧਾਰਤ ਸਨ ਅਤੇ ਵਰਕਰਾਂ ਨਾਲ਼ ਇਹਨਾਂ ਦਾ ਕੋਈ ਸੰਪਰਕ ਨਹੀਂ ਸੀ। ਉਹ ਵਰਕਰਾਂ ਵੱਲੋਂ ਹੜਤਾਲੀ ਸੰਘਰਸ਼ ਅਤੇ ਇਨਕਲਾਬੀ ਮੁਜ਼ਾਹਰਿਆਂ ਦਾ ਵਿਰੋਧ ਕਰਦੇ ਸਨ ਅਤੇ ਇਨ੍ਹਾਂ ਚੌਥੀ ਡੂਮਾ ਦੀਆਂ ਚੋਣਾਂ ਦੌਰਾਨ ਬਾਲਸ਼ਵਿਕਾਂ ਵਿਰੁੱਧ ਮੁਹਿੰਮ ਚਲਾਈ।

3. **ਜਥੇਬੰਦਕ ਕਮੇਟੀ** – 1912 ਵਿੱਚ ਖਾਤਮਾਵਾਦੀਆਂ, ਬੁੰਦ ਦੇ ਪ੍ਰਤੀਨਿਧਾਂ, ਕਾਕੇਸ਼ੀਆਈ ਰਿਜਨਲ ਕਮੇਟੀ ਅਤੇ ਲੈਟਿਸ਼ ਇਲਾਕੇ ਦੀ ਸੋਸ਼ਲ-ਡੈਮੋਕਰੇਸੀ ਦੇ ਪ੍ਰਤੀਨਿਧਾਂ ਵੱਲੋਂ ਖਾਤਮਾਵਾਦੀਆਂ ਦੀ ਕਾਨਫਰੰਸ ਸੱਦਣ ਲਈ ਕਾਇਮ ਕੀਤੀ ਗਈ ਸੀ।

ਤੱਥ ਇਸ ਤਰ੍ਹਾਂ ਹਨ।

ਛੇ ਮਹੀਨੇ ਤੋਂ ਖਾਤਮਾਵਾਦੀ ਅਤੇ ਉਹਨਾਂ ਦੇ **ਸਭ** ਮਿੱਤਰ ਪਾਰਟੀ ਵਿਰੁੱਧ ਬਹੁਤ ਤਿੱਖਾ ਘੋਲ਼ ਚਲਾਉਂਦੇ ਆ ਰਹੇ ਹਨ। ਕਾਨੂੰਨੀ **ਮਾਰਕਸੀ** ਪ੍ਰੈੱਸ ਵੀ ਮੌਜੂਦ ਹੈ। ਇਹ ਬੇਹੱਦ ਡਰਿਆ ਹੋਇਆ ਹੈ ਅਤੇ ਨਾਕਾਰਾ ਹੈ, ਅਤੇ ਗਣਰਾਜ, ਸਾਡੀ ਪਾਰਟੀ, ਵਿਦਰੋਹ, ਜਾਂ ਜ਼ਾਰ ਦੇ ਗਰੋਹ ਬਾਰੇ ਇੱਕ ਵੀ ਸ਼ਬਦ ਕਹਿਣ ਦੀ ਹਿੰਮਤ ਨਹੀਂ ਕਰਦਾ। ਉਸ ਪ੍ਰੈੱਸ ਰਾਹੀਂ ਆਰ. ਐਸ. ਡੀ. ਐਲ. ਪੀ. ਦੇ ਨਾਅਰਿਆਂ ਦਾ ਪ੍ਰਚਾਰ ਕਰਨ ਬਾਰੇ ਸੋਚਣਾ ਬਹੁਤ ਹੀ ਬੇਥ੍ਹਵੀ ਗੱਲ ਹੋਵੇਗੀ।

ਪਰ ਰੂਸ ਦਾ ਮਜ਼ਦੂਰ ਹੁਣ ਪਹਿਲਾਂ ਵਰਗਾ ਨਹੀਂ ਰਿਹਾ। ਉਹ ਇੱਕ ਤਾਕਤ ਬਣ ਗਿਆ ਹੈ। ਉਸਨੇ ਆਪਣੇ ਲਈ ਰਾਹ ਪੱਧਰਾ ਕਰ ਲਿਆ ਹੈ। ਉਸ ਦੀ **ਆਪਣੀ** ਪ੍ਰੈੱਸ ਹੈ, ਜਿਸ ਉੱਤੇ ਪਾਬੰਦੀਆਂ ਹਨ, ਪਰ ਜਿਹੜੀ ਉਸ ਦੀ ਆਪਣੀ ਹੈ ਅਤੇ ਥਿਊਰੀ ਦੇ ਤੌਰ 'ਤੇ ਮਾਰਕਸਵਾਦ ਦੇ ਹੱਕ ਵਿਚ ਖੜ੍ਹੋਂਦੀ ਹੈ।

ਇਸ ਖੁੱਲ੍ਹੇ ਦਾਇਰੇ ਵਿੱਚ, ਹਰ ਕੋਈ ਖਾਤਮਾਵਾਦੀਆਂ ਵੱਲੋਂ ਖਾਤਮਾਵਾਦ ਦੇ ਵਿਰੋਧੀਆਂ ਵਿਰੁੱਧ ਚਲਾਏ ਗਏ ਘੋਲ਼ ਦੀਆਂ "ਸਫਲਤਾਵਾਂ" ਨੂੰ ਦੇਖ ਸਕਦਾ ਹੈ। **ਵਪਿਰਓਦ**[1] ਦੇ ਐਸ. ਵੀ. ਦੇ ਪਹਿਲਾਂ ਹੀ ਟਰਾਟਸਕੀ ਦੇ ਖਾਤਮਾਵਾਦੀ, **ਪਰਾਵਦਾ**[2] ਵਿੱਚ ਇਨ੍ਹਾਂ ਸਫਲਤਾਵਾਂ ਨੂੰ ਦੇਖ ਸਕਦੇ ਹਾਂ। ਅਸਲੀਅਤ ਇਹ ਹੈ, ਉਹ ਲਿਖਦਾ ਹੈ, ਕਿ ਮਜ਼ਦੂਰਾਂ ਤੋਂ ਉਗਰਾਹੀਆਂ ਲਗਭਗ ਸਮੁੱਚੇ ਤੌਰ 'ਤੇ ਖਾਤਮਾਵਾਦ-ਵਿਰੋਧੀਆਂ ਪਾਸ ਚਲੇ ਜਾਂਦੀਆਂ ਹਨ। ਪਰ ਉਸ ਨੂੰ ਇਹ ਕਹਿੰਦੇ ਹੋਏ ਆਪਣੇ ਆਪ ਨੂੰ ਤਸੱਲੀ ਦੇਣ ਦਾ ਯਤਨ ਕੀਤਾ ਕਿ ਇਸ ਦਾ ਕਾਰਨ ਮਜ਼ਦੂਰਾਂ ਦੀ "ਲੈਨਿਨਵਾਦੀਆਂ" ਨਾਲ਼ ਹਮਦਰਦੀ ਨਹੀਂ।

ਖਾਤਮਾਵਾਦੀਆਂ ਦੇ ਪਿਆਰੇ ਮਿੱਤਰ ਸੱਚਮੁਚ "ਇਸ ਕਾਰਨ ਨਹੀਂ"।

ਪਰ ਫਿਰ ਵੀ, ਤੱਥਾਂ ਵੱਲ ਨਜ਼ਰ ਮਾਰੋ।

**ਮਜ਼ਦੂਰਾਂ ਦੇ ਰੋਜ਼ਾਨਾ ਅਖ਼ਬਾਰ**[3] ਲਈ ਛੇ ਮਹੀਨੇ ਦਾ ਖੁੱਲ੍ਹਾ ਘੋਲ਼।

ਖਾਤਮਾਵਾਦੀ ਇਸ ਬਾਰੇ 1910 ਤੋਂ ਰੌਲ਼ਾ ਪਾ ਰਹੇ ਹਨ। ਉਹਨਾਂ ਦੀ ਸਫਲਤਾ ਕੀ ਹੈ ? ਛੇ ਮਹੀਨਿਆਂ – ਪਹਿਲੀ ਜਨਵਰੀ ਤੋਂ ਪਹਿਲੀ ਜੁਲਾਈ, 1912 ਤੱਕ – ਵਿੱਚ ਉਹਨਾਂ ਦੇ ਅਖ਼ਬਾਰਾਂ **ਜ਼ਿਵੋਏ ਦੇਲੋ** ਅਤੇ ਨੇਵਸਕੀ ਗੋਲੋਸ ਵਿੱਚ ਮਜ਼ਦੂਰਾਂ ਦੇ ਗਰੁੱਪਾਂ ਵੱਲੋਂ ਮਜ਼ਦੂਰਾਂ ਦੇ ਰੋਜ਼ਾਨਾ ਅਖ਼ਬਾਰ ਲਈ 15 (ਪੰਦਰਾਂ) ਉਗਰਾਹੀਆਂ ਦਾ ਵੇਰਵਾ ਛਪਿਆ। ਛੇ

---

1. **ਖਾਤਮਾਵਾਦ ਵਿਰੋਧੀ** – ਇਨਕਲਾਬੀ ਸੋਸ਼ਲ-ਡੈਮੋਕਰੈਟ, ਬਾਲਸ਼ਵਿਕ, ਜਿਨ੍ਹਾਂ ਦੀ ਅਗਵਾਈ ਲੈਨਿਨ ਕਰਦੇ ਸਨ।

**ਵਪਰਿਓਦ** (ਅੱਗੇ) ਓਤਜ਼ੋਵਾਦੀਆਂ ਦੇ ਗਰੁੱਪ ਦਾ ਨਾਮ।

2. ਹਵਾਲਾ ਮੈਨਸ਼ਵਿਕ ਖਾਤਮਾਵਾਦੀਆਂ ਦੇ ਅਖ਼ਬਾਰ **ਪ੍ਰਾਵਦਾ** ਦਾ ਹੈ ਜਿਹੜਾ ਟਰਾਟਸਕੀ ਵੱਲੋਂ 1908 ਤੋਂ 1912 ਵਿੱਚ ਵੀਆਨਾ ਤੋਂ ਛੱਪਦਾ ਰਿਹਾ।

3. ਕਾਨੂੰਨੀ ਬਾਲਸ਼ਵਿਕ ਰੋਜ਼ਾਨਾ **ਪ੍ਰਾਵਦਾ** ਜਿਹੜਾ ਪਹਿਲਾਂ 22 ਅਪਰੈਲ (5 ਮਈ), 1912 ਨੂੰ ਸੇਂਟ ਪੀਟਰਜ਼ਬਰਗ ਵਿੱਚ ਛਪਿਆ।

ਮਹੀਨਿਆਂ ਵਿੱਚ ਮਜ਼ਦੂਰਾਂ ਦੇ ਪੰਦਰਾਂ ਗਰੁੱਪ।

ਖਾਤਮਾਵਾਦ ਵਿਰੋਧੀਆਂ ਦੇ ਅਖ਼ਬਾਰਾਂ ਨੂੰ ਲਵੋ। ਉਹਨਾਂ ਦੇ ਮਜ਼ਦੂਰਾਂ ਦੇ ਰੋਜ਼ਾਨਾ ਅਖ਼ਬਾਰ ਲਈ ਉਸੇ ਹੀ ਛੇ ਮਹੀਨੇ ਦੇ ਸਮੇਂ ਦੌਰਾਨ ਕੀਤੀ ਗਈ ਉਗਰਾਹੀ ਦੇ ਵੇਰਵੇ ਪੜ੍ਹੋ। ਉਗਰਾਹੀਆਂ ਦੀ ਗਿਣਤੀ ਨੂੰ ਵਰਕਰਾਂ ਦੇ ਗਰੁੱਪਾਂ ਨਾਲ ਤਕਸੀਮ ਕਰੋ। ਤੁਸੀਂ ਦੇਖੋਗੇ ਕਿ **ਵਰਕਰਾਂ ਦੇ ਗਰੁੱਪਾਂ ਵੱਲੋਂ 504 ਉਗਰਾਹੀਆਂ ਹੋਈਆਂ।**

ਰੂਸ ਦੇ ਵੱਖ ਵੱਖ ਭਾਗਾਂ ਲਈ ਮਹੀਨਾਵਾਰ ਵੇਰਵਾ ਇਸ ਪ੍ਰਕਾਰ ਹੈ (ਦੇਖੋ ਹੇਠਲਾ ਚਾਰਟ)।

ਰੂਸ ਵਿਚਲੇ ਮਜ਼ਦੂਰਾਂ ਦੇ ਗਰੁੱਪਾਂ ਦੀਆਂ ਨਜ਼ਰਾਂ ਵਿੱਚ ਖਾਤਮਾਵਾਦੀਆਂ ਦੀ ਰਤਾ ਵੁੱਕਤ ਨਹੀਂ ਰਹੀ। ਖਾਤਮਾਵਾਦੀ ਮਰ ਮੁੱਕ ਚੁੱਕੇ ਹਨ ਅਤੇ ਵਿਦੇਸ਼ਾਂ ਵਿੱਚ ਡਰਾਉਣੇ (ਉਹ ਕਿੰਨੇ ਡਰਾਉਣੇ) ਗਰੁੱਪਾਂ, ਕੇਂਦਰਾਂ, ਧੜਿਆਂ ਰੁਚੀਆਂ ਅਤੇ ਰਉਂਆਂ ਦੇ ਸਬੰਧ ਇਸ ਮੁਰਦੇ ਨੂੰ ਸੁਰਜੀਤ ਨਹੀਂ ਕਰ ਸਕਦੇ।

ਵਿਦੇਸ਼ ਵਿੱਚ ਕੋਈ ਚੀਕ ਨਹੀਂ ਸੁਣੀਂਦੀ ਅਤੇ ''ਮੋਢੀ ਗਰੁੱਪਾਂ ਅਤੇ ਖਾਤਮਾਵਾਦੀਆਂ ਵਿਚਾਲੇ ਝੂਠੀਆਂ ਕਾਨਫਰੰਸਾਂ ਖਾਤਮਾਵਾਦੀਆਂ ਦੀ ਇਸ ਮੁਕੰਮਲ ਹਾਰ ਨੂੰ **ਰੂਸ ਦੇ ਸੈਂਕੜੇ ਮਜ਼ਦੂਰ ਗਰੁੱਪਾਂ** ਦੀਆਂ ਨਜ਼ਰਾਂ ਤੋਂ ਓਝਲ ਜਾਂ ਦੂਰ ਨਹੀਂ ਕਰ ਸਕਦੀਆਂ।

**1912 ਦੇ ਮਗਰਲੇ ਅੱਧ ਵਿੱਚ ਵਰਕਰਾਂ ਦੇ ਗਰੁੱਪ ਵੱਲੋਂ**
**ਮਜ਼ਦੂਰਾਂ ਦੇ ਰੋਜ਼ਾਨਾ ਅਖ਼ਬਾਰ ਲਈ ਕੀਤੀ ਗਈ ਉਗਰਾਹੀ ਦੀ ਗਿਣਤੀ**

| | ਖ਼ਾਤਮਾਵਾਦ-ਵਿਰੋਧੀ ਅਖ਼ਬਾਰਾਂ ਵਿੱਚ | ਖ਼ਾਤਮਾਵਾਦੀ ਅਖ਼ਬਾਰਾਂ ਵਿੱਚ |
|---|---|---|
| ਜਨਵਰੀ | 14 | 0 |
| ਫਰਵਰੀ | 18 | 0 |
| ਮਾਰਚ | 76 | 7 |
| ਅਪ੍ਰੈਲ | 227 | 8 |
| ਮਈ | 135 | 0 |
| ਜੂਨ | 34 | 0 |
| ਕੁੱਲ | 504 | 15 |
| ਸੇਂਟ ਪੀਟਰਜ਼ਬਰਗ ਅਤੇ ਆਲਾ ਦੁਆਲਾ | 415 | 10 |
| ਦੱਖਣ | 51 | 1 |
| ਬਾਕੀ ਰੂਸ | 38 | 4 |
| ਕੁੱਲ | 504 | 15 |

ਰੂਸ ਵਿੱਚ ਮਜ਼ਦੂਰ ਸੋਸ਼ਲ-ਡੈਮੋਕਰੈਟਾਂ ਦੀ ਚੋਣ ਮੁਹਿੰਮ ਦੀ ਏਕਤਾ ਦੀ **ਜ਼ਾਮਨੀ** ਹੈ। ਇਹ ਖਾਤਮਾਵਾਦੀਆਂ ਨਾਲ਼ "ਸਮਝੌਤੀਆਂ" ਰਾਹੀਂ ਕੀਤੀ ਗਈ ਜ਼ਾਮਨੀ ਨਹੀਂ ਹੈ, ਸਗੋਂ ਖਾਤਮਾਵਾਦੀਆਂ ਉੱਤੇ ਮੁਕੰਮਲ ਜਿੱਤ ਰਾਹੀਂ ਹੈ, ਖਾਤਮਾਵਾਦੀ, ਜਿਹੜੇ ਕਿ ਪਹਿਲਾਂ ਹੀ ਆਪਣੇ ਅਸਲ ਰੋਲ, ਲਿਬਰਲ ਬੁੱਧੀਜੀਵੀਆਂ ਦੇ ਰੋਲ ਤੱਕ ਪਹੁੰਚ ਚੁੱਕੇ ਹਨ। ਦੇਖ ਲਵੋ, ਸੋਸ਼ਲਿਸਟ-ਇਨਕਲਾਬੀ ਖਾਤਮਾਵਾਦੀ ਸ਼ਾਵਿਨ, **ਨਾਸ਼ਾ ਜ਼ਾਰੀਆ**[1] ਵਿੱਚ ਕਿੰਨੀ ਚੰਗੀ ਤਰ੍ਹਾਂ ਫਿੱਟ ਹੁੰਦਾ ਹੈ। ਦੇਖੋ ਕਿੰਨੇ ਨਿੱਘ ਨਾਲ਼ ਐਲ. ਐਮ., **ਲਿਸਤੋਕ ਗੋਲੋਸਾ ਸੋਤਸੀਅਲ ਡੈਮੋਕਰੈਟਾ** ਵਿੱਚ ਸੋਸ਼ਲਿਸਟ ਇਨਕਲਾਬੀਆਂ ਦੀ "ਪਹਿਲਕਦਮੀ" ਦੀ ਪ੍ਰਸੰਸਾ ਕਰਦਾ ਹੈ ਜਿਹੜੇ ਕਿ ਵਾਰ ਵਾਰ (ਓਤਜ਼ੋਵਾਦੀ ਅਸਰ ਦੀ ਰਹਿੰਦ ਖੂੰਹਦ ਕਾਰਨ !) ਖਾਤਮਾਵਾਦ ਵੱਲ ਭਟਕ ਜਾਂਦੇ ਹਨ। ਇਸ ਤੱਥ ਦੀ ਮਹੱਤਤਾ ਦਾ ਧਿਆਨ ਕਰੋ ਕਿ ਇਹੀ ਲੋਕ ਮਜ਼ਦੂਰ ਸੋਸ਼ਲਿਸਟ ਇਨਕਲਾਬੀ "ਆਗੂ" ਐਵਕਸੇਂਤਯੇਵ ਨੂੰ ਪਲੈਖਾਨੋਵ ਲਈ ਉਦਾਹਰਣ ਵਜੋਂ ਪੇਸ਼ ਕਰਦੇ ਹਨ। ਚੇਤੇ ਕਰੋ ਕਿ ਕਿਵੇਂ ਸਾਰੇ ਖਾਤਮਾਵਾਦੀ ਪੋਲਿਸ਼ ਸੋਸ਼ਲਿਸਟ ਪਾਰਟੀ ਦੇ ਗੈਰ-ਸੋਸ਼ਲ ਡੈਮੋਕਰੈਟਿਕ ਖੱਬੇ ਧੜੇ ਨੂੰ ਚੁੰਮਦੇ ਚੱਟਦੇ ਹਨ। ਸਭ ਪਾਰਟੀਆਂ ਦੇ ਖਾਤਮਾਵਾਦੀਓ, ਇੱਕ ਹੋ ਜਾਓ !

ਹਰ ਬੰਦੇ ਨੂੰ ਆਖਰ ਉਸਦਾ ਆਪਣਾ ਸਥਾਨ ਮਿਲ ਜਾਂਦਾ ਹੈ। ਸਾਬਕਾ ਮਾਰਕਸਵਾਦੀਆਂ ਦਰਮਿਆਨ ਬੁੱਧੀਵਾਦੀ ਖਾਤਮਾਵਾਦੀ ਗਰੁੱਪ ਅਤੇ ਬੰਬ ਚੁੱਕੀ ਖੜ੍ਹੇ ਲਿਬਰਲ, ਘਟਨਾਵਾਂ ਦੇ ਪ੍ਰਵਾਹ ਵਿੱਚ ਇਕੱਠੇ ਹੁੰਦੇ ਜਾ ਰਹੇ ਹਨ।

ਜਿੱਥੋਂ ਤੱਕ ਮਜ਼ਦੂਰ ਜਮਾਤ ਦੀ ਪਾਰਟੀ ਆਰ. ਐਸ. ਡੀ. ਐਲ. ਪੀ. ਦਾ ਸਬੰਧ ਹੈ, ਇਸ ਨੇ ਛੇ ਮਹੀਨਿਆਂ ਵਿੱਚ, ਜਦੋਂ ਤੋਂ ਇਸ ਨੇ ਉਹਨਾਂ ਦੀ ਜਕੜ ਤੋਂ ਛੁਟਕਾਰਾ ਪਾਇਆ ਹੈ, ਜਿਨ੍ਹਾਂ ਨੇ ਇਸ ਨੂੰ ਧਾਰਾਸ਼ਾਹੀ ਕੀਤਾ ਸੀ, ਅੱਗੇ ਵੱਲ ਨੂੰ ਇੱਕ ਤੱਕੜੀ ਉਲਾਂਘ ਪੁੱਟੀ ਹੈ, ਜਿਵੇਂ ਕਿ ਉੱਪਰ ਲਿਖੇ ਤੱਥਾਂ ਤੋਂ ਦੇਖਿਆ ਜਾ ਸਕਦਾ ਹੈ।

**ਰਾਬੋਚਾਯਾ ਗਜ਼ਤਾ ਨੰ. 9**,
30 ਜੁਲਾਈ (12 ਅਗਸਤ),
1912.

**ਸਮੁੱਚੀਆਂ ਲਿਖਤਾਂ**,
ਜਿਲਦ 18, ਸਫੇ 237-41

1. **ਨਾਸ਼ਾ ਜ਼ਾਰੀਆ** (ਸਾਡਾ ਸਵੇਰਾ) – ਇੱਕ ਖਾਤਮਾਵਾਦੀ ਰਸਾਲਾ।

# ਕਿਸਾਨਾਂ ਦੇ ਡਿਪਟੀਆਂ ਦੀ ਕਾਂਗਰਸ

ਕਿਸਾਨਾਂ ਦੀਆਂ ਜਥੇਬੰਦੀਆਂ ਦੇ ਪ੍ਰਤੀਨਿਧਾਂ ਅਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੀ ਕਾਂਗਰਸ, ਜਿਹੜੀ ਕਿਸਾਨਾਂ ਦੇ ਡਿਪਟੀਆਂ ਦੀ ਕੁੱਲ-ਰੂਸੀ ਸੋਵੀਅਤ ਸੱਦਣ ਅਤੇ ਅਜਿਹੀਆਂ ਸਥਾਨਕ ਸੋਵੀਅਤਾਂ ਕਾਇਮ ਕਰਨ ਲਈ ਨਿਯਮ ਨਿਰਧਾਰਤ ਕਰਨ ਲਈ ਹੋਈ ਹੈ, 13 ਅਪ੍ਰੈਲ ਤੋਂ ਤੌਰੀਦਾ ਪੈਲੇਸ ਵਿੱਚ ਚੱਲ ਰਹੀ ਹੈ।

**ਦੇਲੋ ਨਾਰੋਦਾ** ਅਨੁਸਾਰ, 20 ਤੋਂ ਵੱਧ ਗੁਬਰਨੀਆਂ ਤੋਂ ਪ੍ਰਤੀਨਿਧ ਇਸ ਕਾਂਗਰਸ ਵਿੱਚ ਭਾਗ ਲੈ ਰਹੇ ਹਨ।

"ਕਿਸਾਨੀ" ਨੂੰ ਹੇਠਾਂ ਤੋਂ ਲੈ ਕੇ "ਸਿਖਰ" ਤੱਕ ਤੇਜ਼ੀ ਨਾਲ਼ ਜਥੇਬੰਦ ਕਰਨ ਦੀ ਲੋੜ ਬਾਰੇ ਜ਼ੋਰ ਦਿੰਦੇ ਹੋਏ ਮਤੇ ਪ੍ਰਵਾਨ ਕੀਤੇ ਗਏ ਹਨ। "ਵੱਖ ਵੱਖ ਇਲਾਕਿਆਂ ਵਿੱਚ ਕੰਮ ਕਰ ਰਹੀਆਂ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ" ਨੂੰ ਕਿਸਾਨੀ ਦੀ ਜਥੇਬੰਦੀ ਦੀ ਸਭ ਤੋਂ ਵਧੀਆ ਕਿਸਮ ਗਰਦਾਨਿਆ ਗਿਆ ਹੈ।

ਮੌਜੂਦਾ ਕਾਂਗਰਸ ਨੂੰ ਸੱਦਣ ਵਾਲ਼ੇ ਆਰਜ਼ੀ ਬਿਊਰੋ ਦੇ ਮੈਂਬਰ ਬਾਈਖੋਵਸਕੀ ਨੇ ਦੱਸਿਆ ਕਿ ਕਿਸਾਨਾਂ ਦੇ ਡਿਪਟੀਆਂ ਦੀ ਕੁੱਲ ਰੂਸੀ ਸੋਵੀਅਤ ਕਾਇਮ ਕਰਕੇ ਕਿਸਾਨੀ ਨੂੰ ਜਥੇਬੰਦ ਕਰਨ ਬਾਰੇ ਫੈਸਲਾ ਮਾਸਕੋ ਦੀ ਸਹਿਕਾਰੀ ਕਾਂਗਰਸ ਵੱਲੋਂ ਲਿਆ ਗਿਆ ਸੀ, ਜਿਹੜੀ ਜਥੇਬੰਦ ਮੈਂਬਰਾਂ ਜਾਂ 5 ਕਰੋੜ ਜਨਤਾ ਦੀ ਪ੍ਰਤੀਨਿਧ ਕਾਂਗਰਸ ਸੀ।

ਇਹ ਬਹੁਤ ਵਿਸ਼ਾਲ ਮਹੱਤਤਾ ਵਾਲ਼ੀ ਗੱਲ ਹੈ, ਜਿਸ ਨੂੰ ਹਰ ਮਦਦ ਦਿੱਤੀ ਜਾਣੀ ਜ਼ਰੂਰੀ ਹੈ। ਜੇਕਰ ਇਸ ਨੂੰ ਬਿਨਾਂ ਦੇਰ ਕੀਤਿਆਂ ਲਾਗੂ ਕੀਤਾ ਜਾਂਦਾ ਹੈ, ਜੇਕਰ ਸ਼ਿੰਗਾਰਯੋਵ ਦੇ ਬਾਵਜੂਦ ਕਿਸਾਨੀ ਬਹੁ-ਸੰਪਤੀ ਫੈਸਲੇ ਨਾਲ਼, ਨਾ ਕਿ ਜ਼ਮੀਨ ਮਾਲਕ[1] ਨਾਲ "ਵਾਲੰਟਰੀ ਸਮਝੌਤੇ" ਰਾਹੀਂ, ਜਿਵੇਂ ਕਿ ਉਹ ਕਰਨਾ ਚਾਹੇਗਾ, ਫੌਰਨ ਸਾਰੀ ਜ਼ਮੀਨ ਆਪਣੇ ਅਧਿਕਾਰ ਹੇਠ ਲੈ ਲਵੇ ਤਾਂ ਨਾ ਸਿਰਫ਼ ਸਿਪਾਹੀਆਂ ਨੂੰ ਹੀ, ਜਿਨ੍ਹਾਂ ਨੂੰ ਵਧੇਰੇ ਰੋਟੀ ਅਤੇ ਗੋਸ਼ਤ ਮਿਲੇਗਾ, ਸਗੋਂ ਆਜ਼ਾਦੀ ਦੇ ਕਾਜ਼ ਨੂੰ ਵੀ ਬਹੁਤ ਲਾਭ ਹੋਵੇਗਾ।

ਸਰਕਾਰ ਅਤੇ ਜ਼ਮੀਨ ਮਾਲਕ ਅਤੇ ਉਹਨਾਂ ਦੇ ਚਮਚਿਆਂ ਦੇ ਕੰਟਰੋਲ ਅਤੇ

---

1. ਅਪ੍ਰੈਲ 1917 ਵਿੱਚ ਕੈਡਿਟ ਸ਼ਿੰਗਾਰਯੋਵ, ਬੁਰਜੂਆ ਆਰਜ਼ੀ ਸਰਕਾਰ ਦੇ ਇੱਕ ਮੰਤਰੀ, ਨੇ ਸਥਾਨਕ ਇਲਾਕਿਆਂ ਨੂੰ ਤਾਰ ਭੇਜੀ ਜਿਸ ਵਿੱਚ ਕਿਸਾਨਾਂ ਨੂੰ "ਜ਼ਮੀਨੀ ਸਵਾਲ ਅਜ਼ਾਦਾਨਾ ਤੌਰ 'ਤੇ" ਹੱਲ ਕਰਨ ਤੋਂ ਰੋਕਿਆ ਗਿਆ ਸੀ ਅਤੇ ਕਿਹਾ ਗਿਆ ਸੀ ਕਿ ਇਹ ਮਸਲਾ ਭੋਂ ਮਾਲਕਾਂ ਅਤੇ ਕਿਸਾਨਾਂ ਵਿਚਾਲੇ "ਸਵੈ-ਇੱਛਕ ਸਮਝੌਤੇ" ਰਾਹੀਂ ਹੱਲ ਕੀਤਾ ਜਾਵੇ। ਸ਼ਿੰਗਾਰਯੋਵ ਦੀ ਨੀਤੀ ਦਾ ਮੰਤਵ ਭੋਂ ਮਾਲਕਾਂ ਦੇ ਹਿੱਤਾਂ ਦੀ ਰਾਖੀ ਕਰਨਾ ਅਤੇ ਭੋਂ ਮਾਲਕਾਂ ਦੀ ਜ਼ਮੀਨ ਦੀ ਲੋਕਾਂ ਵਿੱਚ ਵੰਡ ਨੂੰ ਰੋਕਣਾ ਸੀ।

ਸੁਪਰਵੀਜ਼ਨ ਤੋਂ ਬਿਨਾਂ, ਹੇਠਾਂ ਤੋਂ ਕੀਤੀ ਗਈ ਕਿਸਾਨਾਂ ਦੀ ਜਥੇਬੰਦੀ ਹੀ ਇਨਕਲਾਬ ਦੀ ਸਫਲਤਾ, ਆਜ਼ਾਦੀ, ਰੂਸ ਨੂੰ ਜ਼ਮੀਨ ਮਾਲਕਾਂ ਦੇ ਜੂਲੇ ਅਤੇ ਬੰਧਨਾਂ ਤੋਂ ਮੁਕਤੀ ਦੀ ਸਫਲਤਾ ਦੀ ਇੱਕੋ ਇੱਕ ਭਰੋਸੇਯੋਗ ਜ਼ਾਮਨੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੀ ਪਾਰਟੀ ਦੇ ਸਾਰੇ ਮੈਂਬਰ, ਸਾਰੇ ਜਮਾਤੀ ਤੌਰ ’ਤੇ ਸੁਚੇਤ ਮਜ਼ਦੂਰ, ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੀ ਜਥੇਬੰਦੀ ਦੀ ਹਮਾਇਤ ਵਿੱਚ ਪੂਰਾ ਟਿੱਲ ਲਾਉਣਗੇ, ਇਹ ਦੇਖਣਗੇ ਕਿ ਉਹਨਾਂ ਦੀ ਗਿਣਤੀ ਵਧਦੀ ਹੈ ਅਤੇ ਉਹਨਾਂ ਦੀ ਤਾਕਤ ਮਜ਼ਬੂਤ ਹੁੰਦੀ ਹੈ ਅਤੇ ਇਨ੍ਹਾਂ ਸੋਵੀਅਤਾਂ ਵਿੱਚ ਨਿਰੰਤਰ ਅਤੇ ਬਿਲਕੁਲ ਪ੍ਰੋਲੇਤਾਰੀਆਂ ਜਮਾਤੀ ਸੇਧ ਮੁਤਾਬਕ ਕੰਮ ਕਰਨ ਲਈ ਹਰ ਯਤਨ ਕਰਨਗੇ।

ਇਹ ਕੰਮ ਕਰਨ ਲਈ, ਇਹ ਜ਼ਰੂਰੀ ਹੈ ਕਿ ਆਮ ਕਿਸਾਨ ਸੋਵੀਅਤਾਂ ਦੇ **ਅੰਦਰ** ਪ੍ਰੋਲੇਤਾਰੀ ਅਨਸਰਾਂ (ਖੇਤ ਮਜ਼ਦੂਰ, ਦਿਹਾੜੀਦਾਰ ਆਦਿ) ਨੂੰ ਵੱਖਰੇ ਤੌਰ ’ਤੇ ਜਥੇਬੰਦ ਕੀਤਾ ਜਾਵੇ ਜਾਂ (ਕਈ ਵਾਰ **ਅਤੇ**) ਖੇਤੀ ਮਜ਼ਦੂਰਾਂ ਦੇ ਡਿਪਟੀਆਂ ਦੀਆਂ ਵੱਖਰੀਆਂ ਸੋਵੀਅਤਾਂ ਕਾਇਮ ਕੀਤੀਆਂ ਜਾਣ।

ਸਾਡਾ ਮੰਤਵ ਤਾਕਤਾਂ ਨੂੰ ਬਖੇਰਨਾ ਨਹੀਂ ਹੈ; ਇਸ ਦੇ ਉਲਟ, ਲਹਿਰ ਨੂੰ ਮਜ਼ਬੂਤ ਅਤੇ ਚੁਰੇੜਾ ਕਰਨ ਲਈ ਆਵੱਸ਼ ਹੀ –ਜੇਕਰ ਅਸੀਂ ਭੋਂ ਮਾਲਕਾਂ ਅਤੇ ਸਰਮਾਏਦਾਰਾਂ ਦੀ ਬੋਲੀ ਵਿੱਚ ਕਹੀਏ ਤਾਂ – ਸਮਾਜ ਦੇ “ਸਭ ਤੋਂ ਹੇਠਲੇ” ਹਿੱਸੇ ਜਾਂ ਵੱਧ ਸਹੀ ਹੋਵੇਗਾ, ਜਮਾਤ ਨੂੰ ਉਭਾਰਨਾ ਚਾਹੀਦਾ ਹੈ।

ਲਹਿਰ ਉਸਾਰਨ ਲਈ, ਸਾਨੂੰ ਇਸ ਨੂੰ ਬੁਰਜੂਆਜ਼ੀ ਦੇ ਪ੍ਰਭਾਵ ਤੋਂ ਬਚਾਉਣਾ ਚਾਹੀਦਾ ਹੈ; ਸਾਨੂੰ ਇਸ ਦਾ ਖਹਿੜਾ ਨਿੱਕ-ਬੁਰਜੂਆਜ਼ੀ ਦੀ ਲਾਜ਼ਮੀ ਕਮਜ਼ੋਰੀ, ਥਿੜਕਣਾਂ ਅਤੇ ਗਲਤੀਆਂ ਤੋਂ ਛੁਡਵਾਉਣਾ ਚਾਹੀਦਾ ਹੈ।

ਇਹ ਕੰਮ ਦੋਸਤਾਨਾ ਢੰਗ ਨਾਲ਼, ਕਾਇਲ ਕਰਾਉਣ ਦੇ ਢੰਗਾਂ ਨਾਲ਼, ਘਟਨਾਵਾਂ ਬਾਰੇ ਅਗਾਊਂ ਅੰਦਾਜ਼ੇ ਲਾਉਣ ਤੋਂ ਬਿਨਾਂ, ਜਥੇਬੰਦਕ ਤੌਰ ’ਤੇ ਉਹਨਾਂ ਚੀਜ਼ਾਂ ਨੂੰ “ਮਜ਼ਬੂਤ” ਕਰਨ ਲਈ ਕਾਹਲੀ ਕਰਨ ਤੋਂ ਬਿਨਾਂ, ਜਿਸ ਨੂੰ ਪੇਂਡੂ ਪ੍ਰੋਲੇਤਾਰੀਆਂ ਅਤੇ ਅਰਧ-ਪ੍ਰੋਲੇਤਾਰੀਆਂ ਨੇ ਪੂਰੀ ਤਰ੍ਹਾਂ ਮਹਿਸੂਸ ਨਹੀਂ ਕੀਤਾ ਹੈ, ਸੋਚਿਆ ਨਹੀਂ ਹੈ, ਕੀਤਾ ਜਾਣਾ ਹੈ।

ਅਮਲੀ-ਮੰਗਾਂ ਅਤੇ ਨਾਅਰੇ, ਜਾਂ ਵਧੇਰੇ ਸਹੀ ਢੰਗ ਨਾਲ਼, ਜਿਹੜੇ ਪ੍ਰਸਤਾਵ ਕਿਸਾਨਾਂ ਦਾ **ਧਿਆਨ** ਖਿੱਚਣ ਲਈ ਦਿੱਤੇ ਜਾਣੇ ਹਨ, ਉਹ ਮਹੱਤਵਪੂਰਨ ਅਤੇ ਫੌਰੀ ਮਾਮਲਿਆਂ ’ਤੇ ਅਧਾਰਤ ਹੋਣੇ ਚਾਹੀਦੇ ਹਨ।

ਇਸ ਦਾ ਪਹਿਲਾ ਮਸਲਾ ਜ਼ਮੀਨ ਹੈ। ਪੇਂਡੂ ਪ੍ਰੋਲੇਤਾਰੀ ਚਾਹੇਗਾ ਕਿ **ਸਾਰੀ** ਜ਼ਮੀਨ, ਬਿਨਾਂ ਕਿਸੇ ਵਖਰੇਵੇਂ ਦੇ, ਮੁਕੰਮਲ ਅਤੇ ਫੌਰੀ ਤੌਰ ’ਤੇ ਸਾਰੇ ਲੋਕਾਂ ਵਿੱਚ ਵੰਡੀ ਜਾਵੇ ਅਤੇ ਇਸ ਨੂੰ ਫੌਰੀ ਤੌਰ ’ਤੇ ਸਥਾਨਕ ਕਮੇਟੀਆਂ ਆਪਣੇ ਅਧਿਕਾਰ ਹੇਠ ਲੈ ਲੈਣ। ਪਰ ਤੁਸੀਂ ਭੋਏਂ ਨੂੰ ਖਾ ਨਹੀਂ ਸਕਦੇ। ਲੱਖਾਂ ਹੀ ਲੋਕ, ਜਿਨ੍ਹਾਂ ਪਾਸ ਘੋੜੇ, ਔਜ਼ਾਰ ਜਾਂ ਬੀਜ਼ ਨਹੀਂ ਹਨ, ਜ਼ਮੀਨ ਦੀ “ਲੋਕਾਂ” ਵਿੱਚ ਵੰਡ ਤੋਂ ਕੁਝ ਪ੍ਰਾਪਤ ਨਹੀਂ ਕਰ ਸਕਣਗੇ।

ਵੱਡੇ ਫਾਰਮਾਂ ਵੱਲੋਂ, ਜਿੱਥੇ ਕਿਤੇ ਵੀ ਇਹ ਗੱਲ ਸੰਭਵ ਹੋਵੇ, ਖੇਤੀਬਾੜੀ ਮਾਹਰਾਂ

ਅਤੇ ਖੇਤੀਬਾੜੀ ਮਜ਼ਦੂਰਾਂ ਦੇ ਡਿਪਟੀਆਂ ਦੇ ਨਿਰਦੇਸ਼ਾਂ ਹੇਠ, ਵਧੀਆਂ ਮਸ਼ੀਨਾਂ, ਬੀਜ ਅਤੇ ਬੇਹੱਦ ਕਾਰਆਮਦ ਫਾਰਮਿੰਗ ਢੰਗ ਤਰੀਕੇ ਵਰਤ ਕੇ, ਵੱਡੀ ਪੱਧਰ ਦੇ ਅਦਾਰਿਆਂ ਵਜੋਂ ਚਲਾਉਣ ਦੇ ਸਵਾਲ ਬਾਰੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਬਿਨਾਂ ਕਿਸੇ ਦੇਰੀ ਦੇ ਅਮਲੀ ਕਦਮ ਚੁੱਕਣੇ ਚਾਹੀਦੇ ਹਨ।

ਅਸੀਂ ਕਿਸਾਨਾਂ ਅਤੇ ਉਸ ਤੋਂ ਵੀ ਵੱਧ ਪੇਂਡੂ ਪ੍ਰੋਲੇਤਾਰੀਆਂ ਅਤੇ ਅਰਧ-ਪ੍ਰੋਲੇਤਾਰੀਆਂ ਤੋਂ ਇਹ ਗੱਲ ਛੁਪਾ ਨਹੀਂ ਸਕਦੇ ਕਿ ਵਸਤੂ ਅਰਥਚਾਰੇ ਅਤੇ ਸਰਮਾਏਦਾਰੀ ਤਹਿਤ ਛੋਟੇ ਪੱਧਰ ਦੀ ਖੇਤੀ ਮਨੁੱਖਤਾ ਨੂੰ ਵੱਡੀ ਪੱਧਰ 'ਤੇ ਫੈਲੀ ਹੋਈ ਗਰੀਬੀ ਤੋਂ ਛੁਟਕਾਰਾ ਨਹੀਂ ਦਿਵਾ ਸਕਦੀ, ਕਿ ਪਬਲਿਕ ਸੇਧਾਂ 'ਤੇ ਚਲਾਈ ਜਾਣ ਵਾਲ਼ੀ ਵੱਡੀ ਪੱਧਰ ਦੀ ਖੇਤੀ ਬਾਰੇ **ਸੋਚਣਾ** ਅਤੇ ਜਨਤਾ ਨੂੰ ਸਿਖਾ ਕੇ ਅਤੇ **ਜਨਤਾ ਤੋਂ ਖੁਦ ਸਿੱਖ** ਕੇ **ਇਸ ਕੰਮ ਨੂੰ ਫੌਰੀ ਤੌਰ 'ਤੇ ਹੱਲ ਕਰਨਾ**, ਅਜਿਹੀ ਤਬਦੀਲੀ ਲਿਆਉਣ ਲਈ ਅਮਲੀ ਤੌਰ 'ਤੇ ਤੇਜ਼ੀ ਨਾਲ਼ ਕਦਮ ਚੁੱਕਣਾ, ਜ਼ਰੂਰੀ ਹੈ।

ਹੋਰ ਅਹਿਮ ਅਤੇ ਫੌਰੀ ਮਾਮਲਾ ਰਾਜ ਦੀ ਜਥੇਬੰਦੀ ਅਤੇ ਪ੍ਰਸ਼ਾਸਨ ਹੈ। ਜਮਹੂਰੀਅਤ ਸਿਖਾਉਣਾ, ਇਸ ਨੂੰ ਪ੍ਰਵਾਨ ਕਰਨਾ ਅਤੇ ਐਲਾਨ ਕਰਨਾ, ਇਸ ਨੂੰ ਲਾਗੂ ਕਰਨ ਦੇ ਨਾਲ਼ ਲੋਕਾਂ ਦੇ "ਪ੍ਰਤੀਨਿਧਾਂ" ਨੂੰ ਪ੍ਰਤੀਨਿਧ ਸੰਸਥਾਵਾਂ ਵਿੱਚ ਸ਼ਾਮਲ ਕਰਨਾ ਹੀ ਕਾਫੀ ਨਹੀਂ ਹੈ। ਜਮਹੂਰੀਅਤ ਫੌਰੀ ਤੌਰ 'ਤੇ, ਹੇਠਾਂ ਤੋਂ, ਖੁਦ ਲੋਕਾਂ ਦੀ ਪਹਿਲਕਦਮੀ ਨਾਲ਼, ਉਨ੍ਹਾਂ ਵੱਲੋਂ ਰਾਜ ਦੀ ਸਰਗਰਮੀ ਦੇ **ਸਾਰੇ** ਖੇਤਰਾਂ ਵਿੱਚ ਉਹਨਾਂ ਦੀ ਅਸਰਦਾਰ ਸ਼ਮੂਲੀਅਤ ਨਾਲ਼, ਉੱਪਰੋਂ "ਨਿਗਰਾਨੀ" ਤੋਂ ਬਿਨਾਂ, ਅਫਸਰਸ਼ਾਹੀ ਤੋਂ ਬਿਨਾਂ, ਉਸਾਰੀ ਜਾਣੀ ਚਾਹੀਦੀ ਹੈ।

ਪੁਲੀਸ, ਅਫਸਰਸ਼ਾਹੀ ਅਤੇ ਫੌਜ ਨੂੰ ਖਤਮ ਕਰਕੇ ਸਮੁੱਚੇ ਲੋਕਾਂ ਨੂੰ ਵਿਆਪਕ ਤੌਰ 'ਤੇ ਹਥਿਆਰਬੰਦ ਕਰਨਾ, ਔਰਤਾਂ ਸਣੇ ਸਮੁੱਚੇ ਲੋਕਾਂ ਦੀ ਵਿਆਪਕ ਮਿਲੀਸ਼ਿਆ ਕਾਇਮ ਕਰਨਾ ਇੱਕ ਅਮਲੀ ਕੰਮ ਹੈ ਜਿਹੜਾ ਫੌਰੀ ਤੌਰ 'ਤੇ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਣਾ ਚਾਹੀਦਾ ਹੈ। ਇਸ ਕੰਮ ਵਿੱਚ ਜਨਤਾ ਜਿੰਨੀ ਵਧੇਰੇ ਪਹਿਲਕਦਮੀ, ਚੁਸਤੀ, ਦਲੇਰੀ ਅਤੇ ਉਸਾਰੂ ਰੁਚੀ ਦਿਖਾਏਗੀ, ਓਨੀ ਹੀ ਚੰਗੀ ਗੱਲ ਹੈ। ਜੇਕਰ ਅਸੀਂ ਆਪਣੇ ਪ੍ਰਸਤਾਵਾਂ ਨੂੰ ਸਪੱਸ਼ਟਤਾ, ਸਾਦਗੀ ਨਾਲ਼ ਅਤੇ ਹਕੀਕੀ ਜ਼ਿੰਦਗੀ ਵਿੱਚੋਂ ਉਦਾਹਰਣਾਂ ਅਤੇ ਸਬਕਾਂ ਨੂੰ ਬੁੱਧੀਮਾਨੀ ਨਾਲ਼ ਦਰਸਾਉਂਦੇ ਹੋਏ, ਸਮਝਾ ਦੇਈਏ, ਤਾਂ ਨਾ ਸਿਰਫ਼ ਪੇਂਡੂ ਪ੍ਰੋਲੇਤਾਰੀ ਅਤੇ ਨੀਮ-ਪ੍ਰੋਲੇਤਾਰੀ ਹੀ ਸਗੋਂ ਕਿਸਾਨੀ ਦੇ ਦਸ ਵਿੱਚੋਂ ਨੌਂ ਹਿੱਸੇ ਸਾਡੇ ਮਗਰ ਆ ਜਾਣਗੇ। ਸਾਡੇ ਪ੍ਰਸਤਾਵ ਹਨः

– ਪੁਲੀਸ ਦੀ ਮੁੜ ਬਹਾਲੀ ਦੀ ਇਜਾਜ਼ਤ ਨਾ ਦੇਣੀ।

– ਅਧਿਕਾਰੀਆਂ, ਦੀਆਂ ਨਿਰੰਕੁਸ਼ ਤਾਕਤਾਂ ਦੀ ਮੁੜ ਬਹਾਲੀ ਦੀ ਇਜਾਜ਼ਤ ਨਾ ਦੇਣੀ, ਜਿਹੜੇ ਅਸਲ ਵਿੱਚ ਹਟਾਉਣੇ ਔਖੇ ਹਨ ਅਤੇ ਜਿਹੜੇ ਭੋਂ ਮਾਲਕਾਂ ਅਤੇ ਸਰਮਾਏਦਾਰ ਜਮਾਤ ਨਾਲ਼ ਸਬੰਧ ਰੱਖਦੇ ਹਨ।

– ਲੋਕਾਂ ਤੋਂ ਨਿੱਖੜੀ ਹੋਈ ਸਟੈਂਡਿੰਗ ਫੌਜ ਦੀ ਮੁੜ ਬਹਾਲੀ ਰੋਕਣਾ ਕਿਉਂਕਿ

ਅਜਿਹੀ ਫੌਜ ਇਸ ਗੱਲ ਦੀ ਪੱਕੀ ਗਰੰਟੀ ਹੈ ਕਿ ਆਜ਼ਾਦੀ ਖਤਮ ਕਰਨ ਅਤੇ ਤਾਨਾਸ਼ਾਹੀ ਮੁੜ ਸਥਾਪਤ ਕਰਨ ਲਈ ਹਰ ਕਿਸਮ ਦੇ ਯਤਨ ਕੀਤੇ ਜਾਣਗੇ।

– ਲੋਕਾਂ ਨੂੰ, ਬਿਲਕੁਲ ਹੇਠਲੀ ਪੱਧਰ ਤੱਕ, ਸਰਕਾਰ ਚਲਾਉਣ ਬਾਰੇ, ਨਾ ਸਿਰਫ਼ ਥਿਊਰੀ ਵਿੱਚ ਹੀ, ਸਗੋਂ ਅਮਲ ਵਿੱਚ ਵੀ, ਹਰ ਥਾਂ ਜਨਤਾ ਦੇ ਤਜ਼ਰਬੇ ਦੀ ਵਰਤੋਂ ਕਰਨਾ ਸ਼ੁਰੂ ਕਰਕੇ, ਸਿਖਾਉਣਾ।

ਹੇਠਾਂ ਤੋਂ ਜਮਹੂਰੀਅਤ, ਅਫਸਰਸ਼ਾਹੀ ਤੋਂ ਬਿਨਾਂ, ਪੁਲੀਸ ਤੋਂ ਬਿਨਾਂ, ਸਟੈਂਡਿੰਗ ਫੌਜ ਤੋਂ ਬਿਨਾਂ ਜਮਹੂਰੀਅਤ; ਵਿਆਪਕ ਤੌਰ ’ਤੇ ਹਥਿਆਰਬੰਦ ਲੋਕਾਂ ਵੱਲੋਂ ਬਣਾਈ ਗਈ **ਮਿਲੀਸ਼ਿਆ** ਵੱਲੋਂ ਸਵੈਇੱਛਕ ਸੋਸ਼ਲ ਡਿਊਟੀ – ਇਹ ਆਜ਼ਾਦੀ ਦੀ ਗਾਰੰਟੀ ਹੈ ਜਿਸ ਨੂੰ ਕੋਈ ਜ਼ਾਰ, ਕੋਈ ਸਿਰ-ਫਿਰਿਆ ਜਰਨੈਲ, ਅਤੇ ਕੋਈ ਸਰਮਾਏਦਾਰ ਰੋਕ ਨਹੀਂ ਸਕਦਾ।

**ਪ੍ਰਾਵਦਾ ਨੰ.** 34,
16 ਅਪ੍ਰੈਲ, 1917.

**ਸਮੁੱਚੀਆਂ ਲਿਖਤਾਂ,**
ਜਿਲਦ 24, ਸਫੇ 167-70

# ਇਟਲੀ, ਫ਼ਰਾਂਸੀਸੀ ਅਤੇ ਜਰਮਨ ਕਮਿਊਨਿਸਟਾਂ ਨੂੰ ਵਧਾਈਆਂ ਵਿੱਚੋਂ

ਕਾਓਡਸਕਾਈਟੇ (ਜਾਂ ਅਜ਼ਾਦੀ) ਪਾਰਟੀ[1] ਖ਼ਤਮ ਹੋ ਰਹੀ ਹੈ। ਬੇਹੱਦ ਸਿਰੜੀ ਇਨਕਲਾਬੀ ਮੈਂਬਰਸ਼ਿਪ ਅਤੇ ਉਲਟ-ਇਨਕਲਾਬੀ "ਆਗੂਆਂ" ਵਿਚਾਲੇ ਮਤਭੇਦਾਂ ਦੇ ਸਿੱਟੇ ਵਜੋਂ ਇਸ ਦਾ ਛੇਤੀ ਹੀ ਖਤਮ ਹੋਣਾ ਅਤੇ ਖੇਰੂੰ ਖੇਰੂੰ ਹੋਣਾ ਲਾਜ਼ਮੀ ਹੈ।

ਕਮਿਊਨਿਸਟ ਪਾਰਟੀ ਨੂੰ ਬਿਲਕੁਲ ਉਹੀ (ਲਾਜ਼ਮੀ ਤੌਰ 'ਤੇ ਉਹੀ) ਮਤਭੇਦਾਂ ਦਾ ਸਾਹਮਣਾ ਹੈ, ਜਿਹੜੇ ਬਾਲਸ਼ਵਿਕਵਾਦ ਨੂੰ ਦਰਪੇਸ਼ ਸਨ ਅਤੇ ਇਹ ਵੀ ਮਜ਼ਬੂਤ ਹੋਵੇਗੀ ਅਤੇ ਸਟੀਲ ਵਰਗੀ ਸਖ਼ਤ ਹੋਵੇਗੀ।

ਜਿੱਥੋਂ ਤੱਕ ਮੈਂ ਸਮਝ ਸਕਦਾ ਹਾਂ, ਜਰਮਨ ਕਮਿਊਨਿਸਟਾਂ ਵਿਚਾਲੇ ਮਤਭੇਦ, ਬੁਰਜੂਆ ਪਾਰਲੀਮੈਂਟ, ਪਿਛਾਖੜੀ ਟਰੇਡ ਯੂਨੀਅਨਾਂ, ਵਰਕਸ ਕੌਂਸਿਲ ਕਾਨੂੰਨ (Betriebsratgesetz), ਉਹ ਸੰਸਥਾਵਾਂ ਜਿਹੜੀਆਂ ਸ਼ੀਦਮਾਨਸ ਅਤੇ ਕਾਓਤਸਕੀ ਵੱਲੋਂ ਨਾਕਾਰਾ ਕਰ ਦਿੱਤੀਆਂ ਗਈਆਂ ਸਨ, ਦੀ ਵਰਤੋਂ ਕਰਨ ਦੀਆਂ "ਕਾਨੂੰਨੀ ਸੰਭਾਵਨਾਵਾਂ ਵਰਤਣ" (ਜਿਵੇਂ ਕਿ 1910-13 ਦੇ ਦੌਰ ਵਿੱਚ ਬਾਲਸ਼ਵਿਕ ਕਿਹਾ ਕਰਦੇ ਸਨ) ਦੇ ਸਵਾਲ 'ਤੇ ਸੀਮਤ ਹੋ ਗਏ ਸਨ; ਸਵਾਲ ਇਹ ਹੈ ਕਿ ਅਜਿਹੀਆਂ ਸੰਸਥਾਵਾਂ ਵਿੱਚ ਸ਼ਾਮਲ ਹੋਇਆ ਜਾਏ ਜਾਂ ਇਨ੍ਹਾਂ ਦਾ ਬਾਈਕਾਟ ਕੀਤਾ ਜਾਏ।

ਸਾਨੂੰ ਰੂਸੀ ਬਾਲਸ਼ਵਿਕਾਂ ਨੂੰ ਵੀ 1906 ਅਤੇ 1910-12 ਦੇ ਕਾਲ਼ ਵਿੱਚ ਬਿਲਕੁਲ ਇਹੋ ਜਿਹੇ ਮਤਭੇਦਾਂ ਦਾ ਸਾਹਮਣਾ ਕਰਨਾ ਪਿਆ ਅਤੇ ਸਾਡੇ ਲਈ ਇਹ ਗੱਲ ਸਪੱਸ਼ਟ ਹੈ ਕਿ ਬਹੁਤ ਸਾਰੇ ਨੌਜਵਾਨ ਜਰਮਨ ਕਮਿਊਨਿਸਟਾਂ ਨਾਲ਼ ਸਿੱਧੇ ਤੌਰ 'ਤੇ ਇਹ ਗੱਲ ਤਜ਼ਰਬੇ ਦੀ ਘਾਟ ਕਾਰਨ ਹੈ। ਜੇਕਰ ਉਹਨਾਂ ਨੂੰ ਕੋਈ ਬੁਰਜੂਆ ਇਨਕਲਾਬਾਂ (1905 ਅਤੇ 1917) ਦਾ ਤਜ਼ਰਬਾ ਹੁੰਦਾ, ਤਾਂ ਉਹ ਏਨੇ ਬੇਸ਼ਰਤੇ ਢੰਗ ਨਾਲ਼ ਬਾਈਕਾਟ ਦੀ ਵਕਾਲਤ ਨਾ ਕਰਦੇ, ਨਾ ਹੀ ਉਹ ਵਾਰ ਵਾਰ ਸਿੰਡੀਕੇਟਵਾਦ ਦੀਆਂ ਗਲਤੀਆਂ ਕਰਦੇ।

ਇਹ ਵੱਧ ਰਹੀਆਂ ਤਕਲੀਫਾਂ ਵਾਲ਼ਾ ਮਾਮਲਾ ਹੈ; ਲਹਿਰ ਬਹੁਤ ਚੰਗੇ ਢੰਗ ਨਾਲ਼ ਵਿਕਸਤ ਹੋ ਰਹੀ ਹੈ ਅਤੇ ਜਿਉਂ ਜਿਉਂ ਇਹ ਵਿਕਾਸ ਕਰਦੀ ਹੈ, ਤਕਲੀਫਾਂ ਗੁਜ਼ਰਦੀਆਂ

---

1. **ਜਰਮਨੀ ਦੀ ਆਜ਼ਾਦ ਸੋਸ਼ਲ-ਡੈਮੋਕਰੈਟਿਕ ਪਾਰਟੀ** ਅਪ੍ਰੈਲ 1917 ਵਿੱਚ ਜਰਮਨ ਕੇਂਦਰਵਾਦੀਆਂ ਵੱਲੋਂ ਕਾਇਮ ਕੀਤੀ ਗਈ ਸੀ, ਜਿਹੜੇ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿੱਚੋਂ ਨਿਕਲ ਗਏ ਸਨ। 1920 ਵਿੱਚ, ਆਜ਼ਾਦਾਂ ਵਿੱਚ ਫੁੱਟ ਪੈ ਗਈ ਅਤੇ ਉਹਨਾਂ ਵਿੱਚੋਂ ਇੱਕ ਤਕੜਾ ਹਿੱਸਾ ਜਰਮਨ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਿਆ। ਆਜ਼ਾਦ ਪਾਰਟੀ ਦੇ ਸੱਜੇ ਪੱਖੀ ਅਨਸਰ 1922 ਵਿੱਚ ਮੁੜ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿੱਚ ਸ਼ਾਮਲ ਹੋ ਗਏ।

ਜਾਂਦੀਆਂ ਹਨ ਅਤੇ ਇਨ੍ਹਾਂ ਸਪੱਸ਼ਟ ਗਲਤੀਆਂ ਵਿਰੁੱਧ ਖੁੱਲ੍ਹੇ ਤੌਰ 'ਤੇ ਮੁਹਿੰਮ ਚਲਾਉਣੀ ਚਾਹੀਦੀ ਹੈ, ਮਤਭੇਦਾਂ ਨੂੰ ਵਧਾਉਣਾ ਚੜ੍ਹਾਉਣਾ ਨਹੀਂ ਚਾਹੀਦਾ ਕਿਉਂਕਿ ਇਹ ਗੱਲ ਸਾਰਿਆਂ ਨੂੰ ਸਾਫ ਹੋਣੀ ਜ਼ਰੂਰੀ ਹੈ ਕਿ ਨਿਕਟ ਭਵਿੱਖ ਵਿੱਚ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ, ਸੋਵੀਅਤ ਸੱਤ੍ਹਾ ਲਈ ਘੋਲ਼, ਮੁਸ਼ਕਲਾਂ ਦੇ ਵੱਡੇ ਹਿੱਸੇ ਨੂੰ ਦੂਰ ਕਰ ਦੇਵੇਗਾ।

ਮਾਰਕਸਵਾਦੀ ਥਿਊਰੀ ਦੇ ਨਜ਼ਰੀਏ ਅਤੇ ਤਿੰਨ ਇਨਕਲਾਬਾਂ, (1905, ਫਰਵਰੀ 1917 ਅਤੇ ਅਕਤੂਬਰ 1917), ਦੋਹਾਂ ਦੇ ਤਜ਼ਰਬਿਆਂ, ਤੋਂ ਮੈਂ ਬੁਰਜੂਆ ਪਾਰਲੀਮੈਂਟ, ਪਿਛਾਖੜੀ (ਲੀਜੀਅਨ, ਗੋਂਪਰਜ਼ ਆਦਿ) ਟਰੇਡ ਯੂਨੀਅਨਾਂ, ਅਤਿ ਪਿਛਾਖੜੀ ਮਜ਼ਦੂਰ ਕੌਂਸਲਾਂ, ਜਿਹੜੀਆਂ ਸ਼ੀਦਮਾਨਜ਼ ਵਗੈਰਾ ਵੱਲੋਂ ਨਕਾਰਾ ਕੀਤੀਆਂ ਹੋਈਆਂ ਹਨ, ਵਿੱਚ ਭਾਗ ਲੈਣ ਤੋਂ ਇਨਕਾਰ ਕਰਨ ਨੂੰ ਬਿਨਾਂ ਸ਼ੱਕ ਇੱਕ ਗਲਤੀ ਸਮਝਦਾ ਹਾਂ।

ਕਦੇ ਕਦੇ, ਵਿਅਕਤੀਗਤ ਮਾਮਲਿਆਂ ਵਿੱਚ, ਬਾਈਕਾਟ ਠੀਕ ਹੁੰਦਾ ਹੈ, ਜਿਵੇਂ, ਮਿਸਾਲ ਵਜੋਂ 1905[1] ਵਿੱਚ ਬਾਲਸ਼ਵਿਕਾਂ ਵੱਲੋਂ ਜ਼ਾਰਵਾਦੀ ਡੂਮਾ ਦਾ ਬਾਈਕਾਟ ਕੀਤਾ ਗਿਆ ਸੀ। ਪਰ ਉਹੀ ਬਾਲਸ਼ਵਿਕਾਂ ਨੇ 1907 ਦੀ ਕਿਤੇ ਵਧੇਰੇ ਪਿਛਾਖੜੀ ਅਤੇ ਸੱਜੇ ਪੱਖੀ ਡੂਮਾ ਵਿੱਚ ਭਾਗ ਲਿਆ। ਬਾਲਸ਼ਵਿਕਾਂ ਨੇ 1917 ਵਿੱਚ ਬੁਰਜੂਆ ਸੰਵਿਧਾਨਕ ਅਸੰਬਲੀ ਲਈ ਚੋਣਾਂ ਲੜੀਆਂ ਅਤੇ ਗਰੁੜ ਗਿਆਨੀ ਡੈਮੋਕਰੈਟਾਂ, ਕਾਉਤਸਕੀ ਅਤੇ ਸੋਸ਼ਲਿਜ਼ਮ ਦੇ ਹੋਰ ਭਗੌੜਿਆਂ ਨੇ ਬਹੁਤ ਹੀ ਰੌਲਾ ਪਾਇਆ, ਜਦੋਂ 1918 ਵਿੱਚ ਅਸੀਂ ਇਸ ਨੂੰ ਖਤਮ ਕਰ ਦਿੱਤਾ। ਅਸੀਂ ਅੱਤ ਪਿਛਾਖੜੀ ਨਿਰੋਲ ਮੈਨਸ਼ਵਿਕ ਟਰੇਡ ਯੂਨੀਅਨਾਂ ਵਿੱਚ ਕੰਮ ਕੀਤਾ ਜਿਹੜੀਆਂ (ਉਹਨਾਂ ਦੇ ਉਲਟ ਇਨਕਲਾਬੀ ਖਾਸੇ ਵਿੱਚ) ਜਰਮਨੀ ਦੀਆਂ ਬੇਹੱਦ ਪਿਛਾਖੜੀ ਅਤੇ ਖਰਾਬ ਟਰੇਡ ਯੂਨੀਅਨਾਂ – ਲੀਜਨ ਯੂਨੀਅਨਾਂ – ਨਾਲ਼ੋਂ ਕਿਸੇ ਤਰ੍ਹਾਂ ਘੱਟ ਨਹੀਂ ਹਨ। ਹੁਣ ਵੀ, ਰਾਜ ਸੱਤ੍ਹਾ ਦੀ ਜਿੱਤ ਦੇ ਦੋ ਸਾਲ ਮਗਰੋਂ ਵੀ, ਅਸੀਂ ਅਜੇ ਮੈਨਸ਼ਵਿਕਾਂ ਟਰੇਡ ਯੂਨੀਅਨਾਂ ਦੀ ਰਹਿੰਦ ਖੂੰਹਦ ਵਿਰੁੱਧ ਲੜਾਈ ਮੁਕੰਮਲ ਨਹੀਂ ਕੀਤੀ ਹੈ (ਸ਼ੀਦਮਾਨਜ਼, ਕਾਉਤਸਕੀ, ਗੋਂਪਰਜ਼ ਆਦਿ) – ਏਨਾ ਲੰਬਾ ਹੈ ਇਹ ਅਮਲ! ਨਿੱਕ-ਬੁਰਜੂਆ ਵਿਚਾਰਾਂ ਦਾ ਕੁਝ ਥਾਵਾਂ ਅਤੇ ਕੁਝ ਕਿੱਤਿਆਂ ਵਿੱਚ ਏਨਾ ਮਜ਼ਬੂਤ ਅਸਰ ਹੈ!

ਇੱਕ ਸਮੇਂ ਅਸੀਂ ਸੋਵੀਅਤਾਂ, ਟਰੇਡ ਯੂਨੀਅਨਾਂ ਅਤੇ ਸਹਿਕਾਰਤਾਵਾਂ ਵਿੱਚ ਘੱਟ ਗਿਣਤੀ ਵਿੱਚ ਸਾਂ। ਲਗਾਤਾਰ ਯਤਨਾਂ ਅਤੇ ਲੰਬੇ ਘੋਲ਼ ਰਾਹੀਂ – ਰਾਜਸੀ ਸੱਤ੍ਹਾ ਦੀ ਜਿੱਤ ਤੋਂ **ਪਹਿਲਾਂ ਵੀ ਅਤੇ ਬਾਅਦ ਵੀ** – ਅਸੀਂ ਬਹੁਸੰਮਤੀ ਪ੍ਰਾਪਤ ਕੀਤੀ, ਸਭ ਤੋਂ ਪਹਿਲਾਂ **ਸਮੁੱਚੀਆਂ**

---

1. ਇਹ ਹਵਾਲਾ ਕਥਿਤ ਬੁਲੀਗਿਨ ਡੂਮਾ ਦੇ ਬਾਲਸ਼ਵਿਕ ਬਾਈਕਾਟ ਦਾ ਹੈ। ਅਗਸਤ 1905 ਵਿੱਚ, ਅੰਦਰੂਨੀ ਮੰਤਰੀ ਬੁਲੀਗਿਨ ਵੱਲੋਂ ਤਿਆਰ ਕੀਤੇ ਗਏ ਡਰਾਫਟ ਮੁਤਾਬਕ ਜ਼ਾਰ ਨੇ ਸਲਾਹਕਾਰ ਸਟੇਟ ਡੂਮਾ ਸੱਦਣ ਦਾ ਐਲਾਨ ਕੀਤਾ (ਬਿਨਾਂ ਵਿਧਾਨਕ ਸ਼ਕਤੀਆਂ ਦੇ)। ਬਾਲਸ਼ਵਿਕਾਂ ਨੇ ਡੂਮਾ ਦਾ ਸਰਗਰਮ ਬਾਈਕਾਟ ਕੀਤਾ – ਉਹਨਾਂ ਮਜ਼ਦੂਰਾਂ ਨੂੰ ਕਿਹਾ ਕਿ ਉਹ ਚੋਣਾਂ ਵਿੱਚ ਹਿੱਸਾ ਨਾ ਲੈਣ ਅਤੇ ਤਾਨਾਸ਼ਾਹੀ ਵਿਰੁੱਧ ਲੜਾਈ ਕਰਨ। ਬੁਲੀਗਿਨ ਡੂਮਾ ਕਦੇ ਵੀ ਨਹੀਂ ਸੱਦੀ ਗਈ – ਇਸ ਨੂੰ ਮਜ਼ਦੂਰਾਂ ਅਤੇ ਕਿਸਾਨਾਂ ਦੀ ਇਨਕਲਾਬੀ ਲਹਿਰ ਨੇ ਇਸ ਦੇ ਜੁੜਨ ਤੋਂ ਪਹਿਲਾਂ ਹੀ ਤਹਿਸ ਨਹਿਸ ਕਰ ਦਿੱਤਾ।

ਮਜ਼ਦੂਰ ਜਥੇਬੰਦੀਆਂ ਵਿੱਚ, ਫੇਰ ਗੈਰ-ਮਜ਼ਦੂਰ ਅਤੇ ਆਖਰਕਾਰ ਛੋਟੀ ਕਿਸਾਨੀ ਦੀਆਂ ਜਥੇਬੰਦੀਆਂ ਵਿੱਚ ਵੀ।

ਸਿਰਫ ਬਦਮਾਸ਼ ਅਤੇ ਬੇਵਕੂਫ ਬੰਦੇ ਹੀ ਸੋਚ ਸਕਦੇ ਹਨ ਕਿ ਪ੍ਰੋਲੇਤਾਰੀਆਂ ਨੂੰ ਪਹਿਲਾਂ **ਬੁਰਜੂਆਜ਼ੀ ਦੇ ਜੂਲੇ ਹੇਠਾਂ, ਉਜਰਤੀ ਗੁਲਾਮੀ ਦੇ ਜੂਲੇ ਹੇਠਾਂ** ਹੋਣ ਵਾਲ਼ੀਆਂ ਚੋਣਾਂ ਵਿੱਚ ਬਹੁਸੰਮਤੀ ਹਾਸਲ ਕਰਨੀ ਚਾਹੀਦੀ ਹੈ ਅਤੇ ਫੇਰ ਸੱਤ੍ਹਾ 'ਤੇ ਕਬਜ਼ਾ ਕਰਨਾ ਚਾਹੀਦਾ ਹੈ। ਇਹ ਅਹਿਮਕਪੁਣੇ ਅਤੇ ਦੰਭੀਪੁਣੇ ਦੀ ਸਿਖਰ ਹੈ; ਇਹ ਜਮਾਤੀ ਘੋਲ਼ ਅਤੇ ਇਨਕਲਾਬ ਦੀ ਥਾਂ ਪੁਰਾਣੇ ਪ੍ਰਬੰਧ ਅਤੇ ਪੁਰਾਣੀ ਸੱਤ੍ਹਾ ਨਾਲ਼ ਚੋਣਾਂ ਨੂੰ ਲਿਆਉਣਾ ਹੈ।

ਪ੍ਰੋਲੇਤਾਰੀ ਜਮਾਤੀ ਘੋਲ਼ ਚਲਾਉਂਦਾ ਹੈ ਅਤੇ ਹੜਤਾਲ ਸ਼ੁਰੂ ਕਰਨ ਲਈ ਚੋਣਾਂ ਦੀ ਉਡੀਕ ਨਹੀਂ ਕਰਦਾ, ਭਾਵੇਂ ਹੜਤਾਲ ਦੀ ਮੁਕੰਮਲ ਸਫਲਤਾ ਲਈ ਮਿਹਨਤਕਸ਼ ਲੋਕਾਂ ਦੀ ਬਹੁਗਿਣਤੀ (ਅਤੇ, ਇਸ ਤੋਂ ਵੀ ਵੱਧ, ਕੁੱਲ ਜਨਸੰਖਿਆ ਦੀ ਬਹੁਗਿਣਤੀ) ਦੀ ਹਮਦਰਦੀ ਹਾਸਲ ਕਰਨਾ ਜ਼ਰੂਰੀ ਹੈ; ਪ੍ਰੋਲੇਤਾਰੀਆਂ ਆਪਣਾ ਜਮਾਤੀ ਘੋਲ਼ ਚਲਾਉਂਦਾ ਹੈ ਅਤੇ ਮੁਢਲੀਆਂ ਚੋਣਾਂ (ਬੁਰਜੂਆਜ਼ੀ ਦੀ ਨਿਗਰਾਨੀ ਹੇਠ ਅਤੇ ਇਸ ਦੇ ਜੂਲੇ ਹੇਠ ਕਰਵਾਈਆਂ ਜਾਣ ਵਾਲ਼ੀਆਂ) ਨੂੰ ਉਡੀਕੇ ਬਿਨਾਂ ਬੁਰਜੂਆਜ਼ੀ ਦਾ ਤਖਤਾ ਪਲਟ ਦਿੰਦਾ ਹੈ; ਅਤੇ ਪ੍ਰੋਲੇਤਾਰੀ ਚੰਗੀ ਤਰ੍ਹਾਂ ਜਾਣਦਾ ਹੈ ਕਿ ਇਸ ਦੇ ਇਨਕਲਾਬ ਦੀ ਸਫਲਤਾ ਲਈ, ਬੁਰਜੂਆਜ਼ੀ ਨੂੰ ਮੁਕੰਮਲ ਤੌਰ 'ਤੇ ਪਲਟਾਉਣ ਲਈ, ਮਿਹਨਤਕਸ਼ ਲੋਕਾਂ ਦੀ ਬਹੁਸੰਮਤੀ (ਅਤੇ ਇਸ ਤੋਂ ਵੀ ਵੱਧ, ਕੁਲ ਜਨਸੰਖਿਆ ਦੀ ਬਹੁ-ਗਿਣਤੀ) ਦੀ ਹਮਦਰਦੀ ਹਾਸਲ ਕਰਨਾ **ਬੇਹੱਦ ਜ਼ਰੂਰੀ** ਹੈ)।

ਪਾਰਲੀਮੈਂਟਰੀ ਕੱਚਘਰੜ ਅਤੇ ਬਾਅਦ ਦੇ ਲੂਈਸ ਬਲਾਂਕ ਹੀ ਨਿਰੋਲ ਚੋਣਾਂ ਉੱਤੇ "ਜ਼ੋਰ" ਦਿੰਦੇ ਹਨ, ਚੋਣਾਂ ਉੱਤੇ, ਜਿਹੜੀਆਂ ਕਿ ਨਿਸ਼ਚੇ ਹੀ ਬੁਰਜੂਆਜ਼ੀ ਦੀ ਨਿਗਰਾਨੀ ਹੇਠ ਹੁੰਦੀਆਂ ਹਨ, ਇਸ ਗੱਲ ਬਾਰੇ ਨਿਰਣਾ ਕਰਨ ਲਈ ਕਿ ਉਹਨਾਂ ਨੂੰ ਮਜ਼ਦੂਰ ਜਮਾਤ ਦੀ ਬਹੁਗਿਣਤੀ ਦੀ ਹਮਦਰਦੀ ਹਾਸਲ ਹੈ ਜਾਂ ਨਹੀਂ। ਪਰ ਇਹ ਪੁਸਤਕ ਗਿਆਨੀਆਂ, ਜਿਉਂਦੀਆਂ ਲਾਸ਼ਾਂ ਅਤੇ ਲੁੱਚੇ ਹੇਰਾ-ਫੇਰੀ ਕਰਨ ਵਾਲ਼ਿਆਂ ਦਾ ਵਤੀਰਾ ਹੈ।

ਹਕੀਕੀ ਜੀਵਨ ਅਤੇ ਅਸਲ ਇਨਕਲਾਬਾਂ ਦਾ ਇਤਿਹਾਸ ਦੱਸਦਾ ਹੈ ਕਿ ਬਹੁਤ ਵਾਰੀ "ਮਜ਼ਦੂਰ ਜਮਾਤ ਦੀ ਬਹੁਸੰਮਤੀ ਦੀ ਹਮਦਰਦੀ" ਨੂੰ ਕਿਸੇ ਚੋਣ ਰਾਹੀਂ ਨਹੀਂ ਦਰਸਾਇਆ ਜਾ ਸਕਦਾ, (ਲੋਟੂਆਂ ਅਤੇ ਲੁਟੀਂਦਿਆਂ ਵਿਚਾਲੇ "ਬਰਾਬਰੀ" ਨਾਲ਼, ਲੋਟੂਆਂ ਦੀ ਨਿਗਰਾਨੀ ਹੇਠ ਹੁੰਦੀਆਂ ਚੋਣਾਂ ਦਾ ਤਾਂ ਕਹਿਣਾ ਹੀ ਕੀ ਹੈ!) ਬਹੁਤ ਵਾਰੀ "ਮਜ਼ਦੂਰ ਜਮਾਤ ਦੀ ਬਹੁਗਿਣਤੀ ਦੀ ਹਮਦਰਦੀ" ਦਾ ਚੋਣਾਂ ਤੋਂ ਬਿਲਕੁਲ ਹੀ ਪਤਾ **ਨਹੀਂ** ਲੱਗਦਾ, ਪਰ ਪਾਰਟੀਆਂ ਵਿੱਚੋਂ ਇੱਕ ਪਾਰਟੀ ਦੇ ਵਿਕਾਸ ਰਾਹੀਂ ਜਾਂ ਸੋਵੀਅਤਾਂ ਵਿੱਚ ਵਧੇਰੇ ਪ੍ਰਤੀਨਿਧਤਾ ਰਾਹੀਂ, ਜਾਂ ਕਿਸੇ ਹੜਤਾਲ ਦੀ ਸਫਲਤਾ ਰਾਹੀਂ, ਜਿਹੜੀ ਕਿ ਕਿਸੇ ਕਾਰਨ ਬਹੁਤ ਵੱਡੀ ਮਹੱਤਤਾ ਅਖਤਿਆਰ ਕਰ ਚੁੱਕੀ ਹੋਵੇ, ਜਾਂ ਘਰੇਲੂ ਜੰਗ ਵਿੱਚ ਪ੍ਰਾਪਤ ਕੀਤੀਆਂ ਸਫਲਤਾਵਾਂ ਵਗੈਰਾ ਰਾਹੀਂ ਹੀ ਪਤਾ ਲੱਗਦਾ ਹੈ।

ਸਾਡੇ ਇਨਕਲਾਬ ਦੇ ਇਤਿਹਾਸ ਨੇ ਦਰਸਾਇਆ ਹੈ, ਮਿਸਾਲ ਵਜੋਂ, ਕਿ ਉਰਾਲ

ਅਤੇ ਸਾਇਬੇਰੀਆ ਦੇ ਲੰਬੇ ਚੌੜੇ ਇਲਾਕੇ ਵਿੱਚ ਮਿਹਨਤਕਸ਼ ਲੋਕਾਂ ਦੀ ਬਹੁਗਿਣਤੀ ਦੀ ਪ੍ਰੋਲੇਤਾਰੀਆਂ ਦੀ ਡਿਕਟੇਟਰੀ ਨਾਲ਼ ਹਮਦਰਦੀ ਬਾਰੇ ਚੋਣਾਂ ਤੋਂ ਨਹੀਂ, ਸਗੋਂ ਉਸ ਇਲਾਕੇ ਵਿੱਚ ਜ਼ਾਰਵਾਦੀ ਜਰਨੈਲ ਕੋਲਚਾਕ ਦੀ ਹਕੂਮਤ ਦੇ ਸਾਲ ਦੇ ਤਜ਼ਰਬੇ ਤੋਂ ਪਤਾ ਲੱਗਾ ਸੀ। ਸਬੱਬੀ, ਕੋਲਚਾਕ ਦਾ ਸ਼ਾਸਨ ਵੀ ਸ਼ੀਦਮਾਨ ਅਤੇ ਕਾਉਤਸਕੀ ਗੁੱਟ (ਰੂਸ ਵਿੱਚ ਉਹ ਮੈਨਸ਼ਵਿਕ ਅਤੇ ਸੋਸ਼ਲਿਸਟ ਇਨਕਲਾਬੀ, ਸੰਵਿਧਾਨਕ ਅਸੰਬਲੀ ਦੇ ਹਮਾਇਤੀ ਕਹੇ ਜਾਂਦੇ ਹਨ) ਦੀ "ਕੋਲੀਸ਼ਨ" ਨਾਲ਼ ਸ਼ੁਰੂ ਹੋਇਆ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਇਸ ਸਮੇਂ ਹਾਸੇਵਾਦੀਆਂ ਅਤੇ ਸ਼ੀਦਮਾਨਜ਼, ਆਪਣੀ "ਕੋਲੀਸ਼ਨ" ਰਾਹੀਂ ਵੋਨ ਗੋਲਜ਼ ਜਾਂ ਲੁੰਡਨਡੋਰਫ ਨੂੰ ਸੱਤ੍ਹਾ ਸੌਂਪਣ ਲਈ ਰਾਹ ਪੱਧਰਾ ਕਰ ਰਹੇ ਹਨ ਅਤੇ ਇਸ ਸੱਤ੍ਹਾ ਨੂੰ ਓਹਲਾ ਕਰ ਰਹੇ ਹਨ ਤੇ ਇਸ ਨੂੰ ਚੰਗੀ ਲੱਗਦੀ ਦਿਖਾ ਰਹੇ ਹਨ। ਬਰੈਕਟਾਂ ਵਿੱਚ ਇਹ ਕਿਹਾ ਜਾਣਾ ਚਾਹੀਦਾ ਹੈ ਕਿ ਸਰਕਾਰ ਵਿੱਚ ਹਾਸੇ-ਸ਼ੀਦਮਾਨ ਕੋਲੀਸ਼ਨ ਖਤਮ ਹੋ ਗਈ ਹੈ, ਪਰ ਸੋਸ਼ਲਿਜ਼ਮ ਦੇ ਇਨ੍ਹਾਂ ਗੱਦਾਰਾਂ ਦੀ ਰਾਜਸੀ ਕੋਲੀਸ਼ਨ ਹਾਲੇ ਕਾਇਮ ਹੈ। ਪ੍ਰੋਫੈਸਰ ਕਾਉਤਸਕੀ ਦੀਆਂ ਕਿਤਾਬਾਂ, ਸਟੈਂਪਫਰ ਦੇ **ਵੋਰਵਾਰਟ** ਵਿੱਚ ਲੇਖ, ਕਾਉਤਸਕੀਵਾਦੀਆਂ ਅਤੇ ਸ਼ੀਦਮਾਨਵਾਦੀਆਂ ਦੇ ਉਹਨਾਂ ਦੇ "ਏਕੀਕਰਨ" ਬਾਰੇ ਲੇਖ ਵਗੈਰਾ ਵਗੈਰਾ ਇਸੇ ਦੀ ਉਦਾਹਰਣ ਹਨ।

ਮਿਹਨਤਕਸ਼ ਜਨਤਾ ਵੱਲੋਂ ਆਪਣੇ ਮੁਹਰੈਲ-ਪ੍ਰੋਲੇਤਾਰੀ ਲਈ ਵਿਸ਼ਾਲ ਬਹੁਸੰਮਤੀ ਦੀ ਹਮਦਰਦੀ ਅਤੇ ਮਦਦ ਤੋਂ ਬਿਨਾਂ ਪ੍ਰੋਲੇਤਾਰੀ ਇਨਕਲਾਬ ਅਸੰਭਵ ਹੈ। ਪਰ ਇਹ ਹਮਦਰਦੀ ਅਤੇ ਮਦਦ ਫੌਰੀ ਤੌਰ 'ਤੇ ਪ੍ਰਾਪਤ ਹੋਣ ਵਾਲ਼ੇ ਨਹੀਂ ਅਤੇ ਨਾ ਹੀ ਇਨ੍ਹਾਂ ਦਾ ਫੈਸਲਾ ਚੋਣਾਂ ਤੋਂ ਹੁੰਦਾ ਹੈ। ਇਹ ਦੋਵੇਂ ਲੰਬੇ, ਸਖਤ ਅਤੇ ਸਿਰੜੀ ਜਮਾਤੀ ਘੋਲ਼ ਰਾਹੀਂ **ਪ੍ਰਾਪਤ** ਕੀਤੇ ਜਾਂਦੇ ਹਨ। ਪ੍ਰੋਲੇਤਾਰੀਆਂ ਵੱਲੋਂ ਮਿਹਨਤਕਸ਼ ਲੋਕਾਂ ਦੀ ਬਹੁਸੰਮਤੀ ਦੀ ਹਮਦਰਦੀ ਅਤੇ ਮਦਦ **ਲਈ** ਕੀਤਾ ਗਿਆ ਸੰਘਰਸ਼ ਪ੍ਰੋਲੇਤਾਰੀ ਵੱਲੋਂ ਰਾਜਸੀ ਸੱਤ੍ਹਾ ਜਿੱਤਣ ਨਾਲ਼ ਖਤਮ ਨਹੀਂ ਹੋ ਜਾਂਦਾ। ਸੱਤ੍ਹਾ ਦੀ ਜਿੱਤ **ਮਗਰੋਂ** ਇਹ ਘੋਲ਼ **ਜਾਰੀ** ਰਹਿੰਦਾ ਹੈ, ਪਰ **ਹੋਰ** ਢੰਗਾਂ ਨਾਲ਼। ਰੂਸੀ ਇਨਕਲਾਬ ਵਿੱਚ ਹਾਲਾਤ ਵਿਸ਼ੇਸ਼ ਤੌਰ 'ਤੇ ਪ੍ਰੋਲੇਤਾਰੀਆਂ ਦੇ ਹੱਕ ਵਿੱਚ ਸਨ (ਇਸ ਦੇ ਆਪਣੀ ਡਿਕਟੇਟਰੀ ਦੇ ਘੋਲ਼ ਵਿੱਚ), ਕਿਉਂਕਿ ਪ੍ਰੋਲੇਤਾਰੀ ਇਨਕਲਾਬ ਅਜਿਹੇ ਸਮੇਂ ਹੋਇਆ ਜਦੋਂ ਸਾਰੇ ਲੋਕ ਦੱਬੇ ਹੋਏ ਸਨ ਅਤੇ ਜਦੋਂ ਸਮੁੱਚੀ ਕਿਸਾਨੀ, ਜਿਹੜੀ ਕਿ ਸੋਸ਼ਲ ਗੱਦਾਰਾਂ, ਮੈਨਸ਼ਵਿਕਾਂ ਅਤੇ ਸੋਸ਼ਲਿਸਟ ਇਨਕਲਾਬੀਆਂ ਦੀ "ਕਾਉਤਸਕੀਵਾਦੀ" ਨੀਤੀ ਤੋਂ ਦੁਖੀ ਹੋਈ ਸੀ, ਜ਼ਮੀਨ ਮਾਲਕਾਂ ਨੂੰ ਉਲਟਾਉਣਾ ਚਾਹੁੰਦੇ ਸਨ।

ਪਰ ਰੂਸ ਵਿੱਚ ਵੀ, ਜਿੱਥੇ ਪ੍ਰੋਲੇਤਾਰੀ ਇਨਕਲਾਬ ਸਮੇਂ ਹਾਲਾਤ ਵਿਸ਼ੇਸ਼ ਤੌਰ 'ਤੇ ਹਾਂ ਪੱਖੀ ਸਨ, ਜਿੱਥੇ ਸਮੁੱਚੀ ਪ੍ਰੋਲੇਤਾਰੀ, ਸਮੁੱਚੀ ਫੌਜ ਅਤੇ ਸਮੁੱਚੀ ਕਿਸਾਨੀ ਦੀ ਬੇਮਿਸਾਲ ਏਕਤਾ ਕਾਇਮ ਹੋ ਗਈ ਸੀ - ਰੂਸ ਵਿੱਚ ਵੀ, ਪ੍ਰੋਲੇਤਾਰੀਆਂ ਨੂੰ, ਆਪਣੀ ਡਿਕਟੇਟਰੀ ਲਾਗੂ ਕਰਦੇ ਹੋਏ ਮਿਹਨਤਕਸ਼ ਜਨਤਾ ਦੀ ਹਮਦਰਦੀ ਅਤੇ ਹਮਾਇਤ ਜਿੱਤਣ ਲਈ ਮਹੀਨਿਆਂ ਅਤੇ ਸਾਲਾਂ ਬੱਧੀ ਸੰਘਰਸ਼ ਕਰਨਾ ਪਿਆ। ਦੋ ਸਾਲਾਂ ਮਗਰੋਂ ਇਹ ਘੋਲ਼ ਅਮਲੀ ਤੌਰ 'ਤੇ, ਪਰ ਮੁਕੰਮਲ ਤੌਰ 'ਤੇ ਨਹੀਂ, ਪ੍ਰੋਲੇਤਾਰੀਆਂ ਦੇ ਹੱਕ ਵਿੱਚ ਹਾਲਾਤ ਕਾਇਮ ਹੋਣ ਮਗਰੋਂ, ਖਤਮ ਹੋ ਗਿਆ। ਦੋ ਸਾਲਾਂ ਵਿੱਚ ਅਸੀਂ ਉਰਾਲ ਅਤੇ ਸਾਇਬੇਰੀਆ ਸਮੇਤ ਮਹਾਨ

ਰੂਸ ਦੇ ਮਜ਼ਦੂਰਾਂ ਅਤੇ ਮਿਹਨਤਕਸ਼ ਕਿਸਾਨਾਂ ਦੀ ਵਿਸ਼ਾਲ ਬਹੁਗਿਣਤੀ ਦੀ ਹਮਦਰਦੀ ਅਤੇ ਹਮਾਇਤ ਜਿੱਤ ਲਈ ਹੈ, ਪਰ ਫਿਰ ਵੀ ਹਾਲੇ ਅਸੀਂ ਉਕਰੇਨ ਦੇ ਮਿਹਨਤਕਸ਼ ਕਿਸਾਨਾਂ (ਕਿਸਾਨ ਲੁਟੇਰਿਆਂ ਤੋਂ ਵੱਖਰੇ) ਦੀ ਬਹੁਸੰਮਤੀ ਦੀ ਮੁਕੰਮਲ ਹਮਾਇਤ ਅਤੇ ਹਮਦਰਦੀ ਨਹੀਂ ਜਿੱਤ ਸਕੇ। ਸਾਨੂੰ ਝਗੜੇ ਬਖੇੜੇ ਦੀ ਫੌਜੀ ਤਾਕਤ ਰਾਹੀਂ ਕੁਚਲਿਆ ਜਾ **ਸਕਦਾ** ਹੈ (ਪਰ ਕੁਚਲਿਆ ਨਹੀਂ ਜਾਣਾ ਚਾਹੀਦਾ), ਪਰ ਰੂਸ ਦੇ **ਅੰਦਰ** ਸਾਨੂੰ **ਹੁਣ**, ਮਿਹਨਤਕਸ਼ ਲੋਕਾਂ ਦੀ ਵਿਸ਼ਾਲਤਮ ਬਹੁਗਿਣਤੀ ਵੱਲੋਂ ਏਨੀ ਨਿੱਗਰ ਹਮਦਰਦੀ ਹਾਸਲ ਹੈ ਕਿ ਸਾਡਾ ਰਾਜ ਦੁਨੀਆਂ ਵਿੱਚ ਪਹਿਲਾਂ ਦੇ ਕਿਸੇ ਵੀ ਰਾਜ ਨਾਲ਼ੋਂ ਵਧੇਰੇ ਜਮਹੂਰੀ ਰਾਜ ਹੈ।

ਉਹਨਾਂ ਲੋਕਾਂ ਦੀ ਗਲਤੀਆਂ ਦੇਖਣ ਲਈ, ਜਿਨ੍ਹਾਂ ਬੁਰਜੂਆ ਪਾਰਲੀਮੈਂਟਾਂ[1], ਪਿਛਾਖੜੀ ਟਰੇਡ ਯੂਨੀਅਨਾਂ, ਜ਼ਾਰਵਾਦੀ ਜਾਂ ਸ਼ੀਦਮਾਨ ਸ਼ਾਪ ਸਟੀਵਰਡਸ ਕਮੇਟੀਆਂ ਜਾਂ ਵਰਕਸ ਕੌਂਸਲਾਂ ਵਗੈਰਾ ਵਿੱਚ ਭਾਗ ਲੈਣੋਂ ਇਨਕਾਰ ਕੀਤਾ ਸੀ, ਏਨਾ ਹੀ ਕਾਫੀ ਹੈ ਕਿ ਸੱਤ੍ਹਾ ਲਈ ਪ੍ਰੋਲੇਤਾਰੀ ਘੋਲ਼ ਦੇ ਗੁੰਝਲਦਾਰ, ਔਖੇ ਅਤੇ ਲੰਬੇ ਇਤਿਹਾਸ ’ਤੇ ਨਜ਼ਰ ਮਾਰੀ ਜਾਵੇ – ਘੋਲ਼, ਜਿਹੜਾ ਕਿ ਫ਼ਾਰਮਾਂ ਦੀਆਂ ਆਮ ਨਾਲ਼ੋਂ ਵੱਧ ਕਿਸਮਾਂ ਨਾਲ਼ ਭਰਪੂਰ ਅਤੇ ਬਹੁਤ ਜ਼ਿਆਦਾ ਤਿੱਖੀਆਂ ਤਬਦੀਲੀਆਂ, ਮੋੜਾਂ ਅਤੇ ਇੱਕ ਢੰਗ ਤੋਂ ਦੂਜੇ ਤੱਕ ਤਬਦੀਲੀਆਂ ਨਾਲ਼ ਭਰਿਆ ਪਿਆ ਹੈ। ਗਲਤੀ ਕਾਫੀ ਸੱਚੇ, ਸੁਲਝੇ ਹੋਏ ਅਤੇ ਬਹਾਦਰ ਮਜ਼ਦੂਰ ਇਨਕਲਾਬੀਆਂ ਵਿੱਚ ਇਨਕਲਾਬੀ ਅਨੁਭਵ ਦੀ ਕਮੀ ਸੀ। ਸਿੱਟੇ ਵਜੋਂ ਕਾਰਲ ਲੀਬਨੇਖਤ ਅਤੇ ਰੋਜ਼ਾ ਲਕਸਮਬਰਗ ਜਨਵਰੀ 1919 ਵਿੱਚ ਹਜ਼ਾਰ ਵਾਰ ਸਹੀ ਸਨ, ਜਦੋਂ ਉਹਨਾਂ ਇਹ ਗਲਤੀ ਮਹਿਸੂਸ ਕੀਤੀ, ਇਸ ਵੱਲ ਧਿਆਨ ਦਿੱਤਾ[1], ਪਰ ਨਾਲ਼ ਦੀ ਨਾਲ਼ ਪ੍ਰੋਲੇਤਾਰੀ ਇਨਕਲਾਬੀਆਂ ਵੱਲ ਰਹਿਣ ਦਾ ਨਿਰਣਾ ਕੀਤਾ, ਚਾਹੇ ਉਹ ਪ੍ਰੋਲੇਤਾਰੀ ਇਨਕਲਾਬੀ ਇੱਕ ਛੋਟੇ ਜਿਹੇ ਸਵਾਲ ’ਤੇ ਗਲਤ ਸਨ ਅਤੇ ਸੋਸ਼ਲਿਜ਼ਮ ਦੇ ਗੱਦਾਰਾਂ – ਸ਼ੀਦਮਾਨ ਅਤੇ ਕਾਉਤਸਕੀ ਪੱਖੀਆਂ, ਜਿਨ੍ਹਾਂ ਨੇ ਨਿੱਕ-ਬੁਰਜੂਆ ਪਾਰਲੀਮੈਂਟਾਂ ਦੇ ਸਵਾਲ ਦੇ ਕੋਈ ਗਲਤੀ ਨਹੀਂ ਕੀਤੀ, ਪਰ ਉਹ ਸੋਸ਼ਲਿਸਟ ਹੀ ਨਹੀਂ ਰਹੇ ਸਨ ਅਤੇ ਗਰੁੜ ਗਿਆਨੀ ਡੈਮੋਕਰੈਟ ਅਤੇ ਬੁਰਜੂਆਜ਼ੀ ਦੇ ਭਾਈਵਾਲ ਬਣ ਗਏ ਸਨ, ਵੱਲ ਨਹੀਂ ਗਏ।

ਪਰ ਫਿਰ ਵੀ, ਗਲਤੀ ਗਲਤੀ ਹੀ ਰਹਿੰਦੀ ਹੈ ਅਤੇ ਇਹ ਜ਼ਰੂਰੀ ਹੈ ਕਿ ਇਸ ਦੀ ਨੁਕਤਾਚੀਨੀ ਕੀਤੀ ਜਾਵੇ ਅਤੇ ਇਸ ਨੂੰ ਠੀਕ ਕਰਨ ਲਈ ਘੋਲ ਕੀਤਾ ਜਾਵੇ।

ਸੋਸ਼ਲਿਜ਼ਮ ਦੇ ਗੱਦਾਰਾਂ, ਸ਼ੀਦਮਾਨ ਅਤੇ ਕਾਉਤਸਕੀ ਪੱਖੀਆਂ ਵਿਰੁੱਧ ਲੜਾਈ

---

1. 30 ਦਸੰਬਰ 1918 ਨੂੰ, ਜਰਮਨੀ ਕਮਿਊਨਿਸਟ ਪਾਰਟੀ ਦੀ ਪਹਿਲੀ ਕਾਂਗਰਸ ਨੇ ਇਸ ਸਵਾਲ ਬਾਰੇ ਵਿਚਾਰ ਕੀਤੀ ਕਿ ਕੌਮੀ ਅਸੰਬਲੀ ਲਈ ਚੋਣਾਂ ਵਿੱਚ ਭਾਗ ਲਿਆ ਜਾਵੇ ਜਾਂ ਨਾ। ਕਾਰਲ ਲੀਬਨੇਖਤ ਅਤੇ ਰੋਜ਼ਾ ਲਕਸਮਬਰਗ ਨੇ ਭਾਗ ਲੈਣ ਦੇ ਹੱਕ ਵਿੱਚ ਆਵਾਜ਼ ਉਠਾਈ ਅਤੇ ਜਨਤਾ ਵਿੱਚ ਇਨਕਲਾਬੀ ਨਾਅਰਿਆਂ ਦੇ ਪ੍ਰਚਾਰ ਲਈ ਪਾਰਲੀਮੈਂਟਰੀ ਪਲੇਟਫਾਰਮ ਦੀ ਵਰਤੋਂ ’ਤੇ ਜ਼ੋਰ ਦਿੱਤਾ। ਪਰ ਕਾਂਗਰਸ ਦੀ ਬਹੁ-ਸੰਮਤੀ ਨੇ ਕੌਮੀ ਅਸੰਬਲੀ ਦੀਆਂ ਚੋਣਾਂ ਵਿੱਚ ਭਾਗ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਬਾਰੇ ਇੱਕ ਮਤਾ ਪਾਸ ਕਰ ਦਿੱਤਾ।

ਬੇਕਿਰਕੀ ਨਾਲ਼ ਕੀਤੀ ਜਾਣੀ ਚਾਹੀਦੀ ਹੈ, ਪਰ ਬੁਰਜੂਆ ਪਾਰਲੀਮੈਂਟਾਂ, ਪਿਛਾਖੜੀ ਟਰੇਡ ਯੂਨੀਅਨਾਂ ਵਗੈਰਾ ਵਿੱਚ ਸ਼ਮੂਲੀਅਤ ਦੇ ਲਈ ਜਾਂ ਵਿਰੋਧ ਦੇ ਮਾਮਲੇ ਉੱਤੇ ਨਹੀਂ। ਇਹ ਨਿਸ਼ਚੇ ਹੀ ਇੱਕ ਗਲਤੀ ਹੋਵੇਗੀ ਅਤੇ ਇਸ ਤੋਂ ਵੱਡੀ ਗਲਤੀ ਹੋਵੇਗੀ ਮਾਰਕਸਵਾਦੀ ਵਿਚਾਰਾਂ ਅਤੇ ਇਸ ਦੀ ਅਮਲੀ ਲਾਈਨ (ਇੱਕ ਮਜ਼ਬੂਤ ਕੇਂਦਰੀਕ੍ਰਿਤ ਰਾਜਸੀ ਪਾਰਟੀ) ਤੋਂ ਟਰੇਡ ਯੂਨੀਅਨਵਾਦ ਦੇ ਵਿਚਾਰਾਂ ਅਤੇ ਅਮਲ ਵੱਲ ਮੋੜਾ। ਬੁਰਜੂਆ ਪਾਰਲੀਮੈਂਟਾਂ ਵਿੱਚ ਪਿਛਾਖੜੀ ਟਰੇਡ ਯੂਨੀਅਨਾਂ ਵਿੱਚ ਅਤੇ "ਵਰਕਸ ਕੌਂਸਲਾਂ" ਜਿਨ੍ਹਾਂ ਦਾ ਅਸਲੀ ਰੂਪ ਨਹੀਂ ਰਿਹਾ ਹੈ ਅਤੇ ਜਿਨ੍ਹਾਂ ਨੂੰ ਸ਼ੀਦਮਾਨ ਫੈਸ਼ਨ ਦਾ ਰੂਪ ਦੇ ਦਿੱਤਾ ਗਿਆ ਹੈ, ਵਿੱਚ ਪਾਰਟੀ ਦੀ ਸ਼ਮੂਲੀਅਤ ਲਈ ਕੰਮ ਕਰਨਾ ਸੰਭਵ ਹੈ ਅਤੇ ਮਿਹਨਤਕਸ਼ ਲੋਕਾਂ ਨੂੰ ਪ੍ਰਭਾਵਤ ਕੀਤਾ ਜਾ ਸਕਦਾ ਹੈ। ਕਾਨੂੰਨੀ ਅਤੇ ਗੈਰ-ਕਾਨੂੰਨੀ ਕੰਮ ਨੂੰ ਹਰ ਕੀਮਤ 'ਤੇ ਇਕੱਠਿਆਂ ਕੀਤਾ ਜਾਣਾ ਚਾਹੀਦਾ ਹੈ, ਗੈਰ-ਕਾਨੂੰਨੀ ਪਾਰਟੀ ਨੂੰ **ਮਜ਼ਦੂਰ** ਜਥੇਬੰਦੀਆਂ ਰਾਹੀਂ ਕਾਨੂੰਨੀ ਸਰਗਰਮੀ ਉੱਤੇ ਸਿਲਸਿਲੇਵਾਰ, ਨਿਰੰਤਰ ਅਤੇ ਸਖਤ ਕੰਟਰੋਲ ਰੱਖਣਾ ਚਾਹੀਦਾ ਹੈ! ਇਹ ਕੋਈ ਆਸਾਨ ਕੰਮ ਨਹੀਂ ਹੈ, ਪਰ ਪ੍ਰੋਲੇਤਾਰੀ ਇਨਕਲਾਬ, ਆਮ ਤੌਰ 'ਤੇ, ਸੰਘਰਸ਼ ਦੇ "ਸੌਖੇ" ਢੰਗਾਂ ਅਤੇ ਸੌਖੇ ਕੰਮਾਂ ਬਾਰੇ ਕੁਝ ਨਹੀਂ ਜਾਣਦਾ ਅਤੇ ਕੁਝ ਵੀ ਜਾਣ ਨਹੀਂ ਸਕਦਾ।

ਇਹ ਔਖਾ ਕਾਰਜ ਹਰ ਕੀਮਤ ਉੱਤੇ ਕੀਤਾ ਜਾਣਾ ਚਾਹੀਦਾ ਹੈ। ਸ਼ੀਦਮਾਨ ਅਤੇ ਕਾਓਤਸਕੀ ਗਰੋਹ ਸਾਡੇ ਨਾਲ਼ ਸਿਰਫ਼ (ਅਤੇ ਮੁੱਖ ਤੌਰ 'ਤੇ ਨਹੀਂ) ਇਹ ਮਤਭੇਦ ਨਹੀਂ ਰੱਖਦੇ ਕਿ ਉਹ ਹਥਿਆਰਬੰਦ ਵਿਦਰੋਹ ਨੂੰ ਪ੍ਰਵਾਨ ਨਹੀਂ ਕਰਦੇ ਅਤੇ ਅਸੀਂ ਕਰਦੇ ਹਾਂ। ਮੁੱਖ ਅਤੇ ਤਿੱਖਾ ਮਤਭੇਦ ਇਹ ਹੈ ਕਿ ਕੰਮ ਦੇ **ਸਭ** ਖੇਤਰਾਂ ਵਿੱਚ (ਬੁਰਜੂਆ ਪਾਰਲੀਮੈਂਟਾਂ, ਟਰੇਡ ਯੂਨੀਅਨਾਂ, ਕੋਆਪਰੇਟਿਵਾਂ, ਪੱਤਰਕਾਰੀ ਕੰਮ ਆਦਿ) ਵਿੱਚ ਉਹ ਢਿਲਮਿਲ, ਮੌਕਾਪ੍ਰਸਤ ਨਹੀਂ, ਬਿਲਕੁਲ ਧੋਖਾਦੇਹੀ ਅਤੇ ਗੱਦਾਰੀ ਤੱਕ ਦੀ ਨੀਤੀ 'ਤੇ ਅਮਲ ਕਰਦੇ ਹਨ।

ਸੋਸ਼ਲ ਗੱਦਾਰਾਂ ਵਿਰੁੱਧ, ਸੁਧਾਰਵਾਦ ਅਤੇ ਮੌਕਾਪ੍ਰਸਤਵਾਦ ਵਿਰੁੱਧ ਲੜਾਈ – ਇਹ ਰਾਜਸੀ ਲਾਈਨ ਸਾਡੇ ਘੋਲ਼ ਦੇ **ਸਾਰੇ** ਖੇਤਰਾਂ ਵਿੱਚ, ਬਿਨਾਂ ਕਿਸੇ ਛੋਟ ਦੇ ਲਾਗੂ ਕੀਤੀ ਜਾ ਸਕਦੀ ਹੈ ਤੇ ਲਾਗੂ ਕੀਤੀ ਜਾਣੀ ਚਾਹੀਦੀ ਹੈ ਅਤੇ ਫੇਰ ਹੀ ਅਸੀਂ ਮਿਹਨਤਕਸ਼ ਲੋਕਾਂ ਨੂੰ ਜਿੱਤ ਸਕਾਂਗੇ ਅਤੇ ਪ੍ਰੋਲੇਤਾਰੀ ਦਾ ਮੁਹਰੈਲ, ਮਾਰਕਸਵਾਦੀ, ਕੇਂਦਰਮੁੱਖੀ ਰਾਜਸੀ ਪਾਰਟੀ, ਮਿਹਨਤਕਸ਼ ਜਨਤਾ ਦੇ ਨਾਲ਼ ਰਲ ਕੇ, ਲੋਕਾਂ ਨੂੰ ਪ੍ਰੋਲੇਤਾਰੀ ਡਿਕਟੇਟਰੀ ਦੀ ਜਿੱਤ ਦੇ ਅਸਲ ਰਾਹ ਵੱਲ ਲੈ ਜਾਵੇਗਾ, ਬੁਰਜੂਆ ਡੈਮੋਕਰੇਸੀ ਦੀ ਥਾਂ ਪ੍ਰੋਲੇਤਾਰੀ ਡਿਕਟੇਟਰੀ ਵੱਲ, ਸੋਵੀਅਤ ਗਣਰਾਜ ਵੱਲ, ਸਮਾਜਵਾਦੀ ਪ੍ਰਬੰਧ ਵੱਲ ਲੈ ਜਾਵੇਗਾ।

ਕੁਝ ਹੀ ਮਹੀਨਿਆਂ ਦੇ ਸਮੇਂ ਵਿੱਚ ਤੀਜੀ ਕੌਮਾਂਤਰੀ ਨੇ ਬਹੁਤ ਸਾਰੀਆਂ ਸ਼ਾਨਦਾਰ ਅਤੇ ਲਾਮਿਸਾਲ ਜਿੱਤਾਂ ਪ੍ਰਾਪਤ ਕੀਤੀਆਂ ਹਨ। ਇਸ ਦੇ ਵਿਕਾਸ ਦੀ ਰਫਤਾਰ ਹੈਰਾਨਕੁਨ ਹੈ। ਕੁਝ ਗਲਤੀਆਂ ਅਤੇ ਵੱਧ ਰਹੀਆਂ ਤਕਲੀਫਾਂ ਤੋਂ ਚੌਂਕਣ ਦੀ ਲੋੜ ਨਹੀਂ। ਉਹਨਾਂ ਦੀ ਸਿੱਧੇ ਤੌਰ 'ਤੇ ਅਤੇ ਖੁੱਲ੍ਹੇ ਤੌਰ 'ਤੇ ਨੁਕਤਾਚੀਨੀ ਕਰਕੇ, ਅਸੀਂ ਗੱਲ ਦੀ ਜ਼ਾਮਨੀ ਕਰਾਂਗੇ ਕਿ ਸਾਰੇ ਸੱਭਿਅਤ ਦੇਸ਼ਾਂ ਦੇ ਮਿਹਨਤਕਸ਼ ਅਵਾਮ, ਮਾਰਕਸਵਾਦ ਦੀ ਭਾਵਨਾ ਨਾਲ਼ ਸਿਖਾਏ ਹੋਏ ਅਵਾਮ ਛੇਤੀ ਨਾਲ਼ ਸਾਰੇ ਦੇਸ਼ਾਂ ਦੇ ਸੋਸ਼ਲਿਜ਼ਮ ਦੇ ਗੱਦਾਰਾਂ, ਸ਼ੀਦਮਾਨਾਂ ਅਤੇ

ਕਾਓਤਸਕੀਆਂ ਤੋਂ ਛੁਟਕਾਰਾ ਪਾ ਲੈਣ (ਕਿਉਂਕਿ ਗੱਦਾਰ ਸਾਰੇ ਦੇਸ਼ਾਂ ਵਿੱਚ ਹੀ ਹੁੰਦੇ ਹਨ)।
ਕਮਿਊਨਿਜ਼ਮ ਦੀ ਜਿੱਤ ਲਾਜ਼ਮੀ ਹੈ। ਕਮਿਊਨਿਜ਼ਮ ਵਿਜਈ ਹੋਵੇਗਾ।

**ਐਨ. ਲੈਨਿਨ,**

10 ਅਕਤੂਬਰ, 1919,
ਅਕਤੂਬਰ 1919 ਵਿੱਚ
Kommunistichesky
International ਨੰ. 6
ਰਸਾਲੇ ਵਿੱਚ ਛਪਿਆ।

**ਸਮੁੱਚੀਆਂ ਲਿਖਤਾਂ,**
ਜਿਲਦ 30, ਸਫੇ 37-62.

# "ਖੱਬੇ ਪੱਖੀ" ਕਮਿਊਨਿਜ਼ਮ—ਇੱਕ ਬਚਗਾਨਾ ਰੋਗ ਵਿੱਚੋਂ

## VI
## ਕੀ ਇਨਕਲਾਬੀਆਂ ਨੂੰ ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਵਿੱਚ ਕੰਮ ਕਰਨਾ ਚਾਹੀਦਾ ਹੈ?

ਜਰਮਨ "ਖੱਬੇ-ਪੱਖੀਆਂ" ਦਾ ਵਿਚਾਰ ਹੈ ਕਿ ਜਿੱਥੋਂ ਤੱਕ ਉਹਨਾਂ ਦਾ ਸਬੰਧ ਹੈ ਇਸ ਸਵਾਲ ਦਾ ਜਵਾਬ ਬਿਨਾਂ ਸ਼ਰਤ ਨਾਂਹ ਵਿੱਚ ਹੈ। ਉਹਨਾਂ ਦੇ ਖ਼ਿਆਲ ਅਨੁਸਾਰ "ਪਿੱਛੇ-ਖਿੱਚੂ" ਅਤੇ "ਉਲਟ-ਇਨਕਲਾਬੀ" ਟਰੇਡ-ਯੂਨੀਅਨਾਂ ਵਿਰੁੱਧ ਤਕਰੀਰਾਂ ਅਤੇ ਗ਼ੁਸੈਲਾ ਚੀਕ-ਚਹਾੜਾ (ਜਿਹੋ ਜਿਹਾ ਕਾਰਲ ਹਾਰਨਰ ਖ਼ਾਸ ਤੌਰ 'ਤੇ ਨਿੱਗਰ ਅਤੇ ਮੂਰਖਤਾ-ਭਰਪੂਰ ਢੰਗ ਨਾਲ਼ ਕਰਦਾ ਹੈ), ਇਸ ਗੱਲ ਦਾ ਚੋਖਾ ਸਬੂਤ ਹੈ ਕਿ ਇਨਕਲਾਬੀਆਂ ਅਤੇ ਕਮਿਊਨਿਸਟਾਂ ਦੇ ਗ਼ੱਦਾਰ, ਸਮਾਜੀ-ਅੰਧਰਾਸ਼ਟਰਵਾਦੀ, ਸਮਝੌਤਾ-ਕਰੂ, ਉਲਟ-ਇਨਕਲਾਬੀ ਟਰੇਡ ਯੂਨੀਅਨਾਂ ਵਿੱਚ ਕੰਮ ਕਰਨ ਦੀ ਲੋੜ ਨਹੀਂ ਸਗੋਂ ਇਹ ਨਾ-ਮੁਨਾਸਬ ਹੈ।

ਜਰਮਨੀ ਦੇ "ਖੱਬੇ-ਪੱਖੀਆਂ" ਨੂੰ ਇਹਨਾਂ ਦਾਅ-ਪੇਚਾਂ ਦੇ ਇਨਕਲਾਬੀ-ਪੁਣੇ ਉੱਤੇ ਕਿੰਨਾਂ ਨਿਸ਼ਚਾ ਕਿਉਂ ਨਾ ਹੋਵੇ, ਅਸਲ ਵਿੱਚ ਦਾਅ-ਪੇਚ ਬੁਨਿਆਦੀ ਤੌਰ 'ਤੇ ਗ਼ਲਤ ਹਨ ਅਤੇ ਇਹਨਾਂ ਵਿੱਚ ਫ਼ੋਕੀ ਫ਼ਿਕਰੇਬਾਜ਼ੀ ਤੋਂ ਬਿਨਾਂ ਕੁਝ ਨਹੀਂ।

ਇਸ ਪੈਂਫਲਟ ਦੀ ਆਮ ਪਲਾਨ ਅਨੁਸਾਰ, ਜਿਸਦਾ ਮੰਤਵ ਬਾਲਸ਼ਵਿਕਵਾਦ ਦੇ ਇਤਿਹਾਸ ਅਤੇ ਅਜੋਕੇ ਦਾਅ-ਪੇਚਾਂ ਵਿੱਚ ਜੋ ਕੁਝ ਹਰ ਥਾਂ ਅਮਲੀ, ਲਖਾਇਕ ਅਤੇ ਸੁਲਗਵਾਂ ਹੈ, ਉਸਨੂੰ ਪੱਛਮੀ ਯੂਰਪ ਵਿੱਚ ਲਾਗੂ ਕਰਨਾ ਹੈ, ਮੈਂ ਸਾਡੇ ਆਪਣੇ ਅਨੁਭਵ ਤੋਂ ਸ਼ੁਰੂ ਕਰਦਾ ਹਾਂ।

ਅੱਜ ਰੂਸ ਵਿੱਚ ਲੀਡਰਾਂ, ਪਾਰਟੀ, ਸ਼੍ਰੇਣੀ ਅਤੇ ਜਨਤਾ ਵਿਚਕਾਰ ਸਬੰਧ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਅਤੇ ਇਹਦੀ ਪਾਰਟੀ ਦਾ ਟਰੇਡ ਯੂਨੀਅਨਾਂ ਵੱਲ ਵਤੀਰਾ ਇਸ ਪ੍ਰਕਾਰ ਹੈ: ਡਿਕਟੇਟਰਸ਼ਿਪ ਸੋਵੀਅਤਾਂ ਵਿੱਚ ਜਥੇਬੰਦ ਪ੍ਰੋਲਤਾਰੀ ਦੇ ਹੱਥ ਵਿੱਚ ਹੈ; ਬਾਲਸ਼ਵਿਕਾਂ ਦੀ ਕਮਿਊਨਿਸਟ ਪਾਰਟੀ ਪ੍ਰੋਲਤਾਰੀ ਦੀ ਅਗਵਾਈ ਕਰਦੀ ਹੈ, ਜਿਸ ਦੇ ਮੈਂਬਰਾਂ ਦੀ ਗਿਣਤੀ ਪਿਛਲੀ ਪਾਰਟੀ ਕਾਂਗਰਸ (ਅਪਰੈਲ 1920) ਦੇ ਅੰਕੜਿਆਂ ਅਨੁਸਾਰ 6,11,000 ਹੈ। ਅਕਤੂਬਰ ਇਨਕਲਾਬ ਤੋਂ ਪਹਿਲਾਂ ਅਤੇ ਪਿੱਛੋਂ ਵੀ ਮੈਂਬਰਾਂ ਦੀ ਗਿਣਤੀ

ਬਹੁਤ ਘੱਟਦੀ ਵੱਧਦੀ ਰਹੀ ਹੈ ਅਤੇ ਇੱਥੋਂ ਤੱਕ ਕਿ 1918 ਅਤੇ 1919[1] ਵਿੱਚ ਵੀ ਬਹੁਤ ਘੱਟ ਹੁੰਦੀ ਸੀ। ਸਾਨੂੰ ਪਾਰਟੀ ਦੇ ਹੱਦੋਂ ਵੱਧ ਵਾਧੇ ਸਬੰਧੀ ਤੌਖਲਾ ਸੀ ਕਿਉਂਕਿ ਆਪਣੇ ਜੀਵਨ ਵਿੱਚ ਉੱਨਤੀ ਕਰਨ ਦੇ ਇਛੱਕ ਅਤੇ ਪਖੰਡੀ ਲੋਕ, ਜਿਹੜੇ ਗੋਲ਼ੀ ਮਾਰਨ ਯੋਗ ਹਨ, ਹਾਕਮ ਪਾਰਟੀ ਦੀਆਂ ਸਫ਼ਾਂ ਵਿੱਚ ਘੁੱਸ ਆਉਣ ਦਾ ਪੂਰਾ ਯਤਨ ਕਰਦੇ ਹਨ। ਪਿਛਲੀ ਵਾਰ (1919 ਦੇ ਸਿਆਲ ਵਿੱਚ) ਜਦੋਂ ਅਸਾਂ ਪਾਰਟੀ ਦੇ ਦਰ ਉੱਕਾ ਖੋਹਲ ਦਿੱਤੇ (ਪਰ ਕੇਵਲ ਕਿਰਤੀਆਂ ਅਤੇ ਕਿਸਾਨਾਂ ਲਈ) ਤਾਂ ਯੁਦੇਨਿਚ ਪੀਤਰੋਗਾਰਡ ਤੋਂ ਕੁਝ ਹੀ ਵੇਰਸਤ ਦੂਰ ਸੀ ਅਤੇ ਦੇਨੀਕਿਨ ਓਰੇਲ ਅੱਪੜਿਆ ਹੋਇਆ ਸੀ, (ਮਾਸਕੋ ਤੋਂ ਲਗਭਗ 350 ਵੇਰਸਤ ਦੂਰ), ਅਰਥਾਤ, ਜਦੋਂ ਸੋਵੀਅਤ ਜਮਹੂਰੀਅਤ ਨੂੰ ਬਹੁਤ ਮਾਰੂ ਖ਼ਤਰਾ ਪੇਸ਼ ਸੀ ਅਤੇ ਜਦੋਂ ਮੁਹਿਮਬਾਜ਼, ਆਪਣੇ ਜੀਵਨ ਵਿੱਚ ਉੱਨਤੀ ਕਰਨ ਦੇ ਇਛੱਕ, ਪਖੰਡੀ ਅਤੇ ਬੇਇਤਬਾਰੇ ਲੋਕਾਂ ਨੂੰ ਆਮ ਤੌਰ ’ਤੇ ਕਮਿਊਨਿਸਟ[2] ਪਾਰਟੀ ਵਿੱਚ ਸ਼ਾਮਲ ਹੋ ਕੇ ਆਪਣਾ ਉੱਲੂ ਸਿੱਧਾ ਕਰਨ ਦੀ ਕੋਈ ਆਸ ਨਹੀਂ ਸੀ ਹੋ ਸਕਦੀ (ਸਗੋਂ ਇਹ ਆਸ ਕਰਨ ਦਾ ਵਧੇਰੇ ਕਾਰਨ ਸੀ ਕਿ ਇਹਦਾ ਸਿੱਟਾ ਫਾਂਸੀ ਅਤੇ ਤਸੀਹੇ ਹੋਵੇਗਾ)। ਪਾਰਟੀ ਦੀਆਂ ਸਾਲਾਨਾਂ ਕਾਂਗਰਸਾਂ ਨੇਮ ਨਾਲ਼ ਹੁੰਦੀਆਂ ਹਨ (ਪਿਛਲੀ ਕਾਂਗਰਸ 1,000 ਮੈਂਬਰਾਂ ਪਿੱਛੇ ਇੱਕ

---

1. 1917 ਦੇ ਫਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਲੈ ਕੇ 1919 ਤੱਕ ਅਤੇ 1919 ਸਮੇਤ ਪਾਰਟੀ ਦੇ ਮੈਂਬਰਾਂ ਦੀ ਗਿਣਤੀ ਇਸ ਪ੍ਰਕਾਰ ਬਦਲੀ: 1917 ਵਿੱਚ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀ ਸਤਵੀਂ (ਅਪ੍ਰੈਲ) ਕਾਨਫ਼ਰੰਸ ਸਮੇਂ 80,000 ਮੈਂਬਰ, ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ (ਬਾਲਸ਼ਵਿਕ) ਦੀ ਛੇਵੀ ਕਾਂਗਰਸ (ਜੁਲਾਈ-ਅਗਸਤ 1917) — ਲਗਭਗ 2,40,000, ਰੂਸੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਦੀ ਸਤਵੀਂ ਕਾਂਗਰਸ (ਮਾਰਚ 1918) - 3,00,000 ਤੋਂ ਘੱਟ ਨਹੀਂ; ਰੂਸੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਦੀ ਅਠੱਵੀਂ ਕਾਂਗਰਸ (ਮਾਰਚ 1919)- 3,13,766 ਮੈਂਬਰ।

2. ਇੱਥੇ ਇਸ਼ਾਰਾ ਹੈ ਰੂਸੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਦੀ ਅੱਠਵੀਂ ਕਾਂਗਰਸ ਦੇ ਫੈਸਲੇ ਅਨੁਸਾਰ ਪਾਰਟੀ ਦੇ ਮੈਂਬਰਾਂ ਦੀ ਗਿਣਤੀ ਵਿੱਚ ਵਾਧਾ ਕਰਨ ਲਈ ਮਨਾਏ ਗਏ ਪਾਰਟੀ ਹਫ਼ਤੇ ਵੱਲ। ਇਹ ਵਿਦੇਸ਼ੀ ਫ਼ੌਜੀ ਦਖ਼ਲ ਅਤੇ ਘਰੋਗੀ ਉਲਟ-ਇਨਕਲਾਬ ਵਿਰੁੱਧ ਸੋਵੀਅਤ ਲੋਕਾਂ ਦੇ ਜ਼ਬਰਦਸਤ ਘੋਲ਼ ਦਾ ਸਮਾਂ ਸੀ। ਪਾਰਟੀ ਜਥੇਬੰਦੀਆਂ ਨੇ ਅਗਸਤ-ਨਵੰਬਰ 1919 ਵਿਚ ਪਾਰਟੀ ਹਫ਼ਤਾ ਮਨਾਇਆ। ਰੂਸੀ ਸੋਵੀਅਤ ਫ਼ੈਡਰੇਟਿਵ ਸੋਸ਼ਲਿਸਟ ਰੀਪਬਲਿਕ ਦੇ 34 ਗੁਬਰਨੀਆਂ ਵਿੱਚ ਮਨਾਏ ਗਏ ਪਾਰਟੀ ਹਫ਼ਤੇ ਇਹਦੇ ਸਿੱਟੇ ਵਜੋਂ 2,00,000 ਲੋਕ ਪਾਰਟੀ ਵਿਚ ਸ਼ਾਮਲ ਹੋਏ, ਇਹਨਾਂ ਵਿੱਚੋਂ ਵਧੇਰੇ ਕਿਰਤੀ ਸਨ। ਮੋਰਚਿਆਂ ਉੱਤੇ ਫ਼ੌਜ ਅਤੇ ਸਮੁੰਦਰੀ ਫ਼ੌਜ ਦੇ ਅਮਲੇ ਦਾ ਲਗਭਗ 25 ਫ਼ੀਸਦੀ ਪਾਰਟੀ ਵਿੱਚ ਸ਼ਾਮਲ ਕਰ ਲਿਆ ਗਿਆ। ਲੈਨਿਨ ਨੇ ਲਿਖਿਆ ਕਿ ਜਿਹੜੇ ਕਿਰਤੀ ਅਤੇ ਕਿਸਾਨ ਅਜਿਹੀ ਨਾਜਕ ਘੜੀ ਪਾਰਟੀ ਵਿੱਚ ਸ਼ਾਮਲ ਹੋਏ ਹਨ, ਉਹ “ਇਨਕਲਾਬੀ ਪ੍ਰੋਲਤਾਰੀ ਅਤੇ ਕਿਸਾਨੀ ਦੇ ਲੁੱਟ-ਚੋਂਘ ਨਾ ਕਰਨ ਵਾਲ਼ੇ ਹਿੱਸੇ ਦੇ ਲੀਡਰਾਂ ਦਾ ਇੱਕ ਸ਼ਾਨਦਾਰ ਅਤੇ ਭਰੋਸੇਯੋਗ ਸਮੂਹ” ਹਨ।

ਡੈਲੀਗੇਟ ਦੇ ਆਧਾਰ ਉਤੇ ਹੋਈ) ਅਤੇ ਇਸਦੇ ਕੰਮ ਨੂੰ 19 ਮੈਂਬਰਾਂ ਦੀ ਇੱਕ ਕੇਂਦਰੀ ਕਮੇਟੀ ਚਲਾਉਂਦੀ ਹੈ ਜਿਸਨੂੰ ਕਾਂਗਰਸ ਚੁਣਦੀ ਹੈ ਅਤੇ ਮਾਸਕੋ ਵਿਚ ਨਿਤਾ-ਪ੍ਰਤੀ ਦਾ ਕੰਮ ਹੋਰ ਵੀ ਛੁਟੇਰੀਆਂ ਸਭਾਵਾਂ ਚਲਾਉਂਦੀਆਂ ਹਨ ਜਿਨ੍ਹਾਂ ਨੂੰ "ਓਰਗਬਿਊਰੋ" (ਜਥੇਬੰਦੀ-ਬਿਊਰੋ) ਅਤੇ "ਪੋਲਿਟਬਿਊਰੋ" (ਰਾਜਸੀ-ਬਿਉਰੋ) ਕਿਹਾ ਜਾਂਦਾ ਹੈ, ਜਿਹੜੇ ਕੇਂਦਰੀ ਕਮੇਟੀ ਦੇ ਪੂਰਨ ਸਮਾਗਮਾਂ ਵਿੱਚ ਚੁਣੇ ਜਾਂਦੇ ਹਾਂ ਅਤੇ ਹਰ ਇਕ ਵਿੱਚ ਕੇਂਦਰੀ ਕਮੇਟੀ ਦੇ ਪੰਜ ਪੰਜ ਮੈਂਬਰ ਹੁੰਦੇ ਹਨ। ਵੇਖਣ ਨੂੰ ਇਹ ਜਾਪਦਾ ਹੈ ਕਿ ਇਹ ਮੁਕੰਮਲ "ਜੁੰਡੀ-ਰਾਜ" ਹੈ। ਸਾਡੇ ਗਣ-ਰਾਜ ਵਿੱਚ ਕੈਦੀ ਰਿਆਸਤੀ ਸੰਸਥਾ ਪਾਰਟੀ ਦੀ ਕੇਂਦਰੀ ਕਮੇਟੀ ਦੀ ਅਗਵਾਈ ਤੋਂ ਬਿਨਾਂ ਕੋਈ ਮਹੱਤਵਪੂਰਨ ਰਾਜਸੀ ਜਾਂ ਜਥੇਬੰਦਕ ਮਸਲਾ ਹੱਲ ਨਹੀਂ ਕਰ ਸਕਦੀ।

ਆਪਣੇ ਕੰਮ ਵਿੱਚ ਪਾਰਟੀ **ਟਰੇਡ ਯੂਨੀਅਨਾਂ** ਦਾ ਸਿੱਧਾ ਸਹਾਰਾ ਲੈਂਦੀ ਹੈ। ਜਿਨ੍ਹਾਂ ਦੇ ਮੈਂਬਰਾਂ ਦੀ ਗਿਣਤੀ ਪਿਛਲੀ ਕਾਂਗਰਸ ਅਨੁਸਾਰ (ਅਪ੍ਰੈਲ 1920) ਹੁਣ 40 ਲੱਖ ਹੈ ਅਤੇ ਜਿਹੜੀਆਂ ਰਸਮੀ ਤੌਰ 'ਤੇ **ਗ਼ੈਰ-ਪਾਰਟੀ** ਜਥੇਬੰਦੀਆਂ ਹਨ। ਅਸਲੀਅਤ ਵਿੱਚ ਯੂਨੀਅਨਾਂ ਦੀ ਵੱਡੀ ਬਹੁ-ਗਿਣਤੀ ਅਤੇ ਸਭ ਤੋਂ ਪਹਿਲਾਂ, ਨਿਸ਼ਚੇ ਹੀ, ਕੁੱਲ-ਰੂਸ ਆਮ ਟਰੇਡ ਯੂਨੀਅਨ ਕੇਂਦਰ (ਟਰੇਡ ਯੂਨੀਅਨਾਂ ਦੀ ਕੁੱਲ-ਰੂਸ ਕੇਂਦਰੀ ਪ੍ਰੀਸ਼ਦ) ਦੀਆਂ ਸਭਨਾਂ ਆਗੂ ਸੰਸਥਾਵਾਂ ਦੇ ਮੈਂਬਰ ਕਮਿਊਨਿਸਟ ਹਨ ਅਤੇ ਪਾਰਟੀ ਦੀਆਂ ਹਦਾਇਤਾਂ ਉੱਤੇ ਅਮਲ ਕਰਦੇ ਹਨ। ਇਉਂ, ਸਮੁੱਚੇ ਤੌਰ 'ਤੇ, ਇਕ ਰਸਮੀ ਤੌਰ 'ਤੇ ਗ਼ੈਰ-ਪਾਰਟੀ, ਲਚਕੀਲਾ ਅਤੇ ਕੁਝ ਹੱਦ ਤੱਕ ਵਿਸ਼ਾਲ ਅਤੇ ਬਹੁਤ ਬਲਵਾਨ ਪ੍ਰੋਲਤਾਰੀ ਸਾਧਨ ਬਣਦਾ ਹੈ ਜਿਸ ਰਾਹੀਂ **ਸ਼੍ਰੇਣੀ** ਅਤੇ **ਜਨਤਾ** ਨਾਲ਼ ਪਾਰਟੀ ਦਾ ਨੇੜਵਾਂ ਸਬੰਧ ਬਣਦਾ ਹੈ ਜਿਸ ਰਾਹੀਂ ਪਾਰਟੀ ਦੀ ਅਗਵਾਈ ਹੇਠ **ਸ਼੍ਰੇਣੀ ਦੀ ਡਿਕਟੇਟਰਸ਼ਿਪ** ਅਮਲ ਵਿੱਚ ਆਉਂਦੀ ਹੈ। ਟਰੇਡ ਯੂਨੀਅਨਾਂ ਨਾਲ਼ ਨੇੜਵੇਂ ਸਬੰਧਾਂ ਅਤੇ ਨਾ ਕੇਵਲ ਆਰਥਕ ਮਾਮਲਿਆਂ **ਸਗੋਂ ਫ਼ੌਜੀ** ਮਾਮਲਿਆਂ ਵਿੱਚ ਵੀ ਉਹਨਾਂ ਦੀ ਜ਼ੋਰਦਾਰ ਹਮਾਇਤ ਅਤੇ ਲਗਨ ਵਾਲ਼ੇ ਯਤਨਾਂ ਤੋਂ ਬਿਨਾਂ ਸਾਡੇ ਲਈ ਢਾਈ ਮਹੀਨੇ ਵੀ ਦੇਸ਼ ਉੱਤੇ ਰਾਜ ਕਰਨਾ ਅਤੇ ਡਿਕਟੇਟਰਸ਼ਿਪ ਕਾਇਮ ਰੱਖਣਾ ਅਸੰਭਵ ਹੁੰਦਾ, ਢਾਈ ਵਰ੍ਹਿਆਂ ਦੀ ਤਾਂ ਗੱਲ ਹੀ ਛੱਡੋ। ਅਮਲ ਵਿੱਚ ਇਹਨਾਂ ਬਹੁਤ ਨੇੜਵੇਂ ਸਬੰਧਾਂ ਲਈ ਪ੍ਰਚਾਰ ਅਤੇ ਐਜ਼ੀਟੇਸ਼ਨ ਦੇ ਰੂਪ ਵਿੱਚ ਅਤਿ ਪੇਚਕਾਰ ਅਤੇ ਵੰਨ-ਸਵੰਨੇ ਕੰਮ ਦੀ, ਨਾ ਕੇਵਲ ਮੁੱਖੀ ਟਰੇਡ ਯੂਨੀਅਨ ਕਾਮਿਆਂ ਨਾਲ਼ ਸਗੋਂ ਆਮ ਤੌਰ 'ਤੇ ਬਾਰਸੂਖ ਟਰੇਡ ਯੂਨੀਅਨ ਕਾਮਿਆਂ ਨਾਲ਼ ਵੀ ਸਮੇਂ ਸਿਰ ਅਤੇ ਅਕਸਰ ਮਿਲ਼ਣੀਆਂ ਦੀ ਲੋੜ ਹੁੰਦੀ ਹੈ; ਇਹਦੇ ਲਈ ਮੈਨਸ਼ਵਿਕਾਂ ਵਿਰੁੱਧ ਸਿਰੜੀ ਘੋਲ਼ ਦੀ ਲੋੜ ਹੈ ਜਿਨ੍ਹਾਂ ਦੇ ਅਜੇ ਟਰੇਡ ਯੂਨੀਅਨਾਂ ਵਿੱਚ ਕੁਝ, ਭਾਵੇ ਬਹੁਤ ਥੋੜ੍ਹੇ ਅਨੁਸਾਰੀ ਹਨ ਜਿਨ੍ਹਾਂ ਨੂੰ ਉਹ ਹਰ ਤਰ੍ਹਾਂ ਦੀਆਂ ਉਲਟ-ਇਨਕਲਾਬੀ ਚਾਲਾਂ ਸਿਖਾਉਂਦੇ ਹਨ, ਜਿਨ੍ਹਾਂ ਵਿੱਚ (**ਬੁਰਜੂਆ**) ਜਮਹੂਰੀਅਤ ਦੀ ਵਿਚਾਰਧਾਰਕ ਹਮਾਇਤ ਅਤੇ ਇਹ ਪ੍ਰਚਾਰ ਕਿ ਟਰੇਡ ਯੂਨੀਅਨਾਂ "ਸੁਤੰਤਰ" ਹੋਣੀਆਂ ਚਾਹੀਦੀਆਂ ਹਨ (ਪ੍ਰੋਲਤਾਰੀ ਰਿਆਸਤੀ ਸੱਤ੍ਹਾ ਤੋਂ ਸੁਤੰਤਰ!) ਤੋਂ ਲੈ ਕੇ ਪ੍ਰੋਲਤਾਰੀ ਡਸਿਪਲਿਨ ਦੇ ਸਾਬੋਤਾਜ, ਇਤਿ-ਆਦਿ ਤੱਕ ਸ਼ਾਮਲ ਹਨ।

ਅਸੀਂ ਸਮਝਦੇ ਹਾਂ ਕਿ ਟਰੇਡ ਯੂਨੀਅਨਾਂ ਰਾਹੀਂ ਜਨਤਾ ਨਾਲ਼ ਸਬੰਧ ਕਾਫ਼ੀ

ਨਹੀਂ। ਸਾਡੀਆਂ ਇਨਕਲਾਬੀ, ਅਮਲੀ ਸਰਗਰਮੀਆਂ ਨੇ **ਗੈਰ-ਪਾਰਟੀ ਕਿਰਤੀਆਂ ਅਤੇ ਕਿਸਾਨਾਂ ਦੀਆਂ ਕਾਨਫੰਰਸਾਂ** ਜਿਹੀਆਂ ਸੰਸਥਾਵਾਂ ਨੂੰ ਜਨਮ ਦਿੱਤਾ ਹੈ ਅਤੇ ਅਸੀਂ ਹਰ ਸੰਭਵ ਢੰਗ ਨਾਲ਼ ਇਸ ਸੰਸਥਾ ਦੀ ਹਮਾਇਤ ਕਰਨ ਅਤੇ ਇਹਨੂੰ ਵਿਕਸਤ ਕਰਨ ਅਤੇ ਵਧਾਉਣ ਦਾ ਯਤਨ ਕਰਦੇ ਹਾਂ ਤਾਂ ਜੁ ਸਾਨੂੰ ਜਨਤਾ ਦੇ ਰੌਂ ਦਾ ਪਤਾ ਲੱਗ ਸਕੇ, ਅਸੀਂ ਉਹਨਾਂ ਦੇ ਨੇੜੇ ਆ ਸਕੀਏ, ਉਹਨਾਂ ਦੀਆਂ ਲੋੜਾਂ ਪੂਰੀਆਂ ਕਰ ਸਕੀਏ ਅਤੇ ਉਹਨਾਂ ਵਿੱਚ ਸਰਵਉੱਤਮ ਨੂੰ ਰਿਆਸਤੀ ਪਦਵੀਆਂ ਉੱਤੇ ਤਰਕੀ ਦੇ ਸਕੀਏ, ਆਦਿ। ਪਿੱਛੇ ਜਿਹੇ ਰਿਆਸਤੀ ਕੰਟਰੋਲ ਦੀ ਜਨਤਕ ਕੁਮਿਸਰੀਅਤ ਨੂੰ "ਕਿਰਤੀਆਂ ਅਤੇ ਕਿਸਾਨਾਂ ਦੀ ਮੁਆਇਨਾ ਸੰਸਥਾ" ਵਿੱਚ ਤਬਦੀਲ ਕਰਨ ਦੇ ਫ਼ਰਮਾਨ ਅਨੁਸਾਰ ਅਜਿਹੀਆਂ ਗ਼ੈਰ-ਪਾਰਟੀ ਕਾਨਫ਼ਰੰਸਾਂ ਨੂੰ ਇਹ ਅਖ਼ਤਿਆਰ ਦਿੱਤਾ ਗਿਆ ਹੈ ਕਿ ਉਹ ਵੱਖ ਵੱਖ ਕਿਸਮ ਦੀ ਤਫ਼ਤੀਸ਼ ਕਰਨ ਲਈ ਰਿਆਸਤੀ ਕੰਟਰੋਲ ਦੇ ਮੈਂਬਰ ਚੁਣਨ, ਆਦਿ।

ਫੇਰ, ਨਿਸ਼ਚੇ ਹੀ, ਪਾਰਟੀ ਦਾ ਸਾਰਾ ਕੰਮ ਸੋਵੀਅਤਾਂ ਰਾਹੀ ਹੁੰਦਾ ਹੈ, ਜਿਨ੍ਹਾਂ ਵਿੱਚ ਕਿਤੇ ਦੇ ਵਿਤਕਰੇ ਤੋਂ ਬਿਨਾਂ ਸਭੇ ਕਿਰਤੀ ਲੋਕ ਸ਼ਾਮਲ ਹੁੰਦੇ ਹਨ। ਸੋਵੀਅਤਾਂ ਦੀਆਂ ਜ਼ਿਲ੍ਹਾ ਕਾਂਗਰਸਾਂ **ਜਮਹੂਰੀ** ਸੰਸਥਾਵਾਂ ਹਨ, ਜਿਨ੍ਹਾਂ ਦੀ ਮਿਸਾਲ ਬੁਰਜੂਆ ਦੁਨੀਆ ਦੀਆਂ ਸਰਵਉੱਤਮ ਗਣ-ਰਾਜੀ ਜਮਹੂਰੀਅਤਾਂ ਵਿੱਚ ਵੀ ਕਦੇ ਵੇਖਣ ਵਿੱਚ ਨਹੀਂ ਆਈ; ਇਹਨਾਂ ਕਾਂਗਰਸਾਂ ਰਾਹੀਂ (ਜਿਨ੍ਹਾਂ ਦੀ ਕਾਰਵਾਈ ਵੱਲ ਪਾਰਟੀ ਵੱਧ ਤੋਂ ਵੱਧ ਧਿਆਨ ਦੇਣ ਦਾ ਯਤਨ ਕਰਦੀ ਹੈ) ਅਤੇ ਸਦਾ ਸ਼੍ਰੇਣੀ-ਚੇਤੰਨ ਕਿਰਤੀਆਂ ਨੂੰ ਪੇਂਡੂ ਇਲਾਕਿਆਂ ਵਿੱਚ ਵੱਖ ਵੱਖ ਅਹੁੱਦਿਆਂ ਉੱਤੇ ਲਾ ਕੇ ਪ੍ਰੋਲਤਾਰੀ ਆਪਣਾ ਕਿਸਾਨੀ ਦਾ ਨੇਤਾ ਹੋਣ ਦਾ ਰੋਲ ਪੂਰਾ ਕਰਦਾ ਹੈ, ਸ਼ਹਿਰੀ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਲਾਗੂ ਕਰਦਾ ਹੈ ਅਤੇ ਧਨੀ, ਬੁਰਜੂਆ, ਲੋਟੂ ਅਤੇ ਨਫ਼ਾ ਖੋਰ ਕਿਸਾਨੀ ਵਿਰੁੱਧ ਇੱਕ ਬਾਕਾਇਦਾ ਘੋਲ਼ ਕਰਦਾ ਹੈ।

"ਉੱਪਰ ਵੱਲੋਂ" ਵੇਖਦੇ ਹੋਏ ਅਮਲ ਵਿੱਚ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਲਾਗੂ ਕਰਨ ਦੇ ਦ੍ਰਿਸ਼ਟੀਕੋਣ ਤੋਂ, ਅਜਿਹੀ ਹੈ ਪ੍ਰੋਲਤਾਰੀ ਰਿਆਸਤ ਦੀ ਆਮ ਬਣਤਰ। ਇਸ ਗੱਲ ਦੀ ਆਸ ਕੀਤੀ ਜਾ ਸਕਦੀ ਹੈ ਕਿ ਪਾਠਕ ਇਹ ਸਮਝ ਲਵੇਗਾ ਕਿ ਰੂਸੀ ਬਾਲਸ਼ਵਿਕ, ਜੋ 25 ਵਰ੍ਹਿਆਂ ਤੋਂ ਇਸ ਬਣਤਰ ਨੂੰ ਜਾਣਦਾ ਹੈ ਅਤੇ ਜਿਸਨੇ ਇਹਨੂੰ ਨਿੱਕੇ, ਗ਼ੈਰ-ਕਾਨੂੰਨੀ ਅਤੇ ਗੁਪਤ ਹਲਕਿਆਂ ਤੋਂ ਵਿਕਸਿਤ ਹੁੰਦੇ ਵੇਖਿਆ ਹੈ, "ਉੱਪਰੋਂ" **ਜਾਂ** "ਹੇਠਾਂ ਤੋਂ", ਨੇਤਾਵਾਂ ਦੀ ਡਿਕਟੇਟਰਸ਼ਿਪ **ਜਾਂ** ਜਨਤਾ ਦੀ ਡਿਕਟੇਟਰਸ਼ਿਪ, ਆਦਿ ਸਬੰਧੀ ਇਸ ਬਹਿਸ ਨੂੰ ਹਾਸੋ ਹੀਣੀ ਅਤੇ ਬਚਗਾਨਾ ਬਕਵਾਸ ਸਮਝੇ ਬਿਨਾਂ ਨਹੀਂ ਰਹਿ ਸਕਦਾ, ਜੋ ਇਸ ਬਹਿਸ ਦੇ ਤੁਲ ਹੈ ਕਿ ਮਨੁੱਖ ਲਈ ਖੱਬੀ ਲੱਤ ਵਧੇਰੇ ਲੋੜੀਂਦੀ ਹੈ ਜਾਂ ਸੱਜੀ ਬਾਂਹ।

ਇਸੇ ਤਰ੍ਹਾਂ ਅਸੀਂ ਜਰਮਨ ਖੱਬੇ-ਪੱਖੀਆਂ ਦੇ ਉਹਨਾਂ ਲਫ਼ੌੜੀ, ਬੜੇ ਪੰਡਤਾਊ ਅਤੇ ਅਤਿ ਦੇ ਇਨਕਲਾਬੀ ਉਪਦੇਸ਼ਾਂ ਨੂੰ ਵੀ ਓਨੀ ਹੀ ਹਾਸੋ-ਹੀਣੀ ਅਤੇ ਬਚਗਾਨਾ ਬਕਵਾਸ ਕਿਉਂ ਨਾ ਸਮਝੀਏ, ਜਿਨ੍ਹਾਂ ਵਿੱਚ ਉਹ ਕਹਿੰਦੇ ਹਨ ਕਿ ਕਮਿਊਨਿਸਟ ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਵਿੱਚ ਕੰਮ ਨਹੀਂ ਕਰ ਸਕਦੇ ਅਤੇ ਉਹਨਾਂ ਨੂੰ ਇਹਨਾਂ ਵਿੱਚ ਕੰਮ ਨਹੀਂ ਕਰਨਾ ਚਾਹੀਦਾ, ਕਿ ਉਹਨਾਂ ਦਾ ਅਜਿਹੇ ਕੰਮ ਤੋਂ ਨਾਂਹ ਕਰਨਾ ਯੋਗ ਹੈ। ਕਿ ਇਹਨਾਂ

ਟਰੇਡ ਯੂਨੀਅਨਾਂ ਤੋਂ ਵੱਖ ਹੋ ਜਾਣਾ ਅਤੇ ਇੱਕ ਨਵੀਂ-ਨਕੋਰ ਅਤੇ ਬੇਦਾਗ 'ਕਿਰਤੀਆਂ ਦੀ ਯੂਨੀਅਨ' ਖੜ੍ਹੀ ਕਰਨੀ ਚਾਹੀਦੀ ਹੈ ਜਿਹੜੀ ਬੜੇ ਪਿਆਰੇ (ਅਤੇ, ਸ਼ੈਦ, ਆਮ ਤੌਰ 'ਤੇ ਬਹੁਤ ਨੌਂ-ਉਮਰ) ਕਮਿਊਨਿਸਟਾਂ ਨੇ ਖੜ੍ਹੀ ਕੀਤੀ ਹੁੰਦਾ ਹੈ, ਇਤ-ਆਦਿ।

ਸਰਮਾਏਦਾਰੀ ਸੋਸ਼ਲਿਜ਼ਮ ਨੂੰ ਅਟੱਲ ਤੌਰ 'ਤੇ ਵਿਰਸਾ ਦੇਂਦੀ ਹੈ, ਇੱਕ ਹੱਥ ਕਿਰਤੀਆਂ ਵਿਚਕਾਰ ਪੁਰਾਣੇ ਧੰਦਿਆਂ ਅਤੇ ਕਿੱਤਿਆਂ ਦੇ ਫ਼ਰਕ, ਜਿਹੜੇ ਸਦੀਆਂ ਦੇ ਦੌਰਾਨ ਵਿਕਸਿਤ ਹੋਏ ਹਨ ਅਤੇ ਦੂਜੇ ਹੱਥ ਟਰੇਡ ਯੂਨੀਅਨਾਂ, ਜਿਹੜੀਆਂ ਬੜੀ ਹੌਲ਼ੀ-ਹੌਲ਼ੀ ਅਤੇ ਅਨੇਕ ਵਰ੍ਹਿਆਂ ਪਿੱਛੋਂ ਵਿਕਸਤ ਹੋ ਕੇ ਅਜਿਹੀਆਂ ਵਿਸਤ੍ਰਿਤ ਸਨਅਤੀ ਯੂਨੀਅਨਾਂ ਬਣ ਸਕਦੀਆਂ ਹਨ ਅਤੇ ਬਣਨਗੀਆਂ, ਜੋ ਏਨੀਆਂ ਵੱਖ ਵੱਖ ਕਿੱਤਿਆਂ ਦੀਆਂ ਯੂਨੀਅਨਾਂ ਨਹੀਂ ਹੋਣਗੀਆਂ (ਜੋ ਪੂਰੀਆਂ ਸਨਅਤਾਂ ਦੀਆਂ ਯੂਨੀਅਨਾਂ ਹੋਣਗੀਆਂ ਅਤੇ ਕੇਵਲ ਧੰਦਿਆਂ, ਕਿੱਤਿਆਂ ਅਤੇ ਰੁਜ਼ਗਾਰਾਂ ਦੀਆਂ ਨਹੀਂ) ਅਤੇ ਫੇਰ ਇਹਨਾਂ ਸਨਅਤੀ ਯੂਨੀਅਨਾਂ ਰਾਹੀਂ ਲੋਕਾਂ ਵਿਚਕਾਰ ਕਿਰਤ ਦੀ ਵੰਡ ਖ਼ਤਮ ਕਰਨ ਅਤੇ ਲੋਕਾਂ ਨੂੰ ਵਿਦਿਆ ਅਤੇ ਸਿੱਖਿਆ ਦੇਣ, ਉਹਨਾਂ ਨੂੰ **ਸਰਬੰਗੀ ਵਿਕਸਤ** ਕੀਤਾ ਅਤੇ ਉਹਨਾਂ ਨੂੰ **ਸਰਬੰਗੀ** ਸਿੱਖਿਆ ਦਿੱਤੀ ਜਾ ਸਕਦੀ ਹੈ, ਜਿਸ ਰਾਹੀਂ ਅਜਿਹੇ ਲੋਕ ਤਿਆਰ ਹੋਣਗੇ ਜੋ **ਸਭ ਕੁਝ ਕਰ ਸਕਦੇ ਹਨ।** ਕਮਿਊਨਿਜ਼ਮ ਇਸ ਆਸ਼ੇ ਵੱਲ ਵੱਧ ਰਿਹਾ ਹੈ ਉਹਦੇ ਲਈ ਇਸ ਆਸ਼ੇ ਵੱਲ ਵੱਧਣਾ ਲਾਜ਼ਮੀ ਹੈ ਅਤੇ ਉਹ ਇਸ ਆਸ਼ੇ 'ਤੇ **ਅੱਪੜ ਜਾਵੇਗਾ**, ਪਰ ਅਨੇਕ ਵਰ੍ਹਿਆਂ ਪਿੱਛੋਂ। ਇਸ ਪੂਰੀ ਤਰ੍ਹਾਂ ਵਿਕਸਤ, ਪੂਰੀ ਤਰ੍ਹਾਂ ਬਣੇ ਅਤੇ ਸਥਾਪਤ, ਪੂਰੀ ਤਰ੍ਹਾਂ ਸਰਬੰਗੀ ਅਤੇ ਪ੍ਰਪੱਕ ਕਮਿਊਨਿਜ਼ਮ ਦੇ ਭਵਿੱਖ ਦੇ ਸਿੱਟੇ ਸਮੇਂ ਤੋਂ ਪਹਿਲਾਂ, ਅੱਜ ਹੀ ਲਾਗੂ ਕਰਨ ਦਾ ਯਤਨ ਕਰਨਾ ਚਾਰ ਵਰ੍ਹੇ ਦੇ ਬੱਚੇ ਨੂੰ ਉਚੇਰਾ ਗਣਿਤ ਪੜ੍ਹਾਉਣ ਦੇ ਤੁਲ ਹੈ।

ਅਸੀਂ ਖ਼ਿਆਲੀ ਮਨੁੱਖਾਂ ਨੂੰ ਜਾਂ ਵਿਸ਼ੇਸ਼ ਤੌਰ 'ਤੇ ਸਾਡੇ ਲਈ ਤਿਆਰ ਕੀਤੇ ਮਨੁੱਖਾਂ ਨੂੰ ਲੈ ਕੇ ਨਹੀਂ ਸਗੋਂ ਸਰਮਾਏਦਾਰੀ ਤੋਂ ਵਿਰਸੇ ਵਿੱਚ ਮਿਲ਼ੇ ਮਨੁੱਖਾਂ ਨੂੰ ਲੈ ਕੇ ਸ਼ੋਸ਼ਲਿਜ਼ਮ ਹੀ ਉਸਾਰੀ ਸ਼ੁਰੂ ਕਰ ਸਕਦੇ ਹਾਂ (ਅਤੇ ਕਰਨੀ ਚਾਹੀਦੀ ਹੈ)। ਨਿਸ਼ਚੇ ਹੀ ਇਹ ਬਹੁਤ ਸੌਖਾ ਕੰਮ ਨਹੀਂ ਪਰ ਇਸ ਕੰਮ ਵੱਲ ਕੋਈ ਹੋਰ ਪਹੁੰਚ ਏਨੀ ਗੰਭੀਰ ਨਹੀਂ ਕਿ ਉਸ ਉੱਤੇ ਵਿਚਾਰ ਵੀ ਕੀਤੀ ਜਾਵੇ।

ਸਰਮਾਏਦਾਰਾ ਵਿਕਾਸ ਦੇ ਮੁੱਢਲੇ ਦਿਨਾਂ ਵਿੱਚ ਟਰੇਡ ਯੂਨੀਅਨਾਂ ਦੀ ਸਥਾਪਤੀ ਕਿਰਤੀ ਸ਼੍ਰੇਣੀ ਲਈ ਇੱਕ ਅਥਾਹ ਅੱਗੇ-ਵਧੂ ਕਦਮ ਸੀ ਕਿਉਂਕਿ ਉਹ ਕਿਰਤੀਆਂ ਵਿੱਚ ਫੁੱਟ ਅਤੇ ਬੇਬਸੀ ਤੋਂ ਸ਼੍ਰੇਣੀ ਜਥੇਬੰਦੀ ਵੱਲ ਕਾਇਆ-ਪਲਟ ਦਾ **ਮੁੱਢਲਾ ਰੂਪ** ਸਨ। ਪਰ ਜਦੋਂ ਜਦੋਂ **ਪ੍ਰੋਲਤਾਰੀ ਦੀ ਇਨਕਲਾਬੀ ਪਾਰਟੀ**, ਪ੍ਰੋਲਤਾਰੀ ਦੀ ਸ਼੍ਰੇਣੀ ਜਥੇਬੰਦੀ ਦਾ **ਸਰਵਉੱਚ** ਰੂਪ ਪ੍ਰਗਟ ਹੋਣ ਲੱਗਾ (ਅਤੇ ਪਾਰਟੀ ਤਾਂ ਹੀ ਪਾਰਟੀ ਅਖਵਾ ਸਕੇਗੀ ਜੇ ਉਹ ਨੇਤਾਵਾਂ ਨੂੰ ਸ਼੍ਰੇਣੀ ਅਤੇ ਜਨਤਾ ਨਾਲ਼ ਇੱਕ ਅਵੰਡ ਇਕਾਈ ਦੇ ਰੂਪ ਵਿੱਚ ਜੋੜਨ ਦਾ ਕੰਮ ਸਿੱਖ ਲਵੇਗੀ) ਤਾਂ ਟਰੇਡ ਯੂਨੀਅਨਾਂ ਵਿੱਚ ਅਟੱਲ ਤੌਰ 'ਤੇ **ਕੁਝ** ਪਿੱਛੇ-ਖਿੱਚੂ ਲੱਛਣ, ਕੁਝ ਵਿਰਤਕ ਤੰਗ-ਨਜ਼ਰੀ, ਗੈਰ-ਰਾਜਸੀ ਹੋਣ ਵੱਲ ਕੁਝ ਝੁਕਾਅ, ਕੁਝ ਸਿਥਲਤਾ, ਆਦਿ ਦਿੱਸਣ ਲੱਗ ਪਈ। ਪਰ ਦੁਨੀਆ ਵਿੱਚ ਕਿਸੇ ਥਾਂ ਪ੍ਰੋਲਤਾਰੀ ਦਾ ਵਿਕਾਸ ਟਰੇਡ ਯੂਨੀਅਨਾਂ ਅਤੇ ਟਰੇਡ ਯੂਨੀਅਨਾਂ

ਅਤੇ ਕਿਰਤੀ ਸ਼੍ਰੇਣੀ ਦੀ ਪਾਰਟੀ ਵਿਚਕਾਰ ਪਰਸਪਰ ਅਮਲ ਤੋਂ ਬਿਨਾਂ ਕਿਸੇ ਹੋਰ ਸਾਧਨ ਰਾਹੀਂ ਨਹੀਂ ਹੋਇਆ ਅਤੇ ਨਾ ਹੀ ਹੋ ਸਕਦਾ ਹੈ। ਪ੍ਰੋਲਤਾਰੀ ਦਾ ਰਾਜਸੀ ਸੱਤ੍ਹਾ ਜਿੱਤ ਲੈਣਾ ਇੱਕ ਸ਼੍ਰੇਣੀ ਦੇ ਤੌਰ 'ਤੇ ਪ੍ਰੋਲਤਾਰੀ ਲਈ ਇੱਕ ਮਹਾਨ ਅੱਗੇ-ਵਧੂ ਕਦਮ ਹੈ ਅਤੇ ਇਹ ਲਾਜ਼ਮੀ ਹੈ ਕਿ ਪਾਰਟੀ ਸਦਾ ਨਾਲ਼ੋਂ ਵੱਧ ਅਤੇ ਕੇਵਲ ਪੁਰਾਣੇ ਢੰਗ ਨਾਲ਼ ਹੀ ਨਹੀਂ ਸਗੋਂ ਨਵੇਂ ਢੰਗ ਨਾਲ਼ ਟਰੇਡ ਯੂਨੀਅਨਾਂ ਨੂੰ ਸਿੱਖਿਆ ਦੇਵੇ ਅਤੇ ਉਹਨਾਂ ਦੀ ਅਗਵਾਈ ਕਰੇ ਅਤੇ ਇਹਦੇ ਨਾਲ਼ ਹੀ ਨਾਲ਼ ਇਹ ਵੀ ਯਾਦ ਰੱਖੇ ਕਿ ਟਰੇਡ ਯੂਨੀਅਨਾਂ "ਕਮਿਊਨਿਜ਼ਮ ਦਾ" ਜ਼ਰੂਰੀ "ਸਕੂਲ" ਹਨ ਅਤੇ ਲੰਮੇ ਸਮੇਂ ਤੱਕ ਰਹਿਣਗੀਆਂ ਅਤੇ ਅਜਿਹਾ ਮੁੱਢਲਾ ਸਕੂਲ ਹਨ, ਜਿਸ ਵਿੱਚ ਪ੍ਰੋਲਤਾਰੀ ਨੂੰ ਆਪਣੀ ਡਿਕਟੇਟਰਸ਼ਿਪ ਚਲਾਉਣੀ ਸਿਖਾਈ ਜਾਂਦੀ ਹੈ, ਕਿਰਤੀਆਂ ਦੀ ਇੱਕ ਅਜਿਹੀ ਜ਼ਰੂਰੀ ਜਥੇਬੰਦੀ ਹਨ ਜਿਸ ਰਾਹੀਂ ਦੇਸ਼ ਦੇ ਆਰਥਕ ਪ੍ਰਬੰਧ ਦੀ ਪੂਰੀ ਵਾਗ-ਡੋਰ ਕਿਰਤੀ **ਸ਼੍ਰੇਣੀ** ਦੇ ਹੱਥ ਵਿੱਚ (ਅਤੇ ਵੱਖ ਵੱਖ ਕਿੱਤਿਆਂ ਦੇ ਹੱਥ ਵਿੱਚ ਨਹੀਂ) ਆ ਜਾਂਦੀ ਹੈ ਅਤੇ ਫੇਰ ਸਭਨਾਂ ਕਿਰਤੀ ਲੋਕਾਂ ਦੇ ਹਵਾਲੇ ਕਰ ਦਿੱਤੀ ਜਾਂਦੀ ਹੈ।

ਉੱਪਰ ਦੱਸੇ ਗਏ ਅਰਥਾਂ ਵਿੱਚ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਅਧੀਨ ਟਰੇਡ ਯੂਨੀਅਨਾਂ ਵਿੱਚ **ਕੁਝ** "ਪਿੱਛੇ-ਖਿੱਚੂਪੁਣਾ" **ਅਟੱਲ** ਹੈ। ਇਹ ਗੱਲ ਨਾ ਸਮਝਣਾ ਸਰਮਾਏਦਾਰੀ ਤੋਂ ਸ਼ੋਸਲਿਜ਼ਮ ਵਿੱਚ **ਤਬਦੀਲੀ** ਦੀਆਂ ਬੁਨਿਆਦੀ ਸ਼ਰਤਾਂ ਸਮਝਣੋਂ ਉੱਕਾ ਹੀ ਅਸਮਰੱਥ ਰਹਿਣਾ ਹੈ। **ਇਸ** "ਪਿੱਛੇ-ਖਿੱਚਪੁਣੇ" ਤੋਂ ਡਰਨਾ, ਇਸ ਤੋਂ **ਘੁਸਾਈ** ਮਾਰਨੀ ਜਾਂ ਇਸ ਦੇ ਉੱਪਰੋਂ ਟੱਪ ਕੇ ਲੰਘ ਜਾਣ ਦਾ ਯਤਨ ਕਰਨਾ ਪਰਲ਼ੇ ਦਰਜੇ ਦੀ ਬੇਵਕੂਫ਼ੀ ਹੋਵੇਗੀ, ਕਿਉਂਕਿ ਇਹਦੇ ਅਰਥ ਹੋਣਗੇ ਕਿਰਤੀ ਸ਼੍ਰੇਣੀ ਅਤੇ ਕਿਸਾਨੀ ਦੀਆਂ ਅਤਿਅੰਤ ਪਛੜੀਆਂ ਪਰਤਾਂ ਅਤੇ ਸਮੂਹਾਂ ਨੂੰ ਸਿੱਖਿਆ ਦੇਣ, ਜਾਗ੍ਰਤ ਕਰਨ ਅਤੇ ਉਹਨਾਂ ਨੂੰ ਨਵੇਂ ਜੀਵਨ ਵਿੱਚ ਖਿੱਚਣ ਸਬੰਧੀ ਪ੍ਰੋਲਤਾਰੀ ਦੇ ਹਰਾਵਲ ਦਸਤੇ ਦੇ ਕਰਤੱਵ ਤੋਂ ਡਰਨਾ। ਦੂਜੇ ਪਾਸੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਸਥਾਪਤੀ ਉਸ ਸਮੇਂ ਤੱਕ ਪਿੱਛੇ ਪਾ ਦੇਣਾ ਜਦੋਂ ਤੱਕ ਇੱਕ ਵੀ ਵਿਰਤਕ ਦ੍ਰਿਸ਼ਟੀਕੋਣ ਦੀ ਤੰਗ-ਨਜ਼ਰੀ ਵਾਲਾ ਜਾਂ ਵਿਰਤਕ ਅਤੇ ਵਿਰਤਕ-ਯੂਨੀਅਨ ਤੁਅਸਬਾਂ ਵਾਲਾ ਕਿਰਤੀ ਬਾਕੀ ਨਹੀਂ ਰਹੇਗਾ, ਹੋਰ ਵਡੇਰੀ ਗ਼ਲਤੀ ਹੋਵੇਗੀ। ਰਾਜਨੀਤੀ ਦੀ ਕਲਾ (ਅਤੇ ਆਪਣੇ ਕਾਰਜਾਂ ਸਬੰਧੀ ਕਮਿਊਨਿਸਟਾਂ ਦੀ ਸਮਝ) ਇਸ ਵਿੱਚ ਹੈ ਕਿ ਉਹਨਾਂ ਪ੍ਰਸਥਿਤੀਆਂ ਅਤੇ ਛਿਣਾਂ ਨੂੰ ਠੀਕ ਤਰ੍ਹਾਂ ਜੋਖਿਆ ਜਾਵੇ ਜਦੋਂ ਪ੍ਰੋਲਤਾਰੀ ਦਾ ਹਰਾਵਲ ਦਸਤਾ ਸੱਤ੍ਹਾ ਆਪਣੇ ਹੱਥ ਵਿੱਚ ਲੈ ਸਕਦਾ ਹੈ, ਜਦੋਂ ਇਹ — ਸੱਤ੍ਹਾ 'ਤੇ ਕਬਜ਼ਾ ਕਰਨ ਦੇ ਦੌਰਾਨ ਅਤੇ ਉਸ ਤੋਂ ਪਿੱਛੋਂ — ਕਿਰਤੀ ਸ਼੍ਰੇਣੀ ਅਤੇ ਗ਼ੈਰ-ਪ੍ਰੋਲਤਾਰੀ ਕਿਰਤੀ ਜਨਤਾ ਦੀ ਚੋਖੀ ਵਿਸ਼ਾਲ ਪਰਤ ਦੀ ਚੋਖੀ ਹਮਾਇਤ ਜਿੱਤ ਸਕਦਾ ਹੈ, ਜਦੋਂ ਉਸ ਤੋਂ ਪਿੱਛੋਂ ਕਿਰਤੀ ਲੋਕਾਂ ਦੇ ਸਦਾ ਵਧੇਰੇ ਵਿਸ਼ਾਲ ਹਿੱਸਿਆਂ ਨੂੰ ਸਿੱਖਿਆ ਦੇ ਕੇ ਅਤੇ ਆਪਣੇ ਵੱਲ ਖਿਚ ਕੇ ਆਪਣੀ ਹਕੂਮਤ ਕਾਇਮ ਰੱਖਣ, ਮਜ਼ਬੂਤ ਬਣਾਉਣ ਅਤੇ ਵਧਾਉਣ ਵਿਚ ਸਫ਼ਲ ਹੋ ਸਕਦਾ ਹੈ।

ਹੋਰ ਵੀ। ਰੂਸ ਨਾਲ਼ੋਂ ਵੱਧ ਉੱਨਤ ਦੇਸ਼ਾਂ ਵਿੱਚ ਟਰੇਡ ਯੂਨੀਅਨਾਂ ਵਿੱਚ ਕੁਝ ਪਿੱਛੇ-ਖਿੱਚੂਪੁਣਾ ਸਾਡੇ ਦੇਸ ਨਾਲ਼ੋਂ ਕਿਤੇ ਵੱਧ ਮਾਤਰਾ ਵਿੱਚ ਪ੍ਰਗਟ ਹੋਇਆ ਹੈ ਅਤੇ ਪ੍ਰਗਟ

ਹੋਣਾ ਹੀ ਸੀ। ਸਾਡੇ ਮੇਨਸ਼ਵਿਕਾਂ ਨੂੰ ਟਰੇਡ ਯੂਨੀਅਨਾਂ ਦੀ ਹਮਾਇਤ ਮਿਲੀ (ਅਤੇ ਥੋੜ੍ਹੀ ਜਿਹੀ ਗਿਣਤੀ ਵਿੱਚ ਯੂਨੀਅਨਾਂ ਵੱਲੋਂ ਹੁਣ ਵੀ ਮਿਲਦੀ ਹੈ) ਤਾਂ ਇਹਦਾ ਕਾਰਨ ਉਹਨਾਂ ਯੂਨੀਅਨਾਂ ਦੀ ਵਿਰਤਕ ਤੰਗ-ਨਜ਼ਰੀ, ਵਿਰਤਕ ਖ਼ੁਦ-ਗ਼ਰਜ਼ੀ ਅਤੇ ਮੌਕਾ-ਪ੍ਰਸਤੀ ਸੀ। ਪੱਛਮ ਵਿੱਚ ਮੈਨਸ਼ਵਿਕਾਂ ਨੇ ਟਰੇਡ ਯੂਨੀਅਨਾਂ ਵਿੱਚ ਆਪਣੇ ਪੈਰ ਹੋਰ ਵੀ ਪੱਕੀ ਤਰ੍ਹਾਂ "ਜਮਾ ਲਏ ਹਨ"; ਉੱਥੇ **ਵਿਰਤਕ ਯੂਨੀਅਨ ਵਾਲੀ ਤੰਗ-ਨਜ਼ਰ, ਖ਼ੁਦ-ਗਰਜ਼, ਰੜ੍ਹੀ ਹੋਈ ਲਾਲਚੀ, ਨਿੱਕ-ਬੁਰਜੂਆ, "ਕਿਰਤੀ ਅਮੀਰਸ਼ਾਹੀ", ਜੋ ਸਾਮਰਾਜੀ ਵਿਚਾਰਾਂ ਵਾਲੀ ਹੈ ਅਤੇ ਜਿਸਨੂੰ ਸਾਮਰਾਜੀਆਂ ਨੇ ਭ੍ਰਿਸ਼ਟ ਕਰ ਦਿਤਾ ਹੋਇਆ ਹੈ**, ਸਾਡੇ ਦੇਸ਼ ਨਾਲੋਂ ਕਿਤੇ ਵਧੇਰੇ ਮਜ਼ਬੂਤ ਹਿੱਸੇ ਵਜੋਂ ਵਿਕਸਤ ਹੋਈ ਹੈ। ਇਸ ਸਬੰਧੀ ਕੋਈ ਵਿਵਾਦ ਨਹੀਂ ਹੋ ਸਕਦਾ। ਗੋਮਪਰਜ਼ ਵਿਰੁੱਧ ਅਤੇ ਪੱਛਮੀ ਯੂਰਪ ਵਿੱਚ ਜੂਓ, ਹੈਂਡਰਸਨ, ਮੇਰਹੀਮ, ਲੇਗੀਨ ਅਤੇ ਟੋਲੀ ਜਿਹੇ ਲੋਕਾਂ ਵਿਰੁਧ ਘੋਲ ਸਾਡੇ ਮੇਨਸ਼ਵਿਕਾਂ ਵਿਰੁਧ ਘੋਲ਼ ਨਾਲੋਂ ਕਿਤੇ ਕਰੜਾ ਹੋਵੇਗਾ, ਭਾਵੇਂ ਮੈਨਸ਼ਵਿਕ ਸਮਾਜੀ ਅਤੇ ਰਾਜਸੀ ਦ੍ਰਿਸ਼ਟੀ ਤੋਂ **ਬਿਲਕੁਲ ਹੀ ਇਕ-ਰੂਪ** ਹਨ। ਇਹ ਘੋਲ਼ ਬੇਕਿਰਕੀ ਨਾਲ਼ ਲੜਿਆ ਜਾਣਾ ਚਾਹੀਦਾ ਹੈ ਅਤੇ ਹਰ ਹਾਲਤ ਵਿਚ ਉਸ ਮੰਜਲ 'ਤੇ ਪਹੁੰਚਾਇਆ ਜਾਣਾ ਚਾਹੀਦਾ ਹੈ- ਜਿਵੇਂ ਅਸਾਂ ਪਚਾਇਆ — ਜਦੋਂ ਮੌਕਾ-ਪ੍ਰਸਤੀ ਅਤੇ ਸਮਾਜੀ-ਅੰਧਰਾਸ਼ਟਰਵਾਦ ਦੇ ਸਭ ਲਾਇਲਾਜ ਨੇਤਾਵਾਂ ਦਾ ਪਰਦਾ ਉਘਾੜ ਦਿੱਤਾ ਜਾਵੇ ਅਤੇ ਉਹਨਾਂ ਨੂੰ ਟਰੇਡ-ਯੂਨੀਅਨਾਂ ਤੋਂ ਬਾਹਰ ਨੱਠਾ ਦਿੱਤਾ ਜਾਵੇ। ਜਦੋਂ ਤੱਕ ਇਹ ਘੋਲ਼ ਇੱਕ **ਖਾਸ** ਪੱਧਰ 'ਤੇ ਨਾ ਅੱਪੜ ਚੁੱਕਾ ਹੋਵੇ, ਰਾਜਸੀ ਸੱਤ੍ਹਾ 'ਤੇ ਕਬਜ਼ਾ ਨਹੀਂ ਕੀਤਾ ਜਾ ਸਕਦਾ (ਅਤੇ ਇਹਦੇ ਉੱਤੇ ਕਬਜ਼ਾ ਕਰਨ ਦਾ ਉੱਕਾ ਯਤਨ ਹੀ ਨਹੀਂ ਕਰਨਾ ਚਾਹੀਦਾ)। ਇਹ "ਖ਼ਾਸ ਹਾਲਤ" ਵੱਖ ਵੱਖ ਦੇਸ਼ਾਂ ਅਤੇ ਵਖ ਵਖ ਪ੍ਰਸਥਿਤੀਆਂ ਵਿਚ **ਵੱਖ ਵੱਖ** ਹੋਵੇਗੀ; ਹਰ ਦੇਸ਼ ਦੇ ਕਿਰਤੀ ਸ਼੍ਰੇਣੀ ਦੇ ਵਿਚਾਰਵਾਨ, ਤਜ਼ਰਬੇਕਾਰ ਅਤੇ ਸਮਝਦਾਰ ਨੇਤਾ ਹੀ ਇਹਨੂੰ ਠੀਕ ਤਰ੍ਹਾਂ ਜੋਖ ਸਕਦੇ ਹਨ।(ਰੂਸ ਵਿੱਚ ਨਵੰਬਰ 1917 ਵਿਚ, 25 ਅਕਤੂਬਰ 1917 ਦੇ ਪ੍ਰੋਲਤਾਰੀ ਇਨਕਲਾਬ ਦੇ ਕੁਝ ਦਿਨ ਪਿੱਛੋਂ ਹੋਇਆਂ ਵਿਧਾਨ-ਘੜ੍ਹਨੀ ਸਭਾ[1] ਦੀਆਂ ਚੋਣਾਂ

---

1. ਵਿਧਾਨ-ਘੜ੍ਹਨੀ ਸਭਾ 5 ਜਨਵਰੀ 1918 ਨੂੰ ਹੋਂਦ ਵਿੱਚ ਆਈ। ਇਹਦੀਆਂ ਚੋਣਾਂ ਅਕਤੂਬਰ ਇਨਕਲਾਬ ਤੋਂ ਪਹਿਲਾਂ ਦੀਆਂ ਸੂਚੀਆਂ ਅਨੁਸਾਰ ਹੋਈਆਂ ਸਨ, ਇਸ ਲਈ ਇਹਦੀ ਬਣਤਰ ਸ਼ਕਤੀਆਂ ਦੇ ਉਸ ਸਮੇਂ ਦੇ ਪਰਸਪਰ ਸਬੰਧਾਂ ਨੂੰ ਪ੍ਰਗਟ ਕਰਦੀ ਸੀ ਜਦੋਂ ਸੱਤ੍ਹਾ ਬੁਰਜੂਆਜ਼ੀ ਦੇ ਹੱਥ ਸੀ। ਸੋਵੀਅਤ ਸੱਤ੍ਹਾ ਦੀ ਹਮਾਇਤ ਕਰਨ ਵਾਲ਼ੀ ਜਨਤਾ ਦੀ ਭਾਰੀ ਬਹੁ-ਗਿਣਤੀ ਅਤੇ ਵਿਧਾਨ-ਘੜ੍ਹਨੀ ਸਭਾ ਵਿੱਚ ਸੋਸ਼ਲਿਸਟ-ਇਨਕਲਾਬੀ-ਮੈਨਸ਼ਵਿਕ-ਕੈਡਿਟ ਬਹੁ-ਗਿਣਤੀ ਵੱਲੋਂ ਅਪਣਾਈ ਨੀਤੀ ਵਿਚਕਾਰ ਪਾੜ ਪੈਦਾ ਹੋ ਗਿਆ, ਬਹੁ-ਗਿਣਤੀ ਬੁਰਜੂਆਜ਼ੀ ਅਤੇ ਜਗੀਰਦਾਰਾਂ ਦੇ ਹਿੱਤਾਂ ਦੀ ਰਾਖੀ ਕਰਦੀ ਸੀ। ਕਿਉਂਕਿ ਵਿਧਾਨ-ਘੜ੍ਹਨੀ ਅਸੈਂਬਲੀ ਨੇ "ਕਿਰਤੀ ਅਤੇ ਪਸਿਤੇ ਲੋਕਾਂ ਦੇ ਹੱਕਾਂ ਦੇ ਐਲਾਨ" ਉੱਤੇ ਵਿਚਾਰ ਕਰਨੋਂ ਅਤੇ ਅਮਨ, ਜ਼ਮੀਨ ਅਤੇ ਸੱਤ੍ਹਾ ਸੋਵੀਅਤਾਂ ਨੂੰ ਦਿੱਤੇ ਜਾਣ ਸਬੰਧੀ ਸੋਵੀਅਤਾਂ ਦੀ ਦੂਜੀ ਕਾਂਗਰਸ ਦੇ ਫ਼ਰਮਾਨਾਂ ਦੀ ਮਨਜ਼ੂਰੀ ਦੇਣੋਂ ਇਨਕਾਰ ਕਰ ਦਿੱਤਾ, 6(19) ਜਨਵਰੀ 1918 ਨੂੰ ਕੁੱਲ-ਰੂਸ ਕੇਂਦਰੀ ਕਾਰਜ-ਕਾਰੀ ਕਮੇਟੀ ਦੇ ਫ਼ੈਸਲੇ ਅਨੁਸਾਰ ਇਹਨੂੰ ਤੋੜ ਦਿੱਤਾ ਗਿਆ।

ਇਸ ਘੋਲ਼ ਦੇ ਸਫ਼ਲਤਾ ਦੀ ਇੱਕ ਪ੍ਰਤੱਖ ਮਿਸਾਲ ਸਨ। ਇਹਨਾਂ ਚੋਣਾਂ ਵਿੱਚ ਮੈਨਸ਼ਵਿਕ ਉੱਕਾ ਹੀ ਹਾਰ ਗਏ; ਉਹਨਾਂ ਨੂੰ 7,00,000 ਵੋਟ ਮਿਲੇ —ਜੇ ਟਰਾਂਸਕਾਕੇਸ਼ੀਆ ਦੇ ਵੋਟ ਵੀ ਗਿਣ ਲਏ ਜਾਣ ਤਾਂ 14,00,000 — ਇਹਦੇ ਮੁਕਾਬਲੇ ਉਤੇ ਬਾਲਸ਼ਵਿਕਾਂ ਨੂੰ 90,00,000 ਵੋਟ ਮਿਲ਼ੇ। "ਕਮਿਊਨਿਸਟ ਇੰਟਰਨੈਸ਼ਨਲ" ਦੇ ਅੰਕ 7-8 ਵਿਚ ਮੇਰਾ ਲੇਖ "ਵਿਧਾਨ-ਘੜਨੀ ਸਭਾ ਦੀਆਂ ਚੋਣਾਂ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ" ਵੇਖੋ।[1])

ਅਸੀਂ ਆਮ ਕਿਰਤੀਆਂ ਦੇ ਨਾਂ ਉੱਤੇ ਅਤੇ ਉਹਨਾਂ ਨੂੰ ਆਪਣੇ ਹੱਕ ਵਿੱਚ ਕਰਨ ਲਈ "ਕਿਰਤੀ ਅਮੀਰਸ਼ਾਹੀ" ਵਿਰੁੱਧ ਇਹ ਘੋਲ਼ ਕਰ ਰਹੇ ਹਾਂ; ਅਸੀਂ ਕਿਰਤੀ ਸ਼੍ਰੇਣੀ ਨੂੰ ਆਪਣੇ ਹੱਕ ਵਿੱਚ ਕਰਨ ਲਈ ਮੌਕਾ-ਪ੍ਰਸਤਾਂ ਅਤੇ ਸਮਾਜੀ-ਅੰਧਰਾਸ਼ਟਰਵਾਦੀ ਨੇਤਾਵਾਂ ਵਿਰੁੱਧ ਇਹ ਘੋਲ਼ ਲੜ ਰਹੇ ਹਾਂ। ਇਸ ਅਤਿਅੰਤ ਮੁੱਢਲੇ ਅਤੇ ਅਤਿਅੰਤ ਸਵੈ-ਪ੍ਰਤੱਖ ਸੱਚਾਈ ਨੂੰ ਭੁੱਲ ਜਾਣਾ ਵਾਹਿਆਤੀ ਹੋਵੇਗੀ। ਅਤੇ ਜਦੋਂ ਉਹ ਟਰੇਡ ਯੂਨੀਅਨਾਂ ਦੇ **ਉਪਰਲੇ ਨੇਤਾਵਾਂ** ਦੇ ਪਿੱਛੇ-ਖਿੱਚੂ ਅਤੇ ਉਲਟ-ਇਨਕਲਾਬੀ ਖ਼ਾਸੇ **ਕਾਰਨ** ਇਸ ਸਿੱਟੇ ਉੱਤੇ ਅੱਪੜਦੇ ਹਨ... ਕਿ ਸਾਨੂੰ ਟਰੇਡ ਯੂਨੀਅਨਾਂ ਤੋਂ ਵੱਖ ਹੋ ਜਾਣਾ ਚਾਹੀਦਾ ਹੈ, ਕਿ ਸਾਨੂੰ ਉਹਨਾਂ ਵਿੱਚ ਕੰਮ ਕਰਨ ਤੋਂ ਨਾਂਹ ਕਰ ਦੇਣੀ ਚਾਹੀਦੀ ਹੈ, ਕਿ ਸਾਨੂੰ ਕਿਰਤੀ ਜਥੇਬੰਦੀ ਦੇ ਨਵੇਂ ਅਤੇ **ਬਨਾਉਟੀ** ਰੂਪ ਖੜ੍ਹੇ ਕਰਨੇ ਚਾਹੀਦੇ ਹਨ! ਤਾਂ "ਖੱਬੇ-ਪੱਖੀ" ਜਰਮਨ ਕਮਿਊਨਿਸਟ ਐਨ ਇਹੋ ਵਾਹਿਆਤੀ ਕਰ ਰਹੇ ਹਨ। ਇਹ ਏਨੀ ਨਾ ਮਾਫ਼ ਕੀਤੇ ਜਾਣ ਵਾਲ਼ੀ ਅਤਿ ਦੀ ਭੁੱਲ ਹੈ ਕਿ ਇਹ ਕਮਿਊਨਿਸਟਾਂ ਵੱਲੋਂ ਬੁਰਜੂਆਜ਼ੀ ਦੀ ਸਭ ਤੋਂ ਵੱਡੀ ਸੇਵਾ ਦੇ ਤੁੱਲ ਹੈ। ਸਭਨਾਂ ਮੌਕਾ-ਪ੍ਰਸਤ, ਸਮਾਜ-ਅੰਧਰਾਸ਼ਟਰਵਾਦੀ ਅਤੇ ਕਾਊਟਸਕੀਵਾਦੀ ਟਰੇਡ ਯੂਨੀਅਨ ਨੇਤਾਵਾਂ ਵਾਂਗ ਸਾਡੇ ਮੈਨਸ਼ਵਿਕ ਕਿਰਤੀ ਸ਼੍ਰੇਣੀ ਲਹਿਰ ਵਿੱਚ "ਬੁਰਜੂਆਜ਼ੀ ਦੇ ਦਲਾਲਾਂ ਤੋਂ ਬਿਨਾਂ ਕੁਝ ਵੀ ਨਹੀਂ" (ਜਿਹਾ ਕਿ ਅਸਾਂ ਸਦਾ ਹੀ ਮੈਨਸ਼ਵਿਕਾਂ ਸਬੰਧੀ ਕਿਹਾ ਹੈ) ਜਾਂ ਅਮਰੀਕਾ ਵਿੱਚ ਡੇਨੀਅਲ ਡੀ ਲਿਓਨ ਦੇ ਹਾਮੀਆਂ ਦਾ ਵਧੀਆ ਅਤੇ ਉੱਕਾ ਹੀ ਸੱਚਾ ਕਥਨ ਵਰਤਦੇ ਹੋਏ ′ labour lieutenants of the capitalist class[a] (ਸਰਮਾਏਦਾਰੀ ਸ਼੍ਰੇਣੀ ਦੇ ਕਿਰਤੀ ਸਹਾਇਕ) ਤੋਂ ਬਿਨਾਂ ਕੁਝ ਨਹੀਂ। ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਵਿੱਚ ਕੰਮ ਕਰਨ ਤੋਂ ਇਨਕਾਰ ਕਰਨ ਦੇ ਅਰਥ ਇਹ ਹਨ ਕਿ ਅਸੀਂ ਕਿਰਤੀਆਂ ਦੇ ਅਜਿਹੇ ਸਮੂਹਾਂ ਨੂੰ ਜੋ ਅਜੇ ਕਾਫ਼ੀ ਹੱਦ ਤੱਕ ਵਿਕਸਤ ਨਹੀਂ ਹੋਏ ਜਾਂ ਪੱਛੜੇ ਹੋਏ ਸਨ, ਪਿੱਛੇ-ਖਿੱਚੂ ਲੀਡਰਾਂ ਦੇ, ਬੁਰਜੂਆਜ਼ੀ ਦੇ ਦਲਾਲਾਂ ਦੇ, ਕਿਰਤੀ ਅਮੀਰਸ਼ਾਹੀ ਦੇ ਜਾਂ ਅਜਿਹੇ ਕਿਰਤੀਆਂ ਦੇ ਜੋ ਪੂਰੀ ਤਰ੍ਹਾਂ ਬੁਰਜੂਆ ਬਣ ਗਏ ਹਨ "ਅਸਰ ਹੇਠ ਛੱਡ ਦੇਂਦੇ ਹਾਂ (ਵੇਖੋ 1858 ਵਿੱਚ ਬਰਤਾਨਵੀ ਕਿਰਤੀਆਂ[2] ਸਬੰਧੀ ਮਾਰਕਸ ਦੇ ਨਾਂ ਏਂਗਲਜ਼ ਦਾ ਖ਼ਤ)।

ਇਹ ਹਾਸੋ-ਹੀਣਾ "ਸਿਧਾਂਤ" ਕਿ ਕਮਿਊਨਿਸਟਾਂ ਨੂੰ ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਵਿੱਚ ਕੰਮ ਨਹੀਂ ਕਰਨਾ ਚਾਹੀਦਾ, ਹੱਦੋਂ ਵੱਧ ਸਪੱਸ਼ਟਤਾ ਨਾਲ਼ ਦੱਸਦਾ ਹੈ ਕਿ "ਜਨਤਾ" ਨੂੰ ਆਪਣੇ ਅਸਰ ਹੇਠ ਲਿਆਉਣ ਸਬੰਧੀ "ਖੱਬੇ-ਪੱਖੀ" ਕਮਿਊਨਿਸਟਾਂ ਦਾ

---

1. ਦੇਖੋ **ਸਮੁੱਚੀਆਂ** ਲਿਖਤਾਂ, ਜਿਲਦ 30, ਸਫ਼ਾ 253-73। **—ਸੰਪਾ.**

2. ਵੇਖੋ ਕਾਰਲ ਮਾਰਕਸ ਦੇ ਨਾਂ 7 ਅਕਤੂਬਰ 1858 ਦਾ ਏਂਗਲਜ਼ ਦਾ ਖ਼ਤ।

ਵਤੀਰਾ ਕਿੰਨਾਂ ਹੋਛਾ ਹੈ ਅਤੇ ਉਹ ਕਿਵੇਂ "ਜਨਤਾ" ਸਬੰਧੀ ਚੀਕ-ਚਿਹਾੜੇ ਦੀ ਕੁਵਰਤੋਂ ਕਰਦੇ ਹਨ। ਜੇ ਤੁਸੀਂ "ਜਨਤਾ" ਦੀ ਸਹਾਇਤਾ ਕਰਨਾ ਚਾਹੁੰਦੇ ਹੋ, ਜੇ ਤੁਸੀਂ "ਜਨਤਾ" ਦੀ ਹਮਦਰਦੀ ਅਤੇ ਹਮਾਇਤ ਜਿੱਤਣਾ ਚਾਹੁੰਦੇ ਹੋ ਤਾਂ ਤੁਹਾਨੂੰ "ਨੇਤਾਵਾਂ" ਵੱਲੋਂ (ਜਿਹੜੇ ਮੌਕਾ-ਪ੍ਰਸਤ ਅਤੇ ਸਮਾਜੀ-ਅੰਧਰਾਸ਼ਟਰਵਾਦੀ ਹੋਣ ਕਾਰਨ ਵਧੇਰੇ ਕਰਕੇ ਸਿੱਧੀ ਜਾਂ ਅਣ-ਸਿੱਧੀ ਤਰ੍ਹਾਂ ਬੁਰਜੂਆਜ਼ੀ ਅਤੇ ਪੁਲਿਸ ਨਾਲ਼ ਸਬੰਧਤ ਹੁੰਦੇ ਹਨ) ਔਕੜਾਂ ਖੜ੍ਹੀਆਂ ਕਰਨ ਜਾਂ ਚੋਭਾਂ ਦੇਣ, ਵੱਲ਼-ਛੱਲ਼, ਬੇਇਜ਼ੱਤੀ ਜਾਂ ਸਤਾਏ ਜਾਣ ਤੋਂ ਡਰਨਾ ਨਹੀਂ ਚਾਹੀਦਾ ਸਗੋਂ ਇਹ ਬਿਲਕੁਲ ਲਾਜ਼ਮੀ ਹੈ ਕਿ ਤੁਸੀਂ ਜਿੱਥੇ **ਕਿਤੇ ਜਨਤਾ ਹੈ ਉੱਥੇ ਕੰਮ ਕਰੋ।** ਤੁਹਾਨੂੰ ਉਹਨਾਂ ਸੰਸਥਾਵਾਂ, ਸਭਾਵਾਂ ਅਤੇ ਸੰਮਤੀਆਂ ਵਿੱਚ — ਅਤਿਅੰਤ ਪਿੱਛੇ-ਖਿੱਚੂ ਵਿੱਚ ਵੀ — ਨੇਮ-ਬੱਧ ਢੰਗ ਨਾਲ਼, ਡੱਟ ਕੇ, ਦ੍ਰਿੜਤਾ ਨਾਲ਼ ਅਤੇ ਸਬਰ ਨਾਲ਼ ਐਜੀਟੇਸ਼ਨ ਅਤੇ ਪ੍ਰਚਾਰ ਕਰਨ ਲਈ ਕੋਈ ਵੀ ਕੁਰਬਾਨੀ ਕਰਨ, ਵੱਡੀਆਂ ਤੋਂ ਵੱਡੀਆਂ ਔਕੜਾਂ ਉੱਤੇ ਕਾਬੂ ਪਾਉਣ ਦੇ ਯੋਗ ਹੋਣਾ ਚਾਹੀਦਾ ਹੈ। ਟਰੇਡ ਯੂਨੀਅਨਾਂ ਅਤੇ (ਘੱਟੋ ਘੱਟ ਕਦੇ ਕਦੇ) ਕਿਰਤੀਆਂ ਦੀਆਂ ਸਹਿਕਾਰ ਸਭਾਵਾਂ ਐਨ ਉਹ ਜਥੇਬੰਦੀਆਂ ਹਨ ਜਿੱਥੇ ਜਨਤਾ ਹੁੰਦੀ ਹੈ। ਸਵੀਡਨ ਦੇ ਅਖ਼ਬਾਰ ´Folkets Dagblad Politikinª ਦੇ 10 ਮਾਰਚ 1920 ਪਰਚੇ ਵਿੱਚ ਛਪੇ ਅੰਕੜਿਆਂ ਅਨੁਸਾਰ ਬਰਤਾਨੀਆਂ ਵਿੱਚ 1917 ਦੇ ਅੰਤ 'ਤੇ ਟਰੇਡ ਯੂਨੀਅਨਾਂ ਦੇ ਮੈਂਬਰਾਂ ਦੀ ਗਿਣਤੀ 55, 00,000 ਤੋਂ ਵੱਧ ਕੇ 1918 ਦੇ ਅੰਤ 'ਤੇ 66, 00, 000 ਹੋ ਗਈ ਸੀ, ਜਿਹੜਾ 19 ਫ਼ੀਸਦੀ ਦਾ ਵਾਧਾ ਹੈ। 1919 ਦੇ ਅੰਤ 'ਤੇ ਮੈਂਬਰਾਂ ਦੀ ਗਿਣਤੀ ਦਾ ਅੰਦਾਜ਼ਾ 75,00,000 ਸੀ। ਫ਼ਰਾਂਸ ਅਤੇ ਜਰਮਨੀ ਸਬੰਧੀ ਅਨੁਸਾਰੀ ਅੰਕੜੇ ਇਸ ਸਮੇਂ ਮੇਰੇ ਕੋਲ਼ ਨਹੀਂ ਪਰ ਅਵਿਵਾਦੀ ਅਤੇ ਆਮ ਤੌਰ 'ਤੇ ਜਾਣੇ ਤੱਥ ਇਹਨਾਂ ਦੇਸ਼ਾਂ ਵਿੱਚ ਵੀ ਟਰੇਡ ਯੂਨੀਅਨਾਂ ਦੇ ਮੈਬਰਾਂ ਦੀ ਗਿਣਤੀ ਵਿੱਚ ਤਿੱਖੇ ਵਾਧੇ ਦੀ ਸ਼ਾਹਦੀ ਭਰਦੇ ਹਨ।

ਇਹ ਤੱਥ ਉਸ ਗੱਲ ਦੀ ਚਿੱਟੇ ਦਿਨ ਵਾਂਗ ਉਘਾੜ ਦੇਂਦੇ ਹਨ ਹਜ਼ਾਰਾਂ ਹੋਰ ਨਿਸ਼ਾਨੀਆਂ ਜਿਸ ਦੀ ਪ੍ਰੋੜ੍ਹਤਾ ਕਰਦੀਆਂ ਹਨ, ਅਰਥਾਤ, ਪ੍ਰੋਲਤਾਰੀ ਜਨਤਾ ਵਿੱਚ, ਆਮ ਅਤੇ ਪੱਛੜੇ ਅੰਸ਼ਾਂ ਵਿੱਚ ਸ਼੍ਰੇਣੀ-ਚੇਤੰਨਤਾ ਅਤੇ ਜਥੇਬੰਦੀ ਦੀ ਇੱਛਾ ਵੱਧਦੀ ਜਾ ਰਹੀ ਹੈ। ਬਰਤਾਨੀਆ, ਫਰਾਂਸ ਅਤੇ ਜਰਮਨੀ ਵਿੱਚ ਲਖੂਖਾ ਕਿਰਤੀ **ਪਹਿਲੀ ਵਾਰ** ਜਥੇਬੰਦੀ ਦੀ ਉੱਕਾ ਹੀ ਅਣਹੋਂਦ ਤੋਂ ਜਥੇਬੰਦੀ ਦੇ ਮੁੱਢਲੇ, ਸਭ ਤੋਂ ਨੀਂਵੇ, ਸਭ ਤੋਂ ਸਾਦੇ ਅਤੇ (ਉਹਨਾਂ ਲੋਕਾਂ ਲਈ ਜਿਨ੍ਹਾਂ ਵਿਚ ਬੁਰਜੂਆ-ਜਮਹੂਰੀ ਤੁਅੱਸਬ ਅਜੇ ਤੱਕ ਪੂਰੀ ਤਰ੍ਹਾਂ ਘਰ ਕਰੀ ਬੈਠੇ ਹਨ) ਸਭ ਤੋਂ ਸੌਖੇ ਸਮਝ ਆਉਣ ਵਾਲ਼ੇ ਰੂਪ ਵੱਲ ਵੱਧ ਜਾਂਦੇ ਹਨ; ਪਰ ਸਾਡੇ ਇਨਕਲਾਬੀ ਪਰ ਬੇਸਮਝ ਖੱਬੇ-ਪੱਖੀ ਕਮਿਊਨਿਸਟ ਇੱਕ ਪਾਸੇ ਖੜ੍ਹੇ ਹਨ, ਉਹ "ਜਨਤਾ" "ਜਨਤਾ" ਦਾ ਚੀਕ-ਚਹਾੜਾ ਪਾਈ ਜਾਂਦੇ ਹਨ! ਅਤੇ **ਟਰੇਡ ਯੂਨੀਅਨਾਂ ਦੇ ਅੰਦਰ ਕੰਮ ਕਰਨੋਂ** ਇਸ ਬਹਾਨੇ **ਇਨਕਾਰੀ ਹਨ** ਕਿ ਉਹ "ਪਿੱਛੇ-ਖਿੱਚੂ" ਹਨ ਅਤੇ ਉਹ ਬਿਲਕੁਲ ਨਵੀਂ, ਬੇਦਾਗ, ਨਿੱਕੀ ਜਿਹੀ "ਕਿਰਤੀ ਯੂਨੀਅਨ" ਖੜ੍ਹੀ ਕਰਦੇ ਹਨ, ਜਿਹੜੀ ਬੁਰਜੂਆ-ਜਮਹੂਰੀ ਤਅੱਸਬਾਂ ਅਤੇ ਤੰਗ-ਨਜ਼ਰ ਵਿਰਤਕ-ਯੂਨੀਅਨ ਦੇ ਪਾਪਾਂ ਤੋਂ ਮੁਕਤ ਹੈ, ਇੱਕ ਅਜਿਹੀ ਯੂਨੀਅਨ ਜਿਸ ਸੰਬੰਧੀ ਉਹ ਦਾਅਵਾ ਕਰਦੇ ਹਨ ਕਿ ਇਹ ਵਿਸ਼ਾਲ ਜਥੇਬੰਦੀ ਬਣ ਜਾਵੇਗੀ

(ਬਣ ਜਾਵੇਗੀ !) ਅਤੇ ਜਿਸਦਾ ਮੈਂਬਰ ਬਣਨ ਲਈ ਬਸ (ਬਸ !) ਇਹੋ ਇੱਕੋ ਇੱਕ ਸ਼ਰਤ ਹੋਵੇਗੀ ਕਿ "ਸੋਵੀਅਤ ਪ੍ਰਣਾਲੀ ਅਤੇ ਡਿਕਟੇਟਰਸ਼ਿਪ ਨੂੰ ਕਬੂਲ ਕੀਤਾ ਜਾਵੇ ! (ਵੇਖੋ ਉੱਪਰ ਦਿੱਤੀ ਟੂਕ)।

ਇਸ ਤੋਂ ਵੱਡੀ ਮੂਰਖਤਾ ਦੀ ਅਤੇ "ਖੱਬੇ-ਪੱਖੀ" ਇਨਕਲਾਬੀਆਂ ਵੱਲੋਂ ਇਨਕਲਾਬ ਨੂੰ ਪੁਚਾਏ ਗਏ ਇਸ ਨੁਕਸਾਨ ਤੋਂ ਵਡੇਰੇ ਨੁਕਸਾਨ ਦੀ ਕਲਪਨਾ ਕਰਨਾ ਵੀ ਔਖਾ ਹੈ ! ਜੇ ਅਸੀਂ ਅੱਜ, ਰੂਸ ਦੀ ਬੁਰਜੂਆਜ਼ੀ ਅਤੇ ਐਨਤੇਂਤੇ[1] ਉੱਤੇ ਬੇਮਿਸਾਲ ਜਿੱਤਾਂ ਦੇ ਢਾਈ ਵਰ੍ਹਿਆਂ ਪਿੱਛੋਂ, ਰੂਸ ਵਿੱਚ "ਡਿਕਟੇਟਰਸ਼ਿਪ ਨੂੰ ਕਬੂਲ ਕਰਨ" ਨੂੰ ਟਰੇਡ ਯੂਨੀਅਨਾਂ ਦਾ ਮੈਂਬਰ ਬਣਨ ਲਈ ਸ਼ਰਤ ਬਣਾ ਦਈਏ ਤਾਂ ਅਸੀਂ ਬਹੁਤ ਮੂਰਖਤਾ ਕਰ ਰਹੇ ਹੋਵਾਂਗੇ, ਜਨਤਾ ਵਿਚ ਆਪਣਾ ਰਸੂਖ ਘੱਟ ਕਰ ਰਹੇ ਹੋਵਾਂਗੇ ਅਤੇ ਮੈਨਸ਼ਵਿਕਾਂ ਦੀ ਸਹਾਇਤਾ ਕਰ ਰਹੇ ਹੋਵਾਂਗੇ। ਕਮਿਊਨਿਸਟਾਂ ਸਿਰ ਜਿਹੜਾ ਫ਼ਰਜ ਆਉਂਦਾ ਹੈ ਉਹ ਇਹ ਹੈ: ਪੱਛੜੇ ਅੰਸ਼ਾਂ ਨੂੰ **ਮਨਾਉਣਾ** ਉਹਨਾਂ **ਵਿਚਕਾਰ** ਕੰਮ ਕਰਨਾ, ਨਾ ਕਿ ਨਕਲੀ ਅਤੇ ਬਚਗਾਨਾ "ਖੱਬੇ-ਪੱਖੀ" ਨਾਹਰਿਆਂ ਰਾਹੀਂ ਜਨਤਾ ਅਤੇ ਆਪਣੇ ਵਿਚਕਾਰ **ਕੰਧ ਖੜ੍ਹੀ ਕਰ ਲੈਣਾ।**

ਇਸ ਸਬੰਧੀ ਕੋਈ ਸ਼ੱਕ ਨਹੀਂ ਕਿ ਗੋਮਪਰਜ਼, ਹੈਂਡਰਸਨ, ਜੂਓ ਅਤੇ ਲੇਗੀਨ ਜਿਹੇ ਲੋਕ ਉਹਨਾਂ "ਖੱਬੇ-ਪੱਖੀ" ਇਨਕਲਾਬੀਆਂ ਦੇ ਅਤਿ ਰਿਣੀ ਹਨ ਜਿਹੜੇ "ਅਸੂਲੀ ਤੌਰ 'ਤੇ " ਜਰਮਨ ਵਿਰੋਧੀ ਦਲ ਵਾਂਗ (ਰੱਬ ਅਜਿਹੀ "ਅਸੂਲਾਂ" ਤੋਂ ਸਾਡੀ ਰੱਖਿਆ ਕਰੇ !) ਜਾਂ ਅਮਰੀਕਾ ਦੇ "ਸੰਸਾਰ ਦੇ ਸਨਅਤੀ ਕਾਮਿਆਂ"[2] ਦੇ ਕੁਝ ਇਨਕਲਾਬੀਆਂ ਵਾਂਗ ਪਿੱਛੇ-

---

1. **ਐਨਤੇਂਤੇ** — ਸਾਮਰਾਜੀ ਰਿਆਸਤਾਂ (ਬਰਤਾਨੀਆ, ਫਰਾਂਸ ਅਤੇ ਰੂਸ) ਦਾ ਦਲ ਜਿਹੜਾ ਅੰਤ 1907 ਵਿੱਚ ਹੋਂਦ ਵਿੱਚ ਆਇਆ। ਇਹਦਾ ਰੁਖ਼ ਤ੍ਰਿਕੜੀ ਏਕੇ (ਜਰਮਨੀ, ਆਸਟਰੀਆ-ਹੰਗਰੀ ਅਤੇ ਇਟਲੀ) ਵਿਰੁੱਧ ਸੀ। ਪਹਿਲੇ ਦਲ ਦਾ ਨਾਂ ਉਸ ਬਰਤਾਨਵੀਂ-ਫ਼ਰਾਸੀਸੀ ਸਮਝੌਤੇ (ਐਨਤੇਂਤੇ ਕਾਰਦੀਆਲ) ਦੇ ਨਾਂ ਉੱਤੇ ਪਿਆ, ਜਿਸ ਉੱਤੇ 1904 ਵਿਚ ਦਸਤਖ਼ਤ ਕੀਤੇ ਗਏ। ਪਹਿਲੇ ਸੰਸਾਰ ਯੁੱਧ ਸਮੇਂ ਸੰਯੁਕਤ ਰਾਜ ਅਮਰੀਕਾ, ਜਾਪਾਨ ਅਤੇ ਹੋਰ ਦੇਸ਼ ਐਨਤੇਂਤੇ ਵਿੱਚ ਸ਼ਾਮਲ ਹੋ ਗਏ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਦਲ ਵਿੱਚ ਸ਼ਾਮਲ ਮੁਖ ਸ਼ਕਤੀਆਂ — ਬਰਤਾਨੀਆਂ, ਫ਼ਰਾਂਸ, ਸੰਯੁਕਤ ਰਾਜ ਅਮਰੀਕਾ ਅਤੇ ਜਾਪਾਨ — ਨੇ ਸੋਵੀਅਤ ਰੂਸ ਵਿਰੁੱਧ ਹਥਿਆਰਬੰਦ ਘੋਲ਼ ਉਤਸਾਹਤ ਅਤੇ ਜਥੇਬੰਦ ਕੀਤਾ ਅਤੇ ਉਸ ਵਿੱਚ ਸ਼ਾਮਲ ਹੋਈਆਂ।

2. **"ਸੰਸਾਰ ਦੇ ਸਨਅਤੀ ਕਾਮੇ"** Industrial workers of the world óI. W. W. ਅਮਰੀਕਾ ਦੀ ਇੱਕ ਟਰੇਡ ਯੂਨੀਅਨ ਜਥੇਬੰਦੀ ਜਿਹੜੀ 1905 ਵਿੱਚ ਸਥਾਪਤ ਕੀਤੀ ਗਈ ਅਤੇ ਜਿਸ ਵਿੱਚ ਮੁੱਖ ਤੌਰ 'ਤੇ ਗ਼ੈਰ-ਕਾਰੀਗਰ ਅਤੇ ਘੱਟ ਉਜਰਤ ਵਾਲ਼ੇ ਕਿਰਤੀ ਮੈਂਬਰ ਬਣਾਏ ਜਾਂਦੇ ਸਨ। ਇਸ ਜਥੇਬੰਦੀ ਨੇ ਕਈ ਸਫ਼ਲ ਵੱਡੀਆਂ ਹੜਤਾਲਾਂ ਲੜੀਆਂ ਅਤੇ ਅਮੈਰੀਕਨ ਫ਼ੈਡਰੇਸ਼ਨ ਆਫ਼ ਲੇਬਰ ਅਤੇ ਸੱਜੇ-ਪੱਖੀ ਸੋਸ਼ਲਿਸਟਾਂ ਦੇ ਸੁਧਾਰਵਾਦੀ ਲੀਡਰਾਂ ਵੱਲੋਂ ਅਪਣਾਈ ਨੀਤੀ ਵਿਰੁੱਧ ਘੋਲ਼ ਕੀਤਾ। ਪਹਿਲੇ ਸੰਸਾਰ ਯੁੱਧ ਸਮੇਂ ਇਹਨੇ ਫ਼ੈਡਰੇਸ਼ਨ ਆਫ਼ ਲੇਬਰ ਦੀ ਸ਼ਮੂਲੀ ਨਾਲ਼ ਜਨਤਕ ਪੱਧਰ ਦੇ ਯੁੱਧ-ਵਿਰੋਧੀ ਕਦਮ ਚੁੱਕੇ। ਇਹਦੇ ਕੁਝ ਲੀਡਰਾਂ ਉ. ਹੈਵੁਡ ਅਤੇ ਹੋਰ) ਨੇ ਰੂਸ

ਵਿੱਚ ਅਕਤੂਬਰ ਇਨਕਲਾਬ ਦਾ ਸਵਾਗਤ ਕੀਤਾ ਅਤੇ ਅਮਰੀਕੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ। ਪਰ ਇਸ ਜਥੇਬੰਦੀ ਦੀਆਂ ਸਰਗਰਮੀਆਂ ਵਿੱਚ ➪

ਖਿੱਚੂ ਟਰੇਡ ਯੂਨੀਅਨਾਂ ਤੋਂ ਵੱਖ ਹੋ ਜਾਣ ਦੀ ਹਮਾਇਤ ਕਰਦੇ ਹਨ ਅਤੇ ਉਹਨਾਂ ਵਿੱਚ ਕੰਮ ਕਰਨੋਂ ਇਨਕਾਰੀ ਹਨ। ਨਿਰਸੰਦੇਹ ਇਹ ਲੋਕ, ਮੌਕਾ-ਪ੍ਰਸਤੀ ਦੇ "ਲੀਡਰ" ਕਮਿਊਨਿਸਟਾਂ ਨੂੰ ਟਰੇਡ ਯੂਨੀਅਨਾਂ ਤੋਂ ਬਾਹਰ ਰੱਖਣ, ਹਰ ਸੰਭਵ ਢੰਗ ਨਾਲ਼ ਉਹਨਾਂ ਨੂੰ ਟਰੇਡ ਯੂਨੀਅਨਾਂ ਵਿੱਚੋਂ ਕੱਢਣ ਲਈ, ਟਰੇਡ ਯੂਨੀਅਨਾਂ ਵਿੱਚ ਉਹਨਾਂ ਦਾ ਕੰਮ ਵੱਧ ਤੋਂ ਵੱਧ ਸੰਭਵ ਹੱਦ ਤੱਕ ਅਸੁਖਾਂਵਾਂ ਬਣਾਉਣ ਲਈ ਅਤੇ ਉਹਨਾਂ ਦੀ ਨਿਰਾਦਰੀ ਕਰਨ ਲਈ, ਉਹਨਾਂ ਨੂੰ ਜ਼ਿਚ ਕਰਨ ਅਤੇ ਸਤਾਉਣ ਲਈ, ਸਰਮਾਏਦਾਰ ਡਿਪਲੋਮੇਸੀ ਦਾ ਹਰ ਹਥਿਆਰ ਵਰਤਣਗੇ ਅਤੇ ਬੁਰਜੂਆ ਹਕੂਮਤਾਂ, ਪਾਦਰੀਆਂ ਅਤੇ ਅਦਾਲਤਾਂ ਦੀ ਪੂਰੀ ਸਹਾਇਤਾ ਲੈਣਗੇ। ਸਾਨੂੰ ਇਸ ਸਭ ਕੁਝ ਦਾ ਮੁਕਾਬਲਾ ਕਰਨ ਯੋਗ ਹੋਣਾ ਚਾਹੀਦਾ ਹੈ, ਹਰ ਕੁਰਬਾਨੀ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ — ਜੇ ਲੋੜ ਪਵੇ — ਤਾਂ ਵੱਖ ਵੱਖ ਤਰ੍ਹਾਂ ਦੇ ਤਿਗੜਮਾਂ, ਚਾਲਾਂ, ਭੁਲਾਵਿਆਂ ਅਤੇ ਗ਼ੈਰ-ਕਾਨੂੰਨੀ ਤਰੀਕਿਆਂ, ਘੁਸਾਈਆਂ ਅਤੇ ਭੁਲਾਵਿਆਂ ਤੋਂ ਕੰਮ ਲੈਣਾ ਚਾਹੀਦਾ ਹੈ ਤਾਂ ਜੋ ਅਸੀਂ ਟਰੇਡ ਯੂਨੀਅਨਾਂ ਵਿੱਚ ਘੁੱਸ ਸਕੀਏ, ਉਹਨਾਂ ਵਿੱਚ ਰਹਿ ਸਕੀਏ ਅਤੇ ਹਰ ਹਾਲਤ ਵਿਚ ਉਹਨਾਂ ਅੰਦਰ ਆਪਣਾ ਕਮਿਊਨਿਸਟ ਕੰਮ ਜਾਰੀ ਰੱਖ ਸਕੀਏ। ਜ਼ਾਰਸ਼ਾਹੀ ਅਧੀਨ ਸਾਨੂੰ 1905 ਤੱਕ ਕੋਈ "ਕਾਨੂੰਨੀ ਅਵਸਰ" ਪ੍ਰਾਪਤ ਨਹੀਂ ਸਨ। ਪਰ ਜਦੋਂ ਖ਼ੁਫੀਆ ਪੁਲਿਸ ਦੇ ਦਲਾਲ ਜ਼ੁਬਾਤੋਵ ਨੇ ਇਨਕਲਾਬੀਆਂ ਨੂੰ ਫਸਾਉਣ ਅਤੇ ਉਹਨਾਂ ਦਾ ਮੁਕਾਬਲਾ ਕਰਨ ਲਈ ਕਿਰਤੀਆਂ ਦੇ ਕਾਲ਼ਾ-ਸੈਂਕੜਾ ਕਿਰਤੀ ਇਕੱਠ ਅਤੇ ਕਿਰਤੀ ਲੋਕਾਂ ਦੀਆਂ ਸਭਾਵਾਂ ਜਥੇਬੰਦ ਕੀਤੀਆਂ ਤਾਂ ਅਸੀਂ ਆਪਣੀ ਪਾਰਟੀ ਦੇ ਮੈਂਬਰ ਇਹਨਾਂ ਇਕੱਠਾਂ ਅਤੇ ਸਭਾਵਾਂ ਵਿੱਚ ਭੇਜੇ (ਮੈਨੂੰ ਨਿੱਜੀ ਤੌਰ 'ਤੇ ਉਹਨਾਂ ਵਿੱਚੋਂ ਇੱਕ, ਸਾਥੀ ਬਾਬੂਸ਼ਕਿਨ, ਸੇਂਟ ਪੀਟਰਜਬਰਗ ਦਾ ਇੱਕ ਕਿਰਤੀ, ਯਾਦ ਹੈ, ਜਿਸਨੂੰ 1906 ਵਿੱਚ ਜ਼ਾਰ ਦੇ ਜਰਨੈਲਾਂ ਦੇ ਹੁਕਮ ਨਾਲ਼ ਗੋਲ਼ੀ ਮਾਰ ਦਿੱਤੀ ਗਈ)। ਉਹਨਾਂ ਜਨਤਾਂ ਨਾਲ਼ ਸਬੰਧ ਸਥਾਪਤ ਕੀਤੇ, ਆਪਣੀ ਐਜੀਟੈਸ਼ਨ ਜਾਰੀ ਰੱਖ ਸਕੇ ਅਤੇ ਕਿਰਤੀਆਂ ਨੂੰ ਜ਼ੁਬਾਤੋਵ[1] ਦੇ ਅਸਰ ਹੇਠੋਂ ਕੱਢ ਸਕੇ। ਨਿਸ਼ਚੇ ਹੀ ਪੱਛਮੀ ਯੂਰਪ ਵਿੱਚ, ਜਿੱਥੇ ਡੂੰਘੇ ਕਾਨੂੰਨਵਾਦੀ, ਵਿਧਾਨਵਾਦੀ ਅਤੇ ਬੁਰਜੂਆ-ਜਮਹੂਰੀ ਤਅੱਸਬ ਵਧੇਰੇ ਪੱਕੀ ਤਰ੍ਹਾਂ ਰਚੇ ਹੋਏ ਹਨ, ਇਹ ਕੰਮ ਹੋਰ ਵੀ ਔਖਾ ਹੈ। ਪਰ ਇਹ ਕੀਤਾ ਜਾ ਸਕਦਾ ਹੈ ਅਤੇ ਜ਼ਰੂਰ ਹੀ ਕਰਨਾ ਚਾਹੀਦਾ ਹੈ ਅਤੇ ਉਹ ਵੀ ਨੇਮ-ਬੱਧ ਢੰਗ ਨਾਲ਼।

---

ਅਰਾਜਕਤਾਵਾਦ-ਸੰਘਵਾਦ ਦੇ ਅੰਸ਼ ਸਨ: ਇਹ ਪ੍ਰੋਲਤਾਰੀ ਦੇ ਰਾਜਸੀ ਘੋਲ਼ ਦੀ ਲੋੜ ਨੂੰ ਕਬੂਲ ਨਹੀਂ ਸੀ ਕਰਦੀ, ਅਮੈਰੀਕਨ ਫ਼ੈਡਰੇਸ਼ਨ ਆਫ ਲੇਬਰ ਨਾਲ਼ ਸਬੰਧਤ ਟਰੇਡ ਯੂਨੀਅਨਾਂ ਦੇ ਮੈਂਬਰਾਂ ਵਿੱਚ ਕੰਮ ਕਰਨ ਤੋਂ ਇਨਕਾਰੀ ਸੀ, ਆਦਿ। ਪਿੱਛੋਂ ਜਾ ਕੇ ਇਹ ਜਥੇਬੰਦੀ ਇੱਕ ਸੰਕੀਰਣ ਵਿਚਾਰਾਂ ਵਾਲ਼ੀ ਸੰਸਥਾ ਬਣ ਗਈ ਅਤੇ ਕਿਰਤੀਆਂ ਵਿੱਚ ਇਸਦਾ ਅਸਰ ਰਸੂਖ਼ ਖਤਮ ਹੋ ਗਿਆ।

1. ਗੋਮਪਰਜ਼, ਹੈਂਡਰਸਨ, ਜੂਓ ਅਤੇ ਲੇਗੀਨ ਜਿਹੇ ਲੋਕ, ਜ਼ੁਬਾਤੋਵ ਹੀ ਹਨ। ਜ਼ੁਬਾਤੋਵ ਅਤੇ ਉਹਨਾਂ ਵਿੱਚ ਫ਼ਰਕ ਇਹ ਹੈ ਕਿ ਉਹ ਯੂਰਪੀਨ ਕੱਪੜੇ ਪਹਿਨਦੇ ਹਨ, ਵਧੇਰੇ ਸੱਭਿਅ ਹਨ ਅਤੇ ਆਪਣੀ ਘ੍ਰਿਣਾ-ਯੋਗ ਨੀਤੀ ਵਧੇਰੇ ਸੱਭਿਅ, ਮਾਂਜੇ ਹੋਏ ਅਤੇ ਚੁਸਤ ਜਮਹੂਰੀ ਢੰਗ ਨਾਲ਼ ਚਲਾਉਂਦੇ ਹਨ।

ਮੇਰੀ ਰਾਏ ਵਿੱਚ ਤੀਜੀ ਇੰਟਰਨੈਸ਼ਨਲ ਦੀ ਕਾਰਜ-ਸਾਧਕ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਖੁਦ ਪਿੱਛੇ-ਖਿੱਚੂ ਟਰੇਡ ਯੂਨੀਅਨਾਂ ਵਿੱਚ ਕੰਮ ਕਰਨ ਤੋਂ ਇਨਕਾਰ ਕਰਨ ਦੀ ਨੀਤੀ ਦੀ ਆਮ ਤੌਰ 'ਤੇ ਅਤੇ ਵਿਸ਼ੇਸ਼ ਤੌਰ 'ਤੇ ਹਾਲੈਂਡ ਦੀ ਕਮਿਊਨਿਸਟ ਪਾਰਟੀ ਦੇ ਕੁਝ ਮੈਂਬਰਾਂ ਦੇ ਵਤੀਰੇ ਦੀ ਜਿਨ੍ਹਾਂ ਸਿੱਧੇ ਜਾਂ ਅਣ-ਸਿੱਧੇ ਤੌਰ 'ਤੇ, ਖੁੱਲ੍ਹੇ ਜਾਂ ਗੁਪਤ ਢੰਗ ਨਾਲ਼, ਮੁਕੰਮਲ ਜਾਂ ਜੁਜ਼ਵੀਂ ਤੌਰ 'ਤੇ, ਇਸ ਨਾਲ਼ ਕੋਈ ਫ਼ਰਕ ਨਹੀਂ ਪੈਂਦਾ— ਇਸ ਗ਼ਲਤ ਨੀਤੀ ਦੀ ਹਮਾਇਤ ਕੀਤੀ ਹੈ, ਦੁਹਾਂ ਦੀ ਸਪੱਸ਼ਟ ਤੌਰ 'ਤੇ ਨਿਖੇਧੀ ਕਰਨ ਕਰੇ ਅਤੇ ਤੀਜੀ ਇੰਟਰਨੈਸ਼ਨਲ ਦੀ ਅਗਲੀ ਕਾਂਗਰਸ ਨੂੰ ਇਹਨਾਂ ਦੀ ਨਿਖੇਧੀ ਕਰਨ ਲਈ ਕਹੇ (ਅਜਿਹਾ ਕਰਦੇ ਹੋਏ ਵਿਸਥਾਰ ਨਾਲ਼ ਇਹ ਸਮਝਾਉਣਾ ਚਾਹੀਦਾ ਹੈ ਕਿ ਕਿਉਂ ਇਹਨਾਂ ਯੂਨੀਅਨਾਂ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਮੂਰਖ਼ਤਾ ਦੀ ਗੱਲ ਹੈ ਅਤੇ ਕਿਵੇਂ ਇਸ ਨਾਲ਼ ਪ੍ਰੋਲਤਾਰੀ ਇਨਕਲਾਬ ਨੂੰ ਅਤਿਅੰਤ ਨੁਕਸਾਨ ਪੁੱਜਦਾ ਹੈ। ਇਹ ਲਾਜ਼ਮੀ ਹੈ ਕਿ ਤੀਜੀ ਇੰਟਰਨੈਸ਼ਨਲ ਦੂਜੀ ਇੰਟਰਨੈਸ਼ਨਲ ਦੇ ਦਾਅ-ਪੇਚ ਤਿਆਗ ਦੇਵੇ; ਇਹਨੂੰ ਬਹਿਸ ਗੋਚਰੇ ਮਸਲਿਆਂ ਤੋਂ ਘੁਸਾਈ ਨਹੀਂ ਮਾਰਨੀ ਚਾਹੀਦੀ ਜਾਂ ਉਹਨਾਂ ਦੀ ਮਹੱਤਤਾ ਘਟਾਉਣੀ ਨਹੀਂ ਚਾਹੀਦੀ ਸਗੋਂ ਉਹਨਾਂ ਨੂੰ ਖਰੇ ਢੰਗ ਨਾਲ਼ ਅਜਿਹੇ ਸਭਨਾਂ ਸਵਾਲਾਂ ਨੂੰ ਉਠਾਉਣਾ ਚਾਹੀਦਾ ਹੈ। ਮੁਕੰਮਲ ਸੱਚਾਈ "ਨਿਰਦਲੀਆਂ" (ਜਰਮਨੀ ਦੀ ਇੰਡੀਪੈਂਡੈਂਟ ਸੋਸ਼ਲ-ਡੈਮੋਕਰੈਟਕ ਪਾਰਟੀ[1]) ਸਾਹਮਣੇ ਸਿੱਧੇ ਅਤੇ ਸਪੱਸ਼ਟ ਢੰਗ ਨਾਲ਼ ਪੇਸ਼ ਕਰ ਦਿੱਤੀ ਗਈ ਹੈ ਅਤੇ ਐਨ ਇਸੇ ਤਰ੍ਹਾਂ ਸਿੱਧੇ ਅਤੇ ਸਪੱਸ਼ਟ ਢੰਗ ਨਾਲ਼ "ਖੱਬੇ-ਪੱਖੀ" ਕਮਿਊਨਿਸਟਾਂ ਸਾਹਮਣੇ ਪੇਸ਼ ਕੀਤੀ ਜਾਣੀ ਚਾਹੀਦੀ ਹੈ।

1. ਦੇਖੋ **ਸਮੁੱਚੀਆਂ ਲਿਖਤਾਂ**, ਜਿਲਦ 30, ਸਫ਼ੇ 337-44 **—ਸੰਪਾ.**

# VII

# ਕੀ ਸਾਨੂੰ ਬੁਰਜੂਆ ਪਾਰਲੀਮੈਂਟਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ ?

ਜਰਮਨੀ ਦੇ "ਖੱਬੇ-ਪੱਖੀ" ਕਮਿਊਨਿਸਟ ਇਸ ਸਵਾਲ ਦਾ ਜਵਾਬ ਅਤਿਅੰਤ ਘ੍ਰਿਣਾ — ਅਤੇ ਗੰਭੀਰਤਾ ਦੀ ਅਤਿ ਅੰਤ ਅਣਹੋਂਦ - ਨਾਲ ਨਾਂਹ — ਵਿੱਚ ਦੇਂਦੇ ਹਨ। ਉਹਨਾਂ ਦੀ ਦਲੀਲਾਂ ? ਉੱਪਰ ਜਿਹੜੀ ਟੂਕ ਦਿੱਤੀ ਗਈ ਹੈ ਉਸ ਵਿੱਚ ਕਿਹਾ ਗਿਆ ਸੀ:

> "...ਇਤਿਹਾਸਿਕ ਅਤੇ ਰਾਜਸੀ ਪੱਖ ਤੋਂ ਸਮਾਂ ਵਿਹਾ ਚੁੱਕੇ ਘੋਲ਼ ਦੇ ਪਾਰਲੀਮਾਨੀ ਰੂਪਾਂ ਵੱਲ ਹਰ ਵਾਪਸੀ ਨੂੰ ਜ਼ੋਰਦਾਰ ਢੰਗ ਨਾਲ਼ ਰੱਦ ਕਰਨਾ ਚਾਹੀਦਾ ਹੈ..."

ਇਹ ਬੜੀ ਹਾਸੋ-ਹੀਣੀ ਡੀਂਗ ਨਾਲ਼ ਕਿਹਾ ਗਿਆ ਹੈ ਅਤੇ ਸਪੱਸ਼ਟ ਤੌਰ 'ਤੇ ਗ਼ਲਤ ਹੈ। ਪਾਰਲੀਮਾਨੀਵਾਦ "ਵੱਲ ਵਾਪਸੀ", ਰੱਬ ਦੀ ਸੌਂਹ ? ਸ਼ੈਦ ਜਰਮਨੀ ਵਿੱਚ ਪਹਿਲਾਂ ਹੀ ਇੱਕ ਸੋਵੀਅਤ ਗਣਰਾਜ ਸਥਾਪਤ ਹੋ ਚੁੱਕਿਆ ਹੈ ? ਅਜਿਹਾ ਜਾਪਦਾ ਤਾਂ ਨਹੀਂ ! ਫੇਰ ਕੋਈ "ਵਾਪਸੀ" ਦੀ ਗੱਲ ਕਿਵੇਂ ਕਰ ਸਕਦਾ ਹੈ ? ਕੀ ਇਹ ਫ਼ੋਕਾ ਵਾਕ ਨਹੀਂ ?

ਪਾਰਲੀਮਾਨੀਵਾਦ "ਇਤਿਹਾਸਕ ਪੱਖ ਤੋਂ ਸਮਾਂ ਵਿਹਾ ਚੁੱਕਾ" ਹੈ। ਇਹ ਗੱਲ ਪ੍ਰਚਾਰ ਦੇ ਅਰਥਾਂ ਵਿੱਚ ਤਾਂ ਠੀਕ ਹੈ। ਪਰ ਸਭ ਜਾਣਦੇ ਹਨ ਕਿ **ਅਮਲ ਵਿੱਚ** ਇਸ ਤੋਂ ਅੱਗੇ ਲੰਘਣਾ ਅਜੇ ਦੂਰ ਦੀ ਗੱਲ ਹੈ। ਕਈ ਦਹਾਕੇ ਪਹਿਲਾਂ ਇਹ ਕਿਹਾ ਜਾ ਸਕਦਾ ਸੀ — ਅਤੇ ਪੂਰੇ ਇਨਸਾਫ਼ ਨਾਲ਼ ਕਿਹਾ ਜਾ ਸਕਦਾ ਸੀ — ਕਿ ਸਰਮਾਏਦਾਰੀ "ਇਤਿਹਾਸਕ ਪੱਖ ਤੋਂ ਸਮਾਂ ਵਿਹਾ ਚੁੱਕੀ" ਹੈ ਪਰ ਇਸ ਨਾਲ਼ ਸਰਮਾਏਦਾਰ **ਪਿੜ ਵਿੱਚ** ਲੰਮੇ ਅਤੇ ਅਤਿ ਸਿਰੜੀ ਘੋਲ਼ ਦੀ ਲੋੜ ਤਾਂ ਖਤਮ ਨਹੀਂ ਹੋ ਜਾਂਦੀ। **ਸੰਸਾਰ ਇਤਿਹਾਸ** ਦੇ ਦ੍ਰਿਸ਼ਟੀਕੋਣ ਤੋਂ ਪਾਰਲੀਮਾਨੀਵਾਦ "ਸਮਾਂ ਵਿਹਾ ਚੁੱਕਾ ਹੈ" ਅਰਥਾਤ ਬੁਰਜੂਆ ਪਾਰਲੀਮਾਨੀਵਾਦ ਦਾ **ਯੁੱਗ** ਖ਼ਤਮ ਹੋ ਗਿਆ ਹੈ ਅਤੇ ਪ੍ਰੋਲਤਾਰੀ ਡਿਕਟੇਟਰਸ਼ਿਪ ਦਾ **ਯੁੱਗ ਸ਼ੁਰੂ ਹੋ ਗਿਆ ਹੈ।** ਇਹ ਗੱਲ ਅਵਿਵਾਦੀ ਹੈ। ਪਰ ਸੰਸਾਰ ਇਤਿਹਾਸ ਵਿੱਚ ਦਹਾਕਿਆਂ ਦੇ ਅਧਾਰ 'ਤੇ ਹਿਸਾਬ ਕੀਤਾ ਜਾਂਦਾ ਹੈ। ਸੰਸਾਰ ਇਤਿਹਾਸ ਦੇ ਗ਼ਜ਼ ਨਾਲ਼ ਨਾਪਿਆਂ ਦੱਸ ਜਾਂ ਵੀਹ ਵਰ੍ਹੇ ਪਹਿਲੋਂ ਜਾਂ ਪਿੱਛੋਂ ਨਾਲ਼ ਕੋਈ ਫ਼ਰਕ ਨਹੀਂ ਪੈਂਦਾ; ਸੰਸਾਰ ਇਤਿਹਾਸ ਦੇ ਦ੍ਰਿਸ਼ਟੀਕੋਣ ਤੋਂ ਇੰਨੀ ਨਿਗੂਣੀ ਮੁਦਤ ਹੈ ਕਿ ਇਹਦਾ ਲਗਭਗ ਹਿਸਾਬ ਵੀ ਨਹੀਂ ਰੱਖਿਆ ਜਾਂਦਾ। ਪਰ ਐਨ ਇਸੇ ਕਾਰਨ ਸੰਸਾਰ ਇਤਿਹਾਸ ਦੇ ਗਜ਼ ਨੂੰ ਅਮਲੀ ਰਾਜਨੀਤੀ ਵਿੱਚ ਵਰਤਣਾ ਗ਼ਲਤ ਹੈ।

ਕੀ ਪਾਰਲੀਮਾਨੀਵਾਦ "ਰਾਜਸੀ ਪੱਖੋਂ ਸਮਾਂ ਵਿਹਾ ਚੁੱਕਾ" ਹੈ ? ਇਹ ਇੱਕ ਉੱਕਾ ਹੀ ਵੱਖਰਾ ਮਾਮਲਾ ਹੈ। ਜੇ ਇਹ ਗੱਲ ਠੀਕ ਹੁੰਦੀ ਤਾਂ "ਖੱਬੇ-ਪੱਖੀਆਂ" ਦੀ ਪ੍ਰਸਥਿਤੀ

ਮਜ਼ਬੂਤ ਹੁੰਦੀ। ਪਰ ਇਹ ਗੱਲ ਲਈ ਤਾਂ ਬੜੀ ਖੋਜ ਨਾਲ਼ ਵਿਸ਼ਲੇਸ਼ਣ ਦੀ ਲੋੜ ਹੈ ਅਤੇ "ਖੱਬੇ-ਪੱਖੀਆਂ" ਨੂੰ ਤਾਂ ਏਨੀ ਵੀ ਸਮਝ ਨਹੀਂ ਕਿ ਇਹ ਕੰਮ ਕਿਸ ਢੰਗ ਨਾਲ਼ ਸ਼ੁਰੂ ਕੀਤਾ ਜਾਵੇ।"ਕਮਿਊਨਿਸਟ ਇੰਟਰਨੈਸ਼ਨਲ ਦੇ ਐਮਸਟਰਡਮ ਦੇ ਅਸਥਾਈ ਬਿਊਰੋ ਦਾ ਬੁਲੇਟਨ" ਅੰਕ 1, (ਫਰਵਰੀ 1920) ′ Bulletin of the Provisional Bureau in Amsterdam of the Communist International[a] No. 1, February, 1920) **ਵਿੱਚ ਛਪੇ** "ਪਾਰਲੀਮਾਨੀਵਾਦ ਸਬੰਧੀ ਥੀਸਿਸ" ਵਿੱਚ, ਜਿਹੜਾ ਡੱਚ ਖੱਬੇ-ਪੱਖੀਆਂ ਜਾਂ ਖੱਬੇ-ਪੱਖੀਆਂ-ਡੱਚਾਂ ਦੀ ਰੁਚੀ ਪ੍ਰਗਟ ਕਰਦਾ, ਦਿੱਤਾ ਗਿਆ ਵਿਸ਼ਲੇਸ਼ਣ ਵੀ, ਜਿਹਾ ਕਿ ਅਸੀਂ ਅੱਗੇ ਚੱਲ ਕੇ ਵੇਖਾਂਗੇ, ਉੱਕਾ ਹੀ ਨਿਕੰਮਾ ਹੈ।

ਪਹਿਲੀ ਗੱਲ ਤਾਂ ਇਹ ਕਿ, ਜਿਹਾ ਕਿ ਸਾਨੂੰ ਪਤਾ ਹੈ, ਰੋਜ਼ਾ ਲੁਕਸਮਬਰਗ ਅਤੇ ਕਾਰਲ ਲੀਬਕਨੇਖਤ[37] ਜਿਹੇ ਉੱਘੇ ਰਾਜਸੀ ਲੀਡਰਾਂ ਦੀ ਰਾਏ ਦੇ ਉਲਟ ਜਰਮਨ "ਖੱਬੇ-ਪੱਖੀ" ਜਨਵਰੀ 1919 ਵਿੱਚ ਪਾਰਲੀਮਾਨੀਵਾਦ ਨੂੰ "ਰਾਜਸੀ ਪੱਖੋਂ ਸਮਾਂ ਵਿਹਾ ਚੁੱਕਾ" ਸਮਝਦੇ ਸਨ। ਅਸੀਂ ਜਾਣਦੇ ਹਾਂ ਕਿ "ਖੱਬੇ-ਪੱਖੀ" ਗ਼ਲਤੀ 'ਤੇ ਸਨ। ਕੇਵਲ ਇਹ ਤੱਥ ਹੀ, ਇੱਕੋ ਵਾਰ ਨਾਲ਼ ਇਸ ਪ੍ਰਸਤਾਵ ਨੂੰ ਰੱਦ ਕਰ ਦੇਂਦਾ ਹੈ ਕਿ ਪਾਰਲੀਮਾਨੀ "ਰਾਜਸੀ ਪੱਖੋਂ ਸਮਾਂ ਵਿਹਾ" ਚੁੱਕਾ ਹੈ। ਇਹ ਸਾਬਤ ਕਰਨਾ ਉਹਨਾਂ ਦੀ ਜ਼ਿੰਮੇਵਾਰੀ ਹੈ। ਕਿ ਉਹਨਾਂ ਦੀ ਗ਼ਲਤੀ, ਜਿਹੜੀ ਉਸ ਸਮੇਂ ਅਵਿਵਾਦੀ ਸੀ, ਹੁਣ ਗ਼ਲਤੀ ਕਿਉਂ ਨਹੀਂ। ਉਹ ਸਬੂਤ ਦਾ ਅੰਸ਼-ਮਾਤਰ ਵੀ ਪੇਸ਼ ਨਹੀਂ ਕਰਦੇ ਅਤੇ ਨਾ ਹੀ ਕਰ ਸਕਦੇ ਹਨ। ਖ਼ੁਦ ਆਪਣੀਆਂ ਗ਼ਲਤੀਆਂ ਵੱਲ ਕਿਸੇ ਰਾਜਸੀ ਪਾਰਟੀ ਦਾ ਵਤੀਰਾ ਇਹ ਪਰਖਣ ਦਾ ਸਭ ਤੋਂ ਵੱਧ ਮਹੱਤਵਪੂਰਨ ਅਤੇ ਯਕੀਨੀ ਢੰਗ ਹੈ ਕਿ ਉਹ ਪਾਰਟੀ ਆਪਣੀ **ਸ਼੍ਰੇਣੀ** ਅਤੇ ਕਿਰਤੀ **ਲੋਕਾਂ** ਵੱਲ ਆਪਣੀਆਂ ਜ਼ਿੰਮੇਵਾਰੀਆਂ **ਅਮਲ ਵਿੱਚ** ਕਿਵੇਂ ਪੂਰੀਆਂ ਕਰਦੀ ਹੈ। ਖੁੱਲ੍ਹ ਕੇ ਗ਼ਲਤੀ ਕਬੂਲਣਾ, ਇਹਦੇ ਕਾਰਨਾਂ ਦਾ ਪਤਾ ਕੱਢਣਾ, ਉਹਨਾਂ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕਰਨਾ ਜਿਨ੍ਹਾਂ ਕਾਰਨ ਇਹ ਹੋਈ ਅਤੇ ਇਹਨੂੰ ਠੀਕ ਕਰਨ ਦੇ ਢੰਗਾਂ ਉੱਤੇ ਧਿਆਨ ਨਾਲ਼ ਵਿਚਾਰ ਕਰਨਾ—ਇਹ ਇੱਕ ਗੰਭੀਰ ਪਾਰਟੀ ਦੀ ਨਿਸ਼ਾਨੀ ਹੈ: ਉਹਨੂੰ ਆਪਣੇ ਫ਼ਰਜ ਇਸੇ ਤਰ੍ਹਾਂ ਪੂਰੇ ਕਰਨੇ ਚਾਹੀਦੇ ਹਨ ਅਤੇ ਇਸੇ ਤਰ੍ਹਾਂ ਪਹਿਲਾਂ ਆਪਣੀ **ਸ਼੍ਰੇਣੀ** ਅਤੇ ਫੇਰ **ਜਨਤਾ** ਨੂੰ ਸਿੱਖਿਆ ਦੇਣੀ ਚਾਹੀਦੀ ਹੈ। ਇਹ ਫ਼ਰਜ ਪੂਰਾ ਕਰਨ ਅਤੇ ਆਪਣੀ ਸਪੱਸ਼ਟ ਗ਼ਲਤੀ ਦੇ ਅਧਿਅਨ ਵੱਲ ਵੱਧ ਤੋਂ ਵੱਧ ਧਿਆਨ ਦੇਣ ਵਿੱਚ ਅਸਫ਼ਲ ਰਹਿ ਕੇ ਜਰਮਨੀ ਵਿੱਚ (ਅਤੇ ਹਾਲੈਂਡ ਵਿੱਚ) "ਖੱਬੇ-ਪੱਖੀਆਂ" ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਇੱਕ **ਸ਼੍ਰੇਣੀ ਦੀ ਪਾਰਟੀ** ਨਹੀਂ, ਸਗੋਂ ਇੱਕ ਮੰਡਲੀ ਹਨ, **ਜਨਤਾ ਦੀ ਪਾਰਟੀ** ਨਹੀਂ ਸਗੋਂ ਬੁੱਧੀਮਾਨਾਂ ਅਤੇ ਕੁਝ ਅਜਿਹੇ ਕਿਰਤੀਆਂ ਦੀ ਟੋਲੀ ਹਨ ਜਿਹੜੇ ਬੁੱਧੀਮਾਨਤਾ ਦੇ ਸਭ ਤੋਂ ਭੈੜੇ ਲੱਛਣਾਂ ਦੀ ਨਕਲ ਕਰਦੇ ਹਨ।

ਦੂਜੇ, ਅਸੀਂ ਫ਼ਰੈਂਕਫ਼ੋਰਟ ਦੇ "ਖ਼ੱਬੇ-ਪੱਖੀਆਂ" ਦੇ ਜਿਸ ਪੈਂਫਲਟ ਵਿੱਚੋਂ ਪਹਿਲਾਂ ਹੀ, ਵਿਸਥਾਰ-ਸਹਿਤ ਟੂਕਾਂ ਦਿੱਤੀਆਂ ਹਨ, ਉਸ ਵਿੱਚ ਇਹ ਵੀ ਲਿਖਿਆ ਹੈ:

> "...ਜਿਹੜੇ ਲਖੂਖਾ ਕਿਰਤੀ ਅਜੇ ਤੱਕ ਵਿਚਲੇ ਰਾਹ (ਕੈਥੋਲਕ "ਵਿਚਲੇ ਰਾਹ ਵਾਲ਼ੀ") ਪਾਰਟੀ ਦੀ ਨੀਤੀ ਦੀ ਹਮਾਇਤ ਕਰਦੇ ਹਨ ਉਹ

ਉਲਟ ਇਨਕਲਾਬੀ ਹਨ। ਪਿੰਡਾਂ ਦੇ ਪ੍ਰੋਲਤਾਰੀ ਵਿੱਚੋਂ ਉਲਟ-ਇਨਕਲਾਬੀ ਫ਼ੌਜਾਂ ਭਰਤੀ ਹੁੰਦੀਆਂ ਹਨ।"(ਵੇਖੋ ਪੈਂਫਲਟ ਦਾ ਸਫ਼ਾ 3)

ਹਰ ਗੱਲ ਤੋਂ ਇਹ ਸਪੱਸ਼ਟ ਹੈ ਕਿ ਇਹ ਕਥਨ ਕਿਤੇ ਜ਼ਿਆਦਾ ਵੱਡੀ ਮਾਰ ਵਾਲ਼ਾ ਅਤੇ ਅਤਿ-ਕਥਨੀ ਭਰਪੂਰ ਹੈ। ਪਰ ਇਸ ਵਿੱਚ ਪੇਸ਼ ਕੀਤਾ ਬੁਨਿਆਦੀ ਤੱਥ ਅਜਿਹਾ ਹੈ ਜਿਸ ਸਬੰਧੀ ਵਿਵਾਦ ਨਹੀਂ ਹੋ ਸਕਦਾ ਅਤੇ "ਖੱਬੇ-ਪੱਖੀਆਂ" ਵੱਲੋਂ ਇਹਦਾ ਮੰਨਿਆਂ ਜਾਣਾ, ਉਹਨਾਂ ਦੀ ਗ਼ਲਤੀ ਦਾ ਸਾਫ਼ ਸਬੂਤ ਹੈ। ਉਹ ਕਿਵੇਂ ਕਹਿ ਸਕਦੇ ਹਨ ਕਿ "ਪਾਰਲੀਮਾਨੀਵਾਦ ਰਾਜਸੀ ਪੱਖੋਂ ਸਮਾਂ ਵਿਹਾ ਚੁੱਕਾ ਹੈ" ਜਦੋਂ "ਲਖੂਖਾ ਦੀ ਗਿਣਤੀ ਵਿੱਚ" **ਪ੍ਰੋਲਤਾਰੀ** ਲੋਕ ਅਤੇ ਉਹਨਾਂ ਦੀਆਂ "ਫੌਜਾਂ" ਨਾ ਕੇਵਲ ਆਮ ਤੌਰ 'ਤੇ ਪਾਰਲੀਮਾਨੀਵਾਦ ਦੇ ਹੱਕ ਵਿੱਚ ਹਨ ਸਗੋਂ ਇੱਕ ਦਮ "ਉਲਟ-ਇਨਕਲਾਬੀ" ਹਨ। ਇਹ ਸਪੱਸ਼ਟ ਹੈ ਕਿ ਜਰਮਨੀ ਵਿੱਚ ਪਾਰਲੀਮਾਨੀਵਾਦ **ਅਜੇ ਤੱਕ** ਰਾਜਸੀ ਤੌਰ 'ਤੇ ਸਮਾਂ ਨਹੀਂ ਵਿਹਾ ਚੁੱਕਿਆ। ਇਹ ਸਪੱਸ਼ਟ ਹੈ ਕਿ ਜਰਮਨੀ ਵਿੱਚ "ਖੱਬੇ-ਪੱਖੀਆਂ" ਨੇ **ਆਪਣੀ ਇੱਛਿਆ ਨੂੰ**, ਆਪਣੇ ਰਾਜਸੀ-ਵਿਚਾਰਧਾਰਕ ਵਤੀਰੇ ਨੂੰ ਯਥਾਰਥਕ ਅਸਲੀਅਤ ਸਮਝ ਲਿਆ ਹੈ। ਇਹ ਗ਼ਲਤੀ ਇਨਕਲਾਬੀਆਂ ਲਈ ਸਭ ਤੋਂ ਖ਼ਤਰਨਾਕ ਹੈ। ਰੂਸ ਵਿੱਚ — ਜਿੱਥੇ ਵਿਸ਼ੇਸ ਤੌਰ 'ਤੇ ਲੰਮੇ ਸਮੇਂ ਤੱਕ ਅਤੇ ਵਿਸ਼ੇਸ਼ ਤੌਰ 'ਤੇ ਵੱਖ ਵੱਖ ਰੂਪਾਂ ਵਿੱਚ ਜ਼ਾਰਸ਼ਾਹੀ ਦੇ ਅਤਿਅੰਤ ਜ਼ਾਲਮ ਅਤੇ ਵਹਿਸ਼ੀ ਜੂਲੇ ਨੇ ਵੱਖ ਵੱਖ ਭਾਹਾਂ ਦੇ ਇਨਕਲਾਬੀ ਪੈਦਾ ਕੀਤੇ, ਇਨਕਲਾਬੀ ਜਿਨ੍ਹਾਂ ਹੈਰਾਨ ਕਰਨ ਵਾਲ਼ੀ ਲਗਨ, ਉਤਸ਼ਾਹ, ਸੂਰਮਤਾਈ ਅਤੇ ਇੱਛਾ-ਸ਼ਕਤੀ ਵਿਖਾਈ — ਰੂਸ ਵਿੱਚ ਅਸਾਂ ਇਨਕਲਾਬੀਆਂ ਦੀ ਇਸ ਗ਼ਲਤੀ ਨੂੰ ਬਹੁਤ ਨੇੜਿਉਂ ਵੇਖਿਆ ਹੈ; ਅਸਾਂ ਬੜੇ ਧਿਆਨ ਨਾਲ ਇਹਦਾ ਅਧਿਅਨ ਕੀਤਾ ਹੈ ਅਤੇ ਸਾਨੂੰ ਇਹਦੀ ਸਿੱਧੀ ਵਾਕਫ਼ੀ ਹੈ; ਇਸੇ ਲਈ ਅਸੀਂ ਇਹਨੂੰ ਹੋਰਨਾਂ ਵਿੱਚ ਵਿਸ਼ੇਸ਼ ਸਪੱਸ਼ਟਤਾ ਨਾਲ਼ ਵੇਖਦੇ ਹਾਂ। ਨਿਸ਼ਚੇ ਹੀ ਜਰਮਨੀ ਵਿੱਚ ਕਮਿਊਨਿਸਟਾਂ ਲਈ ਪਾਰਲੀਮਾਨੀਵਾਦ "ਰਾਜਸੀ ਪੱਖੋਂ ਸਮਾਂ ਵਿਹਾ ਚੁੱਕਾ" ਹੈ; ਪਰ — ਅਤੇ ਅਸਲੀ ਨੁਕਤਾ ਇਹੋ ਹੈ — ਸਾਨੂੰ ਇਹ **ਨਹੀਂ** ਸਮਝਣਾ ਚਾਹੀਦਾ ਕਿ ਜੋ ਕੁਝ **ਸਾਡੇ ਲਈ** ਸਮਾਂ ਵਿਹਾ ਚੁੱਕਾ ਹੈ ਉਹ **ਇੱਕ ਸ਼੍ਰੇਣੀ ਲਈ**, **ਆਮ ਜਨਤਾ ਲਈ** ਵੀ ਸਮਾਂ ਵਿਹਾ ਚੁੱਕਾ ਹੈ। ਇੱਥੇ ਅਸੀਂ ਇੱਕ ਵਾਰ ਫੇਰ ਵੇਖਦੇ ਹਾਂ ਕਿ "ਖੱਬੇ-ਪੱਖੀ" ਦਲੀਲ ਦੇਣਾ ਨਹੀਂ ਜਾਣਦੇ, ਇੱਕ **ਸ਼੍ਰੇਣੀ** ਦੀ ਪਾਰਟੀ ਵਾਂਗ, **ਜਨਤਾ** ਦੀ ਪਾਰਟੀ ਵਾਂਗ ਕੰਮ ਤੱਕ ਕਰਨਾ ਨਹੀਂ ਜਾਣਦੇ। ਤੁਹਾਨੂੰ ਜਨਤਾ ਦੀ ਪੱਧਰ ਤੱਕ, ਸ਼੍ਰੇਣੀ ਦੀ ਪੱਛੜੀ ਪਰਤ ਤੱਕ ਨੀਂਵਾ ਨਹੀਂ ਹੋ ਜਾਣਾ ਚਾਹੀਦਾ। ਇਸ ਤੱਥ ਅਵਿਵਾਦੀ ਹੈ; ਇਹ ਲਾਜ਼ਮੀ ਹੈ। ਤੁਹਾਨੂੰ ਜਨਤਾ ਨੂੰ ਕੌੜੀ ਸੱਚਾਈ ਦੱਸਣੀ ਚਾਹੀਦੀ ਹੈ। ਇਹ ਤੁਹਾਡਾ ਫ਼ਰਜ ਹੈ ਕਿ ਤੁਸੀਂ ਉਹਨਾਂ ਦੇ ਬੁਰਜੂਆ-ਜਮਹੂਰੀ ਅਤੇ ਪਾਰਲੀਮਾਨੀ ਤਅੱਸਬਾਂ ਨੂੰ ਉਹ ਕੁਝ ਕਹੋ ਜੋ ਕੁਝ ਉਹ ਹਨ — ਅਰਥਾਤ ਤਅੱਸਬ। ਪਰ ਇਹਦੇ ਨਾਲ਼ ਹੀ ਨਾਲ਼ ਤੁਹਾਨੂੰ ਸਮੁੱਚੀ ਸ਼੍ਰੇਣੀ ਦੀ (ਅਤੇ ਇਹਦੇ ਕਮਿਊਨਿਸਟ ਮੂਹਰੈਲ ਦੀ ਹੀ ਨਹੀਂ) ਸਮੁੱਚੀ ਕਿਰਤੀ **ਜਨਤਾ** ਦੀ (ਇਹਦੇ ਉੱਨਤ ਅੰਸ਼ਾਂ ਦੀ ਹੀ ਨਹੀਂ) **ਅਸਲੀ** ਚੇਤੰਨਤਾ ਅਤੇ ਤਿਆਰੀ ਨੂੰ **ਹੋਸ਼ਮੰਦੀ** ਨਾਲ਼ ਵੇਖਣਾ ਚਾਹੀਦਾ ਹੈ।

ਜੇ "ਲਖੂਖਾ" ਸਨਅਤੀ ਕਾਮੇ ਅਤੇ ਉਹਨਾਂ ਦੀ ਪੂਰੀਆਂ "ਫੌਜਾਂ" ਨਹੀਂ ਸਗੋਂ

ਉਹਨਾਂ ਦੀ ਖ਼ਾਸੀ ਵੱਡੀ **ਘੱਟ-ਗਿਣਤੀ** ਕੈਥੋਲਕ ਪਾਦਰੀਆਂ ਪਿੱਛੇ ਚੱਲਦੀ ਹੈ — ਅਤੇ ਪੇਂਡੂ ਕਿਰਤੀਆਂ ਦੀ ਅਜਿਹੀ ਹੀ ਘੱਟ-ਗਿਣਤੀ ਜਾਗੀਰਦਾਰਾਂ ਤੇ ਕੁਲਾਕਾਂ (Grossbauern) ਦੇ ਪਿੱਛੇ ਚੱਲਦੀ ਹੈ — ਤਾਂ **ਨਿਰਸੰਦੇਹ** ਇਹ ਇਸ ਗੱਲ ਦਾ ਲਖਾਇਕ ਹੈ ਕਿ **ਅਜੇ ਤੱਕ** ਜਰਮਨੀ ਵਿੱਚ ਪਾਰਲੀਮਾਨੀਵਾਦ ਰਾਜਸੀ ਪੱਖ ਤੋਂ ਸਮਾਂ ਵਿਹਾ ਨਹੀਂ ਚੁੱਕਿਆ ਅਤੇ ਇਨਕਲਾਬੀ ਪ੍ਰੋਲਤਾਰੀ ਦੀ ਪਾਰਟੀ ਲਈ ਪਾਰਲੀਮਾਨੀ ਚੋਣਾਂ ਵਿੱਚ ਅਤੇ ਪਾਰਲੀਮਾਨੀ ਮੰਚ ਤੋਂ ਘੋਲ਼ ਵਿੱਚ ਹਿੱਸਾ ਲੈਣਾ ਐਨ ਇਸ ਲਈ **ਲਾਜ਼ਮੀ** ਹੈ ਕਿ **ਆਪਣੀ ਸ਼੍ਰੇਣੀ** ਦੀ ਪੱਛੜੀ ਪਰਤ ਨੂੰ ਸਿੱਖਿਅਤ ਕਰ ਸਕੇ ਅਤੇ ਅਣ-ਵਿਕਸਤ, ਪਸਿਤੀ ਅਤੇ ਅਗਿਆਨਤਾ ਵਿੱਚ ਫਸੀ ਪੈਂਡੂ **ਜਨਤਾ** ਨੂੰ ਜਾਗ੍ਰਤ ਕਰ ਸਕੇ ਅਤੇ ਗਿਆਨ ਦਾ ਚਾਨਣਾ ਦੇ ਸਕੇ। ਜਿੰਨਾਂ ਚਿਰ ਤੁਹਾਡੇ ਕੋਲ਼ ਬੁਰਜੂਆ ਪਾਰਲੀਮੈਂਟਾਂ ਅਤੇ ਹੋਰ ਕਿਸਮ ਦੀਆਂ ਪਿੱਛੇ-ਖਿੱਚੂ ਸੰਸਥਾਵਾਂ ਨੂੰ ਖ਼ਤਮ ਕਰ ਦੇਣ ਦੀ ਤਾਕਤ ਨਹੀਂ ਤੁਹਾਨੂੰ ਉਹਨਾਂ ਦੇ ਅੰਦਰੋਂ ਕੰਮ ਕਰਨਾ ਹੀ **ਪਵੇਗਾ** ਕਿਉਂਕਿ ਉਹਨਾਂ ਅੰਦਰ **ਹੀ** ਤੁਹਾਨੂੰ ਉਹ ਕਿਰਤੀ ਮਿਲ਼ਣਗੇ ਜਿਨ੍ਹਾਂ ਨੂੰ ਪਾਦਰੀਆਂ ਨੇ ਧੋਖੇ ਵਿਚ ਪਾਇਆ ਹੋਇਆ ਹੈ ਅਤੇ ਪੇਂਡੂ ਜੀਵਨ ਦੀਆਂ ਪ੍ਰਸਥਿਤੀਆਂ ਨੇ ਨਿਰਾਰਥ ਕਰ ਦਿੱਤਾ ਹੋਇਆ ਹੈ, ਨਹੀਂ ਤਾਂ ਤੁਹਾਡੇ ਲਫੌੜੀ ਬਣ ਕੇ ਰਹਿ ਜਾਣ ਦਾ ਖ਼ਤਰਾ ਹੈ।

ਤੀਜੇ "ਖੱਬੇ-ਪੱਖੀ" ਕਮਿਊਨਿਸਟ ਸਾਡੀ, ਬਾਲਸ਼ਵਿਕਾਂ ਦੀ ਸ਼ਲਾਘਾਂ ਵਿੱਚ ਬਹੁਤ ਕੁਝ ਕਹਿੰਦੇ ਹਨ। ਕਦੇ ਕਦੇ ਜੀਅ ਕਰਦਾ ਹੈ ਕਿ ਉਹਨਾਂ ਨੂੰ ਕਿਹਾ ਜਾਵੇ ਕਿ ਸਾਡੀ ਸ਼ਲਾਘਾ ਘੱਟ ਕਰਿਆ ਕਰਨ ਅਤੇ ਬਾਲਸ਼ਵਿਕਾਂ ਦੇ ਦਾਅਪੇਚਾਂ ਦੀ ਚੰਗੇਰੀ ਵਾਕਫ਼ੀ ਕਰਨ ਦਾ ਯਤਨ ਕਰਨ। ਅਸਾਂ ਸਤੰਬਰ-ਨਵੰਬਰ 1917 ਵਿੱਚ ਵਿਧਾਨ ਘੜ੍ਹਨੀ ਸਭਾ, ਰੂਸ ਦੀ ਬੁਰਜੂਆ ਪਾਰਲੀਮੈਂਟ ਦੀ ਚੋਣ ਵਿੱਚ ਹਿੱਸਾ ਲਿਆ। ਸਾਡੇ ਦਾਅ-ਪੇਚ ਠੀਕ ਸਨ ਜਾਂ ਨਹੀਂ ? ਜੇ ਨਹੀਂ ਤਾਂ ਇਹ ਗੱਲ ਸਾਫ਼ ਤੌਰ 'ਤੇ ਕਹੀ ਅਤੇ ਸਾਬਤ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਅਜਿਹਾ ਕਰਨਾ ਕੌਮਾਂਤਰੀ ਕਮਿਊਨਿਜ਼ਮ ਲਈ ਠੀਕ ਦਾਅ-ਪੇਚ ਤਿਆਰ ਕਰਨ ਲਈ ਲੋੜੀਂਦਾ ਹੈ। ਜੇ ਉਹ ਠੀਕ ਨਹੀਂ ਸਨ ਤਾਂ ਕੁਝ ਸਿੱਟੇ ਕੱਢਣੇ ਚਾਹੀਦੇ ਹਨ। ਨਿਸ਼ਚੇ ਹੀ ਰੂਸ ਦੀ ਪ੍ਰਸਥਿਤੀ ਨੂੰ ਪੱਛਮੀ ਯੂਰਪ ਦੀ ਪ੍ਰਸਥਿਤੀ ਨਾਲ਼ ਸਾਵਾਂ ਰੱਖਣ ਦਾ ਤਾਂ ਸਵਾਲ ਹੀ ਨਹੀਂ ਉੱਠਦਾ। ਪਰ ਜਿੱਥੋਂ ਤੱਕ "ਰਾਜਸੀ ਪੱਖੋਂ ਪਾਰਲੀਮਾਨੀਵਾਦ ਸਮਾਂ ਵਿਹਾ ਚੁੱਕਾ" ਹੈ ਦੇ ਵਿਚਾਰ ਦੇ ਅਰਥ ਦਾ ਵਿਸ਼ੇਸ਼ ਸਵਾਲ ਹੈ ਸਾਡੇ ਅਨੁਭਵ ਉੱਤੇ ਧਿਆਨ ਨਾਲ਼ ਵਿਚਾਰ ਕਰਨਾ ਚਾਹੀਦਾ ਹੈ ਕਿਉਂਕਿ ਜਦੋਂ ਤੱਕ ਠੋਸ ਅਨੁਭਵ ਨੂੰ ਨਾ ਵਿਚਾਰਿਆ ਜਾਵੇ ਅਜਿਹੇ ਫ਼ਿਕਰੇ ਫ਼ੋਕੇ ਵਿਚਾਰ ਬਣ ਕੇ ਰਹਿ ਜਾਂਦੇ ਹਨ। ਕੀ ਸਤੰਬਰ-ਨਵਬੰਰ 1917 ਵਿਚ ਸਾਨੂੰ, ਰੂਸੀ ਬਾਲਸ਼ਵਿਕਾਂ ਨੂੰ ਕਿਸੇ ਹੋਰ ਨਾਲ਼ੋਂ **ਵਧੇਰੇ** ਇਹ ਵਿਚਾਰਨ ਦਾ ਹੱਕ ਨਹੀਂ ਸੀ ਕਿ ਰੂਸ ਵਿੱਚ ਪਾਰਲੀਮਾਨੀਵਾਦ ਰਾਜਸੀ ਪੱਖੋਂ ਸਮਾਂ ਵਿਹਾ ਚੁੱਕਾ ਹੈ। ਨਿਸ਼ਚੇ ਹੀ ਸਾਨੂੰ ਇੱਕ ਹੱਕ ਪ੍ਰਾਪਤ ਸੀ ਕਿਉਂਕਿ ਅਸਲ ਨੁਕਤਾ ਇਹ ਨਹੀਂ ਕਿ ਬੁਰਜੂਆ ਪਾਰਲੀਮੈਂਟ ਦੀ ਹੋਂਦ ਲੰਮੇਂ ਸਮੇਂ ਤੋਂ ਹੈ ਜਾਂ ਥੋੜ੍ਹੇ ਸਮੇਂ ਤੋਂ, ਸਗੋਂ ਇਹ ਕਿ ਕਿਰਤੀ ਲੋਕਾਂ ਦੇ ਵੱਡੇ ਹਿੱਸੇ ਕਿਸ ਹੱਦ ਤੱਕ (ਵਿਚਾਰਧਾਰਕ, ਰਾਜਸੀ ਅਤੇ ਅਮਲੀ ਤੌਰ 'ਤੇ) ਸੋਵੀਅਤ ਪ੍ਰਨਾਲੀ ਪ੍ਰਵਾਨ ਕਰਨ ਲਈ ਅਤੇ ਬੁਰਜੂਆ-ਜਮਹੂਰੀ ਪਾਰਲੀਮੈਂਟ ਤੋੜਨ (ਜਾਂ ਇਹਦੇ ਤੋੜੇ ਜਾਣ ਦੀ ਆਗਿਆ ਦੇਣ

ਲਈ) **ਤਿਆਰ ਹਨ।** ਇਹ ਗੱਲ ਉੱਕਾ ਹੀ ਅਵਿਵਾਦੀ ਹੈ ਅਤੇ ਪੂਰੀ ਤਰ੍ਹਾਂ ਸਾਬਤ ਹੋ ਚੁੱਕਿਆ ਇਤਿਹਾਸਕ ਤੱਥ ਹੈ ਕਿ ਸਤੰਬਰ-ਨਵੰਬਰ 1917 ਵਿੱਚ ਰੂਸ ਦੀ ਸ਼ਹਿਰੀ ਕਿਰਤੀ ਸ਼੍ਰੇਣੀ ਅਤੇ ਫ਼ੌਜੀ ਅਤੇ ਕਿਸਾਨ ਕੁਝ ਵਿਸ਼ੇਸ਼ ਕਾਰਨਾਂ ਕਰਕੇ ਸੋਵੀਅਤ ਪ੍ਰਣਾਲੀ ਕਬੂਲਣ ਅਤੇ ਅਤਿਅੰਤ ਜਮਹੂਰੀ ਬੁਰਜੂਆ ਪਾਰਲੀਮੈਂਟਾਂ ਨੂੰ ਤੋੜਨ ਲਈ ਅਸਾਧਾਰਨ ਹੱਦ ਤੱਕ ਚੰਗੀ ਤਰ੍ਹਾਂ ਤਿਆਰ ਸਨ। ਪਰ ਬਾਲਸ਼ਵਿਕਾਂ ਨੇ ਵਿਧਾਨ-ਘੜਨੀ ਸਭਾ ਦਾ ਬਾਈਕਾਟ **ਨਾ** ਕੀਤਾ ਸਗੋਂ ਪ੍ਰੋਲਤਾਰੀ ਦੇ ਸੱਤ੍ਹਾ ਜਿੱਤ ਲੈਣ ਤੋਂ ਪਹਿਲਾਂ ਵੀ **ਅਤੇ ਪਿੱਛੋਂ ਵੀ** ਚੋਣਾਂ ਵਿੱਚ ਹਿੱਸਾ ਲਿਆ। ਮੈਂ ਇਹ ਆਸ ਕਰਨ ਦੀ ਹਿੰਮਤ ਕਰਦਾ ਹਾਂ ਕਿ ਮੈਂ ਉਪਰ ਆਪਣੇ ਜਿਸ ਲੇਖ ਦਾ ਜ਼ਿਕਰ ਕੀਤਾ ਹੈ ਅਤੇ ਜਿਸ ਵਿੱਚ ਮੈਂ ਰੂਸ ਦੀ ਵਿਧਾਨ-ਘੜਨੀ[1] ਸਭਾ ਦੀਆਂ ਚੋਣਾਂ ਦੇ ਅੰਕੜਿਆਂ ਦਾ ਵਿਸਥਾਰ-ਪੂਰਵਕ ਵਿਸ਼ਲੇਸ਼ਣ ਕੀਤਾ ਹੈ, ਉਸ ਵਿੱਚ ਮੈਂ ਇਹ ਸਾਬਤ ਕੀਤਾ ਹੈ ਕਿ ਇਹਨਾਂ ਚੋਣਾਂ ਦੇ ਅਤਿ ਵੱਡਮੁਲੇ (ਅਤੇ ਪ੍ਰੋਲਤਾਰੀ ਲਈ ਅਤਿਅੰਤ ਲਾਭਦਾਇਕ) ਸਿੱਟੇ ਨਿਕਲ਼ੇ।

ਇਸ ਤੋਂ ਜਿਹੜਾ ਸਿੱਟਾ ਨਿਕਲ਼ਦਾ ਹੈ ਉਹ ਉੱਕਾ ਹੀ ਅਵਿਵਾਦੀ ਹੈ—ਇਹ ਸਾਬਤ ਹੋ ਗਿਆ ਹੈ ਕਿ ਇਨਕਲਾਬੀ ਪ੍ਰੋਲਤਾਰੀ ਨੂੰ ਨੁਕਸਾਨ ਪੁਚਾਉਣਾ ਤਾਂ ਇੱਕ ਪਾਸੇ ਰਿਹਾ ਕਿ ਸੋਵੀਅਤ ਗਣ-ਰਾਜ ਦੀ ਜਿੱਤ ਤੋਂ ਕੁਝ ਹਫ਼ਤੇ ਪਹਿਲਾਂ ਵੀ ਅਤੇ ਇੱਥੋਂ ਤੱਕ ਕਿ ਜਿੱਤ ਤੋਂ **ਪਿੱਛੋਂ ਵੀ** ਬੁਰਜੂਆ-ਜਮਹੂਰੀ ਪਾਰਲੀਮੈਂਟ ਵਿੱਚ ਸ਼ਮੂਲੀ ਪੱਛੜੀ ਜਨਤਾ ਸਾਹਮਣੇ ਇਹ **ਸਾਬਤ ਕਰਨ** ਵਿੱਚ ਸਹਾਇਤਾ ਦੇਂਦੀ ਹੈ ਕਿ ਇਹ ਪਾਰਲੀਮੈਂਟਾਂ ਕਿਉਂ ਤੋੜੀਆਂ ਜਾਣੀਆਂ ਚਾਹੀਦੀਆਂ ਹਨ; ਇਹ ਉਹਨਾਂ ਨੂੰ ਸਫ਼ਲਤਾ ਨਾਲ਼ ਤੋੜਨਾ **ਸੌਖਾ ਬਣਾਉਂਦੀ ਹੈ** ਅਤੇ ਬੁਰਜੂਆ-ਪਾਰਲੀਮਾਨੀਵਾਦ ਨੂੰ "ਰਾਜਸੀ ਪੱਖੋਂ ਸਮਾਂ ਵਿਹਾ ਚੁੱਕਾ" ਬਣਾਉਣ ਵਿੱਚ **ਸਹਾਇਤਾ ਦੇਂਦੀ ਹੈ।** ਇਸ ਅਨੁਭਵ ਨੂੰ ਅੱਖੋਂ ਪ੍ਰੋਖਾ ਕਰਨਾ ਅਤੇ ਨਾਲ਼ ਹੀ ਨਾਲ਼ ਕਮਿਊਨਿਸਟ **ਇੰਟਰਨੈਸ਼ਨਲ** ਨਾਲ਼ ਸਬੰਧ ਰੱਖਣ ਦਾ ਦਾਅਵਾ ਕਰਨਾ — ਉਸ ਇੰਟਰਨੈਸ਼ਨਲ ਨਾਲ਼ ਜਿਸ ਲਈ ਆਪਣੇ ਦਾਅ-ਪੇਚ **ਕੌਮਾਂਤਰੀ ਢੰਗ ਨਾਲ਼** (ਅਤੇ ਸੌੜੇ ਜਾਂ ਕੇਵਲ ਕੌਮੀ ਦਾਅ-ਪੇਚ ਨਹੀਂ ਸਗੋਂ ਕੌਮਾਂਤਰੀ ਦਾਅ-ਪੇਚ) ਘੜ੍ਹਨਾ ਲਾਜ਼ਮੀ ਹੈ — ਦੇ ਅਰਥ ਹਨ ਇੱਕ ਬਹੁਤ ਵੱਡੀ ਗ਼ਲਤੀ ਅਤੇ ਇਹ ਜ਼ਬਾਨੀ-ਕਲਾਮੀਂ ਕੌਮਾਂਤਰੀਵਾਦ ਨੂੰ ਕਬੂਲਦੇ ਹੋਏ ਅਮਲ ਵਿੱਚ ਇਹਨੂੰ ਤਿਆਗਣਾ ਹੈ।

ਆਓ ਹੁਣ ਅਸੀਂ ਪਾਰਲੀਮੈਂਟਾਂ ਵਿਚ ਸ਼ਾਮਲ ਨਾ ਹੋਣ ਦੇ ਹੱਕ ਵਿੱਚ "ਡੱਚ ਖੱਬੇ-ਪੱਖੀਆਂ" ਦੀਆਂ ਦਲੀਲਾਂ ਨੂੰ ਲਈਏ। ਉੱਪਰ ਜਿਨ੍ਹਾਂ ਡੱਚ ਥੀਸਸਾਂ ਦਾ ਜ਼ਿਕਰ ਕੀਤਾ ਗਿਆ ਹੈ ਇਹ ਉਹਨਾਂ ਵਿੱਚੋਂ ਥੀਸਸ ਨੰ. 4 ਦਾ, ਜੋ ਸਭ ਤੋਂ ਮਹੱਤਵਪੂਰਨ ਹੈ, ਅੰਗ੍ਰੇਜ਼ੀ ਤੋਂ ਕੀਤਾ ਅਨੁਵਾਦ ਹੈ:

> "ਜਦੋਂ ਉਤਪਾਦਨ ਦਾ ਸਰਮਾਏਦਾਰ ਪ੍ਰਬੰਧ ਟੁੱਟ ਗਿਆ ਹੋਵੇ ਅਤੇ ਸਮਾਜ ਇਨਕਲਾਬ ਦੀ ਹਾਲਤ ਵਿੱਚ ਹੋਵੇ ਤਾਂ ਖ਼ੁਦ ਜਨਤਾ ਦੀ ਕਾਰਵਾਈ ਦੇ ਮੁਕਾਬਲੇ ਉੱਤੇ ਪਾਰਲੀਮਾਨੀ ਕਾਰਵਾਈ ਦੀ ਮਹੱਤਤਾ ਹੌਲ਼ੀ ਹੌਲ਼ੀ ਖ਼ਤਮ ਹੋ

1. ਦੇਖੋ **ਸਮੁੱਚੀਆਂ ਲਿਖਤਾਂ**, ਜਿਲਦ 30, ਸਫ਼ੇ 253-75 **—ਸੰਪਾ.**

ਜਾਂਦੀ ਹੈ। ਇਹਨਾਂ ਪ੍ਰਸਥਿਤੀਆਂ ਵਿੱਚ ਜਦੋਂ ਪਾਰਲੀਮੈਂਟ ਉਲਟ-ਇਨਕਲਾਬ ਦਾ ਕੇਂਦਰ ਅਤੇ ਸਾਧਨ ਬਣ ਜਾਂਦੀ ਹੈ ਅਤੇ ਦੂਜੇ ਹੱਥ, ਕਿਰਤੀ ਸ਼੍ਰੇਣੀ ਸੋਵੀਅਤਾਂ ਦੇ ਰੂਪ ਵਿੱਚ ਆਪਣੀ ਸੱਤ੍ਹਾ ਦੇ ਔਜ਼ਾਰ ਸਿਰਜਦੀ ਹੈ ਤਾਂ ਪਾਰਲੀਮਾਨੀ ਕਾਰਵਾਈ ਵਿੱਚ ਸ਼ਮੂਲੀ ਤੋਂ ਅਤੇ ਹਰ ਤਰ੍ਹਾਂ ਦੀ ਕਾਰਵਾਈ ਤੋਂ ਦੂਰ ਰਹਿਣਾ ਲਾਜ਼ਮੀ ਬਣ ਜਾਂਦਾ ਹੈ।"

ਪਹਿਲਾ ਵਾਕ ਸਪੱਸ਼ਟ ਤੌਰ 'ਤੇ ਗ਼ਲਤ ਹੈ ਕਿਉਂਕਿ ਜਨਤਾ ਵੱਲੋਂ ਕਾਰਵਾਈ, ਮਿਸਾਲ ਵਜੋਂ ਇੱਕ ਵੱਡੀ ਹੜਤਾਲ, ਨਾ ਕੇਵਲ ਇਨਕਲਾਬ ਦੇ ਦੌਰਾਨ ਜਾਂ ਇਨਕਲਾਬੀ ਪ੍ਰਸਥਿਤੀ ਵਿੱਚ ਹੀ ਸਗੋਂ **ਹਰ ਸਮੇਂ** ਪਾਰਲੀਮਾਨੀ ਸਰਗਰਮੀਂ ਨਾਲ਼ੋਂ ਵਧੇਰੇ ਮਹੱਤਵਪੂਰਨ ਹੈ। ਇਹ ਉੱਕਾ ਹੀ ਥੋਥੀ ਅਤੇ ਇਤਿਹਾਸਕ ਅਤੇ ਰਾਜਸੀ ਪੱਖੋਂ ਗ਼ਲਤ ਦਲੀਲ ਕੇਵਲ ਇਹ ਗੱਲ ਬੜੀ ਸਪੱਸ਼ਟਤਾ ਨਾਲ਼ ਦਰਸਾਉਂਦੀ ਹੈ ਕਿ ਲੇਖਕ ਘੋਲ਼ ਦੇ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਢੰਗਾਂ ਨੂੰ **ਮਿਲ਼ਾਉਣ** ਦੀ ਮਹੱਤਤਾ ਸਬੰਧੀ ਆਮ ਯੂਰਪੀ ਅਨੁਭਵ (1848 ਅਤੇ 1870 ਦੇ ਫ਼ਰਾਂਸੀਸੀ ਇਨਕਲਾਬਾਂ ਤੋਂ ਪਹਿਲਾਂ ਦਾ ਅਨੁਭਵ ਅਤੇ 1878-90 ਦਾ ਜਰਮਨ ਅਨੁਭਵ, ਆਦਿ) ਦੀ ਮਹੱਤਤਾ ਨੂੰ ਵੀ ਅਤੇ ਰੂਸੀ ਅਨੁਭਵ (ਉੱਪਰ ਵੇਖੋ) ਦੀ ਮਹਤੱਤਾ ਨੂੰ ਵੀ ਅੱਖੋਂ ਪ੍ਰੋਖਾ ਕਰਦੇ ਹਨ। ਇਹ ਸਵਾਲ ਆਮ ਤੌਰ 'ਤੇ ਅਤੇ ਖ਼ਾਸ ਤੌਰ 'ਤੇ ਵੀ ਬਹੁਤ ਵਧੇਰੇ ਮਹੱਤਵ ਰੱਖਦਾ ਹੈ ਕਿਉਂਕਿ **ਸਭਨਾਂ** ਸਭਿਅ ਅਤੇ ਉੱਨਤ ਦੇਸ਼ਾਂ ਵਿੱਚ ਉਹ ਸਮਾਂ ਬੜੀ ਤੇਜ਼ੀ ਨਾਲ਼ ਆ ਰਿਹਾ ਹੈ ਜਦੋਂ ਅਜਿਹਾ ਮੇਲ ਇਨਕਲਾਬੀ ਪ੍ਰੋਲਤਾਰੀ ਦੀ ਪਾਰਟੀ ਲਈ ਸਦਾ ਵਧੇਰੇ ਲਾਜ਼ਮੀ ਹੁੰਦਾ ਜਾਵੇਗਾ — ਅਤੇ ਕੁਝ ਹੱਦ ਤੱਕ ਹੋ ਵੀ ਗਿਆ ਹੈ — ਕਿਉਂਕਿ ਪ੍ਰੋਲਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਖ਼ਾਨਾ-ਜੰਗੀ ਦੀ ਪ੍ਰਸਥਿਤੀ ਪੱਕਦੀ ਜਾ ਰਹੀ ਹੈ ਅਤੇ ਇਹ ਜੰਗ ਸ਼ੁਰੂ ਹੋਣ ਦਾ ਸਮਾਂ ਨੇੜੇ ਆ ਗਿਆ ਹੈ, ਕਿਉਂਕਿ ਜਮਹੂਰੀ ਹਕੂਮਤਾਂ ਅਤੇ ਆਮ ਤੌਰ 'ਤੇ ਬੁਰਜੂਆ ਹਕੂਮਤਾਂ ਕਮਿਊਨਿਸਟਾਂ ਉੱਤੇ ਵਹਿਸ਼ੀ ਜ਼ਬਰ ਕਰਦੀਆਂ ਹਨ ਅਤੇ ਕਾਨੂੰਨ ਨੂੰ ਹਰ ਤਰ੍ਹਾਂ ਤੋੜਦੀਆਂ ਹਨ (ਅਮਰੀਕਾ ਦੀ ਮਿਸਾਲ ਬਹੁਤ ਸਿੱਖਿਆਦਾਇਕ ਹੈ), ਆਦਿ। ਡੱਚ ਅਤੇ ਆਮ ਤੌਰ 'ਤੇ ਖੱਬੇ-ਪੱਖੀ ਬਹੁਤ ਮਹੱਤਵਪੂਰਨ ਸਵਾਲ ਨੂੰ ਸਮਝਣੋਂ ਅਸਮਰੱਥ ਰਹੇ ਹਨ।

ਜਿੱਥੋਂ ਤੱਕ ਦੂਜੇ ਵਾਕ ਦਾ ਸਬੰਧ ਹੈ, ਪਹਿਲੀ ਗੱਲ ਤਾਂ ਇਹ ਕਿ ਇਹ ਇਤਿਹਾਸਕ ਪੱਖ ਤੋਂ ਗ਼ਲਤ ਹੈ। ਅਸਾਂ ਬਾਲਸ਼ਵਿਕਾਂ ਨੇ ਅਤਿ-ਪਿੱਛੇ-ਖਿੱਚੂ ਪਾਰਲੀਮੈਂਟਾਂ ਵਿੱਚ ਹਿੱਸਾ ਲਿਆ ਅਤੇ ਅਨੁਭਵ ਨੇ ਵਿਖਾ ਦਿੱਤਾ ਹੈ ਕਿ ਇਹ ਸ਼ਮੂਲੀ ਪਹਿਲੇ ਬੁਰਜੂਆ ਇਨਕਲਾਬ (1905) ਤੋਂ ਪਿੱਛੋਂ ਦੂਜੇ ਬੁਰਜੂਆ ਇਨਕਲਾਬ (ਫ਼ਰਵਰੀ 1917) ਅਤੇ ਫੇਰ ਸੋਸ਼ਲਿਸਟ ਇਨਕਲਾਬ (ਅਕਤੂਬਰ 1917) ਲਈ ਰਾਹ ਸਵਾਹਰਾ ਕਰਨ ਲਈ, ਇਨਕਲਾਬੀ ਪ੍ਰੋਲਤਾਰੀ ਦੀ ਪਾਰਟੀ ਲਈ ਲਾਭਦਾਇਕ ਹੀ ਨਹੀਂ ਸਗੋਂ ਲਾਜ਼ਮੀ ਵੀ ਸੀ। ਦੂਜੇ ਇਹ ਵਾਕ ਹੈਰਾਨ ਕਰਨ ਦੀ ਹੱਦ ਤੱਕ ਤਰਕ-ਹੀਣ ਹੈ। ਜੇ ਕੋਈ ਪਾਰਲੀਮੈਂਟ ਉਲਟ-ਇਨਕਲਾਬ ਦਾ ਇੱਕ ਸਾਧਨ ਅਤੇ ਇੱਕ "ਕੇਂਦਰ" ਬਣ ਜਾਂਦੀ ਹੈ (ਅਸਲੀਅਤ ਤਾਂ ਇਹ ਹੈ ਕਿ ਇਹ ਕਦੇ "ਕੇਂਦਰ" ਨਹੀਂ ਬਣ ਸਕਦੀ, ਪਰ ਇਸ ਗੱਲ ਨੂੰ ਰਹਿਣ ਦਿਓ) ਜਦੋਂ ਕਿ ਕਿਰਤੀ ਸੋਵੀਅਤਾਂ

ਦੇ ਰੂਪ ਵਿੱਚ ਆਪਣੀ ਸੱਤ੍ਹਾ ਦਾ ਔਜ਼ਾਰ ਸਿਰਜ ਰਹੇ ਹਨ ਜਾਂ ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਕਿਰਤੀਆਂ ਨੂੰ — ਵਿਚਾਰਧਾਰਕ, ਰਾਜਸੀ ਅਤੇ ਤਕਨੀਕੀ ਤੌਰ 'ਤੇ — ਪਾਰਲੀਮੈਂਟ ਵਿਰੁੱਧ ਸੋਵੀਅਤਾਂ ਦੇ ਘੋਲ਼ ਲਈ, ਸੋਵੀਅਤਾਂ ਹੱਥੋਂ ਪਾਰਲੀਮੈਂਟ ਦੇ ਖਿੰਡਾਏ ਜਾਣ ਲਈ ਤਿਆਰੀ ਕਰਨੀ ਚਾਹੀਦੀ ਹੈ। ਪਰ ਇਸ ਤੋਂ ਇਹ ਸਿੱਟਾ ਨਹੀਂ ਨਿਕਲ਼ਦਾ ਕਿ ਉਲਟ-ਇਨਕਲਾਬੀ ਪਾਰਲੀਮੈਂਟ ਦੇ **ਅੰਦਰ** ਸੋਵੀਅਤ ਵਿਰੋਧੀ-ਦਲ ਦੀ ਮੌਜੂਦਗੀ ਨਾਲ਼ ਪਾਰਲੀਮੈਂਟ ਦੇ ਤੋੜਨ ਵਿੱਚ ਰੋਕ ਪੈਂਦੀ ਹੈ ਜਾਂ ਇਸ ਵਿੱਚ ਸਹਾਇਤਾ ਨਹੀਂ ਮਿਲ਼ਦੀ। ਦੇਨੀਕਿਨ ਅਤੇ ਕੋਲਚਾਕ ਵਿਰੁੱਧ ਸਾਡੇ ਜੇਤੂ ਘੋਲ਼ ਦੇ ਦੌਰਾਨ ਅਸਾਂ ਕਦੇ ਇਹ ਅਨੁਭਵ ਨਹੀਂ ਕੀਤਾ ਕਿ ਉਹਨਾਂ ਦੀ ਧਿਰ ਅੰਦਰ ਸੋਵੀਅਤ ਅਤੇ ਪ੍ਰੋਲਤਾਰੀ ਵਿਰੋਧੀ-ਦਲ ਦੀ ਮੌਜੂਦਗੀ ਸਾਡੀ ਜਿੱਤਾਂ ਲਈ ਕੋਈ ਮਹਤੱਤਾ ਨਹੀਂ ਸੀ ਰੱਖਦੀ। ਸਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ 5 ਫਰਵਰੀ 1918 ਨੂੰ ਵਿਧਾਨ-ਘੜ੍ਹਨੀ ਸਭਾ ਦੇ ਤੋੜੇ ਜਾਣ ਵਿੱਚ ਇਸ ਗੱਲ ਨਾਲ਼ ਅੜਚਨ ਪੈਣਾ ਤਾਂ ਇੱਕ ਪਾਸੇ ਰਿਹਾ ਸਗੋਂ ਚੋਖੀ ਸਹਾਇਤਾ ਮਿਲ਼ੀ ਕਿ ਤੋੜੀ ਜਾਣ ਵਾਲ਼ੀ ਵਿਧਾਨ ਘੜ੍ਹਨੀ ਸਭਾ ਵਿੱਚ ਇੱਕ ਦ੍ਰਿੜ ਬਾਲਸ਼ਵਿਕ ਵਿਰੋਧੀ-ਦਲ ਅਤੇ ਇੱਕ ਆਪਾ-ਵਿਰੋਧੀ ਖੱਬੂ ਸੋਸ਼ਲਿਸਟ ਇਨਕਲਾਬੀ ਵਿਰੋਧੀ-ਦਲ ਸੀ। ਇਹਨਾਂ ਥੀਸਸਾਂ ਦੇ ਲੇਖਕਾਂ ਦੀ ਸੋਚ ਉਲਝੀ ਹੋਈ ਹੈ, ਉਹ ਜੇ ਸਭਨਾਂ ਇਨਕਲਾਬਾਂ ਦਾ ਨਹੀਂ ਤਾਂ ਬਹੁਤ ਸਾਰੇ ਇਨਕਲਾਬਾਂ ਦਾ ਅਨੁਭਵ ਭੁੱਲ ਗਏ ਹਨ, ਜਿਹੜਾ ਦੱਸਦਾ ਹੈ ਕਿ ਇਨਕਲਾਬ ਦੇ ਦੌਰਾਨ ਇੱਕ ਪਿੱਛੇ-ਖਿੱਚੂ ਪਾਰਲੀਮੈਂਟ ਤੋਂ ਬਾਹਰ ਜਨਤਕ ਅਮਲ ਅਤੇ ਇਹਦੇ ਅੰਦਰ ਇਨਕਲਾਬ ਨਾਲ਼ ਹਮਦਰਦੀ ਰੱਖਣ ਵਾਲ਼ੇ (ਜਾਂ ਇਸ ਤੋਂ ਚੰਗੇਰਾ ਇਹਦੀ ਸਿੱਧੀ ਹਮਾਇਤ ਕਰਨ ਵਾਲ਼ੇ) ਵਿਰੋਧੀ-ਦਲ ਦੀ ਮੌਜੂਦਗੀ ਨਾਲ਼ **ਮੇਲ** ਅਤਿ ਲਾਭਦਾਇਕ ਹੁੰਦਾ ਹੈ। ਡੱਚ ਅਤੇ ਆਮ ਤੌਰ 'ਤੇ "ਖੱਬੇ-ਪੱਖੀ" ਇਸ ਸੰਬੰਧ ਵਿੱਚ ਉਹਨਾਂ ਮਸਲੇਬਾਜ਼ ਇਨਕਲਾਬੀਆਂ ਵਾਂਗ ਦਲੀਲਾਂ ਦੇਂਦੇ ਹਨ ਜਿੰਨ੍ਹਾਂ ਕਦੇ ਕਿਸੇ ਅਸਲੀ ਇਨਕਲਾਬ ਵਿੱਚ ਹਿੱਸਾ ਨਹੀਂ ਲਿਆ, ਜਿੰਨ੍ਹਾਂ ਕਦੇ ਇਨਕਲਾਬਾਂ ਦੇ ਇਤਿਹਾਸ ਨੂੰ ਨਹੀਂ ਵਿਚਾਰਿਆ ਜਾਂ ਜਿੰਨ੍ਹਾਂ ਸਿੱਧੜ ਢੰਗ ਕਿਸੇ ਪਿੱਛੇ-ਖਿੱਚੂ ਸੰਸਥਾ ਦੇ ਅੰਤਰ-ਮੁੱਖੀ ਤੌਰ 'ਤੇ "ਰੱਦ ਕੀਤੇ ਜਾਣ" ਨੂੰ ਅਨੇਕ ਬਾਹਰਮੁਖੀ ਅੰਸ਼ਾਂ ਦੇ ਅਮਲ ਰਾਹੀਂ ਇਹਦੀ ਸੱਚ ਮੁੱਚ ਤਬਾਹੀ ਸਮਝ ਲਿਆ। ਕਿਸੇ ਨਵੇਂ ਰਾਜਸੀ (ਅਤੇ ਕੇਵਲ ਰਾਜਸੀ ਹੀ ਨਹੀਂ) ਵਿਚਾਰ ਨੂੰ ਬਦੂ ਕਰਨ ਅਤੇ ਨੁਕਸਾਨ ਪੁਚਾਉਣ ਦਾ ਸਭ ਤੋਂ ਚੰਗਾ ਢੰਗ ਇਹ ਹੈ ਕਿ ਉਹਦੀ ਹਮਾਇਤ ਕਰਨ ਦੇ ਨਾਂ ਉੱਤੇ ਉਹਨੂੰ ਮੂਰਖਤਾ ਦੀ ਹੱਦ ਤੱਕ ਪੁਚਾ ਦਿੱਤਾ ਜਾਵੇ। ਕਿਉਂਕਿ (ਜਿਹਾ ਕਿ ਵੱਡੇ ਡੀਏਟਜ਼ਗੇਨ ਨੇ ਕਿਹਾ ਹੈ) ਜੇ ਕਿਸੇ ਸੱਚਾਈ ਨੂੰ ਹੱਦੋਂ ਵੱਧ ਵੰਡਿਆ ਦਿੱਤਾ ਜਾਵੇ ਜਾਂ ਇਹਨੂੰ ਅਸਲੀ ਕਾਰਗਰਤਾ ਦੀ ਹੱਦਾਂ ਤੋਂ ਬਾਹਰ ਲੈ ਜਾਇਆ ਜਾਵੇ ਤਾਂ ਇਹਨੂੰ ਮੂਰਖ਼ਤਾ ਵਿੱਚ ਬਦਲਿਆ ਜਾ ਸਕਦਾ ਹੈ ਅਤੇ ਇੱਥੋਂ ਤੱਕ ਕਿ ਉਹ ਇਹਨਾਂ ਪ੍ਰਸਥਿਤੀਆਂ ਵਿੱਚ ਮੂਰਖਤਾ ਬਣ ਹੀ ਜਾਂਦੀ ਹੈ। ਹਕੂਮਤ ਦਾ ਸੋਵੀਅਤ ਰੂਪ ਬੁਰਜੂਆ-ਜਮਹੂਰੀ ਪਾਰਲੀਮੈਂਟਾਂ ਤੋਂ ਚੰਗੇਰਾ ਹੈ— ਇਸ ਨਵੇਂ ਸੱਚ ਦੀ ਡੱਚ ਅਤੇ ਜਰਮਨ ਖੱਬੇ-ਪੱਖੀ ਇਸੇ ਤਰ੍ਹਾਂ ਕੁਸੇਵਾ ਕਰ ਰਹੇ ਹਨ। ਨਿਸ਼ਚੇ ਹੀ, ਜਿਹੜਾ ਕੋਈ ਇਸ ਪੁਰਾਣੇ ਵਿਚਾਰ ਦੀ ਹਮਾਇਤ ਕਰਦਾ ਹੈ ਜਾਂ ਆਮ ਤੌਰ 'ਤੇ ਇਹ ਸੋਚਦਾ ਹੈ ਕਿ ਕਿਸੇ ਵੀ ਹਾਲਤ ਵਿੱਚ ਬੁਰਜੂਆ ਪਾਰਲੀਮੈਂਟਾਂ ਵਿੱਚ

ਹਿੱਸਾ ਲੈਣ ਤੋਂ ਇਨਕਾਰ ਕਰਨਾ ਮੁਨਾਸਬ ਨਹੀਂ ਉਹ ਗ਼ਲਤੀ ਕਰਦਾ ਹੈ। ਇੱਥੇ ਮੈਂ ਉਹ ਪ੍ਰਸਥਿਤੀਆਂ ਨਹੀਂ ਦੱਸ ਸਕਦਾ ਜਿੰਨ੍ਹਾਂ ਅਧੀਨ ਬਾਈਕਾਟ ਲਾਹੇਵੰਦਾ ਹੋ ਸਕਦਾ ਹੈ ਕਿਉਂਕਿ ਇਸ ਪੈਂਫ਼ਲਟ ਦਾ ਮੰਤਵ ਕਿਤੇ ਨਿਰਮਾਣ ਹੈ, ਅਰਥਾਤ ਕੌਮਾਂਤਰੀ ਕਮਿਊਨਿਸਟ ਦਾਅ-ਪੇਚਾਂ ਦੇ ਕੁਝ ਫ਼ੌਰੀ ਸਵਾਲਾਂ ਦੇ ਸਬੰਧ ਵਿੱਚ ਰੂਸੀ ਅਨੁਭਵ ਦਾ ਅਧਿਅਨ ਕਰਨਾ। ਰੂਸੀ ਅਨੁਭਵ ਨੇ ਸਾਨੂੰ ਬਾਲਸ਼ਵਿਕਾਂ[1] ਵੱਲੋਂ ਬਾਈਕਾਟ ਦੀ ਵਰਤੋਂ ਇੱਕ ਸਫ਼ਲ ਅਤੇ ਠੀਕ ਮਿਸਾਲ (1905) ਅਤੇ ਇੱਕ ਹੋਰ ਅਸਫ਼ਲ ਮਿਸਾਲ (1906) ਦਿੱਤੀ ਹੈ। ਪਹਿਲੀ ਮਿਸਾਲ ਦਾ ਵਿਸ਼ਲੇਸ਼ਣ ਕਰਦੇ ਹੋਏ ਅਸੀਂ ਵੇਖਦੇ ਹਾਂ ਕਿ ਇੱਕ ਅਜਿਹੀ ਪ੍ਰਸਥਿਤੀ ਵਿੱਚ ਜਦੋਂ ਆਮ ਜਨਤਾ ਦੀਆਂ ਗ਼ੈਰ-ਪਾਰਲੀਮਾਨੀ ਕਾਰਵਾਈਆਂ (ਖ਼ਾਸ ਤੌਰ 'ਤੇ ਹੜਤਾਲਾਂ) ਬੜੀ ਤੇਜ਼ੀ ਨਾਲ਼ ਵਿਕਸਤ ਹੋ ਰਹੀਆਂ ਸਨ, ਜਦੋਂ ਪ੍ਰੋਲਤਾਰੀ ਅਤੇ ਕਿਸਾਨੀ ਦਾ ਕੋਈ ਇੱਕ ਵੀ ਹਿੱਸਾ ਕਿਸੇ ਵੀ ਤਰ੍ਹਾਂ ਪਿੱਛੇ-ਖਿੱਚੂ ਹਕੂਮਤ ਦੀ ਹਮਾਇਤ ਨਹੀਂ ਸੀ ਕਰ ਸਕਦਾ, ਜਦੋਂ ਹੜਤਾਲਾਂ ਰਾਹੀਂ ਘੋਲ਼ ਅਤੇ ਕਿਸਾਨ ਲਹਿਰ ਰਾਹੀਂ ਪੱਛੜੀ ਜਨਤਾ ਉੱਤੇ ਇਨਕਲਾਬੀ ਪ੍ਰੋਲਤਾਰੀ ਦਾ ਅਸਰ ਵੱਧਦਾ ਜਾ ਰਿਹਾ ਸੀ, ਅਸੀਂ ਇੱਕ ਪਿੱਛੇ-ਖਿੱਚੂ ਹਕੂਮਤ ਨੂੰ ਇੱਕ ਪਿੱਛੇ-ਖਿੱਚੂ ਪਾਰਲੀਮੈਂਟ **ਸੱਦਣੋਂ ਰੋਕ ਸਕੇ**। ਇਹ ਐਨ ਸਪੱਸ਼ਟ ਹੈ ਕਿ **ਇਹ** ਅਨੁਭਵ ਅਜੋਕੀਆਂ ਯੂਰਪੀ ਪ੍ਰਸਥਿਤੀਆਂ ਉੱਤੇ ਲਾਗੂ ਨਹੀਂ ਹੁੰਦਾ। ਇਸੇ ਤਰ੍ਹਾਂ ਇਹ ਵੀ ਸਪੱਸ਼ਟ ਹੈ — ਅਤੇ ਉੱਪਰ ਦਿੱਤੀਆਂ ਦਲੀਲਾਂ ਇਸਨੂੰ ਸਾਬਤ ਕਰਦੀਆਂ ਹਨ — ਕਿ ਡੱਚ ਅਤੇ ਹੋਰ "ਖੱਬੇ-ਪੱਖੀਆਂ" ਵੱਲੋਂ ਪਾਰਲੀਮੈਂਟਾਂ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਦੀ ਹਮਾਇਤ — ਭਾਵੇਂ ਇਹ ਕੁਝ ਸ਼ਰਤਾਂ ਨਾਲ਼ ਕੀਤੀ ਗਈ ਹੈ — ਬੁਨਿਆਦੀ ਤੌਰ 'ਤੇ ਗ਼ਲਤ ਅਤੇ ਇਨਕਲਾਬੀ ਪ੍ਰੋਲਤਾਰੀ ਦੇ ਆਸ਼ੇ ਲਈ ਹਾਨੀਕਾਰਕ ਹੈ।

---

1. ਬਾਲਸ਼ਵਿਕਾਂ ਨੇ 1906 ਵਿੱਚ ਸੱਦੀ ਗਈ ਪਹਿਲੀ ਡੂਮਾ ਸਮੇਂ ਵੀ ਬਾਈਕਾਟ ਦੇ ਦਾਅਪੇਚ ਅਪਣਾਏ। ਪਰ ਲੈਨਿਨ ਨੇ ਪ੍ਰਵਾਨ ਕੀਤਾ ਕਿ 1906 ਵਿੱਚ ਸਟੇਟ ਡੂਮਾ ਦਾ ਬਾਈਕਾਟ ਨਹੀਂ ਸੀ ਕੀਤਾ ਜਾਣਾ ਚਾਹੀਦਾ ਕਿਉਂਕਿ ਸਥਿਤੀ 1905 ਨਾਲ਼ੋਂ ਵੱਖਰੀ ਅਤੇ ਇਨਕਲਾਬ ਬਹੁਤ ਨੀਵਾਣਾਂ 'ਤੇ ਸੀ। ਲੈਨਿਨ ਨੇ ਲਿਖਿਆ, "1905 ਵਿੱਚ 'ਪਾਰਲੀਮੈਂਟ' ਦੇ ਬਾਲਸ਼ਵਿਕ ਬਾਈਕਾਟ ਨੇ ਇਨਕਲਾਬੀ ਪ੍ਰੋਲੇਤਾਰੀਆ ਨੂੰ ਬੇਹੱਦ ਕੀਮਤੀ ਰਾਜਸੀ ਤਜਰਬੇ ਨਾਲ਼ ਆਰੰਭ ਕੀਤਾ ਅਤੇ ਦਰਸਾਇਆ ਕਿ ਜਦੋਂ ਸੰਘਰਸ਼ ਦੀਆਂ ਕਾਨੂੰਨੀ ਅਤੇ ਗ਼ੈਰਕਾਨੂੰਨੀ, ਪਾਰਲੀਮੈਂਟਰੀ ਅਤੇ ਗ਼ੈਰ ਪਾਰਲੀਮੈਂਟਰੀ ਕਿਸਮਾਂ ਨੇ ਇਕੱਠਿਆਂ ਕਰ ਲਿਆ ਜਾਂਦਾ ਹੈ, ਇਹ ਕਈ ਵਾਰ ਪਾਰਲੀਮੈਂਟਰੀ ਕਿਸਮਾਂ ਨੂੰ ਰੱਦ ਕਰਨਾ ਲਾਹੇਵੰਦਾ ਅਤੇ ਜ਼ਰੂਰੀ ਵੀ ਹੁੰਦਾ ਹੈ। ਪਰ ਇਸ ਤਜ਼ਰਬੇ ਨੂੰ ਅੱਖਾਂ ਮੀਟ ਕੇ ਮੱਖੀ ਤੇ ਮੱਖੀ ਮਾਰਨ ਵਾਂਗ ਅਤੇ **ਹੋਰ** ਸ਼ਰਤਾਂ ਅਤੇ **ਹੋਰ** ਸਥਿਤੀਆਂ ਦੀ ਨੁਕਤਾਚੀਨੀ ਕੀਤੇ ਬਗ਼ੈਰ ਲਾਗੂ ਕਰਨਾ, ਬੇਹੱਦ ਦੋਸ਼ ਪੂਰਨ ਗੱਲ ਹੋਵੇਗੀ। 1906 ਵਿੱਚ ਬਾਲਸ਼ਵਿਕਾਂ ਵੱਲੋਂ ਡੂਮਾ ਦਾ ਬਾਈਕਾਟ ਇੱਕ ਗ਼ਲਤੀ ਸੀ, ਭਾਵੇਂ ਇਹ ਇੱਕ ਛੋਟੀ ਜਿਹੀ ਅਤੇ ਛੇਤੀ ਠੀਕ ਹੋਣ ਯੋਗ ਗ਼ਲਤੀ ਹੀ ਸੀ।" ਲੈਨਿਨ ਨੇ ਦਸਿਆ ਕਿ 1907, 1908 ਅਤੇ ਅਗਲੇ ਸਾਲਾਂ ਦੌਰਾਨ ਬਾਈਕਾਟਵਾਦੀਆਂ ਅਤੇ ਓਤਜ਼ੋਵਿਸਟਾਂ ਦੀ ਸਲਾਹ ਮੁਤਾਬਕ, ਡੂਮਾ ਦਾ ਬਾਈਕਾਟ, ਜਿਹੜਾ ਕਿ ਬਾਲਸ਼ਵਿਕਾਂ ਵੱਲੋਂ ਰੱਦ ਕਰ ਦਿੱਤਾ ਗਿਆ ਸੀ, "ਕਿਤੇ ਵੱਧ ਗੰਭੀਰ ਗ਼ਲਤੀ ਹੁੰਦਾ ਅਤੇ ਇਸ ਨੂੰ ਸੁਧਾਰਨਾ ਵੀ ਬਹੁਤ ਔਖਾ ਹੁੰਦਾ।"

ਪੱਛਮੀ ਯੂਰਪ ਅਤੇ ਅਮਰੀਕਾ ਵਿੱਚ ਕਿਰਤੀ ਸ਼੍ਰੇਣੀ ਦੇ ਇਨਕਲਾਬੀ ਹਰਾਵਲ ਦਸਤੇ ਲਈ ਪਾਰਲੀਮੈਂਟ ਵਿਸ਼ੇਸ਼ ਤੌਰ 'ਤੇ ਘ੍ਰਿਣਤ ਚੀਜ਼ ਬਣ ਗਈ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਸੌਖੇ ਹੀ ਸਮਝੀ ਜਾ ਸਕਦੀ ਹੈ ਕਿਉਂਕਿ ਪਾਰਲੀਮੈਂਟਾਂ ਦੇ ਸੋਸ਼ਲਿਸਟ ਅਤੇ ਸੋਸ਼ਲ-ਡੈਮੋਕਰੈਟ ਮੈਂਬਰਾਂ ਦੀ ਵੱਡੀ ਬਹੁ-ਗਿਣਤੀ ਨੇ ਯੁੱਧ ਦੇ ਦੌਰਾਨ ਅਤੇ ਯੁੱਧ ਤੋਂ ਪਿੱਛੋਂ ਜਿਹੜਾ ਵਤੀਰਾ ਅਖ਼ਤਿਆਰ ਕੀਤਾ ਉਸ ਤੋਂ ਵੱਧ ਨੀਚ, ਘ੍ਰਿਣਤ ਅਤੇ ਵਿਸਾਹ-ਘਾਤਕ ਵਤੀਰੇ ਦਾ ਖਿਆਲ ਵੀ ਨਹੀਂ ਕੀਤਾ ਜਾ ਸਕਦਾ। ਪਰ ਇੱਕ ਗੱਲ ਉੱਤੇ ਵਿਚਾਰ ਕਰਦੇ ਹੋਏ ਕਿ ਇਸ ਆਮ ਤੌਰ 'ਤੇ ਜਾਣੀ ਪਛਾਣੀ ਬੁਰਾਈ ਦਾ ਮੁਕਾਬਲਾ **ਕਿਵੇਂ** ਕੀਤਾ ਜਾਵੇ, ਇਸ ਰੌਂ ਦੇ ਵੱਸ ਪੈ ਜਾਣਾ ਕੇਵਲ ਗ਼ਲਤ ਹੀ ਨਹੀਂ ਹੋਵੇਗਾ ਸਗੋਂ ਸੱਚਮੁੱਚ ਮੁਜਰਮਾਨਾ ਹਰਕਤ ਹੋਵੇਗੀ। ਅਸੀ ਕਹਿ ਸਕਦੇ ਹਾਂ ਕਿ ਪੱਛਮੀ ਯੂਰਪ ਦੇ ਅਨੇਕਾਂ ਦੇਸ਼ਾਂ ਵਿੱਚ ਇਨਕਲਾਬੀ ਰੌਂ ਅੱਜ ਕੱਲ੍ਹ ਇੱਕ "ਅਣੋਖ", ਇੱਕ "ਅਜੂਬੇ" ਦੇ ਰੂਪ ਵਿੱਚ ਸਾਹਮਣੇ ਆਇਆ ਹੈ ਜਿਸਦੀ ਲੋਕ ਬਹੁਤ ਲੰਮੇ ਸਮੇਂ ਤੱਕ ਵਿਅਰਥ ਅਤੇ ਬੇਸਬਰੀ ਨਾਲ਼ ਉਡੀਕ ਕਰਦੇ ਰਹੇ ਹਨ ਅਤੇ ਸ਼ੈਦ ਇਸੇ ਲਈ ਲੋਕ ਏਨੇ ਸੌਖ ਨਾਲ਼ ਇਸ ਰੌਂ ਦੇ ਵੱਸ ਪੈ ਜਾਂਦੇ ਹਨ। ਨਿਸ਼ਚੇ ਹੀ, ਜਨਤਾ ਵਿੱਚ ਇਨਕਲਾਬੀ ਰੌਂ ਤੋਂ ਬਿਨਾਂ ਅਤੇ ਇਸ ਰੌਂ ਦਾ ਵਾਧਾ ਸੌਖਾ ਬਣਾਉਣ ਵਾਲ਼ੀਆਂ ਪ੍ਰਸਥਿਤੀਆਂ ਤੋਂ ਬਿਨਾਂ, ਇਨਕਲਾਬੀ ਦਾਅਪੇਚ ਵਿਕਸਤ ਹੋ ਕੇ ਅਮਲ ਨਹੀਂ ਬਣ ਸਕਦੇ, ਪਰ ਰੂਸ ਵਿੱਚ ਲੰਮੇ, ਦੁੱਖਦਾਈ ਅਤੇ ਖ਼ੂਨੀ ਅਨੁਭਵ ਨੇ ਸਾਨੂੰ ਇਹ ਸਬਕ ਦਿੱਤਾ ਹੈ ਕਿ ਕੇਵਲ ਇਨਕਲਾਬੀ ਰੌਂ ਦੇ ਅਧਾਰ ਉੱਤੇ ਇਨਕਲਾਬੀ ਦਾਅ-ਪੇਚ ਉਸਾਰੇ ਜਾ ਸਕਦੇ । ਦਾਅ-ਪੇਚਾਂ ਦਾ ਅਧਾਰ ਕਿਸੇ ਵਿਸ਼ੇਸ਼ ਰਿਆਸਤ (ਅਤੇ ਉਹਦੇ ਆਲ਼ੇ-ਦੁਆਲ਼ੇ ਦੀਆਂ ਰਿਆਸਤਾਂ ਅਤੇ ਸੰਸਾਰ ਭਰ ਦੀਆਂ ਰਿਆਸਤਾਂ) ਦੀਆਂ **ਸਭਨਾਂ** ਸ਼੍ਰੇਣੀ ਸ਼ਕਤੀਆਂ ਦੇ ਅਤੇ ਇਨਕਲਾਬੀ ਲਹਿਰਾਂ ਦੇ ਅਨੁਭਵ ਦਾ ਹੋਸ਼ਮੰਦ ਅਤੇ ਸਖ਼ਤੀ ਨਾਲ਼ ਬਾਹਰਮੁਖੀ ਮੁਲੰਗਣ ਹੋਣਾ ਚਾਹੀਦਾ ਹੈ। ਪਾਰਲੀਮਾਨੀ ਮੌਕਾ-ਪ੍ਰਸਤੀ ਨੂੰ ਕੇਵਲ ਗਾਲ੍ਹਾਂ ਕੱਢ ਕੇ ਜਾਂ ਕੇਵਲ ਪਾਰਲੀਮੈਂਟਾਂ ਵਿੱਚ ਸ਼ਮੂਲੀ ਨੂੰ ਰੱਦ ਕਰਕੇ ਆਪਣਾ "ਇਨਕਲਾਬੀਪੁਣਾ" ਪ੍ਰਗਟ ਕਰਨਾ ਬਹੁਤ ਸੌਖਾ ਹੈ ਅਤੇ ਕਿਉਂਕਿ ਇਹ ਬਹੁਤ ਸੌਖਾ ਹੈ ਇਸੇ ਲਈ ਇਹ ਇੱਕ ਔਖੇ, ਅਤਿ ਔਖੇ ਮਸਲੇ ਦਾ ਹੱਲ ਨਹੀਂ ਬਣ ਸਕਦਾ। ਕਿਸੇ ਯੂਰਪੀ ਪਾਰਲੀਮੈਂਟ ਵਿੱਚ ਇੱਕ ਸੱਚਾ ਇਨਕਲਾਬੀ ਪਾਰਲੀਮਾਨੀ ਦਲ ਕਾਇਮ ਕਰਨਾ ਰੂਸ ਨਾਲ਼ੋਂ ਕਿਤੇ ਔਖਾ ਕੰਮ ਹੈ। ਇਹ ਗੱਲ ਠੀਕ ਹੈ। ਪਰ ਉਹ ਇਸ ਆਮ ਸੱਚਾਈ ਦਾ ਇੱਕ ਵਿਸ਼ੇਸ਼ ਪ੍ਰਗਟਾਅ ਹੈ ਕਿ 1917 ਦੀ ਵਿਸ਼ੇਸ਼ ਅਤੇ ਇਤਿਹਾਸਕ ਪੱਖੋਂ ਵਿਕੋਲਤ੍ਰੀ ਪ੍ਰਸਥਿਤੀ ਵਿੱਚ ਰੂਸ ਲਈ ਸੋਸ਼ਲਿਸਟ ਇਨਕਲਾਬ **ਸ਼ੁਰੂ ਕਰਨਾ** ਸੌਖਾ ਸੀ ਪਰ ਇਹ ਇਨਕਲਾਬ **ਜਾਰੀ ਰੱਖਣਾ** ਅਤੇ ਇਹਨੂੰ ਪੂਰਨਤਾ ਤੱਕ ਪੁਚਾਉਣਾ ਰੂਸ ਲਈ ਯੂਰਪੀ ਦੇਸ਼ਾਂ ਨਾਲ਼ੋਂ ਔਖਾ ਹੈ। 1918 ਦੇ ਸ਼ੁਰੂ ਵਿੱਚ ਹੀ ਮੈਂ ਇਸ ਗੱਲ ਵੱਲ ਇਸ਼ਾਰਾ ਕੀਤਾ ਸੀ ਅਤੇ ਹੁਣ ਸਾਡੇ ਦੋ ਵਰ੍ਹਿਆਂ ਦੇ ਅਨੁਭਵ ਨੇ ਇਸ ਵਿਚਾਰ ਦੀ ਸ਼ੁੱਧਤਾ ਪੂਰੀ ਤਰ੍ਹਾਂ ਸਿੱਧ ਕਰ ਦਿੱਤੀ ਹੈ। ਕੁਝ ਵਿਸ਼ੇਸ਼ ਪ੍ਰਸਥਿਤੀਆਂ, ਅਰਥਾਤ (1) ਸੋਵੀਅਤ ਇਨਕਲਾਬ ਨੂੰ ਇਸ ਇਨਕਲਾਬ ਦੇ ਸਿੱਟੇ ਵਜੋਂ ਉਸ ਸਾਮਰਾਜੀ ਯੁੱਧ ਦੇ ਅੰਤ ਨਾਲ਼ ਜੋੜਨਾ ਜਿਸਨੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਅਣਮੰਨਵੀਂ ਹੱਦ ਤੱਕ ਨਪੀੜ ਕੇ ਰੱਖ ਦਿੱਤਾ ਸੀ

(2) ਸੰਸਾਰ ਦੇ ਸਾਮਰਾਜੀ ਡਾਕੂਆਂ ਦੀਆਂ ਦੋ ਟੋਲੀਆਂ ਵਿਚਕਾਰ, ਜਿਹੜੀਆਂ ਆਪਣੇ ਸੋਵੀਅਤ ਵੈਰੀ ਵਿਰੁੱਧ ਇੱਕਠੀਆਂ ਨਾ ਹੋ ਸਕੀਆਂ, ਸਦਾਚਾਰਕ ਟੱਕਰ ਦਾ ਅਸਥਾਈ ਲਾਭ ਉਠਾਉਣ ਦੀ ਸੰਭਾਵਨਾ; (3) ਇਕ ਮੁਕਾਬਲਤਨ ਲੰਮੀ ਖ਼ਾਨਾ-ਜੰਗੀ ਸਹਾਰ ਸਕਣ ਦੀ ਸੰਭਾਵਨਾ, ਜਿਸਦਾ ਕਾਰਨ ਕੁਝ ਹੱਦ ਤੱਕ ਦੇਸ਼ ਦਾ ਵਿਸ਼ਾਲ ਆਕਾਰ ਅਤੇ ਆਵਾ-ਜਾਈ ਦੇ ਸਾਧਨਾਂ ਦਾ ਘੱਟ-ਵਿਕਸਤ ਹੋਣਾ ਸੀ (4) ਕਿਸਾਨੀ ਅੰਦਰ ਏਨੀ ਡੂੰਘੀ ਬੁਰਜੂਆ-ਜਮਹੂਰੀ ਇਨਕਲਾਬੀ ਲਹਿਰ ਦਾ ਹੋਣਾ ਕਿ ਪ੍ਰੋਲਤਾਰੀ ਦੀ ਪਾਰਟੀ ਕਿਸਾਨੀ ਦੀ ਪਾਰਟੀ (ਸੋਸ਼ਲਿਸਟ-ਇਨਕਲਾਬੀ ਪਾਰਟੀ ਜਿਸ ਦੇ ਮੈਂਬਰਾਂ ਦੀ ਬਹੁ-ਗਿਣਤੀ ਨਿਸ਼ਚੇ ਹੀ ਬਾਲਸ਼ਵਿਕਾਂ ਦੀ ਵਿਰੋਧੀ ਸੀ) ਦੀਆਂ ਮੰਗਾਂ ਨੂੰ ਅਪਣਾ ਸਕੀ ਅਤੇ ਪ੍ਰੋਲਤਾਰੀ[1] ਦੇ ਰਾਜਸੀ ਸੱਤ੍ਹਾ ਜਿੱਤ ਲੈਣ ਕਾਰਨ ਉਹਨਾਂ ਨੂੰ ਫ਼ੌਰਨ ਪੂਰਾ ਕਰ ਸਕੀ — ਇਹ ਸਾਰੀਆਂ ਵਿਸ਼ੇਸ਼ ਪ੍ਰਸਥਿਤੀਆਂ ਪੱਛਮੀ ਯੂਰਪ ਵਿਚ ਮੌਜੂਦ ਨਹੀਂ ਅਤੇ ਇਹ ਜਾਂ ਅਜਿਹੀਆਂ ਪ੍ਰਸਥਿਤੀਆਂ ਸੌਖੇ ਹੀ ਨਹੀਂ ਦੁਹਰਾਈਆਂ ਜਾਣਗੀਆਂ। ਨਾਲ਼ੇ, ਕੁਝ ਹੋਰ ਕਾਰਨਾਂ ਤੋਂ ਬਿਨਾਂ, ਇਹ ਪ੍ਰਸਥਿਤੀਆਂ ਨਾ ਹੋਣ ਕਾਰਨ ਪੱਛਮੀ ਯੂਰਪ ਲਈ ਸੋਸ਼ਲਿਸਟ ਇਨਕਲਾਬ **ਸ਼ੁਰੂ ਕਰਨਾ** ਏਨਾ ਸੌਖਾ ਨਹੀਂ ਜਿੰਨਾਂ ਸਾਡੇ ਲਈ ਸੀ। ਇਨਕਲਾਬੀ ਮੰਤਵਾਂ ਲਈ ਉਲਟ-ਇਨਕਲਾਬੀ ਪਾਰਲੀਮੈਂਟਾਂ ਨੂੰ ਵਰਤਣ ਦੇ ਅਤਿ-ਔਖੇ ਕੰਮ ਉੱਪਰੋਂ "ਛਲਾਂਗ ਮਾਰ ਕੇ" ਇਸ ਔਖ ਤੋਂ "ਬਚਣ" ਦੇ ਯਤਨ ਉੱਕਾ ਹੀ ਬਚਗਾਨਾ ਹਨ। ਤੁਸੀਂ ਇੱਕ ਨਵਾਂ ਸਮਾਜ ਉਸਾਰਨਾ ਚਾਹੁੰਦੇ ਹੋ ਪਰ ਤੁਸੀਂ ਇੱਕ ਪਿੱਛੇ-ਖਿੱਚੂ ਪਾਰਲੀਮੈਂਟ ਵਿੱਚ ਨਿਸ਼ਚੇ ਵਾਲ਼ੇ, ਲਗਨ ਵਾਲ਼ੇ ਅਤੇ ਸੂਰਮਾ ਕਮਿਊਨਿਸਟਾਂ ਦਾ ਚੰਗਾ ਪਾਰਲੀਮਾਨੀ ਦਲ ਖੜ੍ਹਾ ਕਰਨ ਵਿੱਚ ਪੇਸ਼ ਆਉਂਦੀਆਂ ਔਕੜਾਂ ਤੋਂ ਡਰਦੇ ਹੋ! ਕੀ ਇਹ ਬਚਪਨਾ ਨਹੀਂ? ਜੇ ਜਰਮਨੀ ਵਿੱਚ ਕਾਰਲ ਲੀਬਕਨੇਖਤ ਅਤੇ ਸਵੀਡਨ ਵਿੱਚ ਜ਼ ਹੇਗਲੁੰਡ ਹੇਠੋਂ ਜਨਤਾ ਦੀ ਹਮਾਇਤ ਪ੍ਰਾਪਤ ਨਾ ਹੁੰਦੇ ਹੋਏ ਵੀ ਪਿੱਛੇ-ਖਿੱਚੂ ਪਾਰਲੀਮੈਂਟਾਂ ਨੂੰ ਠੀਕ ਇਨਕਲਾਬੀ ਢੰਗ ਨਾਲ਼ ਵਰਤਣ ਦੀਆਂ ਮਿਸਾਲਾਂ ਕਾਇਮ ਕਰ ਸਕਦੇ ਸਨ ਤਾਂ ਇੱਕ ਤੇਜ਼ੀ ਨਾਲ਼ ਵੱਧ ਰਹੀ ਇਨਕਲਾਬੀ ਜਨਤਕ ਪਾਰਟੀ

---

1. 26 ਅਕਤੂਬਰ (8 ਨਵੰਬਰ 1917) ਨੂੰ ਹੋਈ ਸੋਵੀਅਤਾਂ ਦੀ ਦੂਜੀ ਕੁੱਲ ਰੂਸ ਕਾਂਗਰਸ ਦੇ ਜ਼ਮੀਨ ਸਬੰਧੀ ਫ਼ਰਮਾਨ ਪ੍ਰਵਾਨ ਕੀਤਾ, ਜਿਸਨੇ ਜ਼ਮੀਨ ਉੱਤੇ ਜਾਗੀਰਦਾਰਾਂ ਦੇ ਹੱਕ ਖ਼ਤਮ ਕਰ ਦਿੱਤੇ ਅਤੇ ਭੋਂ ਕਿਸਾਨਾਂ ਨੂੰ ਦੇ ਦਿੱਤੀ। ਫ਼ਰਮਾਨ ਵਿੱਚ "ਜ਼ਮੀਨ ਸਬੰਧੀ ਕਿਸਾਨਾਂ ਦੀਆਂ ਹਦਾਇਤਾਂ" ਵੀ ਸ਼ਾਮਲ ਸਨ ਜੋ ਕਿਸਾਨਾਂ ਦੀਆਂ 242 ਸਥਾਨਕ ਹਦਾਇਤਾਂ ਦੇ ਅਧਾਰ ਉੱਤੇ ਤਿਆਰ ਕੀਤੀਆਂ ਗਈਆਂ ਸਨ। ਇਹਦੇ ਵਿੱਚ "ਜ਼ਮੀਨ ਦੀ ਕਿਰਤ ਅਨੁਸਾਰ ਵਰਤੋਂ ਨੂੰ ਸਾਂਵਾ ਕਰਨ" ਸਬੰਧੀ ਸੋਸ਼ਲਿਸਟ-ਇਨਕਲਾਬੀ ਨਾਹਰਾ ਵੀ ਸ਼ਾਮਲ ਸੀ। ਇਸ ਗੱਲ ਦੀ ਵਿਆਖਿਆ ਕਰਦੇ ਹੋਏ ਕਿ ਬਾਲਸ਼ਵਿਕਾਂ ਨੇ, ਜਿਹੜੇ ਪਹਿਲਾਂ ਇਸ ਨਾਹਰੇ ਦੇ ਵਿਰੋਧੀ ਸਨ, ਇਹਨੂੰ ਇਉਂ ਪ੍ਰਵਾਨ ਕੀਤਾ, ਲੈਨਿਨ ਨੇ ਕਿਹਾ, "ਇੱਕ ਜਮਹੂਰੀ ਹਕੂਮਤ ਹੋਣ ਦੇ ਨਾਤੇ ਅਸੀਂ ਜਨਤਕ ਹੇਠਲੀ ਪੱਧਰ ਵੱਲੋਂ ਲਏ ਫ਼ੈਸਲੇ ਨੂੰ ਇੱਕ ਪਾਸੇ ਨਹੀਂ ਛੱਡ ਸਕਦੇ ਭਾਵੇਂ, ਅਸੀਂ ਇਸ ਨਾਲ਼ ਸਹਿਮਤ ਨਾ ਵੀ ਹੋਈਏ... ਜੀਵਨ ਦੀ ਰੌਂ ਵਿੱਚ, ਇਸ ਨਾਹਰੇ ਨੂੰ ਅਮਲ ਵਿੱਚ ਵਰਤਦੇ ਹੋਏ, ਮੌਕੇ ਉੱਤੇ ਪੂਰਤੀ ਕਰਦੇ ਹੋਏ ਕਿਸਾਨ ਆਪ ਸਮਝ ਲੈਣਗੇ ਕਿ ਸੱਚਾਈ ਕਿਸ ਵਿੱਚ ਹੈ।"

ਜਨਤਾ ਵਿੱਚ ਯੁੱਧ ਪਿੱਛੋਂ ਦੇ ਸਮੇਂ ਵਿੱਚ ਫੈਲੀ ਭਰਮ-ਨਿਵਿਰਤੀ ਅਤੇ ਕੁੜਿਤਣ ਦੇ ਵਾਯੂ-ਮੰਡਲ ਵਿੱਚ ਸਭ ਤੋਂ ਭੈੜੀ ਪਾਰਲੀਮੈਂਟ ਅੰਦਰ ਇੱਕ ਕਮਿਊਨਿਸਟ ਦਲ ਕਿਉਂ ਨਹੀਂ **ਬਣਾ ਸਕਦੀ** ?! ਇਹਦਾ ਕਾਰਨ ਇਹ ਹੈ ਕਿ ਰੂਸ ਦੇ ਮੁਕਾਬਲੇ ਉੱਤੇ ਪੱਛਮੀ ਯੂਰਪ ਵਿੱਚ ਕਿਰਤੀਆਂ ਦੇ ਪੱਛੜੇ ਹਿੱਸੇ ਅਤੇ — ਉਸ ਤੋਂ ਵੀ ਕਿਤੇ ਵੱਧ ਹੱਦ ਤੱਕ — ਕਿਸਾਨੀ ਬੁਰਜੂਆ-ਜਮਹੂਰੀ ਅਤੇ ਪਾਰਲੀਮਾਨੀ ਤਅੱਸਬਾਂ ਦਾ ਸ਼ਿਕਾਰ ਹਨ, ਅਤੇ ਇਸੇ ਲਈ ਇਹ ਲਾਜ਼ਮੀ ਹੈ ਕਿ ਕਿਸੇ ਵੀ ਔਕੜ ਤੋਂ ਜਕੇ ਬਿਨਾਂ ਇਹਨਾਂ ਤਅੱਸਬਾਂ ਨੂੰ ਦੂਰ ਕਰਨ ਅਤੇ ਇਹਨਾਂ ਉੱਤੇ ਕਾਬੂ ਪਾਉਣ ਲਈ ਕਮਿਊਨਿਸਟ ਬੁਰਜੂਆ ਪਾਰਲੀਮੈਂਟਾਂ ਜਿਹੀਆਂ ਸੰਸਥਾਵਾਂ ਦੇ **ਕੇਵਲ** ਅੰਦਰੋਂ ਹੀ ਇੱਕ ਲੰਮਾ ਅਤੇ ਸਿਰੜੀ ਘੋਲ਼ ਕਰ ਸਕਦੇ ਹਨ (ਅਤੇ ਉਹਨਾਂ ਲਈ ਕਰਨਾ ਲਾਜ਼ਮੀ ਹੈ)।

ਜਰਮਨ "ਖੱਬੇ-ਪੱਖੀ" ਆਪਣੀ ਪਾਰਟੀ ਅੰਦਰ "ਭੈੜੇ" ਨੇਤਾਵਾਂ ਦੀ ਸ਼ਿਕਾਇਤ ਕਰਦੇ ਹਨ, ਨਿਰਾਸ਼ਾ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਇੱਥੋਂ ਤੱਕ ਕਿ "ਨੇਤਾਵਾਂ" ਨੂੰ "ਮੰਨਣੋਂ ਇਨਕਾਰ" ਦੀ ਵਾਹਿਆਤੀ ਤੱਕ ਚਲੇ ਜਾਂਦੇ ਹਨ। ਪਰ ਉਹਨਾਂ ਪ੍ਰਸਥਿਤੀਆਂ ਵਿੱਚ ਜਿਨ੍ਹਾਂ ਅੰਦਰ ਅਕਸਰ ਇਹ ਜ਼ਰੂਰੀ ਹੋ ਜਾਂਦਾ ਹੈ ਕਿ "ਨੇਤਾਵਾਂ" ਨੂੰ ਛੁਪਾ ਕੇ ਗੁਪਤ ਰੱਖਿਆ ਜਾਵੇ, ਭਰੋਸੇ-ਯੋਗ, ਪਰਖੇ ਹੋਏ ਅਤੇ ਪ੍ਰਭਾਵਸ਼ਾਲੀ "ਨੇਤਾਵਾਂ" ਨੂੰ **ਤਿਆਰ ਕਰਨਾ** ਬਹੁਤ ਔਖਾ ਕੰਮ ਹੋ ਜਾਂਦਾ ਹੈ; ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਕੰਮ ਨੂੰ ਮਿਲਾਏ ਬਿਨਾਂ ਅਤੇ **ਹੋਰਨਾਂ ਢੰਗਾਂ ਤੋਂ ਬਿਨਾਂ "ਨੇਤਾਵਾਂ"** ਨੂੰ ਪਾਰਲੀਮੈਂਟਾਂ ਵਿੱਚ **ਪਰਖੇ ਬਿਨਾਂ** ਇਹਨਾਂ ਔਕੜਾਂ ਉੱਤੇ ਕਾਬੂ ਨਹੀਂ ਪਾਇਆ ਜਾ ਸਕਦਾ। ਪੜਚੋਲ — ਅਤਿ ਤਿੱਖੀ, ਬੇਕਿਰਕ ਅਤੇ ਸਮਝੌਤਾ-ਰਹਿਤ ਪੜਚੋਲ — ਦਾ ਰੁੱਖ ਪਾਰਲੀਮਾਨੀਵਾਦ ਜਾਂ ਪਾਰਲੀਮਾਨੀ ਸਰਗਰਮੀਆਂ ਵਿਰੁੱਧ ਨਹੀਂ ਹੋਣਾ ਚਾਹੀਦਾ ਸਗੋਂ ਉਹਨਾਂ ਨੇਤਾਵਾਂ ਵਿਰੁੱਧ ਹੋਣਾ ਚਾਹੀਦਾ ਹੈ ਜਿਹੜੇ ਪਾਰਲੀਮੈਂਟ ਦੀਆਂ ਚੋਣਾਂ ਅਤੇ ਪਾਰਲੀਮੈਂਟ ਦੇ ਮੰਚ ਨੂੰ ਕਮਿਊਨਿਸਟ ਢੰਗ ਨਾਲ਼ ਵਰਤਣੋਂ ਅਸਮੱਰਥ ਹਨ — ਅਤੇ ਜਿਹੜੇ ਅਜਿਹਾ ਕਰਨ ਲਈ ਤਿਆਰ ਨਹੀਂ ਉਹਨਾਂ ਵਿਰੁੱਧ ਜ਼ੋਰ ਨਾਲ਼ ਹੋਣੀ ਚਾਹੀਦੀ ਹੈ। ਕੇਵਲ ਅਜਿਹੀ ਆਲੋਚਨਾ ਹੀ — ਜਿਸਨੂੰ ਨਾਲਾਇਕ ਨੇਤਾਵਾਂ ਨੂੰ ਹਟਾਉਣ ਅਤੇ ਉਹਨਾਂ ਦੀ ਥਾਂ ਲਾਇਕ ਨੇਤਾਵਾਂ ਨੂੰ ਦੇਣ ਨਾਲ਼ ਮਿਲਾਇਆ ਗਿਆ ਹੋਵੇ— ਅਜਿਹਾ ਲਾਭਦਾਇਕ ਅਤੇ ਸਫ਼ਲ ਇਨਕਲਾਬੀ ਕੰਮ ਹੋਵੇਗਾ ਜਿਹੜਾ ਇੱਕੋ ਸਮੇਂ "ਨੇਤਾਵਾਂ" ਨੂੰ ਇਹ ਸਿੱਖਿਆ ਦੇਵੇਗਾ ਕਿ ਉਹ ਕਿਰਤੀ ਸ਼੍ਰੇਣੀ ਅਤੇ ਸਮੁੱਚੇ ਕਿਰਤੀ ਲੋਕਾਂ ਦੇ ਭਰੋਸੇ ਯੋਗ ਬਣਨ ਅਤੇ ਜਨਤਾ ਨੂੰ ਇਹ ਸਿਖਾਏਗਾ ਕਿ ਉਹ ਰਾਜਸੀ ਪ੍ਰਸਥਿਤੀ ਨੂੰ ਅਤੇ ਅਕਸਰ ਇਸ ਤੋਂ ਪੈਦਾ ਹੁੰਦੇ ਪੇਚਦਾਰ ਅਤੇ ਉਲਝੇ ਮਸਲਿਆਂ ਨੂੰ ਠੀਕ ਤਰ੍ਹਾਂ ਸਮਝੇ।[1]

---

1. ਮੈਨੂੰ ਇਟਲੀ ਦੇ "ਖੱਬੇ-ਪੱਖੀ" ਕਮਿਊਨਿਸਟਾਂ ਸਬੰਧੀ ਵਾਕਫ਼ੀ ਪ੍ਰਾਪਤ ਕਰਨ ਦਾ ਬਹੁਤ ਥੋੜ੍ਹਾ ਅਵਸਰ ਮਿਲ਼ਿਆ ਹੈ। ਸਾਥੀ ਬੋਰਦਿਗਾ ਅਤੇ ਉਹਨਾਂ ਦੀ ਬਾਈਕਾਟੀ-ਕਮਿਊਨਿਸਟਾਂ (Comunista astensionista) ਦੀ ਟੋਲੀ ਪਾਰਲੀਮੈਂਟ ਵਿੱਚ ਹਿੱਸਾ ਨਾ ਲੈਣ ਦੀ ਹਮਾਇਤ ਕਰਕੇ ਨਿਸ਼ਚੇ ਹੀ ਗ਼ਲਤੀ ਕਰ ਰਹੇ ਹਨ। ਪਰ ਜਿੱਥੋਂ ਤੱਕ ਉਹਦੇ ਅਖਬਾਰ 'ਸੋਵੀਅਤ' ਦੇ ਦੋ ਅੰਕਾਂ ਤੋਂ (´Il Soviet[a], ਅੰਕ 3 ਅਤੇ 4, 18 ਫਰਵਰੀ ਅਤੇ ਪਹਿਲੀ ਫਰਵਰੀ 1920) ਅਤੇ ☞

ਅਪ੍ਰੈਲ-ਮਈ 1920 ਵਿੱਚ ਲਿਖਿਆ
ਜੂਨ 1920 ਵਿੱਚ ਕਿਤਾਬਚੇ ਦੇ
ਰੂਪ ਵਿੱਚ ਛਪਿਆ

ਸਮੁੱਚੀਆਂ ਲਿਖਤਾਂ
ਜਿਲਦ 31, ਸਫ਼ੇ 46-65

---

☞ਸਾਥੀ ਸੇਰਾਤੀ ਦੇ ਬਹੁਤ ਹੀ ਸ਼ਾਨਦਾਰ ਅਖ਼ਬਾਰ 'ਕਮਿਊਨਿਜ਼ਮ' ਦੇ ਚਾਰ ਅੰਕਾਂ ਤੋਂ (´Comunismo[a], ਅੰਕ 1-4, ਪਹਿਲੀ ਅਕਤੂਬਰ-30 ਨਵੰਬਰ 1919) ਅਤੇ ਇਟਲੀ ਦੇ ਬੁਰਜੂਆ ਅਖ਼ਬਾਰਾਂ ਦੇ ਉਹਨਾਂ ਵੱਖ ਵੱਖ ਅੰਕਾਂ ਤੋਂ, ਜਿਹੜੇ ਮੈਂ ਵੇਖੇ ਹਨ, ਪਤਾ ਲੱਗਦਾ ਹੈ, ਮੈਨੂੰ ਜਾਪਦਾ ਹੈ ਕਿ ਇੱਕ ਨੁਕਤੇ ਸਬੰਧੀ ਸਾਥੀ ਬੋਰਦਿਗਾ ਸਹੀ ਹੈ। ਸਾਥੀ ਬੋਰਦਿਗਾ ਅਤੇ ਉਹਦੀ ਟੋਲੀ ਤੁਰਾਤੀ ਅਤੇ ਉਹਦੇ ਹਾਮੀਆਂ ਉੱਤੇ ਇਸ ਗੱਲ ਲਈ ਹਮਲਾ ਕਰਨ ਵਿੱਚ ਠੀਕ ਹਨ ਕਿ ਉਹ ਉਸ ਪਾਰਟੀ ਦੇ ਮੈਂਬਰ ਬਣੇ ਹੋਏ ਹਨ ਜੋ ਸੋਵੀਅਤ ਸੱਤ੍ਹਾ ਦੇ ਪ੍ਰੋਲਤਾਰੀ ਸ਼੍ਰੇਣੀ ਦੀ ਡਿਕਟੇਟਰਸ਼ਿਪ ਕਬੂਲ ਕਰਦੀ ਹੈ ਪਰ ਉਹਦੇ ਬਾਵਜੂਦ ਪਾਰਲੀਮੈਂਟ ਦੇ ਮੈਂਬਰਾਂ ਵਜੋਂ ਆਪਣੀ ਪੁਰਾਣੀ, ਮਾਰੂ ਅਤੇ ਮੌਕਾਪ੍ਰਸਤ ਨੀਤੀ ਜਾਰੀ ਰੱਖ ਰਹੇ ਹਨ। ਨਿਸ਼ਚੇ ਹੀ ਇਹ ਕੁਝ ਸਹਾਰ ਕੇ ਸਾਥੀ ਸੇਰਾਤੀ ਅਤੇ ਇਟਲੀ ਦੀ ਸਮੁੱਚੀ ਸੋਸ਼ਲਿਸਟ ਪਾਰਟੀ[39] ਇੱਕ ਅਜਿਹੀ ਗ਼ਲਤੀ ਕਰ ਰਹੇ ਹਨ ਜਿਸ ਨਾਲ਼ ਉਨਾ ਹੀ ਨੁਕਸਾਨ ਹੋਣ ਅਤੇ ਉਹੋ ਜਿਹੇ ਖ਼ਤਰੇ ਪੈਦਾ ਹੋ ਜਾਣ ਦਾ ਖ਼ਤਰਾ ਹੈ ਜਿਹੋ ਜਿਹੇ ਖ਼ਤਰੇ ਅਜਿਹੀ ਹੀ ਇੱਕ ਗ਼ਲਤੀ

ਕਾਰਨ ਹੰਗਰੀ ਵਿੱਚ ਪੈਦਾ ਹੋ ਗਏ ਸਨ, ਜਿੱਥੇ ਹੰਗਰੀ ਦੇ ਤੁਰਾਤੀਆਂ ਨੇ ਅੰਦਰੋਂ ਪਾਰਟੀ ਅਤੇ ਸੋਵੀਅਤ ਹਕੂਮਤ[40] ਦੀਆਂ ਜੜ੍ਹਾਂ ਪੋਲੀਆਂ ਕੀਤੀਆਂ। ਪਾਰਲੀਮੈਂਟ ਦੇ ਮੌਕਾ-ਪ੍ਰਸਤ ਮੈਂਬਰਾਂ ਵੱਲ ਅਜਿਹਾ ਗ਼ਲਤ, ਆਪਾ-ਵਿਰੋਧੀ ਅਤੇ ਕਮਜ਼ੋਰ ਵਤੀਰਾ ਇੱਕ ਪਾਸੇ ਤਾਂ "ਖੱਬੇ-ਪੱਖੀ" ਕਮਿਊਨਿਜ਼ਮ ਨੂੰ ਜਨਮ ਦੇਂਦਾ ਹੈ ਅਤੇ ਦੂਜੇ ਪਾਸੇ **ਕਿਸੇ ਹੱਦ ਤੱਕ** ਇਹਦੀ ਹੋਂਦ ਨੂੰ ਯੋਗ ਸਾਬਤ ਕਰਦਾ ਹੈ। ਜਦੋਂ ਸਾਥੀ ਸੇਰਾਤੀ ਪਾਰਲੀਮੈਂਟ ਦੇ ਮੈਂਬਰ ਤੁਰਾਤੀ ਉੱਤੇ "ਆਪਾ-ਵਿਰੋਧੀ" ਹੋਣ ਦਾ ਦੋਸ਼ ਲਾਉਂਦੇ ਹਨ (´Comunismo[a] ਅੰਕ 3) ਤਾਂ ਉਹ ਗ਼ਲਤ ਹਨ, ਕਿਉਂਕਿ "ਆਪਾ-ਵਿਰੋਧੀ" ਤਾਂ ਅਸਲ ਵਿੱਚ ਇਟਲੀ ਦੀ ਸ਼ੋਸਲਿਸਟ ਪਾਰਟੀ ਹੈ ਜਿਹੜੀ ਤੁਰਾਤੀ ਅਤੇ ਉਹਦੇ ਹਾਮੀਆਂ ਜਿਹੇ ਪਾਰਲੀਮੈਂਟ ਦੇ ਮੌਕਾ-ਪ੍ਰਸਤ ਮੈਂਬਰਾਂ ਨੂੰ ਆਪਣੇ ਅੰਦਰ ਸਹਾਰ ਰਹੀ ਹੈ।

# ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਦੇ ਮੁਢਲੇ ਕਾਰਜਾਂ ਬਾਰੇ ਥੀਸਿਸ

1. ਕੌਮਾਂਤਰੀ ਕਮਿਊਨਿਸਟ ਲਹਿਰ ਦੇ ਵਿਕਾਸ ਦੇ ਮੌਜੂਦਾ ਪੜਾਅ ਦਾ ਵਿਸ਼ੇਸ਼ ਖਾਸਾ ਇਹ ਹੈ ਕਿ ਸਾਰੇ ਸਰਮਾਏਦਾਰ ਦੇਸ਼ਾਂ ਵਿੱਚ ਇਨਕਲਾਬੀ ਪ੍ਰੋਲੇਤਾਰੀ ਦੇ ਸਭ ਤੋਂ ਵਧੀਆ ਪ੍ਰਤੀਨਿਧਾਂ ਨੇ ਕਮਿਊਨਿਸਟ ਇੰਟਰਨੈਸ਼ਨਲ ਦੇ ਮੁਢਲੇ ਅਸੂਲਾਂ, ਜਿਵੇਂ ਕਿ, ਪ੍ਰੋਲੇਤਾਰੀਆਂ ਦੀ ਡਿਕਟੇਟਰੀ ਅਤੇ ਸੋਵੀਅਤ ਸੱਤ੍ਹਾ, ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰ ਲਿਆ ਹੈ ਅਤੇ ਉਹ ਅਸੀਮਤ ਜੋਸ਼ ਨਾਲ਼ ਕਮਿਊਨਿਸਟ ਇੰਟਰਨੈਸ਼ਨਲ ਦੇ ਹੱਕ ਵਿੱਚ ਆ ਖੜ੍ਹੇ ਹਨ। ਅੱਗੇ ਵੱਲ ਨੂੰ ਇਸ ਤੋਂ ਵੱਡਾ ਅਤੇ ਵਧੇਰੇ ਮਹੱਤਵਪੂਰਨ ਕਦਮ ਉਹ ਨਿਸ਼ਚਿਤ ਹਮਦਰਦੀ ਹੈ ਜਿਹੜੀ ਇਨ੍ਹਾਂ ਅਸੂਲਾਂ ਪ੍ਰਤੀ ਜਨਤਾ ਦੇ ਚੁਰੇੜੇ ਹਿੱਸਿਆਂ ਵਿੱਚ, ਨਾ ਸਿਰਫ਼ ਸ਼ਹਿਰੀ ਪ੍ਰੋਲੇਤਾਰੀਆਂ ਵਿੱਚ ਹੀ, ਸਗੋਂ ਪੇਂਡੂ ਵਰਕਰਾਂ ਦੇ ਅੱਗੇ ਵਧੂ ਹਿੱਸਿਆਂ ਵਿੱਚ ਵੀ, ਪੈਦਾ ਹੋ ਗਈ ਹੈ।

ਦੂਜੇ ਪਾਸੇ, ਤੇਜ਼ੀ ਨਾਲ਼ ਵਿਕਾਸ ਕਰ ਰਹੀ ਕੌਮਾਂਤਰੀ ਕਮਿਊਨਿਸਟ ਲਹਿਰ ਵਿੱਚ ਦੋ ਗਲਤੀਆਂ, ਦੋ ਅਸਫਲਤਾਵਾਂ, ਦੇਖੀਆਂ ਜਾਂਦੀਆਂ ਹਨ। ਇੱਕ, ਜਿਹੜੀ ਕਿ ਬਹੁਤ ਗੰਭੀਰ ਹੈ ਅਤੇ ਪ੍ਰੋਲੇਤਾਰੀ ਦੀ ਬੰਦ-ਖਲਾਸੀ ਦੇ ਕਾਜ਼ ਦੀ ਸਫਲਤਾ ਲਈ ਬਹੁਤ ਵੱਡਾ ਅਤੇ ਫੌਰੀ ਖਤਰਾ ਹੈ, ਇਹ ਹੈ ਕਿ ਦੂਜੀ ਇੰਟਰਨੈਸ਼ਨਲ ਦੇ ਪੁਰਾਣੇ ਆਗੂਆਂ ਅਤੇ ਪੁਰਾਣੀਆਂ ਪਾਰਟੀਆਂ ਦੇ ਇੱਕ ਹਿੱਸੇ ਕੁਝ ਅਰਧ-ਸੁਚੇਤ ਢੰਗ ਨਾਲ਼ ਲੋਕਾਂ ਦੀਆਂ ਇੱਛਾਵਾਂ ਅੱਗੇ ਝੁਕਦੇ ਹਨ ਅਤੇ ਕੁਝ ਨੇ ਜਾਣ ਬੁਝ ਕੇ, ਮਜ਼ਦੂਰ ਜਮਾਤ ਦੀ ਲਹਿਰ ਦੇ ਅੰਦਰ ਬੁਰਜੂਆਜ਼ੀ ਦੇ ਅਜੰਟਾਂ ਤੇ ਸਹਾਇਕਾਂ ਵਜੋਂ ਕੰਮ ਕਰਦੇ ਰਹਿਣ ਲਈ ਤੀਜੀ ਕੌਮਾਂਤਰੀ ਪ੍ਰਤੀ ਲੋੜੀਂਦੇ ਜਾਂ ਗੈਰ-ਲੋੜੀਂਦੇ ਸਮਰਥਨ ਦਾ ਐਲਾਨ ਕੀਤਾ ਹੈ ਜਦ ਕਿ ਅਸਲ ਵਿੱਚ ਆਪਣੀ ਅਮਲੀ ਪਾਰਟੀ ਅਤੇ ਰਾਜਸੀ ਕੰਮ ਵਿੱਚ ਦੂਜੀ ਇੰਟਰਨੈਸ਼ਨਲ ਦੀ ਪੱਧਰ ਤੱਕ ਰਹਿ ਰਹੇ ਹਨ। ਅਜਿਹੀ ਹਾਲਤ ਬਿਲਕੁਲ ਬਰਦਾਸ਼ਤ ਤੋਂ ਬਾਹਰ ਹੈ, ਕਿਉਂਕਿ ਇਸ ਨਾਲ਼ ਜਨਤਾ 'ਚ ਸਿਰੇ ਦੀ ਕੁਰੱਪਸ਼ਨ ਪੈਦਾ ਹੁੰਦੀ ਹੈ, ਤੀਜੀ ਇੰਟਰਨੈਸ਼ਨਲ ਦੀ ਅਹਿਮੀਅਤ ਘੱਟਦੀ ਹੈ ਅਤੇ ਧੋਖੇ ਦੀ ਉਸੇ ਕਾਰਵਾਈ ਦੀ ਦੁਹਰਾਈ ਦਾ ਡਰ ਪੈਦਾ ਹੁੰਦਾ ਹੈ, ਜਿਹੜੀ ਗਲਤੀ ਹੰਗਰੀ ਦੇ ਸੋਸ਼ਲ-ਡੈਮੋਕਰੇਟਾਂ ਨੇ ਕੀਤੀ ਸੀ, ਜਿਨ੍ਹਾਂ ਏਨੀ ਜਲਦੀ ਨਾਲ਼ ਕਮਿਊਨਿਸਟਾਂ ਦਾ ਨਾਮ ਰੱਖ ਲਿਆ ਸੀ। ਦੂਜਾ ਨੁਕਸ, ਜਿਹੜਾ ਕਿਤੇ ਘੱਟ ਮਹੱਤਵ ਵਾਲ਼ਾ ਹੈ, ਪਰ ਲਹਿਰ ਦੀਆਂ ਵੱਧ ਰਹੀਆਂ ਤਕਲੀਫਾਂ ਵਜੋਂ ਕਿਤੇ ਵੱਡਾ ਹੈ, "ਖੱਬੇਵਾਦ" ਵੱਲ ਝੁਕਣ ਦੀ ਰੁਚੀ ਵਿੱਚ ਹੈ, ਜਿਸ ਦਾ ਸਿੱਟਾ ਜਮਾਤ ਅਤੇ ਜਨਤਾ ਦੇ ਸਬੰਧ ਵਿੱਚ ਪਾਰਟੀ ਦੇ ਰੋਲ ਅਤੇ ਕੰਮ ਬਾਰੇ ਗਲਤੀ ਕਰਨ ਅਤੇ ਬੁਰਜੂਆ ਪਾਰਲੀਮੈਂਟਾਂ ਤੇ ਪਿਛਾਂਹਖਿਚੂ ਟਰੇਡ ਯੂਨੀਅਨਾਂ ਵਿੱਚ ਇਨਕਲਾਬੀ ਕਮਿਊਨਿਸਟਾਂ ਦੇ ਕੰਮ ਪ੍ਰਤੀ ਗਲਤ ਵਤੀਰੇ ਵਿੱਚ ਨਿਕਲਦਾ ਹੈ।

ਕਮਿਊਨਿਸਟਾਂ ਦਾ ਫ਼ਰਜ਼ ਹੈ ਕਿ ਉਹ ਲਹਿਰ ਵਿੱਚ ਕਮੀਆਂ ਉੱਤੇ ਝੂਰਨ ਨਾ, ਸਗੋਂ ਉਹਨਾਂ ਦੀ ਖੁੱਲ੍ਹੇਆਮ ਪੜਚੋਲ ਕਰਨ ਤਾਂ ਜੋ ਉਹਨਾਂ ਦਾ ਵਧੇਰੇ ਤੇਜ਼ੀ ਨਾਲ਼ ਅਤੇ ਤਿੱਖੇ ਤੌਰ 'ਤੇ ਹੱਲ ਕੱਢਿਆ ਜਾ ਸਕੇ। ਇਸ ਮੰਤਵ ਲਈ ਇਹ ਜ਼ਰੂਰੀ ਹੈ: ਪਹਿਲੇ, ਜਿੰਨੀ ਸਪੱਸ਼ਟਤਾ ਨਾਲ਼ ਸੰਭਵ ਹੋਵੇ, ਵਿਸ਼ੇਸ਼ ਕਰਕੇ ਪ੍ਰਾਪਤ ਕੀਤੇ ਗਏ ਅਮਲੀ ਤਜ਼ਰਬੇ ਦੇ ਅਧਾਰ 'ਤੇ "ਪ੍ਰੋਲੇਤਾਰੀਆ ਦੀ ਡਿਕਟੇਟਰੀ" ਅਤੇ "ਸੋਵੀਅਤ ਸੱਤ੍ਹਾ" ਦੇ ਅਸੂਲਾਂ ਦੇ ਅਰਥਾਂ ਦੀ ਵਿਆਖਿਆ ਕਰਨੀ, ਦੂਜੇ ਇਸ ਨਾਅਰੇ ਨੂੰ ਲਾਗੂ ਕਰਨ ਦੇ ਮੰਤਵ ਨਾਲ਼ ਸਾਰੇ ਦੇਸ਼ਾਂ ਵਿੱਚ ਕੀਤੇ ਜਾਣ ਵਾਲ਼ੇ ਫੌਰੀ ਕੰਮ ਅਤੇ ਸਿਲਸਿਲੇਵਾਰ ਤਿਆਰੀ ਕੰਮ ਦੇ ਸੰਖੇਪ ਮੁੱਦੇ ਦਾ ਜ਼ਿਕਰ ਕਰਨਾ ਅਤੇ ਤੀਜੇ, ਸਾਡੀ ਲਹਿਰ ਵਿਚਲੇ ਨੁਕਸਾਂ ਨੂੰ ਖਤਮ ਕਰਨ ਦੇ ਢੰਗ ਤਰੀਕਿਆਂ ਦਾ ਵੇਰਵਾ।

## I
## ਪ੍ਰੋਲੇਤਾਰੀਆਂ ਦੀ ਡਿਕਟੇਟਰੀ ਅਤੇ ਸੋਵੀਅਤ ਸੱਤ੍ਹਾ ਦਾ ਖਾਸਾ

2. ਸੋਸ਼ਲਿਜ਼ਮ ਦੀ (ਕਮਿਊਨਿਜ਼ਮ ਦੇ ਪਹਿਲੇ ਪੜਾਅ ਵਜੋਂ) ਸਰਮਾਏਦਾਰੀ ਉੱਤੇ ਜਿੱਤ ਲਈ ਲੋੜੀਂਦਾ ਹੈ ਕਿ ਪ੍ਰੋਲੇਤਾਰੀ, ਇੱਕ ਇੱਕ ਹਕੀਕੀ ਇਨਕਲਾਬੀ ਜਮਾਤ ਵਜੋਂ ਹੇਠ ਲਿਖੇ ਤਿੰਨ ਕੰਮਾਂ ਨੂੰ ਪੂਰਿਆਂ ਕਰੇ। ਪਹਿਲਾ – ਲੋਟੂਆਂ ਅਤੇ ਪਹਿਲੇ ਤੌਰ 'ਤੇ ਬੁਰਜੂਆਜ਼ੀ ਨੂੰ, ਜਿਹੜੀ ਕਿ ਉਹਨਾਂ ਦੀ ਮੁੱਖ ਆਰਥਕ ਅਤੇ ਰਾਜਸੀ ਪ੍ਰਤੀਨਿਧ ਹੈ, ਨੂੰ ਉਲਟਾਉਣਾ, ਉਹਨਾਂ ਨੂੰ ਬਿਲਕੁਲ ਜੜ੍ਹੋਂ ਉਖੇੜਨਾ, ਉਹਨਾਂ ਦੇ ਵਿਰੋਧ ਨੂੰ ਕੁਚਲ ਦੇਣਾ, ਉਹਨਾਂ ਵੱਲੋਂ ਸਰਮਾਏ ਅਤੇ ਉਜਰਤ-ਗੁਲਾਮੀ ਦਾ ਜੂਲਾ ਫੇਰ ਪਾਉਣ ਦੇ ਕਿਸੇ ਵੀ ਯਤਨ ਨੂੰ ਨਾਕਾਮ ਕਰਨਾ। ਦੂਜੇ – ਪ੍ਰੋਲੇਤਾਰੀਆਂ ਦੇ ਇਨਕਲਾਬੀ ਹਰਾਵਲ, ਕਮਿਊਨਿਸਟ ਪਾਰਟੀ, ਦੀ ਅਗਵਾਈ ਹੇਠ, ਨਾ ਸਿਰਫ ਸਮੁੱਚਾ ਪ੍ਰੋਲੇਤਾਰੀਆਂ ਜਾਂ ਇਸ ਦੀ ਵੱਡੀ ਬਹੁਗਿਣਤੀ ਨੂੰ ਹੀ, ਸਗੋਂ ਉਹਨਾਂ ਸਾਰਿਆਂ ਨੂੰ ਲਿਆਉਣਾ, ਜਿਹੜੇ ਸਰਮਾਏ ਵੱਲੋਂ ਲੁੱਟੇ ਜਾਂਦੇ ਹਨ ਅਤੇ ਜਿਹੜੇ ਮੁਸ਼ੱਕਤ ਕਰਦੇ ਹਨ, ਲੋਟੂਆਂ ਵਿਰੁੱਧ ਸਿਰੇ ਦੇ ਦਲੇਰਾਨਾ ਅਤੇ ਨਿਧੜਕ ਤੌਰ 'ਤੇ ਮਜ਼ਬੂਤ ਸੰਘਰਸ਼ ਦੇ ਅਮਲ ਰਾਹੀਂ ਉਹਨਾਂ ਨੂੰ ਸਿਖਾਉਣਾ, ਟ੍ਰੇਂਡ ਕਰਨਾ ਅਤੇ ਉਹਨਾਂ ਵਿੱਚ ਜ਼ਬਤ ਪੈਦਾ ਕਰਨਾ, ਸਾਰੇ ਸਰਮਾਏਦਾਰ ਦੇਸ਼ਾਂ ਵਿੱਚ ਜਨਸੰਖਿਆ ਦੇ ਇਸ ਵਿਸ਼ਾਲ ਹਿੱਸੇ ਦੀ ਬੁਰਜੂਆਜ਼ੀ ਉੱਤੇ ਨਿਰਭਰਤਾ ਨੂੰ ਖਤਮ ਕਰਨਾ, ਇਸ ਦੇ ਆਪਣੇ ਅਮਲੀ ਤਜ਼ਰਬੇ ਰਾਹੀਂ, ਇਸ ਨੂੰ ਪ੍ਰੋਲੇਤਾਰੀਆਂ ਦੇ ਅਤੇ ਇਸ ਦੇ ਇਨਕਲਾਬੀ ਮੁਹਰੈਲ ਦੇ ਅਗਵਾਈ ਕਰਨ ਵਾਲ਼ੇ ਰੋਲ਼ ਵਿੱਚ ਭਰੋਸੇ ਨਾਲ਼ ਸਰਸ਼ਾਰ ਕਰਨਾ। ਤੀਜੇ – ਬੁਰਜੂਆਜ਼ੀ ਅਤੇ ਪ੍ਰੋਲੇਤਾਰੀ, ਬੁਰਜੂਆ ਜਮਹੂਰੀਅਤ ਅਤੇ ਸੋਵੀਅਤ ਸੱਤ੍ਹਾ, ਵਿਚਾਲੇ ਲਾਜ਼ਮੀ ਢਿਲਮਿਲ, ਜਿਹੜੀ ਕਿ ਖੇਤੀਬਾੜੀ ਸਨਅਤ ਅਤੇ ਕਾਂਗਰਸ ਦੇ ਨਿੱਕ-ਮਾਲਕਾਂ ਦੀ ਜਮਾਤ ਵਿੱਚ ਦਿਖਾਈ ਦਿੰਦੀ ਹੈ, ਨੂੰ ਬੇਅਰਥ ਕਰਨਾ ਜਾਂ ਉਹਨਾਂ ਦਾ ਕੰਡਾ ਕੱਢਣਾ, ਜਮਾਤ ਜਿਹੜੀ ਕਿ ਭਾਵੇਂ ਜਨ-ਸੰਖਿਆ ਦੀ ਘੱਟ ਗਿਣਤੀ 'ਤੇ ਅਧਾਰਤ ਹੁੰਦੀ ਹੈ, ਫਿਰ ਵੀ ਹਾਲੇ ਲਗਭਗ ਸਾਰੇ ਵਿਕਸਿਤ ਦੇਸ਼ਾਂ ਵਿੱਚ ਕਾਫੀ

ਵੱਡੀ ਹੈ – ਤੇ ਇਸ ਦੇ ਨਾਲ਼ ਨਾਲ਼ ਬੁੱਧੀਜੀਵੀਆਂ, ਉਜਰਤੀ-ਮੁਲਾਜ਼ਮਾਂ ਵਗੈਰਾ, ਜਿਹੜੇ ਇਸ ਜਮਾਤਾਂ ਵਾਂਗ ਹੀ ਹੁੰਦੇ ਹਨ, ਨੂੰ ਵੀ ਬੇਅਰਥ ਕਰਨਾ।

ਪਹਿਲੇ ਅਤੇ ਦੂਜੇ ਕਾਰਜ ਆਜ਼ਾਦ ਕੰਮ ਹਨ, ਜਿਨ੍ਹਾਂ ਲਈ, ਹਰ ਇੱਕ ਲਈ, ਲੋਟੂਆਂ ਅਤੇ ਲੁਟੀਂਦਿਆਂ ਸਬੰਧੀ ਵੱਖ ਵੱਖ ਵਿਸ਼ੇਸ਼ ਢੰਗ ਦੀ ਲੋੜ ਹੈ। ਤੀਜਾ ਕੰਮ ਪਹਿਲੇ ਦੋਹਾਂ ਵਿੱਚੋਂ ਨਿਕਲਦਾ ਹੈ ਅਤੇ ਉਸ ਲਈ ਹਰ ਇੱਕ ਥਿੜਕਣ ਦੀ ਵੱਖਰੀ ਘਟਨਾ ਲਈ, ਵਿਸ਼ੇਸ਼ ਸਥਿਤੀਆਂ ਦੇ ਅਧਾਰ ’ਤੇ, ਪਹਿਲੀ ਅਤੇ ਦੂਜੀ ਕਿਸਮ ਦੇ ਢੰਗਾਂ ਦਾ ਹੁਨਰਮੰਦ, ਸਮੇਂ ਸਿਰ ਅਤੇ ਲਚਕਦਾਰ ਮੇਲ ਕਰਨਾ ਜ਼ਰੂਰੀ ਹੈ।

3. ਸਮੁੱਚੇ ਸੰਸਾਰ ਦੇ ਅਤੇ ਖਾਸ ਕਰਕੇ ਸਭ ਤੋਂ ਵੱਧ ਅੱਗੇ ਵਧੇ, ਤਾਕਤਵਾਰ, ਸੂਝਵਾਨ ਅਤੇ ਅਜ਼ਾਦ ਸਰਮਾਏਦਾਰ ਦੇਸ਼ਾਂ ਵਿੱਚ ਫੌਜਵਾਦ, ਸਾਮਰਾਜਵਾਦ, ਬਸਤੀਆਂ ਅਤੇ ਕਮਜ਼ੋਰ ਦੇਸ਼ਾਂ ਦੇ ਦਮਨ, ਸੰਸਾਰ ਪੈਮਾਨੇ ਦੇ ਸਾਮਰਾਜੀ ਬੁੱਚੜਪੁਣੇ ਅਤੇ ਵਰਸੈਲੀਸ ਦੇ “ਅਮਨ ਵੱਲੋਂ ਪੈਦਾ ਕੀਤੀ ਸਥਿਤੀ ਵਿੱਚ – ਸਰਮਾਏਦਾਰਾਂ ਵੱਲੋਂ ਲੁਟੀਂਦੇ ਲੋਕਾਂ ਦੀ ਬਹੁਗਿਣਤੀ ਦੀ ਇੱਛਾ ਅੱਗੇ ਗੋਡੇ ਟੇਕਣ ਦਾ ਵਿਚਾਰ ਹੀ, ਸਮਾਜਵਾਦ ਵੱਲ ਪੁਰਅਮਨ, ਸੁਧਾਰਵਾਦੀ ਤਬਦੀਲੀ ਦਾ ਵਿਚਾਰ ਹੀ, ਨਾ ਸਿਰਫ਼ ਗਰੁੜ-ਗਿਆਨੀ ਬੇਵਕੂਫੀ ਹੈ, ਸਗੋਂ ਮਜ਼ਦੂਰਾਂ ਨਾਲ਼ ਸਿਰੇ ਦਾ ਧੋਖਾ, ਸਰਮਾਏਦਾਰੀ ਉਜਰਤ ਗੁਲਾਮੀ ਨੂੰ ਸ਼ਿੰਗਾਰ ਕੇ ਪੇਸ਼ ਕਰਨਾ ਅਤੇ ਸੱਚਾਈ ਉੱਤੇ ਪਰਦਾਪੋਸ਼ੀ ਕਰਨਾ ਹੈ। ਇਹ ਸੱਚ ਬੁਰਜੂਆਜ਼ੀ ਵਿੱਚ ਕਾਇਮ ਹੈ, ਬੇਹੱਦ ਸੂਝਵਾਨ ਅਤੇ ਜਮਹੂਰੀ ਬੁਰਜੂਆਜ਼ੀ ਵਿੱਚ ਵੀ, ਜਿਹੜੀ ਹੁਣ ਕਿਸੇ ਧੋਖਾਦੇਹੀ ਜਾਂ ਜ਼ੁਰਮ, ਲੱਖਾਂ ਮਜ਼ਦੂਰਾਂ ਅਤੇ ਕਿਸਾਨਾਂ ਦੇ ਕਤਲਾਮ ਤੋਂ ਵੀ ਨਹੀਂ ਹਿਚਕਿਚਾਉਂਦੀ, ਤਾਂ ਜੋ ਉਤਪਾਦਨ ਦੇ ਸਾਧਨਾਂ ਦੀ ਪ੍ਰਾਈਵੇਟ ਮਾਲਕੀ ਨੂੰ ਕਾਇਮ ਰੱਖ ਸਕੇ। ਬੁਰਜੂਆਜ਼ੀ ਨੂੰ ਜ਼ਬਰਦਸਤੀ ਉਲਟਾਉਣਾ, ਇਸ ਦੀ ਜਾਇਦਾਦ ਦੀ ਜ਼ਬਤੀ, ਉੱਪਰ ਤੋਂ ਹੇਠਾਂ ਤੱਕ ਸਮੁੱਚੇ ਬੁਰਜੂਆ ਰਾਜਕੀ ਢਾਂਚੇ ਪਾਰਲੀਮੈਂਟਰੀ, ਫੌਜੀ, ਜੁਡੀਸ਼ਨ, ਅਫਸਰਸ਼ਾਹੀ ਪ੍ਰਸ਼ਾਸਕੀ ਅਤੇ ਮਿਉਂਸਪਲ ਆਦਿ ਦੇ ਖਾਤਮੇ – ਬੇਹੱਦ ਖਤਰਨਾਕ ਅਤੇ ਮਜ਼ਬੂਤ ਲੁਟੇਰਿਆਂ ਨੂੰ ਕਾਲੇ ਪਾਣੀ ਭੇਜਣ ਜਾਂ ਕੈਦ ਕਰਨ ਅਤੇ ਉਹਨਾਂ ਵੱਲੋਂ ਮੁਕਾਬਲੇ ਜਾਂ ਸਰਮਾਏਦਾਰੀ ਗੁਲਾਮੀ ਮੁੜ ਬਹਾਲ ਕਰਨ ਦੇ ਲਾਜ਼ਮੀ ਯਤਨਾਂ ਨੂੰ ਅਸਫਲ ਕਰਨ ਲਈ ਸਖ਼ਤ ਚੌਕਸੀ ਦਾ ਪ੍ਰਬੰਧ – ਸਿਰਫ਼ ਅਜਿਹੇ ਯਤਨਾਂ ਨਾਲ਼ ਹੀ ਲੁਟੇਰਿਆਂ ਦੀ ਸਮੁੱਚੀ ਜਮਾਤ ਦੇ ਮੁਕੰਮਲ ਤੌਰ ’ਤੇ ਗੋਡੇ ਟੇਕਣ ਦੀ ਜ਼ਾਮਨੀ ਕੀਤੀ ਜਾ ਸਕਦੀ ਹੈ।

ਦੂਜੇ ਪਾਸੇ, ਦੂਜੀ ਇੰਟਰਨੈਸ਼ਨਲ ਦੀਆਂ ਪੁਰਾਣੀਆਂ ਪਾਰਟੀਆਂ ਅਤੇ ਪੁਰਾਣੇ ਆਗੂਆਂ ਦਰਮਿਆਨ ਆਮ ਵਿਚਾਰ, ਕਿ ਲੁਟੀਂਦੇ ਮਿਹਨਤਕਸ਼ਾਂ ਦੀ ਬਹੁਗਿਣਤੀ, ਸਰਮਾਏਦਾਰੀ ਗੁਲਾਮੀ, ਬੁਰਜੂਆਜ਼ੀ (ਜਿਹੜੀ, ਜਿੰਨਾ ਕਿਸੇ ਸਰਮਾਏਦਾਰੀ ਦੇਸ਼ ਦਾ ਸੱਭਿਆਚਾਰਕ ਪੱਧਰ ਉੱਚਾ ਹੁੰਦਾ ਹੈ, ਓਨੀਆਂ ਹੀ ਵੱਧ ਕਿਸਮਾਂ ਅਖਤਿਆਰ ਕਰ ਲੈਂਦੀ ਹੈ, ਵਧੇਰੇ ਗੁੰਝਲਦਾਰ ਅਤੇ ਉਸੇ ਸਮੇਂ ਵਧੇਰੇ ਜ਼ਾਲਮ ਅਤੇ ਨਿਰਦਈ ਹੋ ਜਾਂਦੀ ਹੈ) ਦੇ ਜੂਲੇ ਹੇਠਾਂ; ਸਮਾਜੀ ਚੇਤਨਾ ਦੀ ਮੁਕੰਮਲ ਸਪੱਸ਼ਟਤਾ, ਦ੍ਰਿੜ ਸੋਸ਼ਲਿਸਟ ਰੁਚੀਆਂ ਅਤੇ ਖਾਸਾ ਪ੍ਰਾਪਤ ਕਰ ਸਕਦੀ ਹੈ, ਵੀ ਸਰਮਾਏਦਾਰੀ ਅਤੇ ਬੁਰਜੂਆ ਜ਼ਮਹੂਰੀਅਤ ਨੂੰ ਆਦਰਸ਼ਾਉਣਾ

ਅਤੇ ਮਿਹਨਤਕਸ਼ਾਂ ਨੂੰ ਧੋਖਾ ਦੇਣਾ ਹੈ। ਅਸਲ ਵਿੱਚ, ਪ੍ਰੋਲੇਤਾਰੀਆਂ ਦੇ ਮੁਹਰੈਲ, ਜਿਸ ਦੀ ਹਮਾਇਤ ਸਮੁੱਚੀ ਜਾਂ ਬਹੁਗਿਣਤੀ ਇਨਕਲਾਬੀ ਜਮਾਤ ਵੱਲੋਂ ਕੀਤੀ ਜਾਵੇ, ਵੱਲੋਂ ਲੋਟੂਆਂ ਨੂੰ ਉਲਟਾਉਣਾ, ਉਹਨਾਂ ਨੂੰ ਨੱਪਣ, ਲੁਟੀਂਦੇ ਲੋਕਾਂ ਦੀ ਗੁਲਾਮੀ, ਤੋਂ ਬੰਦ-ਖਲਾਸੀ ਕਰਵਾਉਣ, ਅਤੇ ਉਹਨਾਂ ਦੀਆਂ ਜੀਵਨ ਹਾਲਤਾਂ ਨੂੰ ਫੌਰੀ ਤੌਰ 'ਤੇ ਲਾਹੇ ਗਏ ਸਰਮਾਏਦਾਰਾਂ ਦੀ ਕੀਮਤ ਉੱਤੇ ਬਿਹਤਰ ਬਣਾਉਣ ਤੋਂ ਬਾਅਦ - ਸਿਰਫ਼ ਇਸ ਤੋਂ ਬਾਅਦ, ਅਤੇ ਗੰਭੀਰ ਜਮਾਤੀ ਘੋਲ਼ ਦੇ ਅਸਲ ਅਮਲ ਤੋਂ ਬਾਅਦ ਵੀ ਸੰਭਵ ਹੈ ਕਿ - ਮੁਸ਼ੱਕਤ ਕਰਨ ਵਾਲ਼ੇ ਅਤੇ ਲੁਟੀਂਦੇ ਲੋਕਾਂ ਨੂੰ ਸਿੱਖਿਆ ਦਿੱਤੀ ਜਾਵੇ, ਟ੍ਰੇਂਡ ਕੀਤਾ ਜਾਵੇ ਅਤੇ ਪ੍ਰੋਲੇਤਾਰੀਆਂ ਉਦਾਲੇ ਇਕੱਠਿਆਂ ਕੀਤਾ ਜਾਵੇ, ਜਿਸ ਦੇ ਅਸਰ ਅਤੇ ਅਗਵਾਈ ਹੇਠ ਉਹ ਖੁਦਗਰਜ਼ੀ, ਫੁੱਟ, ਰੰਜਸ਼ਾਂ ਅਤੇ ਕਮਜ਼ੋਰੀਆਂ, ਜਿਨ੍ਹਾਂ ਦਾ ਪ੍ਰਾਈਵੇਟ ਜਾਇਦਾਦ ਕਾਰਨ ਖਤਰਾ ਰਹਿੰਦਾ ਹੈ, ਤੋਂ ਛੁਟਕਾਰਾ ਹਾਸਲ ਕਰ ਸਕਣ; ਸਿਰਫ ਤਦ ਹੀ ਉਹ ਅਜ਼ਾਦ ਮਿਹਨਤਕਸ਼ਾਂ ਦੀ ਅਜ਼ਾਦ ਯੂਨੀਅਨ ਵਿੱਚ ਤਬਦੀਲ ਹੋ ਸਕਣਗੇ।

4. ਸਰਮਾਏਦਾਰੀ ਉੱਤੇ ਜਿੱਤ ਅਗਵਾਨੂੰ (ਕਮਿਊਨਿਸਟ) ਪਾਰਟੀ, ਇਨਕਲਾਬੀ ਜਮਾਤ (ਪ੍ਰੋਲੇਤਾਰੀ) ਅਤੇ ਜਨਤਾ ਵਿੱਚ, ਅਰਥਾਤ ਮੁਸ਼ੱਕਤੀਆਂ ਅਤੇ ਲੁਟੀਂਦਿਆਂ ਦੇ ਸਮੁੱਚੇ ਲੋਕਾਂ ਵਿਚਾਲੇ ਠੀਕ ਸਬੰਧਾਂ ਦੀ ਮੰਗ ਕਰਦੀ ਹੈ। ਸਿਰਫ਼ ਕਮਿਊਨਿਸਟ ਪਾਰਟੀ ਹੀ, ਜੇਕਰ ਇਹ ਸੱਚਮੁਚ ਇਨਕਲਾਬੀ ਜਮਾਤ ਦੀ ਮੁਹਰੈਲ ਹੈ, ਜੇਕਰ ਇਹ ਸੱਚਮੁਚ ਉਸ ਜਮਾਤ ਦੇ ਸਭ ਤੋਂ ਵਧੀਆਂ ਪ੍ਰਤੀਨਿਧਾਂ ਉੱਤੇ ਅਧਾਰਤ ਹੈ, ਜੇਕਰ ਇਹ ਪੂਰੀ ਤਰ੍ਹਾਂ ਸੁਚੇਤ ਅਤੇ ਕੱਟੜ ਕਮਿਊਨਿਸਟਾਂ ਉੱਤੇ ਮੁਸਤਮਿਲ ਹੈ, ਜਿਹੜੇ ਕਿ ਸਿੱਖੇ ਹੋਏ ਹਨ ਅਤੇ ਸਿਰੜੀ ਇਨਕਲਾਬੀ ਘੋਲ਼ ਦੇ ਤਜ਼ਰਬੇ ਨਾਲ਼ ਤਪ ਕੇ ਫ਼ੌਲਾਦ ਬਣੇ ਹੋਏ ਹਨ ਅਤੇ ਜੇਕਰ ਇਹ ਆਪਣੇ ਆਪ ਨੂੰ ਆਪਣੀ ਜਮਾਤ ਦੇ ਸਮੁੱਚੇ ਜੀਵਨ ਨਾਲ਼ ਅਤੇ ਇਸ ਰਾਹੀਂ ਸਮੁੱਚੇ ਲੋਟੀਂਦੇ ਲੋਕਾਂ ਨਾਲ਼, ਅਟੁੱਟ ਤੌਰ 'ਤੇ ਜੋੜਣ ਵਿੱਚ ਅਤੇ ਇਸ ਜਮਾਤ ਅਤੇ ਇਸ ਜਨਤਾ ਦਾ ਭਰੋਸਾ ਮੁਕੰਮਲ ਤੌਰ 'ਤੇ ਜਿੱਤਣ ਵਿੱਚ ਸਫਲ ਰਹੀ - ਸਿਰਫ਼ ਅਜਿਹੀ ਪਾਰਟੀ ਹੀ ਪ੍ਰੋਲੇਤਾਰੀਆਂ ਨੂੰ, ਸਰਮਾਏਦਾਰੀ ਦੀਆਂ ਤਾਕਤਾਂ ਵਿਰੁੱਧ ਆਖਰੀ, ਬੇਕਿਰਕ ਅਤੇ ਫੈਸਲਾਕੁਨ ਘੋਲ਼ ਵਿੱਚ ਅਗਵਾਈ ਦੇ ਸਕਦੀ ਹੈ। ਦੂਜੇ ਪਾਸੇ ਸਿਰਫ ਅਜਿਹੀ ਪਾਰਟੀ ਦੀ ਅਗਵਾਈ ਹੇਠ ਹੀ, ਪ੍ਰੋਲੇਤਾਰੀਆਂ ਆਪਣੇ ਇਨਕਲਾਬੀ ਹੰਭਲੇ ਦੀ ਅਤੇ ਕਿਰਤ ਰਾਠਸ਼ਾਹੀ, ਜਿਸ ਨੂੰ ਕਿ ਸਰਮਾਏਦਾਰੀ ਵੱਲੋਂ ਕੁਰਪੱਟ ਕਰ ਦਿੱਤਾ ਗਿਆ ਹੈ, ਪੁਰਾਣੀ ਟਰੇਡ ਯੂਨੀਅਨ ਅਤੇ ਸਹਿਕਾਰੀ ਆਗੂਆਂ ਦੀ ਛੋਟੀ ਜਿਹੀ ਘੱਟ ਗਿਣਤੀ ਦੇ ਲਾਜ਼ਮੀ ਮਤਭੇਦ ਅਤੇ ਕਦੇ ਕਦੇ ਦੇ ਵਿਰੋਧ ਨੂੰ ਦੂਰ ਕਰਨ ਦੀ ਪੂਰੀ ਸ਼ਕਤੀ ਦਾ ਦਿਖਾਵਾ ਕਰ ਸਕਦਾ ਹੈ - ਸਿਰਫ਼ ਤਦ ਹੀ ਇਹ ਆਪਣੀ ਪੂਰੀ ਸ਼ਕਤੀ, ਜਿਹੜੀ ਕਿ ਸਰਮਾਏਦਾਰੀ ਸਮਾਜ ਦੇ ਆਰਥਕ ਢਾਂਚੇ ਕਾਰਨ, ਜਨਸੰਖਿਆ ਵਿੱਚ ਇਸ ਦੇ ਅਨੁਪਾਤ ਨਾਲ਼ੋਂ ਕਿਤੇ ਵੱਧ ਹੈ, ਦਾ ਮੁਜ਼ਾਹਰਾ ਕਰਨ ਦੇ ਸਮਰੱਥ ਹੋਵੇਗਾ। ਆਖਰਕਾਰ, ਉਹਨਾਂ ਵੱਲੋਂ ਬੁਰਜੂਆਜ਼ੀ ਦੇ ਜੂਲੇ ਅਤੇ ਬੁਰਜੂਆਜ਼ੀ ਦੀ ਰਾਜਕੀ ਮਸ਼ੀਨਰੀ ਤੋਂ ਹਕੀਕੀ ਬੰਦਖਲਾਸੀ ਮਗਰੋਂ ਹੀ, ਉਹਨਾਂ ਨੂੰ ਸੱਚਮੁਚ ਅਜ਼ਾਦਾਨਾ ਢੰਗ ਨਾਲ਼ (ਲੋਟੂਆਂ ਤੋਂ ਅਜ਼ਾਦਾਨਾ) ਸੋਵੀਅਤਾਂ ਵਿੱਚ ਜਥੇਬੰਦ ਹੋਣ ਦਾ ਮੌਕਾ ਮਿਲਣ ਮਗਰੋਂ ਹੀ, ਜਨਤਾ, ਅਰਥਾਤ, ਮਿਹਨਤਕਸ਼

ਅਤੇ ਲੁਟੀਂਦੇ ਲੋਕ, ਇਕ ਸੰਸਥਾ ਵਜੋਂ, ਇਤਿਹਾਸ ਵਿੱਚ ਪਹਿਲੀ ਵਾਰ ਉਹਨਾਂ ਕਰੋੜਾਂ ਲੋਕਾਂ ਦੀ ਪਹਿਲ ਕਦਮੀ ਅਤੇ ਸ਼ਕਤੀ ਦਾ ਮੁਜ਼ਾਹਰਾ ਕਰ ਸਕਦੇ ਹਨ, ਜਿਹੜੇ ਸਰਮਾਏਦਾਰੀ ਵੱਲੋਂ ਦਬਾਏ ਗਏ ਸਨ। ਸੋਵੀਅਤਾਂ ਵੱਲੋਂ ਇੱਕੋ ਇੱਕ ਰਾਜਕੀ ਢਾਂਚਾ ਬਣਨ ਮਗਰੋਂ ਹੀ ਸਮੁੱਚੇ ਲੁਟੀਂਦੇ ਲੋਕਾਂ ਨੂੰ, ਜਿਨ੍ਹਾਂ ਨੂੰ ਬੇਹੱਦ ਵਿਕਸਿਤ ਅਤੇ ਅਟੁੱਟ ਬੁਰਜੂਆ ਜਮਹੂਰੀਅਤ ਵਿੱਚ ਵੀ, 99 ਫੀਸਦੀ ਨੂੰ ਪ੍ਰਸ਼ਾਸਨ ਦੇ ਕੰਮ ਤੋਂ ਬਾਹਰ ਰੱਖਿਆ ਜਾਂਦਾ ਹੈ, ਪ੍ਰਸ਼ਾਸਨ ਦੇ ਕੰਮ ਵਿੱਚ ਸ਼ਾਮਲ ਕਰਨ ਦੀ ਗਾਰੰਟੀ ਹੋ ਸਕਦੀ ਹੈ। ਸੋਵੀਅਤਾਂ ਵਿੱਚ ਵੀ ਲੁਟੀਂਦੀ ਜਨਤਾ – ਕਿਤਾਬਾਂ ਵਿੱਚ ਨਹੀਂ ਸਗੋਂ ਆਪਣੇ ਅਮਲੀ ਤਜ਼ਰਬੇ ਨਾਲ਼ – ਸੋਸ਼ਲਿਸਟ ਉਸਾਰੀ, ਨਵਾਂ ਸਮਾਜੀ ਜ਼ਾਬਤਾ ਅਤੇ ਅਜ਼ਾਦ ਵਰਕਰਾਂ ਦੀ ਅਜ਼ਾਦੀ ਯੂਨੀਅਨ ਦਾ ਕੰਮ ਸੱਚਮੁਚ ਸਿੱਖਣਾ ਸ਼ੁਰੂ ਕਰਦੀ ਹੈ।

## II
## ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਲਈ ਫੌਰੀ ਅਤੇ ਵਿਆਪਕ ਤਿਆਰੀ ਵਿੱਚ ਕੀ ਹੋਵੇ

5. ਕੌਮਾਂਤਰੀ ਕਮਿਊਨਿਸਟ ਲਹਿਰ ਦੇ ਵਿਕਾਸ ਦੇ ਮੌਜੂਦਾ ਪੜਾਅ ਦੀ ਵਿਸ਼ੇਸ਼ਤਾ ਇਸ ਗੱਲ ਵਿੱਚ ਹੈ ਕਿ ਬਹੁਤ ਸਾਰੇ ਸਰਮਾਏਦਾਰ ਦੇਸ਼ਾਂ ਵਿੱਚ, ਪ੍ਰੋਲੇਤਾਰੀਆਂ ਵੱਲੋਂ ਆਪਣੀ ਡਿਕਟੇਟਰੀ ਲਾਗੂ ਕਰਨ ਲਈ ਤਿਆਰੀਆਂ ਮੁਕੰਮਲ ਨਹੀਂ ਹੋਈਆਂ, ਅਤੇ ਬਹੁਤ ਸਾਰੇ ਮਾਮਲਿਆਂ ਵਿੱਚ, ਬਾਕਾਇਦਾ ਤੌਰ 'ਤੇ ਸ਼ੁਰੂ ਵੀ ਨਹੀਂ ਹੋਈਆਂ। ਪਰ, ਇਸ ਤੋਂ ਇਹ ਅਰਥ ਨਹੀਂ ਨਿਕਲਦਾ ਕਿ ਨਿਕਟ ਭਵਿੱਖ ਵਿੱਚ ਪ੍ਰੋਲੇਤਾਰੀ ਇਨਕਲਾਬ ਅਸੰਭਵ ਹੈ; ਇਹ ਬਿਲਕੁਲ ਸੰਭਵ ਹੈ, ਕਿਉਂਕਿ ਸਮੁੱਚੀ ਆਰਥਕ ਅਤੇ ਰਾਜਸੀ ਸਥਿਤੀ ਬਹੁਤ ਹੀ ਧਮਾਕਾਖੇਜ਼ ਹੈ ਅਤੇ ਇਸ ਵਿੱਚ ਅਚਨਚੇਤੀ ਧਮਾਕੇ ਦੇ ਆਸਾਰ ਨਜ਼ਰ ਆ ਰਹੇ ਹਨ; ਪ੍ਰੋਲੇਤਾਰੀਆਂ ਦੀ ਤਿਆਰੀ ਤੋਂ ਬਿਨਾਂ ਇਨਕਲਾਬ ਲਈ ਦੂਜੀ ਸ਼ਰਤ, ਅਰਥਾਤ ਸਾਰੀਆਂ ਹੁਕਮਰਾਨ ਅਤੇ ਬੁਰਜੂਆ ਪਾਰਟੀਆਂ ਵਿੱਚ ਸੰਕਟ ਦੀ ਆਮ ਸਥਿਤੀ, ਵੀ ਮੌਜੂਦ ਹੈ। ਫਿਰ ਵੀ, ਇਸ ਦਾ ਅਰਥ ਇਹ ਨਹੀਂ ਨਿਕਲਦਾ ਕਿ ਕਮਿਊਨਿਸਟ ਪਾਰਟੀਆਂ ਦਾ ਤਾਜ਼ਾ ਕੰਮ ਇਨਕਲਾਬ ਨੂੰ ਤੇਜ਼ ਕਰਨਾ ਨਹੀਂ ਹੈ, ਸਗੋਂ ਪ੍ਰੋਲੇਤਾਰੀਆਂ ਦੀ ਤਿਆਰੀ ਵਿੱਚ ਤੇਜ਼ੀ ਲਿਆਉਣਾ ਹੈ। ਦੂਜੇ ਪਾਸੇ, ਕਈ ਸੋਸ਼ਲਿਸਟ ਪਾਰਟੀਆਂ ਦੇ ਇਤਿਹਾਸ ਤੋਂ, ਉੱਪਰ ਦਿੱਤੀਆਂ ਗਈਆਂ ਉਦਾਹਰਣਾਂ ਸਾਡੇ ਲਈ ਲਾਜ਼ਮੀ ਬਣਾਉਂਦੀਆਂ ਹਨ ਕਿ ਪ੍ਰੋਲੇਤਾਰੀ ਦੀ ਡਿਕਟੇਟਰੀ ਦੀ "ਮਾਨਤਾ" ਸਿਰਫ਼ ਸ਼ਬਦੀ ਤੱਥ ਹੀ ਨਾ ਰਹੇ।

ਇਸ ਲਈ, ਕੌਮਾਂਤਰੀ ਪ੍ਰੋਲੇਤਾਰੀ ਲਹਿਰ ਦੇ ਨੁਕਤਾ ਨਿਗਾਹ ਤੋਂ, ਕਮਿਊਨਿਸਟ ਪਾਰਟੀਆਂ ਦਾ ਇਸ ਸਮੇਂ ਇਹ ਪਹਿਲਾ ਫ਼ਰਜ਼ ਹੈ ਕਿ ਖਿੱਲਰੀਆਂ ਪੱਤਰੀਆਂ ਕਮਿਊਨਿਸਟ ਤਾਕਤਾਂ ਨੂੰ ਇਕੱਠਿਆਂ ਕਰਕੇ, ਹਰ ਦੇਸ਼ ਵਿੱਚ ਇੱਕ ਕਮਿਊਨਿਸਟ ਪਾਰਟੀ ਬਣਾਈ ਜਾਵੇ

(ਜਾਂ ਪਹਿਲਾਂ ਹੀ ਮੌਜੂਦਾ ਪਾਰਟੀ ਵਿੱਚ ਨਵੀਂ ਤਾਕਤ ਭਰੀ ਜਾਵੇ ਜਾਂ ਉਸ ਨੂੰ ਨਵਾਂ ਰੂਪ ਦਿੱਤਾ ਜਾਵੇ) ਤਾਂ ਜੋ ਪ੍ਰੋਲੇਤਾਰੀ ਨੂੰ, ਰਾਜਸੀ ਸੱਤ੍ਹਾ ਉੱਤੇ ਜਿੱਤ – ਇਸ ਤੋਂ ਵੀ ਵੱਧ ਪ੍ਰੋਲੇਤਾਰੀ ਡਿਕਟੇਟਰਸ਼ਿਪ ਲਈ – ਤਿਆਰ ਕਰਨ ਦੇ ਕੰਮ ਨੂੰ ਦਸ ਗੁਣਾਂ ਵਧਾਇਆ ਜਾਵੇ। ਪ੍ਰੋਲੇਤਾਰੀ ਡਿਕਟੇਟਰਸ਼ਿਪ ਨੂੰ ਮਾਨਤਾ ਪ੍ਰਧਾਨ ਕਰਨ ਵਾਲ਼ੇ ਗਰੁੱਪਾਂ ਅਤੇ ਪਾਰਟੀਆਂ ਦੇ ਆਮ ਸੋਸ਼ਲਿਸਟ ਕੰਮ ਵਿੱਚ ਹਾਲੇ ਉਹ ਮੁਢਲੀ ਨਵ–ਜਥੇਬੰਦੀ, ਉਹ ਮੁਢਲੀ ਨਵ–ਉਸਾਰੀ ਨਹੀਂ ਹੋਈ, ਜਿਹੜੀ ਕਿ ਇਸ ਕੰਮ ਨੂੰ ਕਮਿਊਨਿਸਟ ਕੰਮ ਮਿੱਥਣ ਤੋਂ ਪਹਿਲਾਂ ਅਤੇ ਪ੍ਰੋਲੇਤਾਰੀ ਡਿਕਟੇਟਰਸ਼ਿਪ ਦੇ ਮੌਕੇ ’ਤੇ ਮੁਕੰਮਲ ਕੀਤੇ ਜਾਣੇ ਵਾਲੇ ਕੰਮ ਲਈ ਕਾਫੀ ਹੈ, ਹੋਣੀ ਜ਼ਰੂਰੀ ਹੈ।

6. ਪ੍ਰੋਲੇਤਾਰੀ ਵੱਲੋਂ ਸੱਤ੍ਹਾ ਉੱਤੇ ਜਿੱਤ ਤੋਂ ਬਾਅਦ ਇਸ ਦਾ ਬੁਰਜੂਆਜ਼ੀ ਵਿਰੁੱਧ ਸੰਘਰਸ਼ ਖਤਮ ਨਹੀਂ ਹੋ ਜਾਂਦਾ, ਇਸ ਦੇ ਉਲਟ ਇਸ ਨਾਲ਼ ਇਹ ਸੰਘਰਸ਼ ਵਧੇਰੇ ਵਿਸ਼ਾਲ, ਤੀਖਣ ਅਤੇ ਬੇਕਿਰਕ ਹੋ ਜਾਂਦਾ ਹੈ। ਸੰਘਰਸ਼ ਦੇ ਬੇਹੱਦ ਤੇਜ਼ ਹੋਣ ਨਾਲ਼, ਮਜ਼ਦੂਰ ਜਮਾਤ ਦੀ ਲਹਿਰ ਦੇ ਉਹ ਸਾਰੇ ਗਰੁੱਪ, ਪਾਰਟੀਆਂ ਅਤੇ ਆਗੂ, ਜਿਨ੍ਹਾਂ ਨੇ ਅੱਧ ਪਚੱਧੇ ਤੌਰ ’ਤੇ ਜਾਂ ਮੁਕੰਮਲ ਤੌਰ ’ਤੇ ਸੁਧਾਰਵਾਦ, “ਕੇਂਦਰ”[1] ਆਦਿ ਦਾ ਸਟੈਂਡ ਅਪਣਾ ਲਿਆ ਹੈ। ਲਾਜ਼ਮੀ ਤੌਰ ’ਤੇ ਬੁਰਜੂਆਜ਼ੀ ਦੇ ਹੱਕ ਵਿੱਚ ਚਲੇ ਜਾਂਦੇ ਹਨ, ਜਾਂ ਢਿਲਮਿਲ ਅੰਸ਼ਾਂ ’ਚ ਮਿਲ ਜਾਂਦੇ ਹਨ, ਤੇ ਜਾਂ ਫਿਰ (ਜਿਹੜੀ ਕਿ ਸਭ ਤੋਂ ਵੱਧ ਖਤਰਨਾਕ ਗੱਲ ਹੈ) ਜੇਤੂ ਪ੍ਰੋਲੇਤਾਰੀਆਂ ਦੇ ਗੈਰ–ਭਰੋਸੇਯੋਗ ਮਿੱਤਰਾਂ ਦੀਆਂ ਸਫਾਂ ਵਿੱਚ ਸ਼ਾਮਲ ਹੋ ਜਾਂਦੇ ਹਨ। ਇਸ ਲਈ ਪ੍ਰੋਲੇਤਾਰੀ ਦੀ ਡਿਕਟੇਟਰੀ ਲਈ ਤਿਆਰੀ ਨਾ ਸਿਰਫ ਇਸ ਗੱਲ ਦੀ ਮੰਗ ਹੀ ਕਰਦੀ ਹੈ ਕਿ ਸੁਧਾਰਵਾਦੀ ਅਤੇ “ਕੇਂਦਰਵਾਦੀ” ਰੁਝਾਨਾਂ ਵਿਰੁੱਧ ਘੋਲ਼ ਤੇਜ਼ ਕੀਤਾ ਜਾਵੇ, ਸਗੋਂ ਉਸ ਘੋਲ਼ ਦੇ ਖਾਸੇ ਵਿੱਚ ਤਬਦੀਲੀ ਕੀਤੀ ਜਾਵੇ। ਸੰਘਰਸ਼ ਨੂੰ ਇਹਨਾਂ ਰੁਚੀਆਂ ਦੀਆਂ ਗਲਤੀਆਂ ਦਾ ਵੇਰਵਾ ਦੇਣ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ; ਇਸ ਨੂੰ ਬਿਨਾਂ ਕਿਸੇ ਰੱਖ ਰਖਾ ਦੇ ਅਤੇ

---

1. **ਕੇਂਦਰ, ਕੇਂਦਰਵਾਦ** - ਕੌਮਾਂਤਰੀ ਮਜ਼ਦੂਰ ਜਮਾਤ ਲਹਿਰ ਵਿੱਚ ਇੱਕ ਮੌਕਾਪ੍ਰਸਤੀ ਰੁਚੀ। ਦੂਜੀ ਇੰਟਰਨੈਸ਼ਨਲ ਦੀਆਂ ਪਾਰਟੀਆਂ ਵਿੱਚ ਕੇਂਦਰਵਾਦੀ, ਸਿਰੇ ਦੇ ਮੌਕਾਪ੍ਰਸਤਾਂ ਅਤੇ ਖੱਬੇ ਇਨਕਲਾਬੀ ਧੜੇ ਦੇ ਵਿਚਕਾਰਲੀ ਥਾਂ ’ਤੇ ਸਨ, ਇਸ ਲਈ ਉਹਨਾਂ ਦਾ ਨਾਮ ਪਿਆ। ਉਨ੍ਹਾਂ ਦਾ ਇੱਕ ਸਿਧਾਂਤਕਾਰ ਕਾਰਲ ਕਾਉਤਸਕੀ ਸੀ। ਸਾਰੇ ਅਸੂਲੀ ਸਵਾਲਾਂ ਉੱਤੇ ਸੱਜੇ ਪੱਖੀ ਸੋਸ਼ਲ–ਡੈਮੋਕਰੈਟਾਂ ਦੀ ਹਮਾਇਤ ਕਰਦੇ ਹੋਏ ਕੇਂਦਰਵਾਦੀਆਂ ਨੇ ਇਸ ਉੱਤੇ ਖੱਬੇ ਪੱਖੀ ਗੱਲਾਂ ਨਾਲ਼ ਪਰਦਾਪੋਸ਼ੀ ਕੀਤੀ। 1919–21 ਵਿੱਚ, ਪੱਛਮੀ ਯੂਰਪ ਵਿੱਚ ਇਨਕਲਾਬੀ ਉਭਾਰ ਨਾਲ਼ ਬਹੁਤ ਸਾਰੇ ਦੇਸ਼ਾਂ ਦੇ ਕੇਂਦਰਵਾਦੀ ਸੋਸ਼ਲ–ਡੈਮੋਕਰੈਟਾਂ ਨਾਲ਼ੋਂ ਅਲੱਗ ਹੋ ਗਏ ਅਤੇ ਅਜ਼ਾਦ ਪਾਰਟੀਆਂ ਕਾਇਮ ਕਰ ਲਈਆਂ। ਇਨਕਲਾਬੀ ਮਜ਼ਦੂਰਾਂ ਵਿੱਚ ਆਪਣਾ ਰਸੂਖ ਕਾਇਮ ਰੱਖਣ ਲਈ ਉਨ੍ਹਾਂ ਮਾਰਚ 1919 ਵਿੱਚ ਕਾਇਮ ਹੋਈ ਤੀਜੀ ਇੰਟਰਨੈਸ਼ਨਲ ਵਿੱਚ ਭਾਗ ਲੈਣ ਦੀ ਇੱਛਾ ਪ੍ਰਗਟ ਕੀਤੀ। ਜਦੋਂ ਜਰਮਨੀ, ਇਟਲੀ ਅਤੇ ਹੋਰ ਦੇਸ਼ਾਂ ਵਿੱਚ ਇਨਕਲਾਬੀ ਲਹਿਰ ਪਸਤ ਹੋ ਗਈ ਤੇ ਸਰਮਾਏਦਾਰੀ ਆਰਜ਼ੀ ਤੌਰ ’ਤੇ ਕਾਇਮ ਹੋ ਗਈ, ਤਾਂ ਕੇਂਦਰਵਾਦੀ ਪਾਰਟੀਆਂ ਇੱਕ ਵਾਰ ਫੇਰ ਸੋਸ਼ਲ–ਡੈਮੋਕਰੈਟਿਕ ਪਾਰਟੀਆਂ ਵਿੱਚ ਸ਼ਾਮਲ ਹੋ ਗਈਆਂ।

ਬੇਕਿਰਕੀ ਨਾਲ਼ ਮਜ਼ਦੂਰ ਜਮਾਤ ਦੀ ਲਹਿਰ ਦੇ ਹਰ ਉਸ ਆਗੂ ਨੂੰ ਬੇਨਕਾਬ ਕਰਨਾ ਚਾਹੀਦਾ ਹੈ ਜਿਹੜਾ ਇਸ ਤਰ੍ਹਾਂ ਦੀਆਂ ਰੁਚੀਆਂ ਦਾ ਪ੍ਰਗਟਾਵਾ ਕਰਦਾ ਹੈ, ਕਿਉਂਕਿ ਪ੍ਰੋਲੇਤਾਰੀ ਇਹ ਨਹੀਂ ਜਾਣ ਸਕਦਾ ਕਿ ਬੁਰਜੂਆਜ਼ੀ ਵਿਰੁੱਧ ਫੈਸਲਾਕੁਨ ਸੰਘਰਸ਼ ਵਿੱਚ ਇਹ ਕਿਸ ਨਾਲ਼ ਤੁਰੇਗਾ। ਇਹ ਸੰਘਰਸ਼ ਅਜਿਹਾ ਹੈ ਕਿ ਕਿਸੇ ਵੀ ਪਲ ਇਹ – ਜਿਵੇਂ ਕਿ ਤਜਰਬੇ ਨੇ ਦਰਸਾਇਆ ਹੈ – ਪੜਚੋਲ ਦੇ ਹਥਿਆਰ ਲਈ, ਪੜਚੋਲ ਦੀ ਥਾਂ ਹਥਿਆਰਾਂ ਨੂੰ ਦੇ ਸਕਦਾ ਹੈ ਅਤੇ ਸੱਚਮੁਚ ਇੰਞ ਕਰਦਾ ਵੀ ਹੈ। ਜਿਹੜੇ ਆਪਣੇ ਆਪ ਨੂੰ ਸੁਧਾਰਵਾਦੀ ਜਾਂ "ਕੇਂਦਰਵਾਦੀ" ਦਰਸਾਉਂਦੇ ਹਨ, ਉਹਨਾਂ ਨੂੰ ਬੇਨਕਾਬ ਕਰਨ ਦਾ ਵਿੱਚ ਕਿਸੇ ਢਿੱਲ ਜਾਂ ਕਮਜ਼ੋਰੀ ਦਾ ਅਰਥ ਬੁਰਜੂਆਜ਼ੀ ਵੱਲੋਂ ਪ੍ਰੋਲੇਤਾਰੀ ਨੂੰ ਉਲਟਾ ਦੇਣ ਦੇ ਖਤਰੇ ਵਿੱਚ ਵਾਧਾ ਕਰਨਾ ਹੈ, ਬੁਰਜੂਆਜ਼ੀ ਜਿਹੜੀ ਕਿ ਕੱਲ੍ਹ ਨੂੰ ਉਸ ਨੂੰ ਉਲਟ ਇਨਕਲਾਬ ਲਈ ਵਰਤੇਗੀ, ਜਿਸ ਨੂੰ ਥੋੜ੍ਹ-ਦ੍ਰਿਸ਼ਟੀ ਵਾਲ਼ੇ ਲੋਕ ਸਿਰਫ਼ "ਸਿਧਾਂਤਕ ਮਤਭੇਦਾਂ" ਵਜੋਂ ਦੇਖਦੇ ਹਨ।

7. ਵਿਸ਼ੇਸ਼ ਤੌਰ 'ਤੇ, ਸਾਨੂੰ ਆਪਣੇ ਆਪ ਨੂੰ, ਅਸੂਲੀ ਤੌਰ 'ਤੇ, ਪ੍ਰੋਲੇਤਾਰੀਆਂ ਅਤੇ ਬੁਰਜੂਆਜ਼ੀ ਦਰਮਿਆਨ ਸਭ ਕਿਸਮ ਦੇ ਮਿਲਵਰਤਣ, ਸਮੁੱਚੇ "ਮਿਲਵਰਤਣਵਾਦ" ਨੂੰ ਰੱਦ ਕਰਨ ਤੱਕ ਸੀਮਤ ਨਹੀਂ ਕਰ ਦੇਣਾ ਚਾਹੀਦਾ। ਪ੍ਰੋਲੇਤਾਰੀ, ਜਿਹੜਾ ਕਿ ਕਦੇ ਵੀ, ਇੱਕੋ ਹੱਲੇ ਵਿੱਚ, ਪ੍ਰਾਈਵੇਟ ਜਾਇਦਾਦ ਨੂੰ ਮੁਕੰਮਲ ਤੌਰ 'ਤੇ ਖਤਮ ਨਹੀਂ ਕਰ ਸਕੇਗਾ, ਦੀ ਡਿਕਟੇਟਰੀ ਤਹਿਤ, ਉਤਪਾਦਨ ਦੇ ਸਾਧਨਾਂ ਦੀ ਪ੍ਰਾਈਵੇਟ ਮਾਲਕੀ ਕਾਇਮ ਰੱਖਦੇ ਹੋਏ, ਸਿਰਫ਼ "ਮੁਕਤੀ" ਅਤੇ "ਬਰਾਬਰੀ" ਦੀ ਹੀ ਰਾਖੀ ਕਰਨਾ, ਬੁਰਜੂਆਜ਼ੀ ਨਾਲ਼ "ਮਿਲਵਰਤਣ" ਵਿੱਚ ਬਦਲ ਜਾਂਦਾ ਹੈ ਅਤੇ ਮਜ਼ਦੂਰ ਜਮਾਤ ਦੀ ਹਕੂਮਤ ਨੂੰ ਹੀਣਾ ਕਰਦਾ ਹੈ। ਪ੍ਰੋਲੇਤਾਰੀ ਦੀ ਡਿਕਟੇਟਰੀ ਦਾ ਅਰਥ ਇਹ ਹੈ ਕਿ ਰਾਜ ਆਪਣੀ ਸਮੁੱਚੀ ਸੱਤ੍ਹਾ ਮਸ਼ੀਨਰੀ ਦੀ ਵਰਤੋਂ, ਲੋਟੂਆਂ ਵੱਲੋਂ ਉਹਨਾਂ ਦੇ ਦਮਨ ਅਤੇ ਲੁੱਟ ਨੂੰ ਜਾਰੀ ਰੱਖਣ ਦੀ "ਅਜ਼ਾਦੀ ਦੇਣ", ਜਾਇਦਾਦ ਦੇ ਮਾਲਕ (ਅਰਥਾਤ ਉਹ ਜਿਸ ਨੇ ਆਪਣੇ ਲਈ ਸੋਸ਼ਲ ਕਿਰਤ ਵੱਲੋਂ ਪੈਦਾ ਕੀਤੇ ਉਤਪਾਦਨ ਦੇ ਸਾਧਨਾਂ ਵਿੱਚੋਂ ਕੁਝ ਆਪਣੇ ਲਈ ਰਾਖਵੇਂ ਰੱਖ ਲਏ ਹਨ) ਅਤੇ ਗੈਰ ਮਾਲਕ ਵਿਚਾਲੇ "ਨਾ-ਬਰਾਬਰੀ ਨੂੰ ਰੱਦ ਕਰਨ ਅਤੇ ਇਸ ਉੱਤੇ ਕੰਟਰੋਲ ਕਰਨ ਲਈ ਕਰਦਾ ਹੈ। ਉਹ ਗੱਲ, ਜਿਹੜੀ ਪ੍ਰੋਲੇਤਾਰੀ ਦੀ ਜਿੱਤ ਤੋਂ ਪਹਿਲਾਂ ਸਿਰਫ਼ "ਜਮਹੂਰੀਅਤ" ਦੇ ਸਵਾਲ ਉੱਤੇ ਸਿਰਫ ਸਿਧਾਂਤਕ ਮਤਭੇਦ ਦਿਖਾਈ ਦਿੰਦੀ ਹੈ, ਲਾਜ਼ਮੀ ਤੌਰ 'ਤੇ, ਜਿੱਤ ਤੋਂ ਅਗਲੇ ਦਿਨ, ਅਜਿਹਾ ਸਵਾਲ ਬਣ ਜਾਂਦਾ ਹੈ, ਜਿਸ ਦਾ ਹੱਲ ਹਥਿਆਰਾਂ ਦੀ ਤਾਕਤ ਨਾਲ਼ ਕੀਤਾ ਜਾਂਦਾ ਹੈ। ਸਿੱਟੇ ਵਜੋਂ, ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਨੂੰ ਲਾਗੂ ਕਰਨ ਲਈ ਜਨਤਾ ਨੂੰ ਤਿਆਰ ਕਰਨ ਦਾ ਮੁਢਲਾ ਕੰਮ ਵੀ, "ਕੇਂਦਰਵਾਦੀਆਂ" ਅਤੇ "ਜਮਹੂਰੀਅਤ ਦੇ ਚੈਂਪੀਅਨਾਂ" ਵਿਰੁੱਧ ਘੋਲ਼ ਦੇ ਸਮੁੱਚੇ ਖਾਸੇ ਨੂੰ ਬਦਲੇ ਬਿਨਾਂ ਅਸੰਭਵ ਹੈ।

8. ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ, ਪ੍ਰੋਲੇਤਾਰੀ ਜਮਾਤ ਦੇ ਬੁਰਜੂਆਜ਼ੀ ਵਿਰੁੱਧ ਸੰਘਰਸ਼ ਦੀ ਬੇਹੱਦ ਦ੍ਰਿੜ-ਸੰਕਲਪ ਅਤੇ ਇਨਕਲਾਬੀ ਕਿਸਮ ਹੈ। ਇਹ ਘੋਲ਼ ਤਦ ਹੀ ਸਫ਼ਲ ਹੋ ਸਕਦਾ ਹੈ ਜਦੋਂ ਪ੍ਰੋਲੇਤਾਰੀਆਂ ਦੇ ਬੇਹੱਦ ਇਨਕਲਾਬੀ ਮੁਹਰੈਲ ਨੂੰ ਪ੍ਰੋਲੇਤਾਰੀਆਂ ਦੀ ਵਿਸ਼ਾਲ ਬਹੁ-ਗਿਣਤੀ ਦੀ ਹਮਾਇਤ ਪ੍ਰਾਪਤ ਹੋਵੇ। ਇਸ ਲਈ, ਪ੍ਰੋਲੇਤਾਰੀ ਦੀ

ਡਿਕਟੇਟਰਸ਼ਿਪ ਲਈ ਤਿਆਰੀ ਦਾ ਅਰਥ ਵੀ ਸਿਰਫ਼ ਸਭ ਕਿਸਮ ਦੇ ਸੁਧਾਰਵਾਦ, ਜਮਹੂਰੀਅਤ ਦੀ ਹਰ ਕਿਸਮ ਦੀ ਰਾਖੀ, ਜਦੋਂ ਕਿ ਉਤਪਾਦਨ ਦੇ ਸਾਧਨਾਂ ਦੀ ਪ੍ਰਾਈਵੇਟ ਮਾਲਕੀ ਕਾਇਮ ਰੱਖੀ ਜਾ ਰਹੀ ਹੈ, ਦੇ ਬੁਰਜੂਆ ਖਾਸੇ ਦੀ ਵਿਆਖਿਆ ਕਰਨਾ ਹੈ; ਇਸ ਦਾ ਅਰਥ ਨਾ ਸਿਰਫ਼ ਅਜਿਹੀਆਂ ਰੁਚੀਆਂ ਨੂੰ ਬੇਨਕਾਬ ਕਰਨਾ ਹੈ, ਜਿਹੜੀਆਂ ਅਸਲ ਵਿੱਚ ਕਿਰਤ ਲਹਿਰ ਵਿੱਚ ਬੁਰਜੂਆਜ਼ੀ ਦੀ ਰੱਖਿਆ ਕਰਦੀਆਂ ਹਨ, ਸਗੋਂ ਇਹ ਇਸ ਗੱਲ ਦਾ ਵੀ ਸੱਦਾ ਦੇਣਾ ਹੈ ਕਿ ਹਰ ਕਿਸਮ ਦੀਆਂ ਪ੍ਰੋਲੇਤਾਰੀ ਜਥੇਬੰਦੀਆਂ ਵਿੱਚ ਸਿਰਫ਼ ਰਾਜਨੀਤਕ ਹੀ ਨਹੀਂ ਸਗੋਂ ਟਰੇਡ ਯੂਨੀਅਨਾਂ, ਸਹਿਕਾਰੀ, ਵਿਦਿਅਕ ਆਦਿ ਵਿੱਚ ਵੀ, ਪੁਰਾਣੇ ਆਗੂਆਂ ਦੀ ਥਾਂ ਕਮਿਊਨਿਸਟਾਂ ਨੂੰ ਲਿਆਂਦਾ ਜਾਵੇ। ਕਿਸੇ ਦੇਸ਼ ਵਿੱਚ ਬੁਰਜੂਆ ਜਮਹੂਰੀਅਤ ਦਾ ਰਾਜ ਜਿੰਨਾ ਮੁਕੰਮਲ, ਲੰਬਾ ਅਤੇ ਮਜ਼ਬੂਤੀ ਨਾਲ਼ ਕਾਇਮ ਰਿਹਾ ਹੋਵੇਗਾ, ਓਨਾ ਹੀ ਵੱਧ ਬੁਰਜੂਆਜ਼ੀ ਪ੍ਰਮੁੱਖ ਥਾਵਾਂ ’ਤੇ ਉਹਨਾਂ ਲੋਕਾਂ ਨੂੰ ਨਿਯੁਕਤ ਕਰਨ ਵਿੱਚ ਸਫ਼ਲ ਹੋਵੇਗੀ, ਜਿਨ੍ਹਾਂ ਨੂੰ ਇਸ ਨੇ ਸਾਧਿਆ ਹੈ, ਜਿਨ੍ਹਾਂ ਦੇ ਮਨਾਂ ਵਿੱਚ ਇਸ ਦੇ ਵਿਚਾਰ ਅਤੇ ਵਿਰੋਧ ਭਰੇ ਹੋਏ ਹਨ ਅਤੇ ਜਿਨ੍ਹਾਂ ਨੂੰ ਆਮ ਤੌਰ ’ਤੇ ਸਿੱਧੇ ਤੌਰ ’ਤੇ ਜਾਂ ਅਸਿੱਧੇ ਤੌਰ ’ਤੇ ਇਸ (ਬੁਰਜੂਆਜ਼ੀ) ਵੱਲੋਂ ਖਰੀਦ ਲਿਆ ਜਾਂਦਾ ਹੈ। ਕਿਰਤ ਰਾਠਸ਼ਾਹੀ ਦੇ ਇਹ ਪ੍ਰਤੀਨਿਧ, ਬੁਰਜੂਆ-ਸ਼ੁਦਾ ਕਾਮੇ ਹੁਣ ਨਾਲੋਂ ਸੌ ਗੁਣਾਂ ਵੱਧ ਤੇਜ਼ੀ ਨਾਲ਼ ਇਨ੍ਹਾਂ ਦੀਆਂ ਆਸਾਮੀਆਂ ’ਚੋਂ ਬਾਹਰ ਕੱਢ ਦਿੱਤੇ ਜਾਣੇ ਚਾਹੀਦੇ ਹਨ ਅਤੇ ਇਨ੍ਹਾਂ ਦੀ ਥਾਂ ਮਜ਼ਦੂਰਾਂ ਨੂੰ, ਇੱਥੋਂ ਤੱਕ ਬਿਲਕੁਲ ਨਾ-ਤਜ਼ਰਬੇਕਾਰ ਮਜ਼ਦੂਰਾਂ ਨੂੰ ਲਿਆਂਦਾ ਜਾਣਾ ਚਾਹੀਦਾ ਹੈ, ਬਸ਼ਰਤੇ ਕਿ ਉਹ ਲੁਟੀਂਦੇ ਲੋਕਾਂ ਨਾਲ਼ ਜੁੜੇ ਹੋਏ ਹਨ ਅਤੇ ਜਿਨ੍ਹਾਂ ਨੂੰ ਲੋਟੂਆਂ ਵਿਰੁੱਧ ਘੋਲ਼ ਵਿੱਚ ਵਿਸ਼ਵਾਸ ਹੈ। ਪ੍ਰੋਲੇਤਾਰੀਆਂ ਦੀ ਡਿਕਟੇਟਰੀ ਲਈ ਅਜਿਹੇ ਨਾ-ਤਜ਼ਰਬੇਕਾਰ ਵਰਕਰਾਂ ਨੂੰ ਰਾਜ ਦੀਆਂ ਬੇਹੱਦ ਜ਼ਿੰਮੇਵਾਰ ਥਾਵਾਂ ’ਤੇ ਨਿਯੁਕਤੀ ਕਰਨੀ ਜ਼ਰੂਰੀ ਹੈ, ਨਹੀਂ ਤਾਂ ਮਜ਼ਦੂਰਾਂ ਦੀ ਸਰਕਾਰ ਨਾਕਾਰਾ ਹੋਵੇਗੀ ਅਤੇ ਇਸ ਨੂੰ ਲੋਕਾਂ ਦੀ ਮਦਦ ਨਹੀਂ ਹੋਵੇਗੀ।

9. ਪ੍ਰੋਲੇਤਾਰੀ ਦੀ ਡਿਕਟੇਟਰੀ ਦਾ ਅਰਥ ਇਹ ਹੈ ਕਿ ਸਾਰੇ ਮਿਹਨਤਕਸ਼ ਅਤੇ ਲੁਟੀਂਦੇ ਲੋਕ, ਜਿਹਨਾਂ ਨੂੰ ਸਰਮਾਏਦਾਰ ਜਮਾਤ ਨੇ ਅਲੱਗ ਅਲੱਗ ਕੀਤੇ ਰੱਖਿਆ, ਧੋਖਾ ਦਿੱਤਾ, ਬੇਇੱਜ਼ਤ ਕੀਤਾ, ਦਬਾਇਆ, ਮੰਦੇ ਹਾਲ ਰੱਖਿਆ ਅਤੇ ਕੁਚਲੀ ਰੱਖਿਆ ਹੈ, ਉਸ ਜਮਾਤ ਦੀ ਮੁਕੰਮਲ ਅਗਵਾਈ ਹੇਠ ਆ ਜਾਂਦੇ ਹਨ, ਜਿਸ ਜਮਾਤ ਨੂੰ ਕਿ ਉਸ ਲੀਡਰਸ਼ਿਪ ਲਈ ਸਰਮਾਏਦਾਰੀ ਦੇ ਸਮੁੱਚੇ ਇਤਿਹਾਸ ਨੇ ਟ੍ਰੇਂਡ ਕੀਤਾ ਹੁੰਦਾ ਹੈ। ਇਹੀ ਕਾਰਨ ਹੈ ਕਿ ਹੇਠ ਲਿਖਿਆ ਇੱਕ ਢੰਗ ਹੈ ਜਿਸ ਤੋਂ ਪ੍ਰੋਲੇਤਾਰੀ ਦੀ ਡਿਕਟੇਟਰੀ ਲਈ ਤਿਆਰੀ ਹਰ ਥਾਂ ਅਤੇ ਫੌਰੀ ਤੌਰ ’ਤੇ ਸ਼ੁਰੂ ਹੋਣੀ ਚਾਹੀਦੀ ਹੈ:

ਬਿਨਾਂ ਕਿਸੇ ਛੋਟ ਦੇ ਸਭ ਜਥੇਬੰਦੀਆਂ, ਯੂਨੀਅਨਾਂ ਅਤੇ ਐਸੋਸੀਏਸ਼ਨਾਂ ਅਤੇ ਸਭ ਤੋਂ ਪਹਿਲਾਂ ਅਤੇ ਸਭ ਤੋਂ ਵੱਧ ਪ੍ਰੋਲੇਤਾਰੀ ਜਥੇਬੰਦੀਆਂ ਵਿੱਚ ਹੀ ਨਹੀਂ, ਸਗੋਂ ਗੈਰ ਪ੍ਰੋਲੇਤਾਰੀ ਮਿਹਨਤਕਸ਼ ਅਤੇ ਲੁਟੀਂਦੇ ਲੋਕਾਂ (ਰਾਜਸੀ, ਟਰੇਡ ਯੂਨੀਅਨਾਂ, ਫੌਜ, ਸਹਿਕਾਰੀ ਸਭਾਵਾਂ, ਵਿਦਿਅਕ, ਖੇਡਾਂ ਵਗੈਰਾ) ਦੀਆਂ ਜਥੇਬੰਦੀਆਂ, ਵਿੱਚ ਕਮਿਊਨਿਸਟਾਂ ਦੇ ਗਰੁੱਪ ਜਾਂ ਸੈੱਲ, ਚੰਗਾ ਹੋਵੇ ਖੁੱਲ੍ਹੇ ਗਰੁੱਪ, ਪਰ ਇਸ ਦੇ ਨਾਲ਼ ਨਾਲ਼ ਗੁਪਤ ਵੀ, ਕਾਇਮ ਕੀਤੇ

ਜਾਣ, ਮਗਰਲੀ ਕਿਸਮ ਦੇ ਗਰੁੱਪ ਜਾਂ ਸੈੱਲ ਉੱਥੇ ਲਾਜ਼ਮੀ ਤੌਰ ’ਤੇ ਹੋਣ, ਜਿੱਥੇ ਉਹਨਾਂ ਦੇ ਮੈਂਬਰਾਂ ਦੀ ਬੁਰਜੂਆਜ਼ੀ ਵੱਲੋਂ ਦਮਨ ਜਾਂ ਗ੍ਰਿਫਤਾਰੀ ਜਾਂ ਪਾਬੰਦੀ ਦਾ ਡਰ ਹੋਵੇ, ਇਹ ਸੈੱਲ ਜਿਹੜੇ ਕਿ ਆਪਸ ਵਿੱਚ ਪਾਰਟੀ ਕੇਂਦਰ ਨਾਲ਼ ਨੇੜਤਾ ਨਾਲ਼ ਸਬੰਧਤ ਹੋਣ, ਨੂੰ ਆਪਣਾ ਤਜ਼ਰਬਾ ਸਾਂਝਾ ਕਰਨਾ, ਐਜੀਟੇਸ਼ਨ, ਪ੍ਰਚਾਰ ਅਤੇ ਜਥੇਬੰਦੀ ਦਾ ਕੰਮ ਕਰਨਾ, ਲੋਕ ਜੀਵਨ ਦੇ ਹਰ ਖੇਤਰ, ਮਿਹਨਤਕਸ਼ ਲੋਕਾਂ ਦੀ ਹਰ ਕਿਸਮ ਅਤੇ ਕੈਟੇਗਰੀ ਦੇ ਮੁਤਾਬਕ ਆਪਣੇ ਆਪ ਨੂੰ ਢਾਲਣਾ, ਆਪਣੇ ਆਪ ਨੂੰ, ਪਾਰਟੀ ਨੂੰ, ਜਮਾਤ ਨੂੰ ਅਤੇ ਲੋਕਾਂ ਨੂੰ ਅਜਿਹੇ ਵੱਖ ਵੱਖ ਕਿਸਮ ਦੇ ਕੰਮ ਰਾਹੀਂ ਸਿੱਖਿਅਤ ਕਰਨਾ ਚਾਹੀਦਾ ਹੈ।

ਇਸ ਸਬੰਧ ਵਿੱਚ ਇਹ ਬੇਹੱਦ ਮਹੱਤਵਪੂਰਨ ਹੈ ਕਿ ਕੰਮ ਦੇ ਢੰਗਾਂ ਵਿਚਾਲੇ ਅਮਲੀ ਤੌਰ ’ਤੇ ਜ਼ਰੂਰੀ ਵਖਰੇਵਾਂ ਰੱਖਿਆ ਜਾਵੇ: ਇੱਕ ਪਾਸੇ “ਆਗੂਆਂ” ਜਾਂ “ਜ਼ਿੰਮੇਵਾਰ ਪ੍ਰਤੀਨਿਧਾਂ” ਦੇ ਸਬੰਧ ਵਿੱਚ, ਜਿਹੜੇ ਬਹੁਤੀ ਵਾਰੀ ਨਿੱਕ-ਬੁਰਜੂਆ ਅਤੇ ਸਾਮਰਾਜੀ ਭਾਵਨਾਵਾਂ ਰੱਖਦੇ ਹਨ – ਅਜਿਹੇ “ਆਗੂਆਂ” ਨੂੰ ਨਿਧੜਕ ਹੋ ਕੇ ਬੇਨਕਾਬ ਕਰਨਾ ਚਾਹੀਦਾ ਹੈ ਅਤੇ ਮਜ਼ਦੂਰ ਜਮਾਤ ਦੀ ਲਹਿਰ ’ਚੋਂ ਬਾਹਰ ਕੱਢ ਦਿੱਤਾ ਜਾਣਾ ਚਾਹੀਦਾ ਹੈ – ਅਤੇ, ਦੂਜੇ ਪਾਸੇ, ਉਸ ਜਨਤਾ ਦੇ ਸਬੰਧ ਵਿੱਚ, ਜਿਹੜੀ ਵਿਸ਼ੇਸ਼ ਕਰਕੇ ਸਾਮਰਾਜੀ ਤਬਾਹੀ ਦੇ ਮਗਰੋਂ, ਬਹੁਤਾ ਕਰਕੇ ਇਸ ਸਿਧਾਂਤ ਨੂੰ ਸੁਣਨ ਅਤੇ ਪ੍ਰਵਾਨ ਕਰਨ ਦੀ ਰੁਚੀ ਰੱਖਦੇ ਹਨ ਕਿ ਸਰਮਾਏਦਾਰੀ ਗੁਲਾਮੀ ਤੋਂ ਬਚਣ ਦੇ ਇੱਕੋ ਇੱਕ ਰਾਹ ਵਜੋਂ ਪ੍ਰੋਲੇਤਾਰੀਆਂ ਦੀ ਅਗਵਾਈ ਜ਼ਰੂਰੀ ਹੈ। ਸਾਨੂੰ ਜਨਤਾ ਤੱਕ ਵਿਸ਼ੇਸ਼ ਧੀਰਜ ਅਤੇ ਚੌਕਸੀ ਨਾਲ਼ ਪਹੁੰਚ ਕਰਨਾ ਸਿੱਖਣਾ ਚਾਹੀਦਾ ਹੈ, ਤਾਂ ਜੋ ਇਨ੍ਹਾਂ ਲੋਕਾਂ ਦੇ ਹਰ ਹਿੱਸੇ, ਹਰ ਵਰਗ ਵਗੈਰਾ ਦੇ ਮਨਾਂ ਦੀਆਂ ਵਿਸ਼ੇਸ਼ ਗੱਲਾਂ ਨੂੰ ਪੂਰੀ ਤਰ੍ਹਾਂ ਸਮਝਿਆ ਜਾ ਸਕੇ।

10. ਵਿਸ਼ੇਸ਼ ਤੌਰ ’ਤੇ, ਕਮਿਊਨਿਸਟਾਂ ਦਾ ਅਜਿਹਾ ਗਰੁੱਪ ਜਾਂ ਸੈੱਲ ਵੀ ਹੁੰਦਾ ਹੈ, ਜਿਸ ਵੱਲ ਪਾਰਟੀ ਵੱਲੋਂ ਵਿਸ਼ੇਸ਼ ਧਿਆਨ ਅਤੇ ਚੌਕਸੀ ਰੱਖਣੀ ਲੋੜੀਂਦੀ ਹੁੰਦੀ ਹੈ, ਅਰਥਾਤ, ਪਾਰਟੀ ਮੈਂਬਰਾਂ, ਜਿਹੜੇ ਕਿ ਬੁਰਜੂਆ ਪ੍ਰਤੀਨਿਧ ਸੰਸਥਾਵਾਂ (ਮੁਢਲੇ ਤੌਰ ’ਤੇ ਕੌਮੀ, ਪਰ ਸਥਾਨਕ ਮਿਉਂਸਪਲ ਆਦਿ ਪ੍ਰਤੀਨਿਧ ਸੰਸਥਾਵਾਂ ਵੀ) ਦੇ ਮੈਂਬਰ ਹਨ, ਦਾ ਪਾਰਲੀਮੈਂਟਰੀ ਗਰੁੱਪ। ਇੱਕ ਪਾਸੇ, ਇਹੀ ਇੱਕ ਪਲੇਟਫਾਰਮ ਹੈ, ਜਿਸ ਪ੍ਰਤੀ ਮਿਹਨਤਕਸ਼ ਜਨਤਾ ਦੇ ਵੱਡੇ ਹਿੱਸੇ ਕਾਫ਼ੀ ਸਤਿਕਾਰ ਰੱਖਦੇ ਹਨ, ਉਹ ਹਿੱਸੇ ਜਿਹੜੇ ਪੱਛੜੇ ਹੋਏ ਹਨ ਜਾਂ ਪੈਟੀ-ਬੁਰਜੂਆ ਵਿਚਾਰ ਰੱਖਦੇ ਹਨ; ਇਸ ਲਈ ਇਹ ਗੱਲ ਲਾਜ਼ਮੀ ਹੈ ਕਿ ਇਸ ਪਲੇਟਫਾਰਮ ਦੀ ਵਰਤੋਂ ਪ੍ਰਾਪੇਗੰਡਾ, ਐਜੀਟੇਸ਼ਨ ਅਤੇ ਜਥੇਬੰਦਕ ਕੰਮ ਕਰਨ ਅਤੇ ਲੋਕਾਂ ਨੂੰ ਇਸ ਗੱਲ ਦੀ ਵਿਆਖਿਆ ਕਰਨ ਲਈ ਹੋਵੇ ਕਿ ਰੂਸ ਵਿੱਚ ਸੋਵੀਅਤਾਂ ਦੀ ਕੌਮੀ ਕਾਂਗਰਸ ਵੱਲੋਂ ਬੁਰਜੂਆ ਪਾਰਲੀਮੈਂਟ ਦਾ ਖਾਤਮਾ ਕਿਉਂ ਹੱਕੀ ਸੀ (ਅਤੇ, ਵਾਜਬ ਸਮੇਂ, ਰੂਸ ਵਿੱਚ ਕਿਉਂ ਹੱਕੀ ਹੋਵੇਗਾ)। ਦੂਜੇ ਪਾਸੇ, ਬੁਰਜੂਆ ਜਮਹੂਰੀਅਤ, ਵਿਸ਼ੇਸ਼ ਕਰਕੇ ਤਰੱਕੀ ਯਾਫਤਾ ਦੇਸ਼ਾਂ ਵਿੱਚ, ਦੇ ਇਤਿਹਾਸ ਨੇ ਪਾਰਲੀਮੈਂਟਰੀ ਪਲੇਟਫਾਰਮ ਨੂੰ ਬੇਜੋੜ ਕਿਸਮ ਦੀਆਂ ਹੇਰਾਫੇਰੀਆਂ, ਲੋਕਾਂ ਨੂੰ ਵਿੱਤੀ ਅਤੇ ਕਿੱਤਈ ਤੌਰ ’ਤੇ ਧੋਖਾ ਦੇਣ, ਮੌਕਾਪ੍ਰਸਤੀ, ਦੰਭ ਅਤੇ ਮਿਹਨਤਕਸ਼ ਲੋਕਾਂ ਦੇ ਦਮਨ ਲਈ, ਜੇਕਰ ਮੁੱਖ ਨਹੀਂ ਤਾਂ ਮੁੱਖ ਅਦਾਰਿਆਂ ਵਿੱਚੋਂ ਇੱਕ ਅਦਾਰੇ ਵਿੱਚ ਤਬਦੀਲ ਕਰ ਦਿੱਤਾ ਹੈ।

ਇਨਕਲਾਬੀ ਪ੍ਰੋਲੇਤਾਰੀਆਂ ਦੇ ਉੱਤਮ ਪ੍ਰਤੀਨਿਧਾਂ ਵੱਲੋਂ ਪਾਰਲੀਮੈਂਟਾਂ ਪ੍ਰਤੀ ਦਿਖਾਈ ਜਾਂਦੀ ਤੇਜ਼ ਘ੍ਰਿਣਾ, ਨਿਆਈਂ ਹੀ ਹੈ। ਤੀਜੀ ਇੰਟਰਨੈਸ਼ਨਲ ਨਾਲ਼ ਸਬੰਧਤ ਕਮਿਊਨਿਸਟ ਪਾਰਟੀਆਂ ਅਤੇ ਸਭ ਪਾਰਟੀਆਂ – ਵਿਸ਼ੇਸ਼ ਤੌਰ 'ਤੇ ਉਹ ਜਿਹੜੀਆਂ ਪੁਰਾਣੀਆਂ ਪਾਰਟੀਆਂ ਵਿੱਚ ਦੁਫੇੜ ਪਾ ਕੇ ਅਤੇ ਉਹਨਾਂ ਵਿਰੁੱਧ ਲੰਬਾ ਅਤੇ ਲਗਾਤਾਰ ਘੋਲ਼ ਕਰਕੇ ਪੈਦਾ ਨਹੀਂ ਹੋਈਆਂ ਹਨ, ਸਗੋਂ ਪੁਰਾਣੀਆਂ ਪਾਰਟੀਆਂ ਵੱਲੋਂ (ਆਮ ਤੌਰ 'ਤੇ ਨਾਮਾਤਰ) ਨਵਾਂ ਸਟੈਂਡ ਅਖਤਿਆਰ ਕਰਨ ਕਾਰਨ ਪੈਦਾ ਹੋਈਆਂ ਹਨ, ਨੂੰ ਆਪਣੇ ਪਾਰਲੀਮੈਂਟਰੀ ਗਰੁੱਪਾਂ ਪ੍ਰਤੀ ਬਹੁਤ ਸਖਤ ਵਤੀਰਾ ਅਖਤਿਆਰ ਕਰਨਾ ਚਾਹੀਦਾ ਹੈ, ਮਗਰਲਿਆਂ ਨੂੰ ਪਾਰਟੀਆਂ ਦੀਆਂ ਕੇਂਦਰੀ ਕਮੇਟੀਆਂ ਦੇ ਮੁਕੰਮਲ ਕੰਟਰੋਲ ਅਤੇ ਨਿਰਦੇਸ਼ ਹੇਠ ਲਿਆਉਣਾ ਚਾਹੀਦਾ ਹੈ, ਉਸ ਵਿੱਚ, ਮੁੱਖ ਤੌਰ 'ਤੇ, ਇਨਕਲਾਬੀ ਕਾਮੇ ਹੋਣੇ ਚਾਹੀਦੇ ਹਨ, ਪਾਰਲੀਮੈਂਟ ਮੈਂਬਰਾਂ ਵੱਲੋਂ ਤਕਰੀਰਾਂ ਬਾਰੇ, ਪਾਰਟੀ ਪ੍ਰੈੱਸ ਅਤੇ ਪਾਰਟੀ ਮੀਟਿੰਗਾਂ ਵਿੱਚ, ਨਿਰੋਲ ਕਮਿਊਨਿਸਟ ਨਜ਼ਰੀਏ ਤੋਂ, ਜਾਇਜ਼ਾ ਲਿਆ ਜਾਣਾ ਚਾਹੀਦਾ ਹੈ, ਡਿਪਟੀਆਂ ਨੂੰ ਲੋਕਾਂ ਵਿੱਚ ਜਥੇਬੰਦਕ ਕੰਮ ਕਰਨ ਲਈ ਭੇਜਣਾ ਚਾਹੀਦਾ ਹੈ, ਜਿਹੜੇ ਦੂਜੀ ਇੰਟਰਨੈਸ਼ਨਲ ਦੀਆਂ ਸਿੱਖਿਆਵਾਂ 'ਤੇ ਚੱਲਦੇ ਹਨ, ਉਹਨਾਂ ਨੂੰ ਪਾਰਲੀਮੈਂਟਰੀ ਗਰੁੱਪਾਂ ਵਗੈਰਾ ਵਿੱਚੋਂ ਕੱਢ ਦਿੱਤਾ ਜਾਵੇ।

11. ਵਿਕਸਤ ਸਰਮਾਏਦਾਰ ਦੇਸ਼ਾਂ ਵਿੱਚ ਮਜ਼ਦੂਰ ਜਮਾਤ ਦੀ ਇਨਕਲਾਬੀ ਲਹਿਰ ਦੇ ਰਾਹ ਵਿੱਚ ਰੁਕਾਵਟਾਂ ਪਾਉਣ ਵਾਲਾ ਇੱਕ ਮੁੱਖ ਕਾਰਨ ਇਹ ਤੱਥ ਹੈ ਕਿ, ਉਹਨਾਂ ਵੱਲੋਂ ਵਿੱਤੀ ਪੂੰਜੀ ਦੀ ਮਦਦ ਨਾਲ਼ ਪ੍ਰਾਪਤ ਕੀਤੇ ਵੱਡੇ ਮੁਨਾਫਿਆਂ ਅਤੇ ਬਸਤੀਵਾਦੀ ਕਬਜ਼ਿਆਂ ਵਗੈਰਾ ਕਰਕੇ, ਇਨ੍ਹਾਂ ਦੇਸ਼ਾਂ ਦੇ ਸਰਮਾਏਦਾਰ ਮੁਕਾਬਲਤਨ ਵੱਡੀ ਅਤੇ ਵਧੇਰੇ ਸਥਿਰ ਕਿਰਤ ਰਾਠਸ਼ਾਹੀ ਕਾਇਮ ਕਰਨ ਵਿੱਚ ਸਫਲ ਹੋ ਗਏ ਹਨ ਅਤੇ ਇਹ ਰਾਠਸ਼ਾਹੀ ਮਜ਼ਦੂਰ ਜਮਾਤ ਦੀ ਬਹੁਤ ਥੋੜ੍ਹੀ ਗਿਣਤੀ 'ਤੇ ਅਧਾਰਤ ਹੈ। ਇਸ ਘੱਟਗਿਣਤੀ ਲਈ ਰੁਜ਼ਗਾਰ ਦੀਆਂ ਬਿਹਤਰ ਹਾਲਤਾਂ ਮੁਹੱਈਆ ਹਨ ਅਤੇ ਇਹ ਸੌੜੀ ਕਿੱਤਾ ਭਾਵਨਾ ਅਤੇ ਪੈਟੀ-ਬੁਰਜੂਆ ਤੇ ਸਾਮਰਾਜੀ ਭਾਵਨਾਵਾਂ ਰੱਖਦੀ ਹੈ। ਇਹ ਦੂਜੀ ਇੰਟਰਨੈਸ਼ਨਲ, ਸੋਧਵਾਦੀਆਂ ਅਤੇ "ਕੇਂਦਰਵਾਦੀਆਂ" ਦਾ ਹਕੀਕੀ ਸੋਸ਼ਲ ਥੰਮ ਹੈ, ਇਸ ਸਮੇਂ ਇਸ ਨੂੰ ਬੁਰਜੂਆਜ਼ੀ ਦੀ ਮੁੱਖ ਸੋਸ਼ਲ ਟੇਕ ਵੀ ਕਿਹਾ ਜਾ ਸਕਦਾ ਹੈ। ਮੁਢਲੇ ਤੌਰ 'ਤੇ ਵੀ ਬੁਰਜੂਆਜ਼ੀ ਨੂੰ ਉਲਟਾਉਣ ਲਈ ਪ੍ਰੋਲੇਤਾਰੀ ਦੀ ਤਿਆਰੀ ਓਨਾ ਚਿਰ ਤੱਕ ਸੰਭਵ ਨਹੀਂ, ਜਿੰਨਾ ਚਿਰ ਇਸ ਰੁਚੀ ਵਿਰੁੱਧ, ਜਿਹੜੀ ਕਿ, ਜਿਵੇਂ ਕਿ ਤਜ਼ਰਬੇ ਨੇ ਦਰਸਾਇਆ ਹੈ, ਪ੍ਰੋਲੇਤਾਰੀ ਦੀ ਜਿੱਤ ਮਗਰੋਂ ਬੁਰਜੂਆਜ਼ੀ ਚਿੱਟ-ਗਾਰਡਾਂ ਨੂੰ ਬਹੁਤ ਸਾਰੇ ਰੰਗਰੂਟ ਮੁਹੱਈਆ ਕਰੇਗੀ, ਫੌਰੀ, ਸਿਲਸਿਲੇਵਾਰ ਵਿਆਪਕ ਅਤੇ ਖੁੱਲ੍ਹਾ ਘੋਲ਼ ਨਹੀਂ ਚਲਾਇਆ ਜਾਂਦਾ। ਤੀਜੀ ਇੰਟਰਨੈਸ਼ਨਲ ਨਾਲ਼ ਸਬੰਧਤ ਸਭ ਪਾਰਟੀਆਂ ਨੂੰ ਹਰ ਕੀਮਤ ਉੱਤੇ ਇਨ੍ਹਾਂ ਨਾਅਰਿਆਂ ਉੱਤੇ ਅਮਲ ਕਰਨਾ ਚਾਹੀਦਾ ਹੈ: "ਲੋਕਾਂ ਅੰਦਰ ਹੋਰ ਡੂੰਘੇ", "ਲੋਕਾਂ ਨਾਲ਼ ਹੋਰ ਨੇੜਲੇ ਸਬੰਧ" – ਜਿਨ੍ਹਾਂ ਦਾ ਅਰਥ ਉਹ ਲੋਕ ਹਨ ਜਿਹੜੇ ਮਿਹਨਤ ਕਰਦੇ ਹਨ ਅਤੇ ਜਿਹੜੇ ਸਰਮਾਏ ਵੱਲੋਂ ਲੁੱਟੇ ਜਾਂਦੇ ਹਨ, ਵਿਸ਼ੇਸ਼ ਕਰਕੇ ਉਹ ਜਿਹੜੇ ਬਹੁਤ ਘੱਟ ਜਥੇਬੰਦ ਅਤੇ ਪੜ੍ਹੇ ਲਿਖੇ ਹਨ, ਜਿਹੜੇ ਵੱਧ ਦਬਾਏ ਹੋਏ ਹਨ ਅਤੇ ਜਿਹੜੇ ਜਥੇਬੰਦੀ ਵੱਲ ਬਹੁਤ ਘੱਟ ਪਰੇਰੇ ਜਾਂਦੇ ਹਨ।

ਪ੍ਰੋਲੇਤਾਰੀ ਤਾਂ ਹੀ ਇਨਕਲਾਬੀ ਬਣ ਸਕਦਾ ਹੈ, ਜੇਕਰ ਇਹ ਆਪਣੇ ਆਪ ਨੂੰ ਕਿੱਤਾ-ਹਿੱਤਾਂ ਦੇ ਸੌੜੇ ਢਾਂਚੇ ਵਿੱਚ ਸੀਮਤ ਨਾ ਕਰੇ, ਸਿਰਫ਼ ਉਦੋਂ ਜਦੋਂ ਸਾਰੇ ਮਾਮਲਿਆਂ ਵਿੱਚ ਅਤੇ ਲੋਕ-ਜੀਵਨ ਦੇ ਸਾਰੇ ਖੇਤਰਾਂ ਵਿੱਚ ਇਹ ਸਾਰੀ ਮਿਹਨਤਕਸ਼ ਅਤੇ ਲੁਟੀਂਦੀ ਜਨਤਾ ਦੇ ਆਗੂ ਵਜੋਂ ਕੰਮ ਕਰਦਾ ਹੈ; ਜੇਕਰ ਇਹ ਬੁਰਜੂਆਜ਼ੀ ਉੱਤੇ ਜਿੱਤ ਲਈ ਮਹਾਨ ਕੁਰਬਾਨੀਆਂ ਕਰਨ ਲਈ ਤਿਆਰ ਜਾਂ ਇਸ ਦੇ ਸਮਰੱਥ ਨਹੀਂ ਤਾਂ ਇਹ ਆਪਣੀ ਡਿਕਟੇਟਰਸ਼ਿਪ ਕਾਇਮ ਨਹੀਂ ਕਰ ਸਕਦਾ। ਇਸ ਸਬੰਧ ਵਿੱਚ ਰੂਸ ਦਾ ਤਜ਼ਰਬਾ, ਅਸੂਲੀ ਤੌਰ 'ਤੇ ਅਤੇ ਅਮਲੀ ਤੌਰ 'ਤੇ ਵੀ, ਬਹੁਤ ਅਹਿਮ ਹੈ। ਉੱਥੇ ਪ੍ਰੋਲੇਤਾਰੀਆਂ ਨੇ ਡਿਕਟੇਟਰਸ਼ਿਪ ਕਾਇਮ ਨਾ ਕੀਤੀ ਹੁੰਦੀ ਜਾਂ ਮਿਹਨਤਕਸ਼ ਜਨਤਾ ਵੱਲੋਂ ਵਿਆਪਕ ਸਤਿਕਾਰ ਅਤੇ ਵਿਸ਼ਵਾਸ ਪ੍ਰਾਪਤ ਨਾ ਕੀਤਾ ਹੁੰਦਾ, ਜੇਕਰ ਇਸ ਨੇ ਬਹੁਤ ਕੁਰਬਾਨੀਆਂ ਨਾ ਕੀਤੀਆਂ ਹੁੰਦੀਆਂ ਜਾਂ ਜਬਰ, ਜੰਗ ਅਤੇ ਸੰਸਾਰ ਬੁਰਜੂਆਜ਼ੀ ਵੱਲੋਂ ਕੀਤੀ ਨਾਕਾਬੰਦੀ ਸਮੇਂ ਇਸ ਨੇ ਜਨਤਾ ਦੇ ਸਭ ਵਰਗਾਂ ਤੋਂ ਵੱਧ ਭੁੱਖਾ ਨਾ ਸਹੀਆਂ ਹੁੰਦੀਆਂ।

ਵਿਸ਼ੇਸ਼ ਤੌਰ 'ਤੇ, ਕਮਿਊਨਿਸਟ ਪਾਰਟੀ ਅਤੇ ਸਭ ਵਿਕਸਤ ਪ੍ਰੋਲੇਤਾਰੀਆਂ ਨੂੰ, ਖਾਸ ਕਰਕੇ ਆਪਮੁਹਾਰੀ ਅਤੇ ਜਨਤਕ ਹੜਤਾਲ ਲਹਿਰ ਨੂੰ ਸਰਬਪੱਖੀ ਅਤੇ ਵਿਸ਼ਾਲ ਮਦਦ ਦੇਣੀ ਚਾਹੀਦੀ ਹੈ, ਹੜਤਾਲ, ਜਿਹੜੀ ਕਿ ਸਰਮਾਏ ਦੇ ਜੂਲੇ ਹੇਠਾਂ, ਇੱਕੋ ਇੱਕ ਚੀਜ਼ ਹੈ ਜਿਹੜੀ ਲੋਕਾਂ ਨੂੰ ਹਕੀਕੀ ਤੌਰ 'ਤੇ ਉਭਾਰਨ, ਸਿੱਖਿਆ ਦੇਣ ਅਤੇ ਜਥੇਬੰਦ ਕਰਨ, ਉਹਨਾਂ ਵਿੱਚ ਇਨਕਲਾਬੀ ਪ੍ਰੋਲੇਤਾਰੀਆਂ ਦੀ ਲੀਡਰਸ਼ਿਪ ਵਿੱਚ ਮੁਕੰਮਲ ਵਿਸ਼ਵਾਸ ਪੈਦਾ ਕਰਨ, ਜੇ ਸਮਰੱਥ ਹੈ। ਅਜਿਹੀ ਤਿਆਰੀ ਦੇ ਬਿਨਾਂ, ਪ੍ਰੋਲੇਤਾਰੀ ਦੀ ਕੋਈ ਡਿਕਟੇਟਰੀ ਸੰਭਵ ਨਹੀਂ ਹੈ; ਜਰਮਨੀ ਵਿੱਚ ਕਾਓਤਸਕੀ ਅਤੇ ਇਟਲੀ ਵਿੱਚ ਤੁਰਾਤੀ, ਜਿਹੜੇ ਖੁੱਲ੍ਹੇਆਮ ਹੜਤਾਲਾਂ ਦਾ ਵਿਰੋਧ ਕਰ ਸਕਦੇ ਹਨ, ਤੀਜੀ ਇੰਟਰਨੈਸ਼ਨਲ ਨਾਲ਼ ਸਬੰਧਤ ਪਾਰਟੀਆਂ ਦੀਆਂ ਸਫ਼ਾਂ ਵੱਲੋਂ ਬਰਦਾਸ਼ਤ ਨਹੀਂ ਕੀਤੇ ਜਾ ਸਕਦੇ। ਨਿਸ਼ਚੇ ਹੀ ਇਹ ਗੱਲ ਉਹਨਾਂ ਟਰੇਡ ਯੂਨੀਅਨਾਂ ਅਤੇ ਪਾਰਲੀਮੈਂਟਰੀ ਆਗੂਆਂ ਉੱਤੇ ਵਧੇਰੇ ਲਾਗੂ ਹੁੰਦੀ ਹੈ, ਜਿਹੜੇ ਹੜਤਾਲਾਂ ਦੇ ਤਜ਼ਰਬੇ ਦੀ ਵਰਤੋਂ ਉਹਨਾਂ ਨੂੰ ਇਨਕਲਾਬੀ ਨਹੀਂ ਸਗੋਂ ਸੁਧਾਰਵਾਦ ਦੀ ਸਿੱਖਿਆ ਦੇ ਕੇ, ਆਮ ਤੌਰ 'ਤੇ ਵਰਕਰਾਂ ਨਾਲ਼ ਗੱਦਾਰੀ ਕਰਦੇ ਹਨ (ਮਿਸਾਲ ਵਜੋਂ ਹਾਲ ਦੇ ਸਾਲਾਂ ਦੌਰਾਨ ਬਰਤਾਨੀਆ ਵਿੱਚ ਅਤੇ ਫ਼ਰਾਂਸ ਵਿੱਚ)।

12. ਸਾਰੇ ਦੇਸ਼ਾਂ ਵਿੱਚ, ਉਹਨਾਂ ਵਿੱਚ ਵੀ ਜਿਹੜੇ ਸਭ ਤੋਂ ਵੱਧ ਅਜ਼ਾਦ, ਬਹੁਤ "ਕਾਨੂੰਨੀ" ਅਤੇ ਇਸ ਪੱਖ ਤੋਂ ਕਿ ਉੱਥੇ ਜਮਾਤੀ ਘੋਲ਼ ਬਹੁਤ ਘੱਟ ਹੈ, "ਪੁਰਅਮਨ" ਹਨ, ਪਰ ਕਮਿਊਨਿਸਟ ਪਾਰਟੀ ਲਈ ਇਹ ਲਾਜ਼ਮੀ ਹੈ ਕਿ ਉਹ ਸਿਲਸਿਲੇਵਾਰ ਢੰਗ ਨਾਲ਼ ਕਾਨੂੰਨੀ ਅਤੇ ਗੈਰ-ਕਾਨੂੰਨੀ ਕੰਮ, ਕਾਨੂੰਨੀ ਅਤੇ ਗੈਰ-ਕਾਨੂੰਨੀ ਜਥੇਬੰਦੀਆਂ ਨੂੰ ਇੱਕ ਕਰੇ। ਝੂਠੇ ਅਤੇ ਦੰਭੀ ਐਲਾਨਾਂ ਦੇ ਬਾਵਜੂਦ, ਬੇਹੱਦ ਸੂਝਵਾਨ ਅਤੇ ਸਭ ਤੋਂ ਵੱਧ ਅਜ਼ਾਦ ਦੇਸ਼ਾਂ ਦੀਆਂ ਸਰਕਾਰਾਂ ਵੀ, ਜਿੱਥੇ ਕਿ ਬੁਰਜੂਆ-ਜਮਹੂਰੀ ਪ੍ਰਬੰਧ ਬਹੁਤ "ਸਥਿਰ" ਹੈ, ਸਿਲਸਿਲੇਵਾਰ ਅਤੇ ਗੁਪਤ ਢੰਗ ਨਾਲ਼ ਕਮਿਊਨਿਸਟਾਂ ਦੀਆਂ ਬਲੈਕ ਲਿਸਟਾਂ ਤਿਆਰ ਕਰ ਰਹੀਆਂ ਹਨ ਅਤੇ ਚਿੱਟ-ਗਾਰਡਾਂ ਨੂੰ ਗੁਪਤ ਜਾਂ ਨੀਮ-ਗੁਪਤ ਉਤਸ਼ਾਹ ਦੇਣ ਲਈ

ਅਤੇ ਸਭ ਦੇਸ਼ਾਂ ਵਿੱਚ ਕਮਿਊਨਿਸਟਾਂ ਦੇ ਕਤਲ ਲਈ ਲਗਾਤਾਰ ਆਪਣੇ ਹੀ ਸੰਵਿਧਾਨਾਂ ਦੀ ਉਲੰਘਣਾ ਕਰ ਰਹੀਆਂ ਹਨ, ਕਮਿਊਨਿਸਟਾਂ ਦੀਆਂ ਗ੍ਰਿਫਤਾਰੀਆਂ ਕਰਨ, ਕਮਿਊਨਿਸਟਾਂ ਵਿੱਚ **ਭੜਕਾਹਟ ਪੈਦਾ ਕਰਨ ਵਾਲੇ ਏਜੰਟ** ਘੁਸੇੜਣ ਵਗੈਰਾ ਵਗੈਰਾ ਦੀਆਂ ਗੁਪਤ ਤਿਆਰੀਆਂ ਕਰ ਰਹੀਆਂ ਹਨ। ਸਿਰਫ਼ ਬੇਹੱਦ ਪਿਛਾਖੜੀ ਗਰੁੜ-ਗਿਆਨੀ, ਚਾਹੇ ਉਸ ਨੇ ਵਧੀਆਂ "ਜਮਹੂਰੀਅਤ ਪਸੰਦ" ਹੋਣ ਦਾ ਬਾਣਾ ਪਾਇਆ ਹੋਵੇ ਅਤੇ ਅਮਨ ਦੀਆਂ ਗੱਲਾਂ ਕਰਦਾ ਹੋਵੇ, ਹੀ ਇਸ ਤੱਥ ਤੋਂ ਅਤੇ ਇਸ ਤੋਂ ਨਿਕਲਦੀ ਲੋੜ ਦੇ ਸਿੱਟੇ ਤੋਂ ਇਨਕਾਰ ਕਰੇਗਾ, ਅਰਥਾਤ ਇਹ ਕਿ ਸਾਰੀਆਂ ਕਾਨੂੰਨੀ ਕਮਿਊਨਿਸਟ ਪਾਰਟੀਆਂ ਨੂੰ ਗੈਰ-ਕਾਨੂੰਨੀ ਕੰਮ ਨੂੰ ਸਿਲਸਿਲੇਵਾਰ ਕਰਨ ਲਈ ਅਤੇ ਜਿਉਂ ਹੀ ਬੁਰਜੂਆਜ਼ੀ ਗ੍ਰਿਫ਼ਤਾਰੀਆਂ 'ਤੇ ਉਤਰੇ, ਉਦੋਂ ਹੀ ਲਹਿਰ ਦੀ ਮੁਕੰਮਲ ਤਿਆਰੀ ਲਈ, ਫੌਰੀ ਤੌਰ 'ਤੇ ਗੈਰ-ਕਾਨੂੰਨੀ ਜਥੇਬੰਦੀਆਂ ਕਾਇਮ ਕਰਨੀਆਂ ਚਾਹੀਦਆਂ ਹਨ। ਫੌਜ, ਨੇਵੀ ਅਤੇ ਪੁਲੀਸ ਵਿੱਚ ਗੈਰ-ਕਾਨੂੰਨੀ ਕੰਮ ਬਹੁਤ ਜ਼ਰੂਰੀ ਹੈ ਕਿਉਂਕਿ, ਸਾਮਰਾਜੀ ਤਬਾਹੀ ਤੋਂ ਬਾਅਦ, ਸੰਸਾਰ ਭਰ ਦੀਆਂ ਸਰਕਾਰਾਂ ਲੋਕ-ਫੌਜਾਂ ਤੋਂ ਡਰਨ ਲੱਗ ਪਈਆਂ ਹਨ ਜਿਹੜੀਆਂ ਫੌਜਾਂ ਕਿ ਮਜ਼ਦੂਰਾਂ ਅਤੇ ਕਿਸਾਨਾਂ ਲਈ ਖੁੱਲ੍ਹੀਆਂ ਹਨ ਅਤੇ ਜਿਹੜੀਆਂ ਵਿਸ਼ੇਸ਼ ਤੌਰ 'ਤੇ ਬੁਰਜੂਆਜ਼ੀ ਲਈ ਭਰਤੀ ਕੀਤੀਆਂ ਅਤੇ ਬਿਲਕੁਲ ਆਧੁਨਿਕ ਹਥਿਆਰਾਂ ਨਾਲ਼ ਲੈਸ ਫੌਜੀ ਇਕਾਈਆਂ ਜਥੇਬੰਦ ਕਰਨ ਲਈ ਗੁਪਤ ਤੌਰ 'ਤੇ ਹਰ ਕਿਸਮ ਦੇ ਯਤਨ ਕਰ ਰਹੀਆਂ ਹਨ।

ਦੂਜੇ ਪਾਸੇ, ਇਹ ਗੱਲ ਵੀ ਓਨੀ ਹੀ ਜ਼ਰੂਰੀ ਹੈ ਕਿ ਬਿਨਾਂ ਕਿਸੇ ਛੋਟ ਦੇ ਸਭ ਮਾਮਲਿਆਂ ਵਿੱਚ, ਪਾਰਟੀਆਂ ਨੂੰ ਸਿਰਫ ਗੈਰ -ਕਾਨੂੰਨੀ ਕੰਮ ਤਕ ਹੀ ਸੀਮਤ ਨਹੀਂ ਹੋ ਜਾਣਾ ਚਾਹੀਦਾ, ਸਗੋਂ ਇਸ ਨੂੰ ਸਾਰੀਆਂ ਮੁਸ਼ਕਲਾਂ ਹੱਲ ਕਰਦੇ ਹੋਏ, ਕਾਨੂੰਨੀ ਪ੍ਰਕਾਸ਼ਨਾਂ ਛਾਪਦੇ ਹੋਏ ਅਤੇ ਵੱਖ ਵੱਖ ਨਾਵਾਂ ਹੇਠ, ਜਿਹੜੇ ਕਿ ਲੋੜ ਪੈਣ 'ਤੇ ਵਾਰ ਵਾਰ ਬਦਲ ਲਏ ਜਾਣ, ਕਾਨੂੰਨੀ ਜਥੇਬੰਦੀਆਂ ਕਾਇਮ ਕਰਦੇ ਹੋਏ, ਕਾਨੂੰਨੀ ਕੰਮ ਵੀ ਕਰਨਾ ਚਾਹੀਦਾ ਹੈ। ਇਸ ਗੱਲ ਉੱਤੇ ਫਿਨਲੈਂਡ, ਹੰਗਰੀ, ਪੋਲੈਂਡ, ਲਾਤਵੀਆ ਵਗੈਰਾ ਵਿੱਚ ਤੇ ਅੱਧ-ਪਚੱਧੇ ਤੌਰ 'ਤੇ ਜਰਮਨੀ ਵਿੱਚ ਗੈਰ-ਕਾਨੂੰਨੀ ਕਮਿਊਨਿਸਟ ਪਾਰਟੀਆਂ ਵੱਲੋਂ ਅਮਲ ਕੀਤਾ ਜਾ ਰਿਹਾ ਹੈ। ਇਸ ਉੱਤੇ ਅਮਰੀਕਾ ਵਿੱਚ ਸੰਸਾਰ ਦੇ ਸਨਅਤੀ ਮਜ਼ਦੂਰਾਂ ਵੱਲੋਂ ਅਤੇ ਹਾਲ ਦੀ ਘੜੀ ਕਾਨੂੰਨੀ, ਸਭ ਕਮਿਊਨਿਸਟ ਪਾਰਟੀਆਂ ਵੱਲੋਂ ਅਮਲ ਕੀਤਾ ਜਾਣਾ ਚਾਹੀਦਾ ਹੈ, ਜੇਕਰ ਸਰਕਾਰੀ ਵਕੀਲ ਉਹਨਾਂ ਵਿਰੁੱਧ ਤੀਜ਼ੀ ਇੰਟਰਨੈਸ਼ਨਲ ਦੀਆਂ ਕਾਂਗਰਸ ਵੱਲੋਂ ਪ੍ਰਵਾਨ ਕੀਤੇ ਮਤਿਆਂ ਵਗੈਰਾ ਦੇ ਅਧਾਰ 'ਤੇ ਕਾਰਵਾਈ ਕਰਨ ਦੀ ਕੋਸ਼ਿਸ਼ ਕਰਨ।

ਗੈਰ-ਕਾਨੂੰਨੀ ਅਤੇ ਕਾਨੂੰਨੀ ਕੰਮ ਨੂੰ ਇਕੱਠਿਆਂ ਕਰਨ ਦਾ ਕੰਮ ਇੱਕ ਲਾਜ਼ਮੀ ਸਿਧਾਂਤ ਹੈ ਜਿਸ ਦੀ ਲੋੜ ਉੱਤੇ ਨਾ ਸਿਰਫ਼ ਮੌਜੂਦਾ ਕਾਲ, ਪ੍ਰੋਲੇਤਾਰੀ ਡਿਕਟੇਟਰੀ ਦੇ ਸ਼ੁਰੂ ਹੋਣ ਦੇ ਕਾਲ਼ ਦੀਆਂ ਵਿਸ਼ੇਸ਼ ਗੱਲਾਂ ਵਜੋਂ ਹੀ ਦਿੱਤਾ ਜਾਂਦਾ ਹੈ, ਸਗੋਂ ਬੁਰਜੂਆਜ਼ੀ ਨੂੰ ਇਹ ਸਾਬਤ ਕਰਕੇ ਦਿਖਾਉਣ ਵਜੋਂ ਹੀ ਦਿੱਤਾ ਜਾਂਦਾ ਹੈ ਕਿ ਨਾ ਕੋਈ ਅਜਿਹਾ ਸਰਗਰਮੀ ਦਾ ਖੇਤਰ ਹੈ ਅਤੇ ਨਾ ਹੀ ਹੋ ਸਕਦਾ ਹੈ ਜਿਸ ਉੱਤੇ ਕਮਿਊਨਿਸਟ ਜਿੱਤ ਪ੍ਰਾਪਤ ਨਾ ਕਰ ਸਕਦੇ ਹੋਣ; ਇਸ ਤੋਂ ਵੀ ਵੱਧ, ਇਸ ਗੱਲ 'ਤੇ ਜ਼ੋਰ ਇਸ ਤੱਥ ਵਜੋਂ ਵੀ ਦਿੱਤਾ ਜਾਂਦਾ ਹੈ ਕਿ ਹਾਲੇ

ਵੀ ਹਰ ਥਾਂ ਪ੍ਰੋਲੇਤਾਰੀਆਂ ਦੇ ਚੁਰੇੜੇ ਹਿੱਸੇ ਅਤੇ ਗੈਰ-ਪ੍ਰੋਲੇਤਾਰੀਆਂ ਮਿਹਨਤਕਸ਼ ਅਤੇ ਲੁਟੀਂਦੇ ਲੋਕਾਂ ਦੇ ਵਧੇਰੇ ਚੁਰੇੜੇ ਹਿੱਸੇ ਮੌਜੂਦ ਹਨ, ਜਿਹੜੇ ਬੁਰਜੂਆ ਜਮਹੂਰੀ ਕਾਨੂੰਨੀਅਤ ਵਿੱਚ ਯਕੀਨ ਕਰਦੇ ਚੱਲੇ ਆ ਰਹੇ ਹਨ ਅਤੇ ਸਾਨੂੰ ਚਾਹੀਦਾ ਹੈ ਕਿ ਅਸੀਂ ਬਿਨਾਂ ਕਿਸੇ ਦੇਰੀ ਤੇ ਢਿੱਲ ਦੇ ਉਹਨਾਂ ਦੀ ਗਲਤੀ ਦੂਰ ਕਰੀਏ।

13. ਵਿਸ਼ੇਸ਼ ਤੌਰ ’ਤੇ, ਬੇਹੱਦ ਵਿਕਸਤ ਸਰਮਾਏਦਾਰ ਦੇਸ਼ਾਂ ਵਿੱਚ ਮਜ਼ਦੂਰ ਜਮਾਤ ਦੀ ਪ੍ਰੈੱਸ ਦੀਆਂ ਹਾਲਤਾਂ ਸਪੱਸ਼ਟ ਤੌਰ ’ਤੇ ਬੁਰਜੂਆ ਜਮਹੂਰੀਅਤ ਹੇਠ ਅਜ਼ਾਦੀ ਅਤੇ ਬਰਾਬਰੀ ਦੇ ਨਾਮ ਹੇਠਲੇ ਧੋਖੇ ਨੂੰ ਜ਼ਾਹਰ ਕਰਦੀਆਂ ਹਨ ਅਤੇ ਨਾਲ਼ ਹੀ ਨਾਲ਼ ਕਾਨੂੰਨੀ ਕੰਮ ਨੂੰ ਗੈਰ-ਕਾਨੂੰਨੀ ਕੰਮ ਨਾਲ਼ ਸਿਲਸਿਲੇਵਾਰ ਢੰਗ ਨਾਲ਼ ਜੋੜਨ ਦੀ ਲੋੜ ਨੂੰ ਵੀ ਉਭਾਰਦੀਆਂ ਹਨ। ਹਾਰ ਚੁੱਕੇ ਜਰਮਨੀ ਅਤੇ ਜੇਤੂ ਅਮਰੀਕਾ, ਦੋਹਾਂ ਵਿੱਚ ਬੁਰਜੂਆਜ਼ੀ ਦੀ ਰਾਜ ਮਸ਼ੀਨਰੀ ਦੀ ਸਮੁੱਚੀ ਤਾਕਤ ਅਤੇ ਧਨ ਕੁਬੇਰਾਂ ਦੀਆਂ ਸਾਰੀਆਂ ਚਾਲਾਂ ਦੀ ਵਰਤੋਂ ਮਜ਼ਦੂਰਾਂ ਤੋਂ ਉਹਨਾਂ ਦੀ ਪ੍ਰੈੱਸ ਖੋਹਣ, ਜਿਨ੍ਹਾਂ ਵਿੱਚ ਕਾਨੂੰਨ ਕਾਰਵਾਈ ਵੀ ਸ਼ਾਮਲ ਹੈ, ਸੰਪਾਦਕਾਂ ਦੀਆਂ ਗ੍ਰਿਫਤਾਰੀਆਂ ਕਰਨ (ਜਾਂ ਕਿਰਾਏ ਦੇ ਗੁੰਡਿਆਂ ਰਾਹੀਂ ਕਤਲ), ਡਾਕ ਸਹੂਲਤਾਂ ਤੋਂ ਇਨਕਾਰ ਕਰਨ, ਕਾਗਜ਼ ਦੀ ਸਪਲਾਈ ਘੱਟ ਕਰਨ ਅਤੇ ਇਸੇ ਤਰ੍ਹਾਂ ਦੀਆਂ ਹੋਰ ਕਾਰਵਾਈਆਂ ਕਰਨ ਲਈ ਕੀਤੀ ਜਾਂਦੀ ਹੈ। ਇਸ ਤੋਂ ਬਿਨਾਂ ਰੋਜ਼ਾਨਾ ਅਖ਼ਬਾਰਾਂ ਲਈ ਲਾਜ਼ਮੀ ਖ਼ਬਰ ਸੇਵਾਵਾਂ ਬੁਰਜੂਆ ਤਾਰ ਅਜੰਸੀਆਂ ਵੱਲੋਂ ਚਲਾਈਆਂ ਜਾਂਦੀਆਂ ਹਨ, ਜਦ ਕਿ ਇਸ਼ਤਿਹਾਰ, ਜਿਨ੍ਹਾਂ ਬਿਨਾਂ ਕੋਈ ਵੱਡਾ ਅਖ਼ਬਾਰ ਨਹੀਂ ਨਿਕਲ ਸਕਦਾ, ਵੀ ਸਰਮਾਏਦਾਰਾਂ ਦੀ "ਸਦਭਾਵਨਾ" ’ਤੇ ਨਿਰਭਰ ਹੁੰਦੇ ਹਨ। ਨਿਚੋੜ ਵਜੋਂ: ਨਾਕਾਬੰਦੀ ਅਤੇ ਸਰਮਾਏ ਅਤੇ ਬੁਰਜੂਆ ਰਾਜ ਤੇ ਦਾਬੇ ਰਾਹੀਂ, ਬੁਰਜੂਆਜ਼ੀ ਇਨਕਲਾਬੀ ਪ੍ਰੋਲੇਤਾਰੀਆਂ ਨੂੰ ਇਸ ਦੀ ਪ੍ਰੈੱਸ ਤੋਂ ਵਾਂਝਿਆਂ ਕਰ ਰਹੀ ਹੈ।

ਇਸ ਦਾ ਟਾਕਰਾ ਕਰਨ ਲਈ, ਕਮਿਊਨਿਸਟ ਪਾਰਟੀਆਂ ਨੂੰ ਮਜ਼ਦੂਰਾਂ ਵਿੱਚੋਂ ਵੱਡੇ ਪੱਧਰ ’ਤੇ ਵੰਡ ਲਈ ਨਵੀਂ ਕਿਸਮ ਦਾ ਪੀਰੀਆਡੀਕਲ ਪ੍ਰੈੱਸ ਕਾਇਮ ਕਰਨਾ ਚਾਹੀਦਾ ਹੈ: ਪਹਿਲੇ, ਕਾਨੂੰਨੀ ਪ੍ਰਕਾਸ਼ਨਾਂ, ਜਿਨ੍ਹਾਂ ਨੂੰ ਪਾਰਟੀ ਨਾਲ਼ ਆਪਣੇ ਸਬੰਧਾਂ ਦਾ ਪ੍ਰਚਾਰ ਕੀਤੇ ਬਿਨਾਂ ਅਤੇ ਆਪਣੇ ਆਪ ਨੂੰ ਕਮਿਊਨਿਸਟ ਕਹੇ ਬਿਨਾਂ, ਹਰ ਕਾਨੂੰਨੀ ਮੌਕੇ ਦੀ, ਚਾਹੇ ਉਹ ਕਿੰਨਾ ਵੀ ਛੋਟਾ ਕਿਉਂ ਨਾ ਹੋਵੇ, ਵਰਤੋਂ ਕਰਨਾ ਸਿੱਖਣਾ ਚਾਹੀਦਾ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਬਾਲਸ਼ਵਿਕਾਂ ਨੇ 1905 ਤੋਂ ਬਾਅਦ, ਜ਼ਾਰ ਦੇ ਹੇਠਾਂ ਕੀਤਾ; ਦੂਜੇ, ਗੈਰ-ਕਾਨੂੰਨੀ ਪਰਚੇ, ਬਹੁਤ ਸੰਖੇਪ ਵੀ ਅਤੇ ਜਿਹੜੇ ਬਿਨਾਂ ਕਿਸੇ ਤਰਤੀਬੀ ਸਮੇਂ ਮੁਤਾਬਕ ਛਾਪੇ ਗਏ ਹੋਣ, ਪਰ ਜਿਹੜੇ ਵਰਕਰਾਂ ਵੱਲੋਂ ਬਹੁਤ ਸਾਰੀਆਂ ਛਾਪ-ਦੁਕਾਨਾਂ ਤੋਂ ਦੁਬਾਰਾ ਛਾਪੇ ਜਾਣ (ਗੁਪਤ ਤੌਰ ’ਤੇ, ਜਾਂ ਜੇਕਰ ਲਹਿਰ ਏਨੀ ਮਜ਼ਬੂਤ ਹੋ ਗਈ ਹੈ, ਛਾਪ-ਦੁਕਾਨਾਂ ਉੱਤੇ ਇਨਕਲਾਬੀ ਕਬਜ਼ੇ ਰਾਹੀਂ) ਅਤੇ ਜਿਹੜੇ ਪ੍ਰੋਲੇਤਾਰੀਆਂ ਨੂੰ ਬਹੁਤ ਦਲੇਰ ਇਨਕਲਾਬੀ ਜਾਣਕਾਰੀ ਅਤੇ ਇਨਕਲਾਬੀ ਨਾਅਰੇ ਮੁਹੱਈਆ ਕਰਨ।

ਕਮਿਊਨਿਸਟ ਪ੍ਰੈੱਸ ਦੀ ਅਜ਼ਾਦੀ ਲਈ ਇਨਕਲਾਬੀ ਘੋਲ਼ ਤੋਂ ਬਿਨਾਂ, ਪ੍ਰੋਲੇਤਾਰੀ ਦੀ ਡਿਕਟੇਟਰੀ ਦੀ ਤਿਆਰੀ ਅਸੰਭਵ ਹੈ, ਘੋਲ਼, ਜਿਸ ਵਿੱਚ ਜਨਤਾ ਨੂੰ ਸ਼ਾਮਲ ਕੀਤਾ

ਜਾਣਾ ਚਾਹੀਦਾ ਹੈ।

## III

## ਕਮਿਊਨਿਸਟ ਇੰਟਰਨੈਸ਼ਨਲ ਨਾਲ਼ ਸਬੰਧਤ ਜਾਂ ਸਬੰਧਤ ਹੋਣ ਦੀਆਂ ਚਾਹਵਾਨ ਪਾਰਟੀਆਂ ਦੀ ਰਾਜਸੀ ਲਾਈਨ, ਅੱਧ-ਪਚੱਧੇ ਤੌਰ 'ਤੇ ਉਹਨਾਂ ਦੀ ਬਣਤਰ ਦੀ ਵੀ ਪੁਸ਼ਟੀ ਕਰਨਾ

14. ਉਹ ਪੈਮਾਨਾ, ਜਿਸ ਵਿੱਚ ਸੰਸਾਰ ਆਰਥਕਤਾ ਅਤੇ ਰਾਜਨੀਤੀ ਦੇ ਨਜ਼ਰੀਏ ਤੋਂ ਬੇਹੱਦ ਮਹੱਤਵਪੂਰਨ ਦੇਸ਼ਾਂ ਦਾ ਪ੍ਰੋਲੇਤਾਰੀਆਂ ਆਪਣੀ ਡਿਕਟੇਟਰੀ ਕਾਇਮ ਕਰਨ ਲਈ ਤਿਆਰ ਕੀਤਾ ਜਾਂਦਾ ਹੈ, ਬਹੁਤ ਵਧੇਰੇ ਬਾਹਰਮੁਖਤਾ ਅਤੇ ਸੰਖੇਪਤਾ ਨਾਲ਼ ਇਸ ਤੱਥ ਤੋਂ ਦੇਖਿਆ ਜਾ ਸਕਦਾ ਹੈ ਕਿ ਦੂਜੀ ਇੰਟਰਨੈਸ਼ਨਲ ਦੀਆਂ ਬਹੁਤ ਅਸਰ ਰਸੂਖ਼ ਵਾਲ਼ੀਆਂ ਪਾਰਟੀਆਂ, ਅਰਥਾਤ, ਫ਼ਰਾਂਸੀਸੀ ਕਮਿਊਨਿਸਟ ਪਾਰਟੀ, ਜਰਮਨੀ ਦੀ ਅਜ਼ਾਦ ਸੋਸ਼ਲ-ਡੈਮੋਕਰੈਟਿਕ ਪਾਰਟੀ, ਬਰਤਾਨੀਆ ਦੀ ਅਜ਼ਾਦ ਸੋਸ਼ਲ-ਡੈਮੋਕਰੈਟਿਕ ਪਾਰਟੀ ਅਤੇ ਅਮਰੀਕਾ ਦੀ ਸੋਸ਼ਲਿਸਟ ਪਾਰਟੀ, ਇਸ ਗਲਤ ਇੰਟਰਨੈਸ਼ਨਲ ਵਿੱਚੋਂ ਬਾਹਰ ਆ ਗਈਆਂ ਹਨ ਅਤੇ ਪਹਿਲੀਆਂ ਤਿੰਨਾਂ ਨੇ ਸ਼ਰਤਾਂ ਨਾਲ਼, ਮਗਰਲੀਆਂ ਨੇ ਬਿਨਾਂ ਕਿਸੇ ਸ਼ਰਤ ਦੇ ਹੀ - ਤੀਜੀ ਇੰਟਰਨੈਸ਼ਨਲ ਨਾਲ਼ ਜੁੜਣ ਦਾ ਫੈਸਲਾ ਕੀਤਾ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਨਾ ਸਿਰਫ਼ ਇਨਕਲਾਬੀ ਪ੍ਰੋਲੇਤਾਰੀਆਂ ਦਾ ਮੁਹਰੈਲ ਹੀ ਸਗੋਂ ਇਸ ਦੀ ਬਹੁਸੰਮਤੀ ਵੀ, ਘਟਨਾਵਾਂ ਦੇ ਸਮੁੱਚੇ ਵਿਕਾਸ ਤੋਂ ਪ੍ਰੇਰਤ ਹੋ ਕੇ, ਸਾਡੇ ਪਾਸੇ ਵੱਲ ਆ ਰਹੀ ਹੈ। ਹੁਣ ਮੁੱਖ ਗੱਲ ਇਹ ਹੈ ਕਿ ਇਸ ਅਮਲ ਨੂੰ ਮੁਕੰਮਲ ਕਰਨ ਦੀ ਸਮਰੱਥਾ ਹੋਵੇ ਅਤੇ ਜਥੇਬੰਦੀ ਦੇ ਨੁਕਤੇ ਤੋਂ ਦ੍ਰਿੜਤਾ ਨਾਲ਼ ਮਜ਼ਬੂਤੀ ਹਾਸਲ ਕੀਤੀ ਜਾਵੇ ਤਾਂ ਜੋ ਬਿਨਾਂ ਰਤਾ ਵੀ ਥਿੜਕਣ ਦੇ ਇਸ ਲਾਈਨ ਉੱਤੇ ਅੱਗੇ ਵਧਿਆ ਜਾਵੇ।

15. ਉੱਪਰ ਵਰਣਿਤ ਸਭ ਪਾਰਟੀਆਂ (ਜਿੰਨ੍ਹਾਂ ਵਿੱਚ ਸਵਿਟਜ਼ਰਲੈਂਡ ਦੀ ਸੋਸ਼ਲਿਸਟ ਪਾਰਟੀ ਵੀ ਸ਼ਾਮਲ ਕਰ ਲੈਣੀ ਚਾਹੀਦਾ ਹੈ, ਜੇਕਰ ਇਸ ਵੱਲੋਂ ਤੀਜੀ ਇੰਟਰਨੈਸ਼ਨਲ ਵਿੱਚ ਸ਼ਾਮਲ ਹੋਣ ਬਾਰੇ ਕੀਤੇ ਗਏ ਫੈਸਲੇ ਬਾਰੇ ਤਾਰ-ਰਿਪੋਰਟਾਂ ਸਹੀ ਹਨ ਤਾਂ) ਦੀਆਂ ਸਰਗਰਮੀਆਂ ਦਰਸਾਉਂਦੀਆਂ ਹਨ - ਜਿਵੇਂ ਕਿ ਇਨ੍ਹਾਂ ਪਾਰਟੀਆਂ ਦੇ ਰਸਾਲੇ ਬੇਹੱਦ ਸਪੱਸ਼ਟਤਾ ਨਾਲ਼ ਪੁਸ਼ਟੀ ਕਰਨਗੇ ਕਿ ਉਹ ਹਾਲੇ ਕਮਿਊਨਿਸਟ ਨਹੀਂ ਹਨ ਅਤੇ ਕਈ ਵਾਰ ਤੀਜੀ ਇੰਟਰਨੈਸ਼ਨਲ ਦੇ ਮੁਢਲੇ ਅਸੂਲਾਂ, ਅਰਥਾਤ ਪ੍ਰੋਲੇਤਾਰੀਆਂ ਦੀ ਡਿਕਟੇਟਰੀ ਅਤੇ ਬੁਰਜੂਆ ਜਮਹੂਰੀਅਤ ਦੀ ਥਾਂ ਸੋਵੀਅਤ ਸਰਕਾਰ ਨੂੰ ਮਾਨਤਾ, ਦੇ ਬਿਲਕੁਲ ਉਲਟ ਚਲੇ ਜਾਂਦੇ ਹਨ।

ਇਸ ਮੁਤਾਬਕ, ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਨੂੰ ਇਹ ਨਿਰਣਾ ਕਰਨਾ ਚਾਹੀਦਾ ਹੈ ਕਿ ਇਹ ਫੌਰੀ ਤੌਰ 'ਤੇ ਇਹਨਾਂ ਪਾਰਟੀਆਂ ਨੂੰ ਨਾਲ਼ ਜੋੜਣ ਦੀ ਪੁਸ਼ਟੀ

ਨਹੀਂ ਕਰ ਸਕਦੀ; ਕਿ ਇਹ ਤੀਜੀ ਇੰਟਰਨੈਸ਼ਨਲ ਦੀ ਐਗਜ਼ੈਕਟਿਵ ਕਮੇਟੀ ਵੱਲੋਂ ਜਰਮਨ ਦੇ "ਅਜ਼ਾਦਾਂ" ਨੂੰ ਦਿੱਤੇ ਉੱਤਰ ਦੀ ਪੁਸ਼ਟੀ ਕਰਦੀ ਹੈ; ਕਿ ਇਹ ਹਰ ਉਸ ਪਾਰਟੀ ਨਾਲ਼ ਗੱਲਬਾਤ ਕਰਨ ਲਈ ਤਿਆਰ ਹੈ ਜਿਹੜੀ ਦੂਜੀ ਇੰਟਰਨੈਸ਼ਨਲ ਵਿੱਚੋਂ ਨਿਕਲਦੀ ਹੈ ਅਤੇ ਜਿਹੜੀ ਤੀਜੀ ਇੰਟਰਨੈਸ਼ਨਲ ਨਾਲ਼ ਨੇੜਲੇ ਸਬੰਧ ਕਾਇਮ ਕਰਨਾ ਚਾਹੁੰਦੀ ਹੈ; ਕਿ ਇਹ ਆਪਣੀਆਂ ਸਾਰੀਆਂ ਕਾਂਗਰਸਾਂ ਅਤੇ ਕਾਨਫਰੰਸਾਂ ਵਿੱਚ ਅਜਿਹੀਆਂ ਪਾਰਟੀਆਂ ਦੇ ਡੈਲੀਗੇਟਾਂ ਨੂੰ ਵਿਚਾਰ ਵਟਾਂਦਰਾ ਕਰਨ ਲਈ ਸ਼ਾਮਲ ਕਰ ਲਵੇਗੀ; ਕਿ ਇਹ ਇਨ੍ਹਾਂ (ਅਤੇ ਇਸੇ ਵਰਗੀਆਂ) ਪਾਰਟੀਆਂ ਨੂੰ ਤੀਜੀ ਇੰਟਰਨੈਸ਼ਨਲ ਨਾਲ਼ ਮੁਕੰਮਲ ਤੌਰ 'ਤੇ ਜੋੜਣ ਲਈ ਹੇਠ ਲਿਖੀਆਂ ਸ਼ਰਤਾਂ ਲਾਉਂਦੀ ਹੈ:

(1). ਕਮਿਊਨਿਸਟ ਇੰਟਰਨੈਸ਼ਨਲ ਦੀਆਂ ਸਾਰੀਆਂ ਕਾਂਗਰਸਾਂ ਅਤੇ ਇਸ ਦੀ ਐਗਜ਼ੈਕਟਿਵ ਕਮੇਟੀ ਦੇ ਸਾਰੇ ਫ਼ੈਸਲੇ ਸਬੰਧਤ ਪਾਰਟੀਆਂ ਦੇ ਅਖ਼ਬਾਰਾਂ ਵਿੱਚ ਛਾਪੇ ਜਾਣ;
(2). ਇਨ੍ਹਾਂ ਫੈਸਲਿਆਂ ਉੱਤੇ ਪਾਰਟੀਆਂ ਦੇ ਸਾਰੇ ਹਿੱਸਿਆਂ ਜਾਂ ਸਥਾਨਕ ਜਥੇਬੰਦੀਆਂ ਦੀਆਂ ਵਿਸ਼ੇਸ਼ ਮੀਟਿੰਗਾਂ ਵਿੱਚ ਵਿਚਾਰ ਕੀਤੇ ਜਾਣ;
(3). ਅਜਿਹੀ ਵਿਚਾਰ ਮਗਰੋਂ, ਪਾਰਟੀਆਂ ਦੀਆਂ ਵਿਸ਼ੇਸ਼ ਕਾਂਗਰਸਾਂ ਸੱਦੀਆਂ ਜਾਣ ਤਾਂ ਜੋ ਸਿੱਟਿਆਂ ਨੂੰ ਨਿਚੋੜ ਰੂਪ 'ਚ ਪੇਸ਼ ਕੀਤਾ ਜਾਵੇ ਅਤੇ ਇਹ ਮੰਤਵ ਪੂਰਾ ਕੀਤਾ ਜਾਵੇ;
(4). ਪਾਰਟੀਆਂ ਵਿੱਚੋਂ ਉਹ ਅਨਸਰ ਕੱਢੇ ਜਾਣ ਜਿਹੜੇ ਦੂਜੀ ਇੰਟਰਨੈਸ਼ਨਲ ਦੀ ਭਾਵਨਾ ਮੁਤਾਬਕ ਕਾਰਵਾਈ ਕਰਨੀ ਜਾਰੀ ਰੱਖ ਰਹੇ ਹਨ;
(5). ਸਾਰੇ ਰਸਾਲਿਆਂ ਦੀ ਪ੍ਰਕਾਸ਼ਨਾਂ ਨੂੰ ਨਿਰੋਲ ਕਮਿਊਨਿਸਟ ਸੰਪਾਦਨਾ ਹੇਠ ਲਿਆਂਦਾ ਜਾਵੇ।

ਤੀਜੀ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਨੂੰ ਇਸ ਦੀ ਐਗਜ਼ੈਕਟਿਵ ਕਮੇਟੀ ਨੂੰ ਹਦਾਇਤ ਕਰਨੀ ਚਾਹੀਦੀ ਹੈ ਕਿ ਉਹ, ਇਹ ਪੱਕਾ ਕਰਨ ਤੋਂ ਬਾਅਦ ਕਿ ਇਹ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ ਗਈਆਂ ਹਨ ਅਤੇ ਕਿ ਪਾਰਟੀਆਂ ਦੀਆਂ ਸਰਗਰਮੀਆਂ ਨੇ ਕਮਿਊਨਿਸਟ ਖਾਸਾ ਅਖਤਿਆਰ ਕਰ ਲਿਆ ਹੈ ਅਤੇ ਇਹੋ ਜਿਹੀਆਂ ਪਾਰਟੀਆਂ ਨੂੰ ਰਸਮੀ ਤੌਰ 'ਤੇ ਤੀਜੀ ਇੰਟਰਨੈਸ਼ਨਲ ਵਿੱਚ ਪ੍ਰਵਾਨ ਕਰ ਲੈਣਾ ਚਾਹੀਦਾ ਹੈ।

16. ਜਿੱਥੋਂ ਤੱਕ ਇਨ੍ਹਾਂ ਅਤੇ ਅਜਿਹੀਆਂ ਪਾਰਟੀਆਂ ਵਿੱਚ ਜ਼ਿੰਮੇਵਾਰ ਅਹੁਦਿਆਂ ਦੀ ਘੱਟ-ਗਿਣਤੀ 'ਤੇ ਕਾਬਜ਼ ਕਮਿਊਨਿਸਟਾਂ ਦੇ ਕਿਰਦਾਰ ਦਾ ਸਵਾਲ ਹੈ, ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਨੂੰ ਫੈਸਲਾ ਕਰਨਾ ਚਾਹੀਦਾ ਹੈ ਕਿ, ਇਨ੍ਹਾਂ ਪਾਰਟੀਆਂ ਨਾਲ਼ ਸਬੰਧਤ ਕਾਡਰਾਂ ਵਿੱਚ ਕਮਿਊਨਿਜ਼ਮ ਲਈ ਨਿਸ਼ਠਾਪੂਰਨ ਹਮਦਰਦੀ ਪੈਦਾ ਹੋਣ ਦੇ ਨੁਕਤੇ ਤੋਂ, ਕਮਿਊਨਿਸਟਾਂ ਲਈ ਇਨ੍ਹਾਂ ਪਾਰਟੀਆਂ ਤੋਂ ਬਾਹਰ ਨਿਕਲਣਾ ਓਨਾ ਚਿਰ ਠੀਕ ਨਹੀਂ ਜਿੰਨਾ ਚਿਰ ਉਹ ਉਹਨਾਂ ਦੇ ਅੰਦਰ ਰਹਿ ਕੇ ਪ੍ਰੋਲੇਤਾਰੀ ਡਿਕਟੇਟਰੀ ਅਤੇ ਸੋਵੀਅਤ ਸਰਕਾਰ ਦੀ ਮਨਾਤਾ ਲਈ ਕੰਮ ਕਰ ਸਕਦੇ ਹਨ ਅਤੇ ਜਿੰਨਾ ਚਿਰ ਉਨ੍ਹਾਂ ਮੌਕਾਪ੍ਰਸਤਾਂ ਅਤੇ ਕੇਂਦਰਵਾਦੀਆਂ ਦੀ ਨੁਕਤਾਚੀਨੀ ਕਰਨਾ ਸੰਭਵ ਹੈ, ਜਿਹੜੇ ਹਾਲੇ ਵੀ ਇਨ੍ਹਾਂ ਪਾਰਟੀਆਂ ਵਿੱਚ ਰਹਿ ਗਏ ਹਨ।

ਉਸ ਸਮੇਂ ਤੀਜੀ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਨੂੰ ਕਮਿਊਨਿਸਟ ਗਰੁੱਪਾਂ ਅਤੇ ਜਥੇਬੰਦੀਆਂ ਜਾਂ ਕਮਿਊਨਿਜ਼ਮ ਨਾਲ਼ ਹਮਦਰਦੀ ਰੱਖਣ ਵਾਲ਼ੀਆਂ ਜਥੇਬੰਦੀਆਂ ਦੇ ਬਰਤਾਨੀਆ ਦੀ ਲੇਬਰ ਪਾਰਟੀ ਵਿੱਚ, ਚਾਹੇ ਉਹ ਦੂਜੀ ਇੰਟਰਨੈਸ਼ਨਲ ਦੀ ਮੈਂਬਰ ਹੈ, ਸ਼ਾਮਲ ਹੋਣ ਦੇ ਹੱਕ ਵਿੱਚ ਐਲਾਨ ਕਰਨਾ ਚਾਹੀਦਾ ਹੈ। ਜਿੰਨੀ ਦੇਰ ਤੱਕ ਇਹ ਪਾਰਟੀ ਆਪਣੀਆਂ ਮੌਜੂਦਾ ਸਬੰਧਤ ਜਥੇਬੰਦੀਆਂ ਨੂੰ ਹੁਣ ਵਾਲ਼ੀ ਨੁਕਤਾਚੀਨੀ ਕਰਨ ਅਤੇ ਪ੍ਰੋਲੇਤਾਰੀ ਦੀ ਡਿਕਟੇਟਰੀ ਅਤੇ ਸੋਵੀਅਤ ਸਰਕਾਰ ਦੇ ਹੱਕ ਵਿੱਚ ਪ੍ਰਚਾਰ, ਐਜ਼ੀਟੇਸ਼ਨ ਅਤੇ ਜਥੇਬੰਦਕ ਕੰਮ ਕਰਨ ਦੀ ਅਜ਼ਾਦੀ ਦਿੰਦੀ ਹੈ ਅਤੇ ਜਿੰਨਾ ਚਿਰ ਇਹ ਪਾਰਟੀ ਮਜ਼ਦੂਰ ਜਮਾਤ ਦੀਆਂ ਸਾਰੀਆਂ ਟਰੇਡ ਯੂਨੀਅਨ ਜਥੇਬੰਦੀਆਂ ਦੀ ਫੈਡਰੇਸ਼ਨ ਵਾਲ਼ਾ ਖਾਸਾ ਕਾਇਮ ਰੱਖਦੀ ਹੈ, ਕਮਿਊਨਿਸਟਾਂ ਲਈ ਲਾਜ਼ਮੀ ਹੈ ਕਿ ਉਹ ਓਨਾ ਚਿਰ ਹਰ ਗੱਲ ਕਰਨ ਅਤੇ ਮਜ਼ਦੂਰਾਂ ਦੇ ਚੁਰੇੜੇ ਹਿੱਸੇ ਉੱਤੇ ਆਪਣਾ ਰਸੂਖ ਪੈਦਾ ਕਰਨ ਲਈ, ਮੌਕਾਪ੍ਰਸਤ ਆਗੂਆਂ ਨੂੰ ਇੱਕ ਉੱਚੇ ਪਲੇਟਫਾਰਮ ਤੋਂ, ਅਰਥਾਤ ਲੋਕਾਂ ਦੀ ਪੂਰੀ ਦ੍ਰਿਸ਼ਟੀ ਵਿੱਚ, ਬੇਨਕਾਬ ਕਰਨ ਲਈ ਅਤੇ ਰਾਜਸੀ ਸੱਤ੍ਹਾ ਨੂੰ ਬੁਰਜੂਆਜ਼ੀ ਦੀ ਪ੍ਰਤੀਨਿਧਤਾ ਤੋਂ "ਸਰਮਾਏਦਾਰੀ ਜਮਾਤ ਦੇ ਕਿਰਤ ਲੈਫਟੀਨੈਂਟਾਂ" ਤੱਕ ਤਬਦੀਲੀ ਨੂੰ ਤੇਜ਼ ਕਰਨ, ਤਾਂ ਜੋ ਲੋਕਾਂ ਨੂੰ ਇਸ ਮਾਮਲੇ ਬਾਰੇ ਪਿਛਲੇ ਭੁਚਲਾਵਿਆਂ ਤੋਂ ਦੂਰ ਰੱਖਿਆ ਜਾ ਸਕੇ, ਦੇ ਸਮਰੱਥ ਹੋਣ ਲਈ ਕੁਝ ਸਮਝੌਤੇ ਵੀ ਕਰਨ।

17. ਇਟਲੀ ਦੀ ਸੋਸ਼ਲਿਸਟ ਪਾਰਟੀ ਦੇ ਸਬੰਧ ਵਿੱਚ, ਤੀਜੀ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਵਿਚਾਰ ਕਰਦੀ ਹੈ ਕਿ ਉਸ ਪਾਰਟੀ ਦੀ ਪੜਚੋਲ ਅਤੇ ਇਟਲੀ ਦੀ ਸੋਸ਼ਲਿਸਟ ਪਾਰਟੀ ਦੀ ਕੌਮੀ ਕੌਂਸਲ ਨੂੰ, ਪਾਰਟੀ ਦੇ ਤੂਰਿਨ ਧੜੇ[1] ਦੇ ਨਾਂ 'ਤੇ ਪੇਸ਼ ਕੀਤੇ ਗਏ ਅਮਲੀ ਪ੍ਰਸਤਾਵ, ਜਿਵੇਂ ਕਿ ਉਹ 8 ਮਈ, 1920 ਦੇ **ਲਾ ਔਰਡੀਨ ਨੂਵੋ** ਵਿੱਚ ਦਿੱਤੇ ਗਏ ਹਨ, ਬਿਲਕੁਲ ਸਹੀ ਹਨ ਅਤੇ ਉਹ ਤੀਜੀ ਇੰਟਰਨੈਸ਼ਨਲ ਦੇ ਮੁਢਲੇ ਅਸੂਲਾਂ ਦੇ ਬਿਲਕੁਲ ਮੁਤਾਬਕ ਹਨ।

ਇਸੇ ਮੁਤਾਬਕ, ਤੀਜੀ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਇਟਲੀ ਦੀ ਸੋਸ਼ਲਿਸਟ ਪਾਰਟੀ ਨੂੰ ਅਪੀਲ ਕਰਦੀ ਹੈ ਕਿ ਇਨ੍ਹਾਂ ਪ੍ਰਸਤਾਵਾਂ ਅਤੇ ਕਮਿਊਨਿਸਟ ਇੰਟਰਨੈਸ਼ਨਲ

---

1. **ਤੂਰਿਨ ਧੜੇ** ਵੱਲੋਂ ਇਟਲੀ ਦੀ ਸੋਸ਼ਲਿਸਟ ਪਾਰਟੀ ਦੀ ਲੀਡਰਸ਼ਿਪ ਵਿਰੁੱਧ ਲਾਏ ਗਏ ਦੋਸ਼ ਇਹ ਸਨ ਕਿ, 1919-20 ਦੇ ਇਨਕਲਾਬੀ ਉਭਾਰ ਦੀਆਂ ਹਾਲਤਾਂ ਵਿੱਚ, ਜਦੋਂ ਪ੍ਰੋਲੇਤਾਰੀ ਵੱਲੋਂ ਸੱਤ੍ਹਾ 'ਤੇ ਕਬਜ਼ੇ ਦਾ ਮੌਕਾ ਪੈਦਾ ਹੋਇਆ, ਇਸ ਨੇ ਘਟਨਾਵਾਂ ਦਾ ਸਹੀ ਜਾਇਜ਼ਾ ਨਹੀਂ ਲਿਆ, ਇਨਕਲਾਬੀ ਜਨਤਾ ਲਈ ਠੀਕ ਇੱਕ ਵੀ ਨਾਅਰਾ ਨਹੀਂ ਦਿੱਤਾ ਅਤੇ ਆਪਣੇ ਅੰਦਰੋਂ ਸੁਧਾਰਵਾਦੀਆਂ ਦਾ ਸਫ਼ਾਇਆ ਨਹੀਂ ਕੀਤਾ। ਤੂਰਿਨ ਧੜੇ ਨੇ ਬਹੁਤ ਸਾਰੇ ਪ੍ਰਸਤਾਵ ਪੇਸ਼ ਕੀਤੇ: ਪਾਰਟੀ ਸਫ਼ਾਂ ਵਿੱਚੋਂ ਮੌਕਾਪ੍ਰਸਤਾਂ ਨੂੰ ਕੱਢਿਆ ਜਾਵੇ, ਸਭ ਫੈਕਟਰੀਆਂ ਵਿੱਚ ਟਰੇਡ ਯੂਨੀਅਨਾਂ, ਕੋਆਪਰੇਟਿਵਾਂ ਅਤੇ ਬੈਰਕਾਂ ਵਿੱਚ ਕਮਿਊਨਿਸਟ ਗਰੁੱਪ ਕਾਇਮ ਕੀਤੇ ਜਾਣ ਅਤੇ ਸਨਅਤ ਤੇ ਖੇਤੀਬਾੜੀ ਵਿੱਚ ਉਤਪਾਦਨ ਉੱਤੇ ਕੰਟਰੋਲ ਕਰਨ ਲਈ ਫੈਕਟਰੀ ਕਮੇਟੀਆਂ ਕਾਇਮ ਕੀਤੀਆਂ ਜਾਣ। ਤੂਰਿਨ ਧੜੇ ਨੇ ਮੰਗ ਕੀਤੀ ਕਿ ਜਨਤਾ ਨੂੰ ਫੌਰੀ ਤੌਰ 'ਤੇ ਸੋਵੀਅਤਾਂ ਕਾਇਮ ਕਰਨ ਲਈ ਤਿਆਰ ਕਰਨਾ ਚਾਹੀਦਾ ਹੈ।

ਦੀਆਂ ਦੋਹਾਂ ਕਾਂਗਰਸਾਂ ਦੇ ਫੈਸਲਿਆਂ ’ਤੇ ਵਿਚਾਰ ਕਰਨ ਲਈ ਸਪੈਸ਼ਲ ਕਾਂਗਰਸ ਸੱਦੀ ਜਾਵੇ ਤਾਂ ਜੋ ਪਾਰਟੀ ਦੀ ਲਾਈਨ ਦੀ ਸੁਧਾਈ ਕੀਤੀ ਜਾਵੇ ਅਤੇ ਇਸ ਵਿੱਚੋਂ, ਵਿਸ਼ੇਸ਼ ਕਰਕੇ ਇਸ ਦੇ ਪਾਰਲੀਮੈਂਟਰੀ ਗਰੁੱਪ ਵਿੱਚੋਂ, ਗੈਰ-ਕਮਿਊਨਿਸਟ ਅਨਸਰ ਕੱਢ ਦਿੱਤੇ ਜਾਣ।

18. ਤੀਜੀ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ, ਪਾਰਟੀ ਦੇ ਜਮਾਤ ਅਤੇ ਜਨਤਾ ਨਾਲ਼ ਸਬੰਧਾਂ ਬਾਰੇ ਵਿਚਾਰਾਂ ਅਤੇ ਇਸ ਵਿਚਾਰ ਕਿ ਕਮਿਊਨਿਸਟ ਪਾਰਟੀਆਂ ਲਈ ਬੁਰਜੂਆ ਪਾਰਲੀਮੈਂਟਾਂ ਅਤੇ ਪਿਛਾਖੜੀ ਟਰੇਡ ਯੂਨੀਅਨਾਂ ਵਿੱਚ ਕੰਮ ਕਰਨਾ ਲਾਜ਼ਮੀ ਨਹੀਂ, ਨੂੰ ਗਲਤ ਸਮਝਦੀ ਹੈ। ਇਨ੍ਹਾਂ ਵਿਚਾਰਾਂ ਨੂੰ ਮੌਜੂਦਾ ਕਾਂਗਰਸ ਦੇ ਵਿਸ਼ੇਸ਼ ਫੈਸਲਿਆਂ ਰਾਹੀਂ ਵੇਰਵੇ ਪੂਰਨ ਢੰਗ ਨਾਲ਼ ਰੱਦ ਕੀਤਾ ਗਿਆ ਹੈ ਅਤੇ ਇਨ੍ਹਾਂ ਨੂੰ, ਜਰਮਨੀ ਦੀ ਕਮਿਊਨਿਸਟ ਵਰਕਰਜ਼ ਪਾਰਟੀ ਵੱਲੋਂ ਪੂਰੇ ਤੌਰ ’ਤੇ ਅਤੇ, ਸਵਿਟਜ਼ਰਲੈਂਡ ਦੀ ਕਮਿਊਨਿਸਟ ਪਾਰਟੀ, ਵੀਆਨਾ ਵਿੱਚ ਕਮਿਊਨਿਸਟ ਇੰਟਰਨੈਸ਼ਨਲ ਦੇ ਪੂਰਬ-ਯੂਰਪੀ ਸਕਤਰੇਤ ਦੇ ਅਖ਼ਬਾਰ, **ਕੋਮੂਨਿਸਮੁਸ**, ਐਮਸਟਰਡਮ ਵਿਚਲੇ ਹੁਣ ਭੰਗ ਕਰ ਦਿੱਤੇ ਗਏ ਸਕਤਰੇਤ, ਕਈ ਡੱਚ ਕਾਮਰੇਡਾਂ, ਬਰਤਾਨੀਆ ਦੀਆਂ ਕਈ ਕਮਿਊਨਿਸਟ ਜਥੇਬੰਦੀਆਂ ਜਿਵੇਂ, ਮਿਸਾਲ ਵਜੋਂ, ਵਰਕਰਜ਼ ਸੋਸ਼ਲਿਸਟ ਫੈਡਰੇਸ਼ਨ ਵਗੈਰਾ ਅਤੇ ਅਮਰੀਕਾ ਵਿੱਚ ਇੰਡਸਟਰੀਅਲ ਵਰਕਰਜ਼ ਆਫ਼ ਦੀ ਵਰਲਡ ਅਤੇ ਦੁਕਾਨ ਸਹਾਇਕ ਕਮੇਟੀ[1] ਬਰਤਾਨੀਆ ਵਗੈਰਾ ਵੱਲੋਂ ਅੰਸ਼ਕ ਤੌਰ ’ਤੇ ਵਕਾਲਤ ਕੀਤੀ ਗਈ ਹੈ।

ਫਿਰ ਵੀ ਤੀਜੀ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਇਹ ਗੱਲ ਸੰਭਵ ਅਤੇ ਲੋੜੀਂਦੀ ਸਮਝਦੀ ਹੈ ਕਿ ਉਪਰ ਵਰਣਨ ਜਥੇਬੰਦੀਆਂ ਵਿੱਚੋਂ, ਜਿਹੜੀਆਂ ਹਾਲੇ ਸਰਕਾਰੀ ਤੌਰ ’ਤੇ ਕਮਿਊਨਿਸਟ ਇੰਟਰਨੈਸ਼ਨਲ ਨਾਲ਼ ਨਹੀਂ ਜੁੜੀਆਂ ਹਨ, ਉਹ ਫੌਰਨ ਅਜਿਹਾ ਕਰਨ; ਕਿਉਂਕਿ ਮੌਜੂਦਾ ਸਮੇਂ ਵਿੱਚ ਵਿਸ਼ੇਸ਼ ਤੌਰ ’ਤੇ ਅਸੀਂ ਅਮਰੀਕਾ ਵਿੱਚ ਸੰਸਾਰ ਸਨਅਤੀ ਮਜ਼ਦੂਰਾਂ ਅਤੇ ਇਸ ਦੇ ਨਾਲ਼ ਨਾਲ਼ ਬਰਤਾਨੀਆ ਵਿੱਚ ਦੁਕਾਨ ਸਹਾਇਕ ਕਮੇਟੀ ਦੇ ਸਬੰਧ ਵਿੱਚ, ਇਕ ਨਿੱਗਰ ਪ੍ਰੋਲੇਤਾਰੀ ਅਤੇ ਜਨਤਕ ਲਹਿਰ ਨਾਲ਼ ਨਜਿੱਠ ਰਹੇ ਹਾਂ, ਜਿਹੜੀਆਂ ਕਿ ਆਪਣੀਆਂ ਸਾਰੀਆਂ ਜ਼ਰੂਰੀ ਗੱਲਾਂ ਵਿੱਚ ਕਮਿਊਨਿਸਟ ਇੰਟਰਨੈਸ਼ਨਲ ਦੇ ਮੁਢਲੇ ਅਸੂਲਾਂ ਦੇ ਅਨੁਕੂਲ ਹਨ। ਬੁਰਜੂਆ ਪਾਰਲੀਮੈਂਟਾਂ ਵਿੱਚ ਸ਼ਮੂਲੀਅਤ ਬਾਰੇ ਇਨ੍ਹਾਂ ਜਥੇਬੰਦੀਆਂ ਦੇ ਦੋਸ਼ਪੂਰਨ ਵਿਚਾਰਾਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ, ਪਰ ਬਹੁਤਾ ਬੁਰਜੂਆਜ਼ੀ ਤੋਂ ਆਉਣ ਵਾਲ਼ੇ ਅਨਸਰਾਂ ਦੇ ਅਸਰ ਹੇਠ ਨਹੀਂ, ਜਿਹੜੇ ਕਿ ਲਾਜ਼ਮੀ ਤੌਰ ’ਤੇ ਲਹਿਰ ਵਿੱਚ ਨਿੱਕ ਬੁਰਜੂਆ ਵਿਚਾਰ ਲੈ ਆਉਂਦੇ ਹਨ - ਅਜਿਹੇ ਵਿਚਾਰ ਜਿਹੜੇ ਅਨਾਰਕਿਸਟਾਂ ਦੇ ਹੁੰਦੇ ਹਨ - ਸਗੋਂ ਪ੍ਰੋਲੇਤਾਰੀਆਂ ਦੀ ਰਾਜਸੀ ਤਜ਼ਰਬੇ ਰਾਹੀਂ, ਜਿਹੜੇ ਕਿ ਬਹੁਤ ਇਨਕਲਾਬੀ

---

1. **ਦੁਕਾਨ ਸਹਾਇਕ ਕਮੇਟੀ** - ਪਹਿਲੀ ਵੱਡੀ ਜੰਗ ਦੌਰਾਨ ਬਰਤਾਨੀਆ ਵਿੱਚ ਕਈ ਟਰੇਡਾਂ ਵਿੱਚ ਚੁਣੀਆਂ ਹੋਈਆਂ ਮਜ਼ਦੂਰ ਜਥੇਬੰਦੀਆਂ। ਮਹਾਨ ਅਕਤੂਬਰ ਸੋਸ਼ਲਿਸਟ ਇਨਕਲਾਬ ਦੀ ਜਿੱਤ ਤੋਂ ਬਾਅਦ ਅਤੇ ਸੋਵੀਅਤ ਰੂਸ ਵਿਰੁੱਧ ਵਿਦੇਸ਼ੀ ਫੌਜੀ ਦਖ਼ਲ ਦੌਰਾਨ ਦੁਕਾਨ ਸਹਾਇਕ ਕਮੇਟੀ ਨੇ ਸਰਗਰਮੀ ਨਾਲ਼ ਦਖ਼ਲ ਦਾ ਵਿਰੋਧ ਕੀਤਾ। ਦੁਕਾਨ ਸਹਾਇਕ ਕਮੇਟੀ ਦੇ ਕੁਝ ਸਰਗਰਮ ਕਾਰਕੁੰਨਾਂ ਨੇ ਹੀ ਬਰਤਾਨੀਆ ਦੀ ਕਮਿਊਨਿਸਟ ਪਾਰਟੀ ਦੀ ਨੀਂਹ ਰੱਖੀ।

ਹੁੰਦੇ ਹਨ ਅਤੇ ਜਨਤਾ ਨਾਲ਼ ਜੁੜੇ ਹੋਏ ਹੁੰਦੇ ਹਨ।

ਇਸ ਕਾਰਨ, ਤੀਜੀ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਸਾਰੀਆਂ ਕਮਿਊਨਿਸਟ ਜਥੇਬੰਦੀਆਂ ਅਤੇ ਐਂਗਲੋ-ਸੈਕਸ਼ਨ ਦੇਸ਼ਾਂ ਵਿਚਲੇ ਗਰੁੱਪਾਂ ਨੂੰ ਅਪੀਲ ਕਰਦੀ ਹੈ ਕਿ ਭਾਵੇਂ ਸੰਸਾਰ ਸਨਅਤੀ ਕਾਮੇ ਅਤੇ ਦੁਕਾਨ ਸਲਾਹਕਾਰ ਕਮੇਟੀਆਂ ਫੌਰੀ ਤੌਰ 'ਤੇ ਆਪਣੇ ਆਪ ਨੂੰ ਤੀਜੀ ਇੰਟਰਨੈਸ਼ਨਲ ਨਾਲ਼ ਨਾ ਵੀ ਜੋੜਣ ਉਹ ਇਨ੍ਹਾਂ ਜਥੇਬੰਦੀਆਂ ਵੱਲ ਬਹੁਤ ਦੋਸਤਾਨਾ ਨੀਤੀ ਰੱਖਣ, ਉਹਨਾਂ ਨਾਲ਼ ਹਮਦਰਦੀ ਰੱਖਣ ਵਾਲ਼ੀ ਜਨਤਾ ਨਾਲ਼ ਨੇੜਲੇ ਸਬੰਧ ਕਾਇਮ ਕਰਨ ਅਤੇ ਉਹਨਾਂ ਨੂੰ - ਸਭ ਇਨਕਲਾਬਾਂ ਅਤੇ ਖਾਸ ਕਰਕੇ ਵੀਹਵੀਂ ਸਦੀ ਦੇ ਤਿੰਨ ਰੂਸੀ ਇਨਕਲਾਬਾਂ ਦੇ ਤਜ਼ਰਬੇ ਦੇ ਅਧਾਰ 'ਤੇ - ਉਹਨਾਂ ਦੇ ਉੱਪਰ ਲਿਖਤ ਦੋਸ਼ਪੂਰਨ ਵਿਚਾਰਾਂ ਬਾਰੇ ਦੋਸਤਾਨਾ ਭਾਵਨਾ ਜਾਣੂੰ ਕਰਵਾਉਣ, ਨਾ ਕਿ ਇੱਕ ਕਮਿਊਨਿਸਟ ਪਾਰਟੀ ਕਾਇਮ ਕਰਨ ਲਈ ਇਨ੍ਹਾਂ ਜਥੇਬੰਦੀਆਂ ਨੂੰ ਇੱਕ ਕਰਨ ਦੇ ਹੋਰ ਯਤਨ ਕਰਨੇ ਹੀ ਬੰਦ ਕਰ ਦੇਣ।

19. ਇਸ ਸਬੰਧ ਵਿੱਚ ਕਾਂਗਰਸ ਸਾਰੇ ਕਾਮਰੇਡਾਂ, ਖਾਸ ਕਰਕੇ ਲਾਤੀਨੀ ਅਤੇ ਐਂਗਲੋ-ਸੈਕਸਨ ਦੇਸ਼ਾਂ ਦੇ ਕਾਮਰੇਡਾਂ ਦਾ ਧਿਆਨ ਇਸ ਤੱਥ ਵੱਲ ਦਿਵਾਉਂਦੀ ਹੈ ਕਿ, ਜੰਗ ਤੋਂ ਬਾਅਦ, ਦੁਨੀਆਂ ਭਰ ਦੇ ਅਨਾਰਕਿਸਟਾਂ ਦਰਮਿਆਨ ਪ੍ਰੋਲੇਤਾਰੀ ਦੀ ਡਿਕਟੇਟਰੀ ਅਤੇ ਸੋਵੀਅਤ ਸਰਕਾਰ ਪ੍ਰਤੀ ਅਪਣਾਏ ਜਾਣ ਵਾਲ਼ੇ ਰਵੱਈਏ ਨੂੰ ਲੈ ਕੇ ਡੂੰਘੀ ਵਿਚਾਰਧਾਰਕ ਦੁਫੇੜ ਪੈਦਾ ਹੋ ਗਈ ਹੈ। ਇਸ ਤੋਂ ਵੀ ਵੱਧ, ਪ੍ਰੋਲੇਤਾਰੀ ਅਨਸਰਾਂ ਵਿੱਚ, ਜਿਹੜੇ ਕਿ ਦੂਜੀ ਇੰਟਰਨੈਸ਼ਨਲ ਦੀਆਂ ਪਾਰਟੀਆਂ ਦੀ ਮੌਕਾਪ੍ਰਸਤੀ ਅਤੇ ਸੁਧਾਰਵਾਦ ਪ੍ਰਤੀ ਬਿਲਕੁਲ ਹੱਕੀ ਘ੍ਰਿਣਾ ਕਾਰਨ ਆਮ ਤੌਰ 'ਤੇ ਅਨਾਰਕੀ ਵੱਲ ਖਿੱਚੇ ਜਾਂਦੇ ਹਨ, ਇਨ੍ਹਾਂ ਅਸੂਲਾਂ ਦੀ ਸਹੀ ਸਮਝ ਪੈਦਾ ਹੁੰਦੀ ਜਾ ਰਹੀ ਹੈ। ਜਿੰਨਾ ਵੱਧ ਉਹ ਰੂਸ, ਫਿਨਲੈਂਡ, ਹੰਗਰੀ, ਲਾਤਵੀਆ, ਪੋਲੈਂਡ ਅਤੇ ਜਰਮਨੀ ਦੇ ਤਜ਼ਰਬਿਆਂ ਤੋਂ ਜਾਣੂੰ ਹੁੰਦੇ ਜਾਂਦੇ ਹਨ, ਇਹ ਸਮਝ ਬੂਝ ਓਨੀ ਵੱਧ ਫੈਲਦੀ ਜਾਂਦੀ ਹੈ।

ਇਸ ਲਈ ਕਾਂਗਰਸ ਸਾਰੇ ਕਮਿਊਨਿਸਟਾਂ ਦਾ ਇਹ ਫਰਜ਼ ਸਮਝਦੀ ਹੈ ਕਿ ਉਹ ਸਾਰੀ ਪ੍ਰੋਲੇਤਾਰੀ ਜਨਤਾ ਨੂੰ ਅਨਾਰਕਿਜ਼ਮ ਛੱਡਣ ਅਤੇ ਤੀਜੀ ਇੰਟਰਨੈਸ਼ਨਲ ਵੱਲ ਆਉਣ ਵਿੱਚ ਮਦਦ ਕਰਨ। ਕਾਂਗਰਸ ਦੱਸਦੀ ਹੈ ਕਿ ਉਹ ਕਦਮ, ਜਿਨ੍ਹਾਂ ਰਾਹੀਂ ਹਕੀਕੀ ਕਮਿਊਨਿਸਟ ਪਾਰਟੀਆਂ ਬੁੱਧੀਜੀਵੀਆਂ ਦੀ ਥਾਂ ਪ੍ਰੋਲੇਤਾਰੀ ਅਨਸਰਾਂ ਨੂੰ ਜਿੱਤਣ ਵਿੱਚ ਸਫ਼ਲ ਹੁੰਦੀਆਂ ਹਨ, ਉਹ ਉਹਨਾਂ ਪਾਰਟੀਆਂ ਦੀ ਸਫ਼ਲਤਾ ਦਾ ਪੈਮਾਨਾ ਹੈ।

**4 ਜੁਲਾਈ**, **1920**

20 ਜੁਲਾਈ, 1920 ਨੂੰ
**ਕੋਮੁਨਿਸਤੀਚੈਸਕੀ ਇੰਟਰਨੈਸ਼ਨਲ**
ਨੰ. 12 ਵਿੱਚ ਛਪਿਆ।

**ਸਮੁੱਚੀਆਂ ਲਿਖਤਾਂ**,
ਜਿਲਦ 31, ਸਫ਼ੇ 184-201.

# ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਵਿੱਚ ਕਮਿਊਨਿਸਟ ਪਾਰਟੀ ਦੇ ਰੋਲ ਬਾਰੇ ਤਕਰੀਰ

23 ਜੁਲਾਈ, 1920

ਸਾਥੀਓ, ਮੈਂ ਕਾਮਰੇਡ ਟੈਨਰ ਅਤੇ ਮੈਕਲੇਨ ਦੀਆਂ ਤਕਰੀਰਾਂ ਬਾਰੇ ਕੁਝ ਵਿਚਾਰ ਪੇਸ਼ ਕਰਨਾ ਚਾਹਾਂਗਾ। ਟੈਨਰ ਕਹਿੰਦਾ ਹੈ ਕਿ ਉਹ ਪ੍ਰੋਲੇਤਾਰੀਆ ਦੀ ਡਿਕਟੇਟਰੀ ਦੇ ਹੱਕ ਵਿੱਚ ਹੈ, ਪਰ ਉਹ ਪ੍ਰੋਲੇਤਾਰੀਆ ਦੀ ਡਿਕਟੇਟਰੀ ਨੂੰ ਉਸ ਤਰ੍ਹਾਂ ਨਹੀਂ ਦੇਖਦਾ, ਜਿਵੇਂ ਅਸੀਂ ਦੇਖਦੇ ਹਾਂ। ਉਹ ਕਹਿੰਦਾ ਹੈ ਕਿ ਪ੍ਰੋਲੇਤਾਰੀਆ ਦੀ ਡਿਕਟੇਟਰੀ ਤੋਂ ਸਾਡਾ ਅਰਥ ਅਸਲ ਵਿੱਚ ਜਥੇਬੰਦਕ ਅਤੇ ਘੱਟਗਿਣਤੀ ਪ੍ਰੋਲੇਤਾਰੀਆਂ ਦੀ ਡਿਕਟੇਟਰੀ ਹੈ।

ਕਾਫ਼ੀ ਸੱਚ ਹੈ, ਸਰਮਾਏਦਾਰੀ ਦੌਰ ਵਿੱਚ, ਜਦੋਂ ਮਜ਼ਦੂਰਾਂ ਦੇ ਸਮੂਹ ਲਗਾਤਾਰ ਲੁੱਟੇ ਜਾਂਦੇ ਰਹਿੰਦੇ ਹਨ ਅਤੇ ਉਹ ਆਪਣਾ ਮਨੁੱਖੀ ਖਾਸਾ ਵਿਕਾਸ ਨਹੀਂ ਕਰ ਸਕਦੇ, ਮਜ਼ਦੂਰ ਜਮਾਤ ਦੀਆਂ ਰਾਜਸੀ ਪਾਰਟੀਆਂ ਦੀ ਬਹੁਤ ਵਿਸ਼ੇਸ਼ ਗੱਲ ਇਹ ਹੁੰਦੀ ਹੈ ਕਿ ਉਹ ਆਪਣੀ ਜਮਾਤ ਦੀ ਸਿਰਫ਼ ਘੱਟਗਿਣਤੀ ਨੂੰ ਹੀ ਆਪਣੇ ਵਿੱਚ ਸ਼ਾਮਲ ਕਰ ਸਕਦੇ ਹਨ। ਇੱਕ ਰਾਜਸੀ ਪਾਰਟੀ ਸਿਰਫ਼ ਜਮਾਤ ਦੀ ਘੱਟਗਿਣਤੀ 'ਤੇ ਮੁਸਤਮਿਲ ਹੋ ਸਕਦੀ ਹੈ, ਉਸੇ ਤਰ੍ਹਾਂ ਜਿਵੇਂ ਕਿਸੇ ਸਰਮਾਏਦਾਰੀ ਸਮਾਜ ਵਿੱਚ ਸੱਚਮੁਚ ਜਮਾਤੀ ਤੌਰ 'ਤੇ ਸੁਚੇਤ ਮਜ਼ਦੂਰ ਕੁੱਲ ਮਜ਼ਦੂਰਾਂ ਦੀ ਘੱਟਗਿਣਤੀ ਹੁੰਦੇ ਹਨ। ਸਾਨੂੰ ਇਸ ਕਰਕੇ ਪ੍ਰਵਾਨ ਕਰਨਾ ਪਵੇਗਾ ਕਿ ਸਿਰਫ਼ ਉਹ ਜਮਾਤੀ ਤੌਰ 'ਤੇ ਸੁਚੇਤ ਘੱਟਗਿਣਤੀ ਹੀ ਹੈ ਜਿਹੜੀ ਮਜ਼ਦੂਰਾਂ ਦੇ ਵੱਡੇ ਅਤੇ ਚੁਰੇੜੇ ਸਮੂਹ ਨੂੰ ਨਿਰਦੇਸ਼ ਦੇ ਸਕਦੀ ਹੈ ਜਾਂ ਅਗਵਾਈ ਕਰ ਸਕਦੀ ਹੈ ਅਤੇ ਜੇਕਰ ਕਾਮਰੇਡ ਟੈਨਰ ਕਹਿੰਦੇ ਹਨ ਕਿ ਉਹ ਪਾਰਟੀਆਂ ਦੇ ਵਿਰੁੱਧ ਹੈ, ਪਰ ਉਸੇ ਸਮੇਂ ਉਸ ਘੱਟਗਿਣਤੀ ਦੇ ਹੱਕ ਵਿੱਚ ਹੈ, ਜਿਹੜੀ ਸਭ ਤੋਂ ਵਧੀਆ ਜਥੇਬੰਦ ਅਤੇ ਉਹਨਾਂ ਬੇਹੱਦ ਇਨਕਲਾਬੀ ਮਜ਼ਦੂਰਾਂ ਦੀ ਪ੍ਰਤੀਨਿਧਤਾ ਕਰਦੀ ਹੈ, ਜਿਹੜੇ ਸਮੁੱਚੇ ਪ੍ਰੋਲੇਤਾਰੀਆਂ ਨੂੰ ਰਾਹ ਦਿਖਾ ਰਹੇ ਹਨ, ਤਾਂ ਮੈਂ ਕਹਿੰਦਾ ਹਾਂ ਕਿ ਸਾਡੇ ਦਰਮਿਆਨ ਸੱਚਮੁਚ ਕੋਈ ਫ਼ਰਕ ਨਹੀਂ ਹੈ। ਇਹ ਜਥੇਬੰਦ ਘੱਟਗਿਣਤੀ ਕੀ ਹੈ ? ਜੇਕਰ ਇਹ ਘੱਟਗਿਣਤੀ ਸੱਚਮੁਚ ਜਮਾਤੀ ਤੌਰ 'ਤੇ ਸੁਚੇਤ ਹੈ, ਜੇਕਰ ਇਹ ਜਨਤਾ ਨੂੰ ਅਗਵਾਈ ਕਰਨ ਦੇ ਯੋਗ ਹੈ। ਜੇਕਰ ਇਹ ਹਰ ਰੋਜ਼ ਉੱਠਣ ਵਾਲ਼ੇ ਹਰ ਸਵਾਲ ਦਾ ਉੱਤਰ ਦੇਣ ਦੇ ਸਮਰੱਥ ਹੈ, ਤਾਂ ਇਹ ਹਕੀਕੀ ਤੌਰ 'ਤੇ ਪਾਰਟੀ ਹੈ। ਪਰ ਜੇਕਰ ਟੈਨਰ ਵਰਗੇ ਕਾਮਰੇਡ, ਜਿਨ੍ਹਾਂ ਨੂੰ ਅਸੀਂ ਜਨਤਕ ਲਹਿਰ ਦੇ ਪ੍ਰਤੀਨਿਧਾਂ ਵਜੋਂ ਵਿਸ਼ੇਸ਼ ਧਿਆਨ ਦਿੰਦੇ ਹਾਂ, ਜਿਹੜੀ ਗੱਲ ਕਿ ਕੁਝ ਵਧਾ ਚੜ੍ਹਾ ਕੇ ਕਹਿਣ 'ਤੇ, ਬਰਤਾਨਵੀ ਸੋਸ਼ਲਿਸਟ ਪਾਰਟੀ ਬਾਰੇ ਨਹੀਂ ਕਹੀ ਜਾ ਸਕਦੀ – ਜੇਕਰ ਇਹ ਕਾਮਰੇਡ ਘੱਟਗਿਣਤੀ ਦੀ ਹੋਂਦ ਦੇ ਹੱਕ ਵਿੱਚ ਹਨ ਜਿਹੜੀ ਪ੍ਰੋਲੇਤਾਰੀ ਦੀ ਡਿਕਟੇਟਰੀ ਲਈ ਦ੍ਰਿੜਤਾ ਨਾਲ਼ ਲੜੇਗੀ ਅਤੇ ਜੇਕਰ ਉਹ ਮਜ਼ਦੂਰਾਂ

ਦੇ ਸਮੂਹ ਨੂੰ ਇਨ੍ਹਾਂ ਲਾਈਨਾਂ ਉੱਤੇ ਸਿਖਲਾਈ ਦੇਣਗੇ, ਤਾਂ ਇਹ ਘੱਟਗਿਣਤੀ ਅਸਲ ਵਿੱਚ ਹੋਰ ਕੁਝ ਨਹੀਂ, ਪਾਰਟੀ ਹੀ ਹੈ। ਜੇਕਰ ਕਾਮਰੇਡ ਟੈਨਰ ਅਤੇ ਦੁਕਾਨ ਸਹਾਇਕ ਗਰੁੱਪ ਅਤੇ ਸਨਅਤੀ ਗਰੁੱਪ ਦੇ ਹੋਰ ਕਾਮਰੇਡ ਇਸ ਨੂੰ ਪ੍ਰਵਾਨ ਕਰਦੇ ਹਨ – ਅਤੇ ਅਸੀਂ ਰੋਜ਼ਾਨਾ ਦੀ ਗੱਲਬਾਤ ਤੋਂ ਦੇਖਦੇ ਹਾਂ ਕਿ ਉਹ ਇਸ ਨੂੰ ਪ੍ਰਵਾਨ ਕਰਦੇ ਹਨ, ਜੇਕਰ ਉਹ ਇਸ ਵਿਚਾਰ ਦੀ ਪੁਸ਼ਟੀ ਕਰਦੇ ਹਨ ਕਿ ਮਜ਼ਦੂਰ ਜਮਾਤ ਦੀ ਜਮਾਤੀ ਤੌਰ 'ਤੇ ਸੁਚੇਤ ਕਮਿਊਨਿਸਟ ਘੱਟਗਿਣਤੀ ਹੀ ਪ੍ਰੋਲੇਤਾਰੀ ਦੀ ਅਗਵਾਈ ਕਰਦੀ ਹੈ, ਤਾਂ ਉਹ ਸਹਿਮਤ ਹੋਣਗੇ ਕਿ ਸਾਡੇ ਪ੍ਰਸਤਾਵਾਂ ਦਾ ਬਿਲਕੁਲ ਇਹੀ ਅਰਥ ਹੈ। ਇਸ ਮਾਮਲੇ ਵਿੱਚ ਸਾਡੇ ਵਿਚਾਲੇ ਇੱਕੋ ਇੱਕ ਫ਼ਰਕ ਉਨ੍ਹਾਂ ਵੱਲੋ "ਪਾਰਟੀ" ਸ਼ਬਦ ਤੋਂ ਬਚਣ ਵਿੱਚ ਹੀ ਹੈ, ਕਿਉਂਕਿ ਬਰਤਾਨਵੀ ਕਾਮਰੇਡਾਂ ਵਿੱਚ ਰਾਜਸੀ ਪਾਰਟੀਆਂ ਬਾਰੇ ਕੁਝ ਬੇਭਰੋਸਗੀ ਹੈ। ਉਹ ਰਾਜਸੀ ਪਾਰਟੀਆਂ ਬਾਰੇ ਗੌਂਪਰਜ਼ ਅਤੇ ਹੈਂਡਰਸਨ ਦੀਆਂ ਪਾਰਟੀਆਂ, ਪਾਰਲੀਮੈਂਟਰੀ ਤੌਰ 'ਤੇ ਚੁਸਤ ਲੋਕਾਂ ਅਤੇ ਮਜ਼ਦੂਰ ਜਮਾਤ ਦੀਆਂ ਗੱਦਾਰ ਪਾਰਟੀਆਂ ਵਜੋਂ ਹੀ ਸੋਚ ਸਕਦੇ ਹਨ। ਪਰ ਜੇਕਰ, ਪਾਰਲੀਮੈਂਟਰੀਵਾਦ ਤੋਂ ਉਨ੍ਹਾਂ ਦਾ ਅਰਥ ਉਸ ਤੋਂ ਹੈ ਜੋ ਅੱਜ ਕੱਲ੍ਹ ਬਰਤਾਨੀਆ ਅਤੇ ਅਮਰੀਕਾ ਵਿੱਚ ਹੈ ਤਾਂ ਅਸੀਂ ਵੀ ਅਜਿਹੇ ਪਾਰਲੀਮੈਂਟਰੀਵਾਦ ਅਤੇ ਅਜਿਹੀਆਂ ਰਾਜਸੀ ਪਾਰਟੀਆਂ ਦੇ ਵਿਰੁੱਧ ਹਾਂ। ਸਾਡਾ ਮਤਲਬ ਨਵੀਆਂ ਅਤੇ ਵੱਖਰੀ ਕਿਸਮ ਦੀਆਂ ਪਾਰਟੀਆਂ ਤੋਂ ਹੈ। ਅਸੀਂ ਉਹ ਪਾਰਟੀਆਂ ਚਾਹੁੰਦੇ ਹਾਂ ਜਿਹੜੀਆਂ ਜਨਤਾ ਨਾਲ਼ ਲਗਾਤਾਰ ਅਤੇ ਹਕੀਕੀ ਸੰਪਰਕ ਰੱਖਣਗੀਆਂ ਅਤੇ ਜਿਹੜੀਆਂ ਉਸ ਜਨਤਾ ਦੀ ਅਗਵਾਈ ਕਰਨ ਦੇ ਸਮਰੱਥ ਹੋਣਗੀਆਂ।

ਹੁਣ ਮੈਂ ਤੀਜੇ ਸਵਾਲ ਵੱਲ ਆਉਂਦਾ ਹਾਂ ਜਿਸ ਬਾਰੇ ਮੈਂ ਕਾਮਰੇਡ ਮੈਕਲੇਨ ਦੀ ਤਕਰੀਰ ਸਬੰਧੀ ਜ਼ਿਕਰ ਕਰਨਾ ਚਾਹੁੰਦਾ ਹਾਂ। ਉਹ ਬਰਤਾਨਵੀ ਕਮਿਊਨਿਸਟ ਪਾਰਟੀ ਨੂੰ ਲੇਬਰ ਪਾਰਟੀ ਨਾਲ਼ ਜੋੜਣ ਦੇ ਹੱਕ ਵਿੱਚ ਹਨ। ਇਸ ਬਾਰੇ ਮੈਂ ਤੀਜੀ ਇੰਟਰਨੈਸ਼ਨਲ ਨਾਲ਼ ਸਬੰਧ ਕਾਇਮ ਕਰਨ ਬਾਰੇ ਆਪਣੇ ਥੀਸਿਸ ਵਿੱਚ ਪਹਿਲਾਂ ਹੀ ਆਪਣੀ ਰਾਏ ਜ਼ਾਹਰ ਕਰ ਚੁੱਕਾ ਹਾਂ। ਆਪਣੇ ਕਿਤਾਬਚੇ ਵਿੱਚ ਮੈਂ ਇਸ ਸਵਾਲ ਨੂੰ ਵਿਚਾਰ ਲਈ ਖੁੱਲ੍ਹਾ ਰਹਿਣ ਦਿੱਤਾ ਸੀ। ਫਿਰ ਵੀ ਇਸ ਮਾਮਲੇ ਬਾਰੇ ਬਹੁਤ ਸਾਰੇ ਕਾਮਰੇਡਾਂ ਨਾਲ਼ ਵਿਚਾਰ ਵਟਾਂਦਰਾ ਕਰਨ ਮਗਰੋਂ ਮੈਂ ਇਸ ਸਿੱਟੇ 'ਤੇ ਪਹੁੰਚਦਾ ਹਾਂ ਕਿ ਲੇਬਰ ਪਾਰਟੀ ਦੇ ਅੰਦਰ ਰਹਿਣ ਦਾ ਫੈਸਲਾ ਹੀ ਇੱਕੋ ਇੱਕ ਸਹੀ ਦਾਅਪੇਚ ਹੈ। ਪਰ ਕਾਮਰੇਡ ਟੈਨਰ ਐਲਾਨ ਕਰਦੇ ਹਨ, "ਬਹੁਤਾ ਬਤੰਗੜਵਾਦੀ ਨਾ ਬਣੋ।" ਮੈਂ ਉਨ੍ਹਾਂ ਦੀ ਟਿੱਪਣੀ ਨੂੰ ਕਾਫ਼ੀ ਬੇਲੋੜੀ ਸਮਝਦਾ ਹਾਂ। ਕਾਮਰੇਡ ਰਾਮਸੇ ਕਹਿੰਦੇ ਹਨ: "ਕ੍ਰਿਪਾ ਕਰਕੇ ਸਾਨੂੰ ਬਰਤਾਨਵੀ ਕਮਿਊਨਿਸਟਾਂ ਨੂੰ ਇਸ ਸਵਾਲ ਨੂੰ ਆਪ ਨਜਿੱਠਣ ਦਿਓ।" ਪਰ ਇੰਟਰਨੈਸ਼ਨਲ ਕਿਹੋ ਜਿਹੀ ਹੋਵੇਗੀ ਜੇਕਰ ਹਰ ਛੋਟਾ ਜਿਹਾ ਗਰੁੱਪ ਵੀ ਕਹੇ: "ਸਾਡੇ ਵਿੱਚੋਂ ਕੁਝ ਇਸ ਦੇ ਹੱਕ ਵਿੱਚ ਹਨ ਅਤੇ ਕੁਝ ਵਿਰੋਧ ਵਿੱਚ, ਇਹ ਮਾਮਲਾ ਸਾਡੇ ਵੱਲੋਂ ਆਪਣੇ ਆਪ ਨਜਿੱਠਣ ਦਿਓ?" ਤਾਂ ਫਿਰ ਇੰਟਰਨੈਸ਼ਨਲ, ਕਾਂਗਰਸ ਅਤੇ ਇਸ ਸਾਰੀ ਬਹਿਸ ਦਾ ਕੀ ਲਾਭ ਹੈ? ਕਾਮਰੇਡ ਮੈਕਲੇਨ ਸਿਰਫ਼ ਰਾਜਸੀ ਪਾਰਟੀ ਦੇ ਰੋਲ ਬਾਰੇ ਬੋਲੇ। ਪਰ ਉਹੀ ਗੱਲ ਟਰੇਡ ਯੂਨੀਅਨਾਂ ਅਤੇ ਪਾਰਲੀਮੈਂਟਰੀਵਾਦ ਉੱਤੇ ਵੀ ਲਾਗੂ ਹੁੰਦੀ ਹੈ। ਇਹ ਗੱਲ ਕਾਫ਼ੀ ਠੀਕ ਹੈ ਕਿ ਵਧੀਆ ਇਨਕਲਾਬੀ ਲੇਬਰ ਪਾਰਟੀ ਨਾਲ਼ ਸਬੰਧ

ਕਾਇਮ ਕਰਨ ਦੇ ਵਿਰੁੱਧ ਹਨ ਕਿਉਂਕਿ ਉਹ ਸੰਘਰਸ਼ ਦੀ ਕਿਸਮ ਵਜੋਂ ਪਾਰਲੀਮੈਂਟਰੀਵਾਦ ਦੇ ਵਿਰੁੱਧ ਹਨ। ਸ਼ਾਇਦ ਇਹ ਸਵਾਲ ਇੱਕ ਕਮਿਸ਼ਨ ਦੇ ਸਪੁਰਦ ਕਰਨਾ ਬਿਹਤਰ ਰਹੇਗਾ, ਜਿੱਥੇ ਇਸ ਬਾਰੇ ਬਹਿਸ ਅਤੇ ਅਧਿਐਨ ਕੀਤਾ ਜਾਵੇ ਅਤੇ ਫੇਰ ਕਮਿਊਨਿਸਟ ਇੰਟਰਨੈਸ਼ਨਲ ਦੀ ਇਸੇ ਕਾਂਗਰਸ ਵਿੱਚ ਉਸ ਬਾਰੇ ਫੈਸਲਾ ਕੀਤਾ ਜਾਵੇ। ਅਸੀਂ ਇਹ ਗੱਲ ਨਹੀਂ ਮੰਨ ਸਕਦੇ ਕਿ ਇਹ ਸਵਾਲ ਸਿਰਫ਼ ਬਰਤਾਨਵੀ ਕਮਿਊਨਿਸਟਾਂ ਤੱਕ ਹੀ ਸੀਮਤ ਹੈ। ਸਾਨੂੰ ਕਹਿਣਾ ਚਾਹੀਦਾ ਹੈ ਕਿ ਆਮ ਤੌਰ ’ਤੇ ਕਿਹੜੇ ਸਹੀ ਦਾਅਪੇਚ ਹਨ।

ਹੁਣ ਮੈਂ ਬਰਤਾਨਵੀ ਲੇਬਰ ਪਾਰਟੀ ਦੇ ਸਵਾਲ ਬਾਰੇ ਕਾਮਰੇਡ ਮੈਕਲੇਨ ਦੀਆਂ ਕੁਝ ਦਲੀਲਾਂ ਬਾਰੇ ਜ਼ਿਕਰ ਕਰਾਂਗਾ। ਸਾਨੂੰ ਸਪੱਸ਼ਟ ਤੌਰ ’ਤੇ ਕਹਿਣਾ ਚਾਹੀਦਾ ਹੈ ਕਿ ਕਮਿਊਨਿਸਟਾਂ ਦੀ ਪਾਰਟੀ ਲੇਬਰ ਪਾਰਟੀ ਵਿੱਚ ਇਨ੍ਹਾਂ ਸ਼ਰਤਾਂ ’ਤੇ ਹੀ ਸ਼ਾਮਲ ਹੋ ਸਕਦੀ ਹੈ ਕਿ ਇਸ ਨੂੰ ਪੜਚੋਲ ਕਰਨ ਦੀ ਪੂਰੀ ਅਜ਼ਾਦੀ ਹੋਵੇ ਅਤੇ ਇਹ ਆਪਣੀ ਨੀਤੀ ਚਲਾਉਣ ਦੇ ਸਮਰੱਥ ਹੋਵੇ। ਇਹ ਗੱਲ ਸਿਖਰੀ ਮਹੱਤਤਾ ਵਾਲ਼ੀ ਹੈ। ਜਦੋਂ ਇਸ ਸਬੰਧ ਵਿੱਚ, ਕਾਮਰੇਡ ਸੇਰਾਤੀ ਜਮਾਤੀ ਗਠਜੋੜ ਦੀ ਗੱਲ ਕਰਦੇ ਹਨ, ਤਾਂ ਮੈਂ ਕਹਿੰਦਾ ਹਾਂ ਕਿ ਇਹ ਕਿਸੇ ਵੀ ਤਰ੍ਹਾਂ ਜਮਾਤੀ ਗਠਜੋੜ ਨਹੀਂ ਹੋਵੇਗਾ। ਜਦੋਂ ਇਟਲੀ ਦੇ ਕਾਮਰੇਡ ਆਪਣੀ ਪਾਰਟੀ ਵਿੱਚ ਤੁਰਾਤੀ ਅਤੇ ਕੰਪਨੀ, ਅਰਥਾਤ ਬੁਰਜੂਆ ਅਨਸਰ, ਵਰਗੇ ਮੌਕਾਪ੍ਰਸਤਾਂ ਨੂੰ ਸਹਿ ਸਕਦੇ ਹਨ ਤਾਂ ਉਹ ਸੱਚਮੁਚ ਜਮਾਤੀ ਗਠਜੋੜ ਹੈ। ਪਰ, ਇਸ ਸਵਾਲ ’ਤੇ ਬਰਤਾਨਵੀ ਲੇਬਰ ਪਾਰਟੀ ਦੇ ਸਬੰਧ ਵਿੱਚ, ਇਹ ਸਾਦਾ ਤੌਰ ’ਤੇ ਬਰਤਾਨਵੀ ਵਰਕਰਾਂ ਦੀ ਅੱਗੇ ਵਧੀ ਘੱਟਗਿਣਤੀ ਅਤੇ ਉਨ੍ਹਾਂ ਦੀ ਵਿਸ਼ਾਲ ਬਹੁਗਿਣਤੀ ਵਿੱਚ ਮਿਲਵਰਤਣ ਹੀ ਹੈ। ਲੇਬਰ ਪਾਰਟੀ ਦੇ ਸਾਰੇ ਮੈਂਬਰ ਟਰੇਡ ਯੂਨੀਅਨਾਂ ਦੇ ਮੈਂਬਰ ਹਨ। ਇਹ ਬਹੁਤ ਨਿਵੇਕਲੀ ਗੱਲ ਹੈ, ਜਿਹੜੀ ਕਿਸੇ ਹੋਰ ਦੇਸ਼ ਵਿੱਚ ਨਹੀਂ ਮਿਲਦੀ। ਉਨ੍ਹਾਂ ਨੂੰ ਇਹ ਨਹੀਂ ਪੁੱਛਿਆ ਜਾਂਦਾ ਕਿ ਉਨ੍ਹਾਂ ਦੀ ਰਾਜਸੀ ਰਾਏ ਕੀ ਹੈ। ਕਾਮਰੇਡ ਸੇਰਾਤੀ ਨੂੰ ਇਹ ਗੱਲ ਸਾਬਤ ਕਰਨ ਦਿਉ ਕਿ ਉਨ੍ਹਾਂ ਵਿੱਚੋਂ ਕੋਈ ਜਣਾ ਸਾਨੂੰ ਪੜਚੋਲ ਦਾ ਸਾਡਾ ਹੱਕ ਵਰਤਣ ਦਾ ਵਿਰੋਧ ਕਰੇਗਾ। ਅਜਿਹਾ ਸਾਬਤ ਕਰਕੇ ਹੀ ਤੁਸੀਂ ਕਾਮਰੇਡ ਮੈਕਲੇਨ ਨੂੰ ਗਲਤ ਸਾਬਤ ਕਰ ਸਕਦੇ ਹੋ। ਬਰਤਾਨਵੀ ਸੋਸ਼ਲਿਸਟ ਪਾਰਟੀ ਬਹੁਤ ਖੁੱਲ੍ਹੇਆਮ ਹੈਂਡਰਸਨ ਨੂੰ ਗੱਦਾਰ ਕਹਿ ਸਕਦੀ ਹੈ ਅਤੇ ਫੇਰ ਵੀ ਲੇਬਰ ਪਾਰਟੀ ਦੇ ਅੰਦਰ ਰਹਿ ਸਕਦੀ ਹੈ। ਇੱਥੇ, ਮਜ਼ਦੂਰ ਜਮਾਤ ਦੇ ਮੁਹਰੈਲ ਅਤੇ ਇਸ ਦੀਆਂ ਮਗਰਲੀਆਂ ਸਫ਼ਾਂ, ਪੱਛੜੇ ਹੋਏ ਮਜ਼ਦੂਰਾਂ ਦਾ ਸਹਿਯੋਗ ਹੈ। ਸਮੁੱਚੀ ਲਹਿਰ ਲਈ ਇਹ ਮਿਲਵਰਤਣ ਏਨੀ ਮਹੱਤਵਪੂਰਨ ਹੈ ਕਿ ਅਸੀਂ ਸਪੱਸ਼ਟ ਤੌਰ ’ਤੇ ਜ਼ੋਰ ਦਿੰਦੇ ਹਾਂ ਕਿ ਬਰਤਾਨਵੀ ਕਮਿਊਨਿਸਟ ਪਾਰਟੀ, ਦਰਮਿਆਨ ਜੋੜ ਦਾ ਕੰਮ ਕਰਨ, ਅਰਥਾਤ ਮਜ਼ਦੂਰ ਜਮਾਤ ਦੀ ਘੱਟਗਿਣਤੀ ਅਤੇ ਬਾਕੀ ਦੇ ਮਜ਼ਦੂਰਾਂ ਵਿਚਾਲੇ। ਜੇਕਰ ਘੱਟਗਿਣਤੀ ਸਮੂਹ ਦੀ ਅਗਵਾਈ ਕਰਨ ਅਤੇ ਉਹਨਾਂ ਨਾਲ਼ ਨੇੜਲੇ ਸਬੰਧ ਕਾਇਮ ਕਰਨ ਦੇ ਸਮਰੱਥ ਨਹੀਂ ਤਾਂ ਇਹ ਪਾਰਟੀ ਨਹੀਂ ਅਤੇ ਇਹ ਉਂਜ ਵੀ ਬੇਲੋੜੀ ਹੈ, ਭਾਵੇਂ ਇਹ ਆਪਣੇ ਆਪ ਨੂੰ ਪਾਰਟੀ ਜਾਂ ਕੌਮੀ ਦੁਕਾਨ ਸਹਾਇਕ ਕਮੇਟੀ ਹੀ ਕਹੇ – ਜਿੱਥੋਂ ਤੱਕ ਮੈਂ ਜਾਣਦਾ ਹਾਂ, ਬਰਤਾਨੀਆ ਵਿੱਚ ਦੁਕਾਨ ਸਹਾਇਕ ਕਮੇਟੀ ਦੀ ਇੱਕ ਕੌਮੀ ਕਮੇਟੀ ਇੱਕ ਕੇਂਦਰ ਕਮੇਟੀ ਹੈ ਅਤੇ ਇਹ ਪਾਰਟੀ ਵੱਲ ਇੱਕ ਕਦਮ ਹੈ। ਇਸ ਲਈ,

ਜਿੰਨਾ ਚਿਰ ਇਹ ਗੱਲ ਗਲਤ ਸਿੱਧ ਨਹੀਂ ਕੀਤੀ ਜਾਂਦੀ ਕਿ ਬਰਤਾਨੀਆ ਦੀ ਲੇਬਰ ਪਾਰਟੀ ਪ੍ਰੋਲੇਤਾਰੀਆਂ ਦੀ ਪਾਰਟੀ ਹੈ, ਇਹ ਮਜ਼ਦੂਰ ਜਮਾਤ ਦੇ ਮੁਹਰੈਲ ਅਤੇ ਪਿੱਛੇ ਰਹਿ ਗਏ ਮਜ਼ਦੂਰਾਂ ਵਿਚਾਲੇ ਮਿਲਵਰਤਣ ਹੈ, ਜੇਕਰ ਇਹ ਮਿਲਵਰਤਣ ਸਿਲਸਿਲੇਵਾਰ ਢੰਗ ਨਾਲ਼ ਨਹੀਂ ਕੀਤੀ ਜਾਂਦੀ ਤਾਂ ਕਮਿਊਨਿਸਟ ਪਾਰਟੀ ਬੇਅਰਥ ਹੋਵੇਗੀ ਅਤੇ ਪ੍ਰੋਲੇਤਾਰੀਆਂ ਦੀ ਡਿਕਟੇਟਰੀ ਦਾ ਬਿਲਕੁਲ ਹੀ ਸਵਾਲ ਪੈਦਾ ਨਹੀਂ ਹੋਵੇਗਾ। ਜੇਕਰ ਸਾਡੇ ਇਟਲੀ ਦੇ ਕਾਮਰੇਡ ਵਧੇਰੇ ਮੰਨਣਯੋਗ ਦਲੀਲਾਂ ਪੇਸ਼ ਨਹੀਂ ਕਰ ਸਕਦੇ, ਸਾਨੂੰ ਇਸ ਸਵਾਲ ਨੂੰ ਬਾਅਦ ਵਿੱਚ ਇੱਥੇ ਹੀ, ਉਨ੍ਹਾਂ ਗੱਲਾਂ ਦੇ ਅਧਾਰ 'ਤੇ ਨਜਿੱਠਣਾ ਪਵੇਗਾ, ਜਿਹੜੀਆਂ ਅਸੀਂ ਜਾਣਦੇ ਹਾਂ – ਅਤੇ ਅਸੀਂ ਇਸ ਸਿੱਟੇ 'ਤੇ ਪੁੱਜਾਂਗੇ ਕਿ ਗਠਜੋੜ ਸਹੀ ਦਾਅਪੇਚ ਹੈ।

ਕਾਮਰੇਡ ਟੈਨਰ ਅਤੇ ਰਾਮਸੇ ਸਾਨੂੰ ਦੱਸਦੇ ਹਨ ਕਿ ਬਰਤਾਨਵੀ ਕਮਿਊਨਿਸਟਾਂ ਦੀ ਬਹੁਗਿਣਤੀ ਇਸ ਸਬੰਧ ਨੂੰ ਪ੍ਰਵਾਨ ਨਹੀਂ ਕਰੇਗੀ। ਪਰ ਕੀ ਸਾਨੂੰ ਸਦਾ ਬਹੁਗਿਣਤੀ ਨਾਲ਼ ਸਹਿਮਤ ਹੋਣਾ ਚਾਹੀਦਾ ਹੈ ? ਬਿਲਕੁਲ ਨਹੀਂ। ਜੇਕਰ ਉਹ ਹਾਲੇ ਇਹ ਨਹੀਂ ਸਮਝੇ ਕਿ ਸਹੀ ਦਾਅਪੇਚ ਕੀ ਹਨ, ਤਾਂ ਸ਼ਾਇਦ ਹਾਲੇ ਉਡੀਕਣਾ ਬਿਹਤਰ ਹੋਵੇਗਾ। ਹਾਲ ਦੀ ਘੜੀ ਦੋਹਾਂ ਪਾਰਟੀਆਂ ਦੀ ਇੱਕੋ ਹੀ ਸਮੇਂ ਹੋਂਦ ਵੀ, ਇਸ ਸਵਾਲ ਦਾ ਉੱਤਰ ਦੇਣ ਨਾਲ਼ੋਂ ਬਿਹਤਰ ਰਹੇਗੀ ਕਿ ਕਿਹੜੇ ਦਾਅਪੇਚ ਸਹੀ ਹਨ। ਨਿਸ਼ਚੇ ਹੀ, ਕਾਂਗਰਸ ਦੇ ਸਾਰੇ ਡੈਲੀਗੇਟਾਂ ਅਤੇ ਇੱਥੇ ਪੇਸ਼ ਕੀਤੀਆਂ ਗਈਆਂ ਦਲੀਲਾਂ ਦੇ ਤਜ਼ਰਬੇ 'ਤੇ ਅਮਲ ਕਰਦੇ ਹੋਏ, ਤੁਸੀਂ ਇੱਥੇ ਮਤਾ ਪਾਸ ਕਰਨ ਲਈ ਜ਼ੋਰ ਨਹੀਂ ਦਿਓਗੇ, ਜਿਹੜਾ ਹਰ ਦੇਸ਼ ਵਿੱਚ ਇੱਕੋ ਕਮਿਊਨਿਸਟ ਪਾਰਟੀ ਕਾਇਮ ਕਰਨ ਦਾ ਸੱਦਾ ਦੇਵੇ। ਇਹ ਅਸੰਭਵ ਹੈ। ਪਰ ਅਸੀਂ ਸਪੱਸ਼ਟਤਾ ਨਾਲ਼ ਆਪਣੀ ਰਾਏ ਦੇ ਸਕਦੇ ਹਾਂ ਅਤੇ ਨਿਰਦੇਸ਼ ਦੇ ਸਕਦੇ ਹਾਂ। ਸਾਨੂੰ ਬਰਤਾਨਵੀ ਡੈਲੀਗੇਸ਼ਨ ਵੱਲੋਂ ਉਠਾਇਆ ਗਿਆ ਸਵਾਲ ਵਿਸ਼ੇਸ਼ ਕਮਿਸ਼ਨ ਵਿੱਚ ਵਿਚਾਰਨਾ ਚਾਹੀਦਾ ਹੈ ਅਤੇ ਫੇਰ ਅਸੀਂ ਕਹਾਂਗੇ: ਲੇਬਰ ਪਾਰਟੀ ਨਾਲ਼ ਸਬੰਧ ਸਹੀ ਦਾਅਪੇਚ ਹੈ। ਜੇਕਰ ਬਹੁਗਿਣਤੀ ਇਸ ਦੇ ਵਿਰੁੱਧ ਹੈ, ਸਾਨੂੰ ਵੱਖਰੀ ਘੱਟਗਿਣਤੀ ਜਥੇਬੰਦ ਕਰਨੀ ਚਾਹੀਦੀ ਹੈ। ਇਸ ਦਾ ਬਹੁਤ ਸਿੱਖਿਆਦਾਇਕ ਲਾਭ ਹੋਵੇਗਾ। ਜੇਕਰ ਬਰਤਾਨਵੀ ਮਜ਼ਦੂਰਾਂ ਦੀ ਵੱਡੀ ਹਾਲੇ ਵੀ ਪੁਰਾਣੇ ਦਾਅਪੇਚਾਂ ਵਿੱਚ ਵਿਸ਼ਵਾਸ ਰੱਖਦੀ ਹੈ, ਸਾਨੂੰ ਆਪਣੇ ਸਿੱਟਿਆਂ 'ਤੇ ਅਗਲੀ ਕਾਂਗਰਸ ਵਿੱਚ ਵਿਚਾਰ ਕਰਨੀ ਚਾਹੀਦੀ ਹੈ। ਪਰ ਅਸੀਂ ਇਹ ਨਹੀਂ ਕਹਿ ਸਕਦੇ ਕਿ ਇਹ ਸਵਾਲ ਸਿਰਫ਼ ਬਰਤਾਨੀਆ ਨਾਲ਼ ਸਬੰਧ ਰੱਖਦਾ ਹੈ – ਇਸ ਦਾ ਅਰਥ ਦੂਜੀ ਇੰਟਰਨੈਸ਼ਨਲ ਦੀਆਂ ਸਭ ਤੋਂ ਭੈੜੀਆਂ ਆਦਤਾਂ ਦੀ ਨਕਲ ਕਰਨਾ ਹੋਵੇਗਾ। ਸਾਨੂੰ ਆਪਣੀ ਰਾਏ ਸਪੱਸ਼ਟ ਤੌਰ 'ਤੇ ਦੇਣੀ ਚਾਹੀਦੀ ਹੈ। ਜੇਕਰ ਬਰਤਾਨਵੀ ਕਮਿਊਨਿਸਟ ਕਿਸੇ ਸਮਝੌਤੇ 'ਤੇ ਨਹੀਂ ਅਪੜਦੇ ਅਤੇ ਜੇਕਰ ਜਨਤਕ ਪਾਰਟੀ ਕਾਇਮ ਕੀਤੀ ਜਾਂਦੀ ਹੈ ਤਾਂ ਇੱਕ ਜਾਂ ਦੂਜੇ ਪਾਸੇ ਦੁਫੇੜ ਲਾਜ਼ਮੀ ਹੈ।[1]

---

1. **ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਦੇ ਬੁਲੇਟਿਨ** ਨੰ. 5 ਨੇ ਇਸ ਤਕਰੀਰ ਦੇ ਆਖ਼ਰੀ ਫ਼ਿਕਰੇ ਇੰਝ ਦਿੱਤੇ:

"ਸਾਨੂੰ ਆਪਣੀ ਰਾਏ ਸਪੱਸ਼ਟਤਾ ਨਾਲ਼ ਦੇਣੀ ਚਾਹੀਦੀ ਹੈ, ਭਾਵੇਂ ਇਹ ਕੁਝ ਵੀ ⇨

**ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਦਾ ਬੁਲੇਟਿਨ ਨੰ**. 5,
5 ਅਗਸਤ, 1920.

**ਸਮੁੱਚੀਆਂ ਲਿਖਤਾਂ**,
ਜਿਲਦ 31, ਸਫ਼ੇ 235–39.

---

ਹੋਵੇ। ਜੇਕਰ ਬਰਤਾਨਵੀ ਕਮਿਊਨਿਸਟ ਜਨਤਕ ਲਹਿਰ ਦੀ ਜਥੇਬੰਦੀ ਦੇ ਸਵਾਲ ’ਤੇ ਕਿਸੇ ਸਮਝੌਤੇ ’ਤੇ ਨਹੀਂ ਅਪੜਦੇ ਅਤੇ ਜੇਕਰ ਇਸ ਸਵਾਲ ’ਤੇ ਦੁਫੇੜ ਪੈਦਾ ਹੋ ਜਾਂਦੀ ਹੈ, ਤਾਂ ਜਨਤਕ ਲਹਿਰ ਦੀ ਜਥੇਬੰਦੀ ਨੂੰ ਰੱਦ ਕਰਨ ਦੀ ਥਾਂ ਦੁਫੇੜ ਬਿਹਤਰ ਹੈ। ਪਹਿਲਾਂ ਵਾਲ਼ੀ ਹਫੜਾ ਦਫੜੀ ’ਤੇ ਰਹਿਣ ਨਾਲ਼ੋਂ ਨਿਸ਼ਚਿਤ ਅਤੇ ਕਾਫ਼ੀ ਸਾਫ਼ ਦਾਅਪੇਚਾਂ ਅਤੇ ਵਿਚਾਰਧਾਰਾ ’ਤੇ ਆਉਣਾ ਬਿਹਤਰ ਹੈ।” —**ਸੰਪਾ.**

# ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ ਵਿੱਚ ਕੌਮੀ ਅਤੇ ਬਸਤੀਵਾਦੀ ਸਵਾਲਾਂ ਬਾਰੇ ਕਮਿਸ਼ਨ ਦੀ ਰਿਪੋਰਟ

26 ਜੁਲਾਈ, 1920

ਸਾਥੀਓ, ਮੈਂ ਆਪਣੇ ਆਪ ਨੂੰ ਸੰਖੇਪ ਜਾਣ ਪਹਿਚਾਣ ਤੱਕ ਹੀ ਸੀਮਤ ਰੱਖਾਂਗਾ, ਜਿਸ ਮਗਰੋਂ ਕਾਮਰੇਡ ਮਾਰਿੰਗ, ਜਿਹੜੇ ਕਿ ਸਾਡੇ ਕਮਿਸ਼ਨ ਦੇ ਸਕੱਤਰ ਹਨ, ਸਾਡੇ ਵੱਲੋਂ ਥੀਸਸ ਵਿੱਚ ਕੀਤੀਆਂ ਤਬਦੀਲੀਆਂ ਬਾਰੇ ਵੇਰਵੇ ਨਾਲ਼ ਦੱਸਣਗੇ। ਉਨ੍ਹਾਂ ਤੋਂ ਬਾਅਦ ਕਾਮਰੇਡ ਰੌਏ ਆਉਣਗੇ, ਜਿਨ੍ਹਾਂ ਨੇ ਸਪਲੀਮੈਂਟਰੀ ਥੀਸਸ ਲਿਖਿਆ ਹੈ। ਸਾਡੇ ਕਮਿਸ਼ਨ ਨੇ ਦੋਹਾਂ ਮੁਢਲੇ ਥੀਸਸ[1] ਨੂੰ ਸੋਧੇ ਹੋਏ ਰੂਪ ਵਿੱਚ ਅਤੇ ਸਪਲੀਮੈਂਟਰੀ ਥੀਸਸ ਨੂੰ ਪ੍ਰਵਾਨ ਕਰ ਲਿਆ ਹੈ। ਇਸ ਤਰ੍ਹਾਂ ਸਾਡੇ ਸਭ ਮੁੱਖ ਮਸਲਿਆਂ ਬਾਰੇ ਇੱਕ ਰਾਏ ਹੋ ਗਈ ਹੈ। ਹੁਣ ਮੈਂ ਕੁਝ ਸੰਖੇਪ ਵਿਚਾਰ ਰੱਖਾਂਗਾ।

ਪਹਿਲਾਂ, ਸਾਡੇ ਥੀਸਸਾਂ ਵਿਚਲਾ ਮੁੱਖ ਵਿਚਾਰ ਕੀ ਹੈ ? ਇਹ ਦੱਬੇ ਕੁਚਲੇ ਜਾਂਦੇ ਅਤੇ ਦਬਾਉਣ ਵਾਲ਼ੇ ਦੇਸ਼ਾਂ ਵਿਚਾਲੇ ਵਖਰੇਵਾਂ ਕਰਨਾ ਹੈ। ਇਸ ਸਾਮਰਾਜਵਾਦ ਦੇ ਦੌਰ ਵਿੱਚ, ਪ੍ਰੋਲੇਤਾਰੀਆਂ ਅਤੇ ਕਮਿਊਨਿਸਟ ਇੰਟਰਨੈਸ਼ਨਲ ਲਈ ਇਹ ਗੱਲ ਵਿਸ਼ੇਸ਼ ਮਹੱਤਵ ਰੱਖਦੀ ਹੈ ਕਿ ਉਹ ਠੋਸ ਆਰਥਕ ਤੱਥ ਇਕੱਠੇ ਕਰਨ ਅਤੇ ਸਾਰੀਆਂ ਬਸਤੀਵਾਦੀ ਅਤੇ ਕੌਮੀ ਸਮੱਸਿਆਵਾਂ ਵਿੱਚ ਠੋਸ ਹਕੀਕਤਾਂ ਤੋਂ ਅੱਗੇ ਤੁਰਨ ਨਾ ਕਿ ਧੁੰਦਲੀਆਂ ਗੱਲਾਂ ਤੋਂ।

ਜਿਵੇਂ ਕਿ ਅਸੀਂ ਹੁਣ ਦੇਖਦੇ ਹਾਂ, ਸਾਮਰਾਜਵਾਦ ਦਾ ਵਿਸ਼ੇਸ਼ ਖਾਸਾ ਇਸ ਗੱਲ ਵਿੱਚ ਹੈ ਕਿ ਸਮੁੱਚਾ ਸੰਸਾਰ ਇਸ ਸਮੇਂ ਵੱਡੀ ਗਿਣਤੀ 'ਚ ਦੱਬੇ ਕੁਚਲੇ ਲੋਕਾਂ ਅਤੇ ਨਿਗੂਣੀ ਗਿਣਤੀ 'ਚ ਲੋਟੂ ਦੇਸ਼ਾਂ ਵਿੱਚ ਵੰਡਿਆ ਗਿਆ ਹੈ ਅਤੇ ਮਗਰਲੇ ਪਾਸ ਬੇਅੰਤ ਦੌਲਤ ਅਤੇ ਮਜ਼ਬੂਤ ਹਥਿਆਰਬੰਦ ਫੌਜਾਂ ਹਨ। ਸੰਸਾਰ ਦੀ ਜਨਸੰਖਿਆ ਵੀ ਵੱਡੀ ਬਹੁਗਿਣਤੀ, 10 ਅਰਬ ਤੋਂ ਵੀ ਵੱਧ, ਸ਼ਾਇਦ ਸਾਢੇ ਬਾਰਾਂ ਅਰਬ ਤੱਕ ਵੀ, ਜੇਕਰ ਅਸੀਂ ਸੰਸਾਰ ਦੀ ਕੁੱਲ ਜਨਸੰਖਿਆ 17.50 ਅਰਬ ਮੰਨੀਏ, ਦੂਜੇ ਸ਼ਬਦਾਂ ਵਿੱਚ ਸੰਸਾਰ ਜਨ-ਸੰਖਿਆ ਦਾ 70 ਫੀਸਦੀ, ਦੱਬੇ ਕੁਚਲੇ ਦੇਸ਼ਾਂ ਨਾਲ਼ ਸਬੰਧ ਰੱਖਦਾ ਹੈ, ਜਿਹੜੇ ਜਾਂ ਤਾਂ ਸਿੱਧੇ ਬਸਤੀਵਾਦੀ ਹਕੂਮਤ ਹੇਠ ਹਨ ਜਾਂ ਨੀਮ-ਬਸਤੀਆਂ ਵਿੱਚ, ਜਿਵੇਂ ਮਿਸਾਲ ਵਜੋਂ ਪਰਸ਼ੀਆ, ਤੁਰਕੀ ਅਤੇ ਚੀਨ ਹਨ, ਜਾਂ ਫਿਰ ਵੱਡੀ ਸਾਮਰਾਜੀ ਸ਼ਕਤੀ ਵੱਲੋਂ ਜਿੱਤਣ ਤੋਂ ਮਗਰੋਂ, ਅਮਨ ਸੰਧੀਆ ਕਾਰਨ ਉਸ ਤਾਕਤ ਉੱਤੇ ਵੱਡੀ ਪੱਧਰ 'ਤੇ ਨਿਰਭਰ ਹੋ ਗਏ ਹਨ। ਵਖਰੇਵਾਂ ਕਰਨ, ਕੌਮਾਂ ਦੀ ਦੱਬੀਆਂ ਕੁਚਲੀਆਂ ਤੇ ਲੁਟੇਰੀਆਂ ਵਿੱਚ ਵੰਡਣ ਦਾ ਇਹ ਵਿਚਾਰ ਨਾ ਸਿਰਫ ਮੇਰੇ ਦਸਤਖ਼ਤਾਂ ਹੇਠ ਛਪੇ ਪਹਿਲੇ ਥੀਸਸ ਵਿੱਚ ਵੀ ਦਰਜ ਹੈ, ਸਗੋਂ ਕਾਮਰੇਡ ਰੌਏ ਵੱਲੋਂ ਪੇਸ਼ ਥੀਸਸਾਂ ਵਿੱਚ ਵੀ

1. ਦੇਖੋ, **ਸਮੁੱਚੀਆਂ ਲਿਖਤਾਂ**, ਜਿਲਦ 31, ਸਫ਼ੇ 144-51. **-ਸੰਪਾ.**

ਹੈ। ਮਗਰਲਾ ਥੀਸਸ ਮੁੱਖ ਤੌਰ 'ਤੇ ਭਾਰਤ ਅਤੇ ਬਰਤਾਨਵੀ ਜੂਲੇ ਹੇਠਲੇ ਹੋਰ ਵੱਡੇ ਏਸ਼ੀਆਈ ਦੇਸ਼ਾਂ ਦੇ ਨੁਕਤਾ-ਨਿਗਾਹ ਤੋਂ ਲਿਖਿਆ ਗਿਆ ਸੀ। ਇਸੇ ਗੱਲ ਵਿੱਚ ਉਹਨਾਂ ਦੀ ਸਾਡੇ ਲਈ ਮਹੱਤਤਾ ਹੈ।

ਸਾਡੇ ਥੀਸਸ ਵਿੱਚ ਦੂਜਾ ਮੁਢਲਾ ਵਿਚਾਰ ਇਹ ਹੈ ਕਿ, ਸਾਮਰਾਜੀ ਜੰਗ ਤੋਂ ਬਾਅਦ ਸੰਸਾਰ ਦੀ ਮੌਜੂਦਾ ਸਥਿਤੀ ਵਿੱਚ, ਲੋਕਾਂ ਅਤੇ ਸੰਸਾਰ ਰਾਜਸੀ ਸਿਸਟਮ ਵਿਚਾਲੇ ਸਮੁੱਚੇ ਤੌਰ 'ਤੇ ਦੁਪਾਸੜ ਸਬੰਧਾਂ ਦਾ ਨਿਰਣਾ ਉਸ ਘੋਲ਼ ਤੋਂ ਪਤਾ ਲੱਗ ਜਾਂਦਾ ਹੈ, ਜਿਹੜਾ ਸਾਮਰਾਜੀ ਦੇਸ਼ਾਂ ਦੇ ਇੱਕ ਛੋਟੇ ਜਿਹੇ ਗਰੁੱਪ ਵੱਲੋਂ, ਸੋਵੀਅਤ ਰੂਸ ਦੀ ਅਗਵਾਈ ਹੇਠਲੀ ਸੋਵੀਅਤ ਲਹਿਰ ਅਤੇ ਸੋਵੀਅਤ ਰਾਜਾਂ ਵਿਰੁੱਧ ਚਲਾਇਆ ਜਾ ਰਿਹਾ ਹੈ। ਜਿੰਨਾ ਚਿਰ ਅਸੀਂ ਇਸ ਗੱਲ ਨੂੰ ਧਿਆਨ ਵਿੱਚ ਨਹੀਂ ਰੱਖਦੇ, ਤਾਂ ਅਸੀਂ ਕਿਸੇ ਇੱਕ ਵੀ ਕੌਮੀ ਜਾਂ ਬਸਤੀਵਾਦੀ ਸਮੱਸਿਆ ਨੂੰ ਸਹੀ ਤੌਰ 'ਤੇ ਵਿਚਾਰਨ ਦੇ ਸਮਰੱਥ ਨਹੀਂ ਹੋਵਾਂਗੇ, ਭਾਵੇਂ ਇਹ ਸਮੱਸਿਆ ਸੰਸਾਰ ਦੇ ਕਿਸੇ ਵੀ ਮਹੱਤਵਪੂਰਨ ਭਾਗ ਨਾਲ਼ ਕਿਉਂ ਨਾ ਸਬੰਧ ਰੱਖਦੀ ਹੋਵੇ। ਕਮਿਊਨਿਸਟ ਪਾਰਟੀਆਂ ਸੱਭਿਆ ਅਤੇ ਪੱਛੜੇ, ਦੋਹਾਂ ਤਰ੍ਹਾਂ ਦੇ ਦੇਸ਼ਾਂ ਵਿੱਚ ਰਾਜਸੀ ਸਮੱਸਿਆਵਾਂ ਨੂੰ ਸਹੀ ਤੌਰ 'ਤੇ ਉਭਾਰ ਅਤੇ ਹੱਲ ਤਾਂ ਹੀ ਕਰ ਸਕਦੇ ਹਨ ਜੇਕਰ ਉਹ ਇਸ ਤੱਥ ਨੂੰ ਆਪਣਾ ਆਰੰਭ ਨੁਕਤਾ ਬਨਾਉਣ।

ਤੀਜੇ ਮੈਂ ਵਿਸ਼ੇਸ਼ ਤੌਰ 'ਤੇ ਪੱਛੜੇ ਦੇਸ਼ਾਂ ਵਿੱਚ ਬੁਰਜੂਆ ਡੈਮੋਕਰੈਟਿਕ ਲਹਿਰ ਦੇ ਸਵਾਲ ਉੱਤੇ ਜ਼ੋਰ ਦੇਣਾ ਚਾਹੁੰਦਾ ਹਾਂ। ਇਹ ਉਹ ਸਵਾਲ ਹੈ, ਜਿਸ ਨੇ ਕੁਝ ਮਤਭੇਦਾਂ ਨੂੰ ਜਨਮ ਦਿੱਤਾ ਹੈ। ਅਸੀਂ ਵਿਚਾਰ ਕੀਤਾ ਹੈ ਕਿ, ਕੀ ਅਸੂਲੀ ਅਤੇ ਸਿਧਾਂਤਕ ਤੌਰ 'ਤੇ, ਇਹ ਗੱਲ ਕਹਿਣੀ ਠੀਕ ਹੋਵੇਗੀ ਜਾਂ ਗਲਤ ਕਿ ਕਮਿਊਨਿਸਟ ਇੰਟਰਨੈਸ਼ਨਲ ਅਤੇ ਕਮਿਊਨਿਸਟ ਪਾਰਟੀਆਂ ਨੂੰ ਪੱਛੜੇ ਦੇਸ਼ਾਂ ਵਿੱਚ ਬੁਰਜੂਆ ਡੈਮੋਕਰੈਟਿਕ ਲਹਿਰ ਦੀ ਹਮਾਇਤ ਕਰਨੀ ਚਾਹੀਦੀ ਹੈ। ਵਿਚਾਰ ਵਟਾਂਦਰੇ ਮਗਰੋਂ, ਅਸੀਂ ਸਰਵ-ਸੰਮਤ ਫੈਸਲੇ 'ਤੇ ਪੁੱਜੇ ਹਾਂ ਕਿ "ਬੁਰਜੂਆ ਜਮਹੂਰੀ" ਲਹਿਰ ਦੀ ਥਾਂ ਕੌਮੀ ਇਨਕਲਾਬੀ ਲਹਿਰ ਦੀ ਗੱਲ ਕੀਤੀ ਜਾਵੇ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਕੋਈ ਵੀ ਕੌਮੀ ਲਹਿਰ ਸਿਰਫ਼ ਬੁਰਜੂਆ-ਜਮਹੂਰੀ ਲਹਿਰ ਹੀ ਹੋ ਸਕਦੀ ਹੈ। ਕਿਉਂਕਿ ਪੱਛੜੇ ਦੇਸ਼ਾਂ ਵਿੱਚ ਲੋਕਾਂ ਦੀ ਵਿਸ਼ਾਲ ਬਹੁਸੰਮਤੀ ਕਿਸਾਨਾਂ ਦੀ ਹੁੰਦੀ ਹੈ ਜਿਹੜੇ ਬੁਰਜੂਆ-ਸਰਮਾਏਦਾਰ ਸਬੰਧਾਂ ਦੀ ਤਰਜ਼ਮਾਨੀ ਕਰਦੇ ਹਨ। ਇਹ ਗੱਲ ਸਮਝਣਾ ਯੂਟੋਪੀਆ ਹੋਵੇਗੀ ਕਿ ਇਨ੍ਹਾਂ ਪੱਛੜੇ ਦੇਸ਼ਾਂ ਵਿੱਚ ਪ੍ਰੋਲੇਤਾਰੀ ਪਾਰਟੀਆਂ, ਜੇਕਰ ਉਹ ਇਨ੍ਹਾਂ ਦੇਸ਼ਾਂ ਵਿੱਚ ਕਾਇਮ ਹੋ ਸਕਦੀਆਂ ਹਨ, ਕਿਸਾਨੀ ਲਹਿਰ ਨਾਲ਼ ਦ੍ਰਿੜ ਸਬੰਧ ਕਾਇਮ ਕਰਨ ਤੋਂ ਬਿਨਾਂ ਅਤੇ ਇਸ ਨੂੰ ਅਸਰਦਾਰ ਮਦਦ ਦੇਣ ਤੋਂ ਬਿਨਾਂ, ਕਮਿਊਨਿਸਟ ਦਾਅਪੇਚ ਅਤੇ ਕਮਿਊਨਿਸਟ ਨੀਤੀ ਅਪਣਾ ਸਕਦੀਆਂ ਹਨ। ਇਹ ਇਤਰਾਜ਼ ਉਠਾਏ ਗਏ ਹਨ ਕਿ, ਜੇਕਰ ਅਸੀਂ ਬੁਰਜੂਆ ਜਮਹੂਰੀ ਲਹਿਰ ਦੀ ਗੱਲ ਕਰਾਂਗੇ ਤਾਂ ਅਸੀਂ ਸੁਧਾਰਵਾਦੀ ਅਤੇ ਇਨਕਲਾਬੀ ਲਹਿਰਾਂ ਦਰਮਿਆਨ ਸਭ ਵਖਰੇਵਿਆਂ ਨੂੰ ਨਜ਼ਰ-ਅੰਦਾਜ਼ ਕਰ ਰਹੇ ਹੋਵਾਂਗੇ। ਪਰ, ਤਾਜ਼ਾ ਸਮੇਂ ਵਿੱਚ ਪੱਛੜੇ ਅਤੇ ਬਸਤੀ ਦੇਸ਼ਾਂ ਵਿੱਚ ਇਹ ਵਖਰੇਵਾਂ ਸਾਫ਼ ਤੌਰ 'ਤੇ ਜ਼ਾਹਰ ਹੋਇਆ ਹੈ, ਕਿਉਂਕਿ ਸਾਮਰਾਜੀ ਬੁਰਜੂਆਜ਼ੀ ਆਪਣੀ ਤਾਕਤ ਦੀ ਵਰਤੋਂ ਨਾਲ਼ ਦੱਬੇ

ਕੁਚਲੇ ਦੇਸ਼ਾਂ ਵਿੱਚ ਵੀ ਸੁਧਾਰਵਾਦੀ ਲਹਿਰ ਠੋਸਣ ਲਈ ਯਤਨ ਕਰ ਰਹੀ ਹੈ। ਲੋਟੂ ਦੇਸ਼ਾਂ ਅਤੇ ਲੁਟੀਂਦੇ ਦੇਸ਼ਾਂ ਦੀ ਬੁਰਜੂਆਜ਼ੀ ਵਿਚਾਲੇ ਕਿਸੇ ਕਿਸਮ ਦਾ **ਅਜਿਹਾ ਗਠਜੋੜ ਹੈ**, ਕਿ ਕਈ ਵਾਰੀ – ਸ਼ਾਇਦ ਬਹੁਤ ਸਾਰੇ ਮਾਮਲਿਆਂ ਵਿੱਚ – ਦੱਬੇ ਕੁਚਲੇ ਦੇਸ਼ਾਂ ਦੀ ਬੁਰਜੂਆਜ਼ੀ, ਜਦੋਂ ਕਿ ਇਹ ਕੌਮੀ ਲਹਿਰ ਦੀ ਮਦਦ ਕਰਦੀ ਹੈ, ਦਾ ਸਾਮਰਾਜੀ ਬੁਰਜੂਆਜ਼ੀ ਨਾਲ਼ ਵੀ ਪੂਰਾ ਸਮਝੌਤਾ ਹੁੰਦਾ ਹੈ, ਅਰਥਾਤ ਇਹ ਸਭ ਇਨਕਲਾਬੀ ਲਹਿਰਾਂ ਅਤੇ ਇਨਕਲਾਬੀ ਜਮਾਤਾਂ ਵਿਰੁੱਧ ਇਸ ਨਾਲ਼ ਰਲ਼ ਜਾਂਦੀ ਹੈ। ਇਹ ਗੱਲ ਕਮਿਸ਼ਨ ਵਿੱਚ ਅੱਰਦ ਢੰਗ ਨਾਲ਼ ਸਾਬਤ ਹੋ ਗਈ ਸੀ ਅਤੇ ਅਸੀਂ ਫੈਸਲਾ ਕੀਤਾ ਕਿ ਸਿਰਫ਼ ਸਹੀ ਵਤੀਰਾ ਹੀ ਇਸ ਵਖਰੇਵੇਂ ਦਾ ਧਿਆਨ ਰੱਖ ਸਕਦਾ ਹੈ ਅਤੇ ਲਗਭਗ ਸਾਰੇ ਮਾਮਲਿਆਂ ਵਿੱਚ "ਬੁਰਜੂਆ ਡੈਮੋਕਰੇਸੀ" ਦੀ ਥਾਂ "ਕੌਮੀ-ਇਨਕਲਾਬੀ" ਸ਼ਬਦ ਦੀ ਵਰਤੋਂ ਕਰ ਸਕਦਾ ਹੈ। ਇਸ ਤਬਦੀਲੀ ਦੀ ਮਹੱਤਤਾ ਇਹ ਹੈ ਕਿ, ਅਸੀਂ, ਕਮਿਊਨਿਸਟਾਂ ਵਜੋਂ, ਬਸਤੀਆਂ ਵਿੱਚ – ਬੁਰਜੂਆ ਮੁਕਤੀ ਲਹਿਰਾਂ ਦੀ, ਉਦੋਂ ਮਦਦ ਕਰਾਂਗੇ ਤੇ ਸਾਨੂੰ ਕਰਨੀ ਚਾਹੀਦੀ ਹੈ, ਜਦੋਂ ਇਹ ਹਕੀਕੀ ਤੌਰ 'ਤੇ ਇਨਕਲਾਬੀ ਹੋਣ ਅਤੇ ਜਦੋਂ ਉਹਨਾਂ ਲਹਿਰਾਂ ਵਿੱਚ ਸ਼ਾਮਲ ਲੋਕ ਕਿਸਾਨੀ ਅਤੇ ਲੁਟੀਂਦੀ ਜਨਤਾ ਨੂੰ ਇਨਕਲਾਬੀ ਭਾਵਨਾ ਨਾਲ਼ ਸਿੱਖਿਆ ਦੇਣ ਅਤੇ ਜਥੇਬੰਦ ਕਰਨ ਦੇ ਸਾਡੇ ਕੰਮ ਵਿੱਚ ਰੁਕਾਵਟ ਨਹੀਂ ਬਣਦੇ। ਜੇਕਰ ਅਜਿਹੀਆਂ ਸਥਿਤੀਆਂ ਹੋਂਦ ਵਿੱਚ ਨਹੀਂ ਹਨ ਤਾਂ ਇਨ੍ਹਾਂ ਦੇਸ਼ਾਂ ਵਿਚਲੇ ਕਮਿਊਨਿਸਟਾਂ ਨੂੰ ਸੋਧਵਾਦੀ ਬੁਰਜੂਆਜ਼ੀ ਵਿਰੁੱਧ ਘੋਲ਼ ਕਰਨਾ ਚਾਹੀਦਾ ਹੈ, ਜਿਨ੍ਹਾਂ ਨਾਲ਼ ਕਿ ਦੂਜੀ ਇੰਟਰਨੈਸ਼ਨਲ ਦੇ ਹੀਰੋ ਵੀ ਸਬੰਧ ਰੱਖਦੇ ਹਨ। ਸੁਧਾਰਵਾਦੀ ਪਾਰਟੀਆਂ ਪਹਿਲਾਂ ਹੀ ਬਸਤੀਵਾਦੀ ਦੇਸ਼ਾਂ ਵਿੱਚ ਹੋਂਦ ਵਿੱਚ ਹਨ ਅਤੇ ਕੁਝ ਮਾਮਲਿਆਂ ਵਿੱਚ ਉਨ੍ਹਾਂ ਦੇ ਬੁਲਾਰੇ ਆਪਣੇ ਆਪ ਨੂੰ ਸੋਸ਼ਲ-ਡੈਮੋਕਰੈਟ ਅਤੇ ਸੋਸ਼ਲਿਸਟ ਕਹਿੰਦੇ ਹਨ। ਜਿਸ ਵਖਰੇਵੇਂ ਦਾ ਜ਼ਿਕਰ ਕੀਤਾ ਹੈ, ਉਹ ਸਾਰੇ ਥੀਸਸਾਂ ਵਿੱਚ, ਮੇਰਾ ਖਿਆਲ ਹੈ ਇਸ ਸਿੱਟੇ ਨਾਲ਼ ਦਰਜ ਹੈ ਕਿ ਸਾਡਾ ਨਜ਼ਰੀਆ ਹੋਰ ਵਧੇਰੇ ਸੰਜਮ ਨਾਲ਼ ਕਾਇਮ ਕੀਤਾ ਗਿਆ ਹੈ।

ਅੱਗੇ, ਮੈਂ ਕਿਸਾਨਾਂ ਦੀਆਂ ਸੋਵੀਅਤਾਂ ਦੇ ਵਿਸ਼ੇ ਬਾਰੇ ਟਿੱਪਣੀ ਕਰਨਾ ਚਾਹਾਂਗਾ। ਸਾਬਕਾ ਜ਼ਾਰਵਾਦੀ ਬਸਤੀਆਂ, ਤੁਰਕਸਤਾਨ ਵਗੈਰਾ ਵਰਗੇ ਸੈਂਕੜੇ ਦੇਸ਼ਾਂ ਵਿੱਚ ਰੂਸੀ ਕਮਿਊਨਿਸਟਾਂ ਦੀਆਂ ਅਮਲੀ ਸਰਗਰਮੀਆਂ ਨਾਲ਼ ਸਾਡੇ ਸਾਹਮਣੇ ਇਹ ਸਵਾਲ ਆ ਗਿਆ ਹੈ ਕਿ ਸਰਮਾਏਦਾਰੀ ਤੋਂ ਪਹਿਲੇ ਸਮੇਂ ਦੌਰਾਨ ਕਮਿਊਨਿਸਟ ਦਾਅਪੇਚ ਕਿਵੇਂ ਅਪਣਾਏ ਜਾਣ। ਸਰਮਾਏਦਾਰੀ ਤੋਂ ਪਹਿਲਾਂ ਦੇ ਸਬੰਧਾਂ ਦਾ ਹਾਵੀ ਹੋਣਾ ਹਾਲੇ ਵੀ ਇਨ੍ਹਾਂ ਦੇਸ਼ਾਂ ਵਿੱਚ ਮੁੱਖ ਫੈਸਲਾਕੁੰਨ ਪੱਖ ਹੈ, ਇਸ ਲਈ ਉਨ੍ਹਾਂ ਵਿੱਚ ਨਿਰੋਲ ਪ੍ਰੋਲੇਤਾਰੀ ਲਹਿਰ ਦਾ ਕੋਈ ਸਵਾਲ ਨਹੀਂ। ਇਨ੍ਹਾਂ ਦੇਸ਼ਾਂ ਵਿੱਚ ਅਮਲੀ ਤੌਰ 'ਤੇ ਕੋਈ ਸਨਅਤੀ ਪ੍ਰੋਲੇਤਾਰੀਆਂ ਨਹੀਂ। ਫਿਰ ਵੀ, ਸਾਨੂੰ ਉੱਥੇ ਵੀ ਆਗੂ ਦਾ ਰੋਲ ਅਖ਼ਤਿਆਰ ਕਰਨਾ ਚਾਹੀਦਾ ਹੈ, ਅਸੀਂ ਆਗੂ ਦਾ ਰੋਲ ਅਖ਼ਤਿਆਰ ਕੀਤਾ ਹੈ। ਤਜ਼ਰਬੇ ਨੇ ਸਾਨੂੰ ਦਿਖਾਇਆ ਹੈ ਕਿ ਇਨ੍ਹਾਂ ਦੇਸ਼ਾਂ ਵਿੱਚ ਬਹੁਤ ਹੀ ਦਿਓਕੱਦ ਮੁਸ਼ਕਲਾਂ ਨੂੰ ਹੱਲ ਕਰਨਾ ਪੈਣਾ ਹੈ। ਪਰ, ਸਾਡੇ ਕੰਮ ਦੇ ਅਮਲੀ ਸਿੱਟਿਆਂ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਇਨ੍ਹਾਂ ਮੁਸ਼ਕਲਾਂ ਦੇ ਬਾਵਜੂਦ ਅਸੀਂ ਉੱਥੇ ਵੀ ਜਿੱਥੇ ਪ੍ਰੋਲੇਤਾਰੀਆਂ ਅਮਲੀ ਤੌਰ 'ਤੇ ਹੋਂਦ ਵਿੱਚ ਨਹੀਂ ਹੈ, ਜਨਤਾ ਵਿੱਚ ਅਜ਼ਾਦ ਰਾਜਸੀ ਸੋਚ ਅਤੇ ਅਜ਼ਾਦ

ਰਾਜਸੀ ਕਾਰਵਾਈ ਲਈ ਇੱਛਾ ਪੈਦਾ ਕਰਨ ਦੀ ਪੁਜ਼ੀਸ਼ਨ ਵਿੱਚ ਹਾਂ। ਇਹ ਕੰਮ ਸਾਡੇ ਲਈ ਉਸ ਨਾਲ਼ੋਂ ਵੱਧ ਔਖਾ ਹੈ ਜਿੰਨਾ ਪੱਛਮੀ ਯੂਰਪ ਦੇ ਦੇਸ਼ਾਂ ਦੇ ਕਾਮਰੇਡਾਂ ਲਈ ਔਖਾ ਹੋਵੇਗਾ, ਕਿਉਂਕਿ ਰੂਸ ਵਿੱਚ ਪ੍ਰੋਲੇਤਾਰੀਆਂ ਰਾਜਸੀ ਪ੍ਰਸ਼ਾਸਨ ਦੇ ਕੰਮ ਵਿੱਚ ਵੀ ਸ਼ਾਮਲ ਹੈ। ਇਹ ਗੱਲ ਤੇਜ਼ੀ ਨਾਲ਼ ਸਮਝ ਲਈ ਜਾਵੇਗੀ ਕਿ ਨੀਮ-ਜਗੀਰੂ ਆਸ਼ਰਤ ਕਿਸਾਨ ਅਸਾਨੀ ਨਾਲ਼ ਸੋਵੀਅਤ ਜਥੇਬੰਦੀ ਦੇ ਵਿਚਾਰ ਨੂੰ ਗ੍ਰਹਿਣ ਕਰ ਸਕਦੇ ਹਨ ਅਤੇ ਉਸ ਨੂੰ ਅਮਲੀ ਰੂਪ ਦੇ ਸਕਦੇ ਹਨ। ਇਸ ਸਬੰਧ ਵਿੱਚ ਸਾਡਾ ਤਜ਼ਰਬਾ ਹਾਲੇ ਕਾਫੀ ਨਹੀਂ ਹੋਇਆ ਹੈ। ਫਿਰ ਵੀ ਕਮਿਸ਼ਨ ਵਿੱਚ ਬਹਿਸ, ਜਿਸ ਵਿੱਚ ਬਸਤੀਵਾਦੀ ਦੇਸ਼ਾਂ ਦੇ ਕਈ ਪ੍ਰਤੀਨਿਧ ਸ਼ਾਮਲ ਹੋਏ, ਨੇ ਪ੍ਰਭਾਵ-ਪਾਊ ਢੰਗ ਨਾਲ਼ ਦਰਸਾ ਦਿੱਤਾ ਹੈ ਕਿ ਕਮਿਊਨਿਸਟ ਇੰਟਰਨੈਸ਼ਨਲ ਦੇ ਥੀਸਸ ਨੂੰ ਇਹ ਗੱਲ ਦੱਸਣੀ ਚਾਹੀਦੀ ਹੈ ਕਿ ਕਿਸਾਨਾਂ ਦੀਆਂ ਸੋਵੀਅਤਾਂ, ਲੁਟੀਂਦੇ ਲੋਕਾਂ ਦੀਆਂ ਸੋਵੀਅਤਾਂ ਅਜਿਹਾ ਹਥਿਆਰ ਹਨ, ਜਿਸ ਨੂੰ ਨਾ ਸਿਰਫ਼ ਸਰਮਾਏਦਾਰ ਦੇਸ਼ਾਂ ਵਿੱਚ ਹੀ, ਸਗੋਂ ਸਰਮਾਏਦਾਰੀ ਤੋਂ ਪਹਿਲਾਂ ਦੇ ਸਬੰਧਾਂ ਵਿੱਚ ਲਾਗੂ ਕੀਤਾ ਜਾ ਸਕਦਾ ਹੈ ਅਤੇ ਕਿ ਕਮਿਊਨਿਸਟ ਪਾਰਟੀਆਂ ਅਤੇ ਕਮਿਊਨਿਸਟ ਪਾਰਟੀਆਂ ਕਾਇਮ ਕਰਨ ਲਈ ਤਿਆਰ ਅਨਸਰਾਂ ਦਾ ਇਹ ਪੂਰਾ ਫ਼ਰਜ਼ ਹੈ ਕਿ ਹਰ ਥਾਂ, ਪੱਛੜੇ ਅਤੇ ਬਸਤੀਵਾਦੀ ਦੇਸ਼ਾਂ ਵਿੱਚ ਵੀ, ਕਿਸਾਨਾਂ ਦੀਆਂ ਸੋਵੀਅਤਾਂ ਅਤੇ ਮਿਹਨਤਕਸ਼ ਲੋਕਾਂ ਦੀਆਂ ਸੋਵੀਅਤਾਂ ਦੇ ਹੱਕ ਵਿੱਚ ਪ੍ਰਚਾਰ ਕੀਤਾ ਜਾਵੇ। ਜਿੱਥੇ ਵੀ ਹਾਲਤਾਂ ਆਗਿਆ ਦੇਣ, ਉਹਨਾਂ ਨੂੰ ਫੌਰਨ ਮਿਹਨਤਕਸ਼ ਲੋਕਾਂ ਦੀਆਂ ਸੋਵੀਅਤਾਂ ਕਾਇਮ ਕਰਨ ਲਈ ਯਤਨ ਕਰਨੇ ਚਾਹੀਦੇ ਹਨ।

ਇਸ ਨਾਲ਼ ਸਾਡੇ ਅਮਲੀ ਕੰਮ ਦਾ ਬਹੁਤ ਦਿਲਚਸਪ ਅਤੇ ਬਹੁਤ ਮਹੱਤਵਪੂਰਨ ਖੇਤਰ ਖੁੱਲ੍ਹਦਾ ਹੈ। ਹੁਣ ਤੱਕ ਇਸ ਸਬੰਧ ਵਿੱਚ ਸਾਡਾ ਸਾਂਝਾ ਤਜ਼ਰਬਾ ਬਹੁਤ ਵਿਸ਼ਾਲ ਨਹੀਂ ਸੀ, ਪਰ ਹੌਲ਼ੀ ਹੌਲ਼ੀ ਵੱਧ ਤੋਂ ਵੱਧ ਅੰਕੜੇ ਇਕੱਠੇ ਹੁੰਦੇ ਜਾਣਗੇ। ਇਸ ਗੱਲ 'ਤੇ ਕੋਈ ਕਿੰਤੂ ਨਹੀਂ ਕੀਤਾ ਜਾ ਸਕਦਾ ਹੈ ਕਿ ਵਿਕਸਤ ਦੇਸ਼ਾਂ ਦਾ ਪ੍ਰੋਲੇਤਾਰੀਆ ਪੱਛੜੇ ਦੇਸ਼ਾਂ ਦੀ ਮਿਹਨਤਕਸ਼ ਜਨਤਾ ਨੂੰ ਮਦਦ ਦੇ ਸਕਦਾ ਹੈ ਅਤੇ ਉਸ ਨੂੰ ਦੇਣੀ ਚਾਹੀਦੀ ਹੈ ਅਤੇ ਕਿ ਜਦੋਂ ਸੋਵੀਅਤ ਗਣਰਾਜ ਦੇ ਜੇਤੂ ਪ੍ਰੋਲੇਤਾਰੀਆਂ ਨੇ ਇਨ੍ਹਾਂ ਲੋਕਾਂ ਵੱਲ ਮਦਦ ਦਾ ਹੱਥ ਵਧਾਇਆ ਅਤੇ ਜਦੋਂ ਇਹ ਅਜਿਹਾ ਕਰਨ ਦੇ ਯੋਗ ਹੋਇਆ ਤਾਂ ਪੱਛੜੇ ਹੋਏ ਦੇਸ਼ ਵਿਕਾਸ ਦੇ ਉਨ੍ਹਾਂ ਦੇ ਮੌਜੂਦਾ ਪੜਾਅ ਤੋਂ ਅੱਗੇ ਵੱਧ ਜਾਣਗੇ।

ਕਮਿਸ਼ਨ ਵਿੱਚ ਇਸ ਸਵਾਲ ਬਾਰੇ ਕਾਫ਼ੀ ਜਾਨਦਾਰ ਬਹਿਸ ਹੋਈ, ਨਾ ਸਿਰਫ਼ ਉਸ ਥੀਸਸ ਬਾਰੇ ਜਿਹੜਾ ਮੈਂ ਲਿਖਿਆ ਹੈ ਸਗੋਂ ਇਸ ਤੋਂ ਵੀ ਵੱਧ ਕਾਮਰੇਡ ਰੌਏ ਦੇ ਥੀਸਸ ਬਾਰੇ, ਜਿਸ ਬਾਰੇ ਅਤੇ ਸਰਵ ਸੰਮਤੀ ਨਾਲ਼ ਪ੍ਰਵਾਨ ਕੀਤੀਆਂ ਕੁਝ ਤਰਮੀਮਾਂ ਬਾਰੇ, ਉਹ ਇੱਥੇ ਦੱਸਣਗੇ।

ਸਵਾਲ ਹੇਠ ਲਿਖੇ ਮੁਤਾਬਕ ਪੇਸ਼ ਕੀਤਾ ਗਿਆ: ਕੀ ਸਾਨੂੰ ਇਹ ਜਾਇਜ਼ਾ ਠੀਕ ਮੰਨਣਾ ਚਾਹੀਦਾ ਹੈ ਕਿ ਪੱਛੜੇ ਦੇਸ਼ਾਂ ਵਿੱਚ, ਜਿਹੜੇ ਕਿ ਹੁਣ ਬੰਦ-ਖਲਾਸੀ ਦੇ ਰਾਹ 'ਤੇ ਤੁਰੇ ਹੋਏ ਹਨ ਅਤੇ ਜਿਨ੍ਹਾਂ ਵਿੱਚ ਜੰਗ ਤੋਂ ਬਾਅਦ ਪ੍ਰਗਤੀ ਵੱਲ ਕੁਝ ਵੱਧਣ ਦੇ ਅਸਾਰ ਦੇਖੇ ਜਾ ਸਕਦੇ ਹਨ, ਆਰਥਕ ਵਿਕਾਸ ਦਾ ਸਰਮਾਏਦਾਰੀ ਪੜਾਅ ਲਾਜ਼ਮੀ ਹੈ ? ਅਸੀਂ ਨਾਂਹ ਵਿੱਚ

ਉੱਤਰ ਦਿੱਤਾ। ਜੇਕਰ ਜੇਤੂ ਪ੍ਰੋਲੇਤਾਰੀਆ ਉਨ੍ਹਾਂ ਵਿੱਚ ਸਿਲਸਿਲੇਵਾਰ ਢੰਗ ਨਾਲ਼ ਪ੍ਰਚਾਰ ਕਰਦਾ ਹੈ ਅਤੇ ਸੋਵੀਅਤ ਸਰਕਾਰਾਂ ਆਪਣੇ ਸਾਰੇ ਸਾਧਨਾਂ ਨਾਲ਼ ਉਸ ਦੀ ਮਦਦ 'ਤੇ ਆਉਂਦੀਆਂ ਹਨ – ਅਜਿਹਾ ਹੋਣ ਤੇ ਇਹ ਗੱਲ ਕਹਿਣੀ ਗਲਤੀ ਹੋਵੇਗੀ ਕਿ ਪੱਛੜੇ ਲੋਕਾਂ ਨੂੰ ਲਾਜ਼ਮੀ ਤੌਰ 'ਤੇ ਵਿਕਾਸ ਦੇ ਸਰਮਾਏਦਾਰੀ ਪੜਾਅ ਵਿੱਚੋਂ ਗੁਜ਼ਰਨਾ ਪਵੇਗਾ। ਨਾ ਸਿਰਫ਼ ਸਾਨੂੰ ਬਸਤੀਆਂ ਅਤੇ ਪੱਛੜੇ ਦੇਸ਼ਾਂ ਵਿੱਚ ਲੜਾਕਿਆਂ ਅਤੇ ਪਾਰਟੀ ਜਥੇਬੰਦੀਆਂ ਦੇ ਅਜ਼ਾਦ ਦਸਤੇ ਹੀ ਕਾਇਮ ਕਰਨੇ ਚਾਹੀਦੇ ਹਨ, ਨਾ ਸਿਰਫ਼ ਫੌਰੀ ਤੌਰ 'ਤੇ ਕਿਸਾਨਾਂ ਦੀਆਂ ਸੋਵੀਅਤਾਂ ਜਥੇਬੰਦ ਕਰਨ ਲਈ ਪ੍ਰਚਾਰ ਸ਼ੁਰੂ ਕਰਨਾ ਅਤੇ ਉਹਨਾਂ ਨੂੰ ਸਰਮਾਏਦਾਰੀ ਤੋਂ ਪਹਿਲਾਂ ਦੀਆਂ ਹਾਲਤਾਂ ਮੁਤਾਬਕ ਢਾਲਣ ਲਈ ਯਤਨ ਕਰਨਾ ਚਾਹੀਦਾ ਹੈ ਕਿ ਵਿਕਸਤ ਦੇਸ਼ਾਂ ਦੇ ਪ੍ਰੋਲੇਤਾਰੀਆਂ ਦੀ ਮਦਦ ਨਾਲ਼, ਪੱਛੜੇ ਦੇਸ਼ ਸੋਵੀਅਤ ਸਿਸਟਮ ਅਤੇ ਵਿਕਾਸ ਦੇ ਕੁਝ ਪੜਾਵਾਂ ਰਾਹੀਂ, ਸਰਮਾਏਦਾਰੀ ਪੜਾਅ ਵੱਲ ਜਾਣ ਤੋਂ ਬਿਨਾਂ, ਕਮਿਊਨਿਜ਼ਮ ਵੱਲ ਜਾ ਸਕਦੇ ਹਨ।

ਇਸ ਕੰਮ ਲਈ ਲੋੜੀਂਦੇ ਸਾਧਨਾਂ ਬਾਰੇ ਅਗਾਊਂ ਕੁਝ ਨਹੀਂ ਕਿਹਾ ਜਾ ਸਕਦਾ। ਇਹ ਅਮਲੀ ਤਜ਼ਰਬੇ ਰਾਹੀਂ ਪਤਾ ਲੱਗਣਗੇ। ਫਿਰ ਵੀ, ਇਹ ਗੱਲ ਨਿਸ਼ਚਿਤ ਤੌਰ 'ਤੇ ਸਿੱਧ ਹੋ ਚੁੱਕੀ ਹੈ ਕਿ ਸੋਵੀਅਤਾਂ ਦਾ ਵਿਚਾਰ ਦੂਰ ਦੁਰਾਡੇ ਦੇ ਦੇਸ਼ਾਂ ਦੇ ਮਜ਼ਦੂਰਾਂ ਦੇ ਸਮੂਹ ਵੱਲੋਂ ਸਮਝਿਆ ਜਾ ਚੁੱਕਾ ਹੈ, ਕਿ ਸੋਵੀਅਤਾਂ ਨੂੰ ਸਰਮਾਏਦਾਰੀ ਤੋਂ ਪਹਿਲਾਂ ਦੇ ਸਮਾਜੀ ਢਾਂਚੇ ਦੀਆਂ ਹਾਲਤਾਂ ਮੁਤਾਬਕ ਢਾਲ਼ਿਆ ਜਾਣਾ ਚਾਹੀਦਾ ਹੈ ਅਤੇ ਕਿ ਕਮਿਊਨਿਸਟ ਪਾਰਟੀਆਂ ਨੂੰ ਸੰਸਾਰ ਭਰ ਵਿੱਚ ਇਸ ਦਿਸ਼ਾ ਵਿੱਚ ਫੌਰੀ ਕੰਮ ਸ਼ੁਰੂ ਕਰਨਾ ਚਾਹੀਦਾ ਹੈ।

ਮੈਂ ਕਮਿਊਨਿਸਟ ਪਾਰਟੀਆਂ ਵੱਲੋਂ, ਨਾ ਸਿਰਫ਼ ਆਪਣੇ ਹੀ, ਸਗੋਂ ਬਸਤੀਵਾਦੀ ਦੇਸ਼ਾਂ ਵਿੱਚ ਅਤੇ ਖਾਸ ਕਰਕੇ ਲੋਟੂ ਦੇਸ਼ਾਂ ਵੱਲੋਂ ਬਸਤੀਆਂ ਦੇ ਲੋਕਾਂ ਨੂੰ ਅਧਿਕਾਰ ਹੇਠ ਹੋਰ ਰੱਖਣ ਲਈ ਨਿਯੁਕਤ ਫੌਜੀਆਂ ਵਿੱਚ ਵੀ, ਕੀਤੇ ਜਾਣ ਵਾਲ਼ੇ ਇਨਕਲਾਬੀ ਕੰਮ ਦੀ ਮਹੱਤਤਾ ਉੱਤੇ ਜ਼ੋਰ ਦੇਵਾਂਗਾ।

ਬਰਤਾਨਵੀ ਸੋਸ਼ਲਿਸਟ ਪਾਰਟੀ ਦੇ ਕਾਮਰੇਡ ਕੁਐਲਚ ਸਾਡੇ ਕਮਿਸ਼ਨ ਵਿੱਚ ਇਸ ਬਾਰੇ ਬੋਲੇ। ਉਨ੍ਹਾਂ ਕਿਹਾ ਕਿ ਬਰਤਾਨਵੀ ਮਜ਼ਦੂਰਾਂ ਦੀਆਂ ਸਫ਼ਾਂ, ਗੁਲਾਮ ਦੇਸ਼ਾਂ ਨੂੰ ਬਰਤਾਨਵੀ ਹਕੂਮਤ ਵਿਰੁੱਧ ਵਿਦਰੋਹ ਵਿੱਚ ਮਦਦ ਦੇਣ ਨੂੰ ਗੱਦਾਰੀ ਸਮਝਣਗੀਆਂ। ਸੱਚ ਹੈ ਬਰਤਾਨੀਆ ਤੇ ਅਮਰੀਕਾ ਦੇ ਜਿੰਗੋਵਾਦੀ ਅਤੇ ਸ਼ਾਵਨਿਸਟ ਕਿਰਤ–ਰਾਠ ਸੋਸ਼ਲਿਜ਼ਮ ਨੂੰ ਬਹੁਤ ਵੱਡਾ ਖਤਰਾ ਪੇਸ਼ ਕਰਦੇ ਹਨ ਅਤੇ ਉਹ ਦੂਜੀ ਇੰਟਰਨੈਸ਼ਨਲ ਦੇ ਸਰਗਰਮ ਸਮਰਥਕ ਹਨ। ਇੱਥੇ ਸਾਨੂੰ ਬੁਰਜੂਆ ਇੰਟਰਨੈਸ਼ਨਲ ਦੇ ਆਗੂਆਂ ਅਤੇ ਵਰਕਰਾਂ ਵੱਲੋਂ ਕਿਤੇ ਵੱਡੀ ਗੱਦਾਰੀ ਦਾ ਸਾਹਮਣਾ ਹੈ। ਬਸਤੀਵਾਦੀ ਸਵਾਲ 'ਤੇ ਦੂਜੀ ਇੰਟਰਨੈਸ਼ਨਲ ਵਿੱਚ ਵੀ ਵਿਚਾਰ ਕੀਤੀ ਗਈ ਸੀ। ਬਾਸਲੇ ਮੈਨੀਫੈਸਟੋ[1] ਵੀ ਇਸ ਸਵਾਲ ਬਾਰੇ ਸਾਫ ਹੈ।

---

1. **ਬਾਸਲੇ ਮੈਨੀਫੈਸਟੋ**, ਨਵੰਬਰ 1912 ਵਿੱਚ ਸੱਦੀ ਗਈ ਦੂਜੀ ਇੰਟਰਨੈਸ਼ਨਲ ਦੀ ਵਿਸ਼ੇਸ਼ ਕਾਂਗਰਸ ਵਿੱਚ, ਜਿਹੜੀ ਕਿ ਉਸ ਸਮੇਂ ਸ਼ੁਰੂ ਹੋਈ ਬਾਲਕਾਨ ਜੰਗ ਅਤੇ ਸੰਸਾਰ ਸਾਮਰਾਜੀ ਜੰਗ, ਜਿਸ ਦੀ ਉਸ ਸਮੇਂ ਤਿਆਰੀ ਹੋ ਰਹੀ ਸੀ, ਵਿਰੁੱਧ ਰੋਸ ਵਜੋਂ ਪਾਸ ਕੀਤਾ ਗਿਆ।

ਦੂਜੀ ਇੰਟਰਨੈਸ਼ਨਲ ਦੀਆਂ ਪਾਰਟੀਆਂ ਨੇ ਆਪਣੇ ਆਪ ਨੂੰ ਇਨਕਲਾਬੀ ਕਾਰਵਾਈ ਪ੍ਰਤੀ ਵਚਨਬੱਧ ਕੀਤਾ ਹੋਇਆ ਹੈ, ਪਰ ਉਨ੍ਹਾਂ ਨੇ ਹਕੀਕੀ ਇਨਕਲਾਬੀ ਕੰਮ ਜਾਂ ਲੁਟੀਂਦੇ ਅਤੇ ਨਿਰਭਰ ਦੇਸ਼ਾਂ ਨੂੰ, ਉਨ੍ਹਾਂ ਦੇ ਲੋਟੂ ਦੇਸ਼ਾਂ ਵਿਰੁੱਧ ਵਿਦਰੋਹ ਵਿੱਚ ਮਦਦ ਦਾ ਕੋਈ ਸੰਕੇਤ ਨਹੀਂ ਦਿੱਤਾ। ਮੇਰਾ ਖਿਆਲ ਹੈ ਕਿ ਇਹ ਗੱਲ ਉਨ੍ਹਾਂ ਬਹੁਤੀਆਂ ਪਾਰਟੀਆਂ ਉੱਤੇ ਵੀ ਲਾਗੂ ਹੁੰਦੀ ਹੈ ਜਿਹੜੀਆਂ ਦੂਜੀ ਇੰਟਰਨੈਸ਼ਨਲ ਵਿੱਚੋਂ ਨਿਕਲ ਆਈਆਂ ਹਨ ਅਤੇ ਤੀਜੀ ਇੰਟਰਨੈਸ਼ਨਲ ਵਿੱਚ ਸ਼ਾਮਲ ਹੋਣਾ ਚਾਹੁੰਦੀਆਂ ਹਨ। ਸਾਨੂੰ ਇਸ ਗੱਲ ਦਾ ਪਬਲਿਕ ਤੌਰ ’ਤੇ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਜੋ ਸਾਰੇ ਸੁਣ ਸਕਣ ਅਤੇ ਇਸ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਜੇਕਰ ਇਸ ਤੋਂ ਇਨਕਾਰ ਦਾ ਕੋਈ ਯਤਨ ਕੀਤਾ ਗਿਆ ਤਾਂ ਅਸੀਂ ਦੇਖਾਂਗੇ।

ਇਹ ਸਾਰੀਆਂ ਗੱਲਾਂ ਸਾਡੇ ਮਤਿਆਂ ਦਾ ਅਧਾਰ ਹਨ, ਜਿਹੜੇ ਬਿਨਾਂ ਸ਼ੱਕ ਲੰਬੇ ਹਨ, ਪਰ ਫਿਰ ਵੀ ਮੈਨੂੰ ਯਕੀਨ ਹੈ, ਲਾਹੇਵੰਦ ਸਾਬਤ ਹੋਣਗੇ ਅਤੇ ਕੌਮੀ ਅਤੇ ਬਸਤੀਵਾਦੀ ਸਵਾਲਾਂ ਦੇ ਸਬੰਧ ਵਿੱਚ ਹਕੀਕੀ ਇਨਕਲਾਬੀ ਕੰਮ ਦੇ ਵਿਕਾਸ ਅਤੇ ਜਥੇਬੰਦੀ ਨੂੰ ਅੱਗੇ ਵਧਾਉਣਗੇ ਅਤੇ ਇਹ ਸਾਡਾ ਅਮਲੀ ਕਾਰਜ ਹੈ।

**ਕਮਿਊਨਿਸਟ ਇੰਟਰਨੈਸ਼ਨਲ ਦੀ**
**ਦੂਜੀ ਕਾਂਗਰਸ ਦਾ ਬੁਲੇਟਿਨ ਨੰ.**
6., 7 ਅਗਸਤ, 1920

**ਸਮੁੱਚੀਆਂ ਲਿਖਤਾਂ,**
ਜਿਲਦ 31, ਸਫ਼ੇ 240–45

# ਆਸਟਰੀਆਈ ਕਮਿਊਨਿਸਟਾਂ ਨੂੰ ਖ਼ਤ

ਆਸਟਰੀਆਈ ਕਮਿਊਨਿਸਟ ਪਾਰਟੀ ਨੇ ਬੁਰਜੂਆ-ਜਮਹੂਰੀ ਪਾਰਲੀਮੈਂਟ ਦੀਆਂ ਚੋਣਾਂ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਹੈ। ਕਮਿਊਨਿਸਟ ਇੰਟਰਨੈਸ਼ਨਲ ਦੀ ਦੂਜੀ ਕਾਂਗਰਸ, ਜਿਹੜੀ ਹੁਣੇ ਜਿਹੇ ਖ਼ਤਮ ਹੋਈ ਹੈ, ਨੇ ਬੁਰਜੂਆ ਪਾਰਲੀਮੈਂਟਾਂ ਲਈ ਚੋਣਾਂ ਅਤੇ ਇਸ ਦੀਆਂ ਸਰਗਰਮੀਆਂ ਵਿੱਚ ਕਮਿਊਨਿਸਟਾਂ ਦੀ **ਸ਼ਮੂਲੀਅਤ** ਨੂੰ ਸਹੀ ਦਾਅਪੇਚਾਂ ਵਜੋਂ ਪ੍ਰਵਾਨ ਕੀਤਾ ਹੈ।

ਆਸਟਰੀਆਈ ਕਮਿਊਨਿਸਟ ਪਾਰਟੀ ਦੇ ਡੈਲੀਗੇਟਾਂ ਦੀਆਂ ਰਿਪੋਰਟਾਂ ਤੋਂ ਅੰਦਾਜ਼ਾ ਲਗਾਇਆਂ, ਮੈਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਕਮਿਊਨਿਸਟ ਇੰਟਰਨੈਸ਼ਨਲ ਦੇ ਫੈਸਲਿਆਂ ਨੂੰ ਪਾਰਟੀ ਦੇ ਫੈਸਲਿਆਂ ਤੋਂ ਉੱਪਰ ਰੱਖੇਗੀ।[1] ਇਸ ਬਾਰੇ ਵੀ ਸੰਦੇਹ ਨਹੀਂ ਕੀਤਾ ਜਾ ਸਕਦਾ ਕਿ ਆਸਟਰੀਆ ਦੇ ਸੋਸ਼ਲ-ਡੈਮੋਕਰੇਟ, ਸੋਸ਼ਲਿਜ਼ਮ ਦੇ ਉਹ ਗੱਦਾਰ ਜਿਹੜੇ ਬੁਰਜੂਆਜ਼ੀ ਵੱਲ ਚਲੇ ਗਏ, ਵੀ ਕਮਿਊਨਿਸਟ ਇੰਟਰਨੈਸ਼ਨਲ ਦੇ ਫੈਸਲੇ ਉੱਤੇ ਜੀਭਾਂ ਲਲਚਾਉਣਗੇ, ਜਿਹੜਾ ਫੈਸਲਾ ਕਿ ਆਸਟਰੀਆ ਦੀ ਕਮਿਊਨਿਸਟ ਪਾਰਟੀ ਦੇ ਬਾਈਕਾਟ ਦੇ ਫੈਸਲੇ ਦੇ ਉਲਟ ਹੈ। ਪਰ, ਨਿਸ਼ਚੇ ਹੀ, ਰਾਜਸੀ ਤੌਰ 'ਤੇ ਸੁਚੇਤ ਮਜ਼ਦੂਰ, ਆਸਟਰੀਆਈ ਸੋਸ਼ਲ-ਡੈਮੋਕਰੈਟਾਂ, ਸ਼ੀਦਮਾਨਾਂ ਅਤੇ ਨੋਸਕੇ, ਥਾਮਸਾਂ ਅਤੇ ਗੋਂਪਰਜ਼ ਦੇ ਸਹਿਯੋਗੀਆਂ ਦੀ ਕਮੀਨੀ ਮੁਸਕਰਾਹਟ ਵੱਲ ਕੋਈ ਧਿਆਨ ਨਹੀਂ ਦੇਣਗੇ। ਰੇਨਰ ਦੀ ਬੁਰਜੂਆਜ਼ੀ ਦੀ ਸੇਵਾ-ਭਾਵਨਾ ਨੇ ਇਸ ਨੂੰ ਕਾਫੀ ਨੰਗਿਆ ਕਰ ਦਿੱਤਾ ਹੈ ਅਤੇ ਸਾਰੇ ਦੇਸ਼ਾਂ ਵਿੱਚ ਦੂਜੀ ਯੈਲੋ ਇੰਟਰਨੈਸ਼ਨਲ ਦੇ ਹੀਰੋਆਂ ਪ੍ਰਤੀ ਮਜ਼ਦੂਰਾਂ ਦੀ ਨਫ਼ਰਤ ਲਗਾਤਾਰ ਵੱਧਦੀ ਜਾ ਰਹੀ ਹੈ ਅਤੇ ਫੈਲ ਰਹੀ ਹੈ।

ਆਸਟਰੀਆਈ ਸੋਸ਼ਲ-ਡੈਮੋਕਰੈਟ ਬੁਰਜੂਆ ਪਾਰਲੀਮੈਂਟ ਵਿੱਚ ਵੀ ਇਸੇ ਤਰ੍ਹਾਂ ਵਰਤਾਓ ਕਰ ਰਹੇ ਹਨ ਜਿਵੇਂ ਉਹ ਆਪਣੇ ਪ੍ਰੈੱਸ ਸਣੇ ਆਪਣੇ "ਕੰਮ" ਦੇ ਹੋਰ ਖੇਤਰਾਂ ਵਿੱਚ ਕਰ ਰਹੇ ਹਨ, ਪੈਟੀ-ਬੁਰਜੂਆਜ਼ੀ ਡੈਮੋਕਰੇਟਾਂ ਵਾਲ਼ੇ ਢੰਗ ਵਿੱਚ, ਜਿਹੜੇ ਸਿਰਫ਼ ਬੇਫੈਸਲੀ ਥਿੜਕਣ ਦੇ ਹੀ ਸਮਰੱਥ ਹਨ, ਜਦੋਂ ਕਿ ਅਸਲ ਵਿੱਚ ਸਮੁੱਚੇ ਤੌਰ 'ਤੇ ਸਰਮਾਏਦਾਰੀ ਜਮਾਤ ਉੱਤੇ ਨਿਰਭਰ ਕਰਦੇ ਹਨ। ਅਸੀਂ ਕਮਿਊਨਿਸਟ, ਬੁਰਜੂਆ ਪਾਰਲੀਮੈਂਟਾਂ ਵਿੱਚ ਇਸ ਲਈ ਦਾਖਲ ਹੁੰਦੇ ਹਾਂ ਤਾਂ ਜੋ ਅਸੀਂ ਉਹਨਾਂ ਦੇ ਹੀ ਪਲੇਟਫਾਰਮ ਤੋਂ ਇਨ੍ਹਾਂ ਪੂਰੀ ਤਰ੍ਹਾਂ ਕੁਰੱਪਟ ਸੰਸਥਾਵਾਂ ਵੱਲੋਂ, ਜਿਹੜੀਆਂ ਕਿ ਮਜ਼ਦੂਰਾਂ ਅਤੇ ਸਾਰੇ ਮਿਹਨਤਕਸ਼ ਲੋਕਾਂ ਨੂੰ ਠੱਗਦੀਆਂ ਹਨ, ਦਿੱਤੇ ਜਾਂਦੇ ਧੋਖੇ ਨੂੰ ਬੇਨਕਾਬ ਕਰ ਸਕੀਏ।

ਆਸਟਰੀਆ ਦੇ ਕਮਿਊਨਿਸਟਾਂ ਵੱਲੋਂ ਬੁਰਜੂਆ-ਪਾਰਲੀਮੈਂਟ ਵਿੱਚ ਭਾਗ ਲੈਣ ਵਿਰੁੱਧ ਇੱਕ ਦਲੀਲ ਵਧੇਰੇ ਇਹਤਿਹਾਤ ਵਾਲ਼ਾ ਧਿਆਨ ਮੰਗਦੀ ਹੈ। ਇਹ ਇਸ ਪ੍ਰਕਾਰ ਹੈ:

1. ਸਤੰਬਰ 1920 ਵਿੱਚ, ਆਸਟਰੀਆ ਦੀ ਕਮਿਊਨਿਸਟ ਪਾਰਟੀ ਦੀ ਕਾਨਫਰੰਸ ਨੇ ਪਾਰਲੀਮੈਂਟ ਲਈ ਚੋਣਾਂ ਦਾ ਬਾਈਕਾਟ ਕਰਨ ਦਾ ਪਹਿਲਾ ਫੈਸਲਾ ਰੱਦ ਕਰ ਦਿੱਤਾ। ਪਾਰਟੀ ਨੇ ਮਜ਼ਦੂਰ ਜਮਾਤ ਦੀ ਇਨਕਲਾਬੀ ਏਕਤਾ ਦੇ ਨਾਅਰੇ ਹੇਠਾਂ ਚੋਣਾਂ ਵਿੱਚ ਭਾਗ ਲਿਆ।

"ਪਾਰਲੀਮੈਂਟ ਕਮਿਊਨਿਸਟਾਂ ਲਈ ਸਿਰਫ਼ ਐਜੀਟੇਸ਼ਨ ਦੇ ਪਲੇਟਫਾਰਮ ਵਜੋਂ ਹੀ ਮਹੱਤਤਾ ਰੱਖਦੀ ਹੈ। ਇੱਥੇ, ਆਸਟਰੀਆ ਵਿੱਚ ਐਜੀਟੇਸ਼ਨ ਦੇ ਪਲੇਟਫਾਰਮ ਲਈ ਮਜ਼ਦੂਰ ਡਿਪਟੀਆਂ ਦੀ ਕੌਂਸਲ ਹੈ। ਇਸ ਲਈ ਅਸੀਂ ਬੁਰਜੂਆ ਪਾਰਲੀਮੈਂਟਾਂ ਲਈ ਚੋਣਾਂ ਵਿੱਚ ਭਾਗ ਲੈਣੋਂ ਇਨਕਾਰ ਕਰਦੇ ਹਾਂ। ਜਰਮਨੀ ਵਿੱਚ ਡਿਪਟੀਆਂ ਦੀ ਕੋਈ ਕੌਂਸਲ ਨਹੀਂ, ਜਿਸ ਦੇ ਇਤਬਾਰ ਕੀਤਾ ਜਾ ਸਕੇ। ਇਸੇ ਲਈ ਜਰਮਨ ਕਮਿਊਨਿਸਟ ਵੱਖਰੇ ਦਾਅਪੇਚ ਅਪਣਾ ਰਹੇ ਹਨ।"

ਮੈਂ ਇਸ ਦਲੀਲ ਨੂੰ ਦੋਸ਼-ਪੂਰਨ ਸਮਝਦਾ ਹਾਂ। ਜਿੰਨੀ ਦੇਰ ਤੱਕ ਅਸੀਂ ਬੁਰਜੂਆ ਪਾਰਲੀਮੈਂਟਾਂ ਦਾ ਖਾਤਮਾ ਕਰਨ ਦੇ ਸਮਰੱਥ ਨਹੀਂ, ਸਾਨੂੰ ਇਸ ਦੇ ਬਿਨਾਂ ਅਤੇ ਇਸ ਦੇ ਅੰਦਰ, ਦੋਹੀਂ ਪਾਸੀਂ ਕੰਮ ਕਰਨਾ ਚਾਹੀਦਾ ਹੈ। ਜਿੰਨੀ ਦੇਰ ਅਤੇ ਜਿੰਨੇ ਵੱਧ ਮਿਹਨਤਕਸ਼ ਲੋਕਾਂ (ਨਾ-ਸਿਰਫ਼ ਪ੍ਰੋਲੇਤਾਰੀਆਂ, ਸਗੋਂ ਨੀਮ-ਪ੍ਰੋਲੇਤਾਰੀਆਂ ਅਤੇ ਛੋਟੇ ਕਿਸਾਨ ਵੀ) ਦਾ ਬੁਰਜੂਆਜ਼ੀ ਵੱਲੋਂ ਮਜ਼ਦੂਰਾਂ ਨੂੰ ਠੱਗਣ ਲਈ ਲਾਗੂ ਕੀਤੇ ਗਏ ਬੁਰਜੂਆ ਡੈਮੋਕਰੈਟਿਕ ਸਾਧਨਾਂ ਵਿੱਚ ਵਿਸ਼ਵਾਸ ਹੈ, ਸਾਨੂੰ **ਬਿਲਕੁਲ ਉਸੇ ਪਲੇਟਫਾਰਮ ਤੋਂ**, ਜਿਸ ਨੂੰ ਮਜ਼ਦੂਰਾਂ ਦੇ ਪਛੜੇ ਹੋਏ ਹਿੱਸੇ, ਵਿਸ਼ੇਸ਼ ਕਰਕੇ ਗੈਰ-ਪ੍ਰੋਲੇਤਾਰੀ ਮਿਹਨਤਕਸ਼ ਲੋਕ ਬਹੁਤ ਮਹੱਤਵਪੂਰਨ ਅਤੇ ਅਧਿਕਾਰਪੂਰਨ ਸਮਝਦੇ ਹਨ, ਇਸ ਧੋਖੇ ਨੂੰ ਬੇਨਕਾਬ ਕਰਨਾ ਚਾਹੀਦਾ ਹੈ।

ਜਿੰਨੀ ਦੇਰ ਤੱਕ ਅਸੀਂ ਕਮਿਊਨਿਸਟ ਰਾਜ-ਸੱਤ੍ਹਾ 'ਤੇ ਕਬਜ਼ਾ ਕਰਨ ਅਤੇ ਚੋਣਾਂ ਕਰਵਾਉਣ, ਜਿਨ੍ਹਾਂ ਵਿੱਚ ਸਿਰਫ਼ ਮਿਹਨਤਕਸ਼ ਲੋਕ ਬੁਰਜੂਆਜ਼ੀ ਦੇ ਖਿਲਾਫ਼ **ਆਪਣੀਆਂ** ਸੋਵੀਅਤਾਂ ਦੇ ਹੱਕ ਵਿੱਚ ਵੋਟ ਪਾਵੇ, ਦੇ ਸਮਰੱਥ ਨਹੀਂ; ਜਿੰਨੀ ਦੇਰ ਤੱਕ ਬੁਰਜੂਆਜ਼ੀ ਰਾਜ ਸੱਤ੍ਹਾ ਦੀ ਵਰਤੋਂ ਕਰਦੀ ਹੈ ਅਤੇ ਲੋਕਾਂ ਦੇ ਵੱਖ ਵੱਖ ਵਰਗਾਂ ਨੂੰ ਚੋਣਾਂ ਵਿੱਚ ਭਾਗ ਲੈਣ ਲਈ ਕਹਿੰਦੀ ਹੈ, ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ, ਸਿਰਫ ਪ੍ਰੋਲੇਤਾਰੀਆਂ ਵਿੱਚ ਹੀ ਨਹੀਂ ਸਗੋਂ ਸਾਰੇ ਮਿਹਨਤਕਸ਼ ਲੋਕਾਂ ਵਿੱਚ ਐਜੀਟੇਸ਼ਨ ਕਰਨ ਦੇ ਮੰਤਵ ਲਈ ਚੋਣਾਂ ਵਿੱਚ ਭਾਗ ਲਈਏ। ਜਿੰਨੀ ਦੇਰ ਤੱਕ ਪਾਰਲੀਮੈਂਟ ਦੀ ਮਜ਼ਦੂਰਾਂ ਨੂੰ ਧੋਖਾ ਦੇਣ ਲਈ ਹੋਂਦ ਹੈ ਅਤੇ ਜਿੰਨੀ ਦੇਰ ਤੱਕ "ਜਮਹੂਰੀਅਤ" ਬਾਰੇ ਗੱਲਾਂ ਨੂੰ ਮਾਲੀ ਹੇਰਾਫੇਰੀਆਂ ਅਤੇ ਹਰ ਕਿਸਮ ਦੀ ਰਿਸ਼ਵਤ (ਵਿਸ਼ੇਸ਼ ਕਰਕੇ ਉਹ "ਖਾਸ" ਕਿਸਮ ਦੀ ਰਿਸ਼ਵਤ, ਜਿਸ ਦੀ ਬੁਰਜੂਆਜ਼ੀ ਲੇਖਕਾਂ, ਪਾਰਲੀਮੈਂਟ ਮੈਂਬਰਾਂ, ਵਕੀਲਾਂ ਅਤੇ ਹੋਰਾਂ ਲਈ ਵਰਤੋਂ ਕਰਦੀ ਹੈ ਅਤੇ ਜਿਸ ਤਰ੍ਹਾਂ ਦੀ ਰਿਸ਼ਵਤ ਬੁਰਜੂਆ ਪਾਰਲੀਮੈਂਟ ਜਿੰਨੀ ਵੱਡੀ ਪੱਧਰ 'ਤੇ ਹੋਰ ਕਿਤੇ ਨਹੀਂ ਦਿੱਤੀ ਜਾਂਦੀ) ਤੇ ਪਰਦਾਪੋਸ਼ੀ ਕਰਨ ਲਈ ਕੀਤੀ ਜਾਂਦੀ ਹੈ, ਅਸਾਂ ਕਮਿਊਨਿਸਟਾਂ ਦਾ ਇਹ ਫਰਜ਼ ਬਣਦਾ ਹੈ ਕਿ ਅਸੀਂ ਇਸੇ ਸੰਸਥਾ ਵਿੱਚ (ਜਿਹੜੀ **ਲੋਕਾਂ ਦੀ ਭਾਵਨਾ ਦਾ ਪ੍ਰਗਟਾਵਾ** ਕਰਨ ਵਾਲ਼ੀ ਮੰਨੀ ਜਾਂਦੀ ਹੈ, ਪਰ ਜਿਹੜੀ ਅਸਲ ਵਿੱਚ – **ਅਮੀਰਾਂ ਵੱਲੋਂ ਲੋਕਾਂ ਦੀ ਧੋਖਾਦੇਹੀ** ਉੱਤੇ ਪਰਦਾਪੋਸ਼ੀ ਕਰਦੀ ਹੈ), ਇਸ ਧੋਖਾਦੇਹੀ ਨੂੰ ਲਗਾਤਾਰ ਬੇਨਕਾਬ ਕਰੀਏ ਅਤੇ ਰੈਨਰ ਐਂਡ ਕੰਪਨੀ ਵੱਲੋਂ ਸਰਮਾਏਦਾਰਾਂ ਦੇ ਹੱਕ ਵਿੱਚ ਅਤੇ ਮਜ਼ਦੂਰਾਂ ਦੇ ਵਿਰੁੱਧ ਕੀਤੀ ਜਾਣ ਵਾਲ਼ੀ ਹਰ ਗੱਲ ਅਤੇ ਹਰ ਮਾਮਲੇ ਨੂੰ ਬੇਨਕਾਬ ਕਰੀਏ। ਪਾਰਲੀਮੈਂਟ ਵਿੱਚ ਹੀ ਬੁਰਜੂਆ ਪਾਰਟੀਆਂ ਅਤੇ ਗਰੁੱਪਾਂ ਵਿਚਾਲੇ ਸਬੰਧ ਬਹੁਤ ਵਾਰੀ ਜ਼ਾਹਰ ਹੁੰਦੇ ਹਨ ਅਤੇ ਇਸ ਤਰ੍ਹਾਂ ਉਹ ਬੁਰਜੂਆ ਸਮਾਜ ਦੀਆਂ ਸਾਰੀਆਂ

ਜਮਾਤਾਂ ਵਿਚਾਲੇ ਸਬੰਧਾਂ ਦਾ ਪ੍ਰਗਟਾਵਾ ਕਰਦੇ ਹਨ। ਇਹੀ ਕਾਰਨ ਹੈ ਕਿ ਬੁਰਜੂਆ ਪਾਰਲੀਮੈਂਟ ਵਿੱਚ ਹੀ, ਇਸ ਦੇ ਅੰਦਰੋਂ, ਸਾਨੂੰ ਕਮਿਊਨਿਸਟਾਂ ਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਜਮਾਤਾਂ ਅਤੇ ਪਾਰਟੀਆਂ ਵਿਚਾਲੇ ਸਬੰਧਾਂ ਬਾਰੇ **ਸੱਚਾਈ** ਅਤੇ ਜ਼ਮੀਨ ਮਾਲਕਾਂ ਦੇ ਫਾਰਮ ਮਜ਼ਦੂਰਾਂ ਪ੍ਰਤੀ, ਅਮੀਰ ਕਿਸਾਨਾਂ ਦੇ ਗਰੀਬ ਕਿਸਾਨਾਂ ਪ੍ਰਤੀ, ਵੱਡੇ ਸਰਮਾਏਦਾਰਾਂ ਦੇ ਮੁਲਾਜ਼ਮਾਂ ਅਤੇ ਨਿੱਕ-ਮਾਲਕਾਂ ਵਗੈਰਾ ਪ੍ਰਤੀ ਵਤੀਰੇ ਬਾਰੇ ਦੱਸੀਏ।

ਪ੍ਰੋਲੇਤਾਰੀਆਂ ਨੂੰ **ਲਾਜ਼ਮੀ** ਤੌਰ 'ਤੇ ਇਹ ਸਭ ਕੁਝ ਜਾਣਨਾ ਚਾਹੀਦਾ ਹੈ ਤਾਂ ਜੋ ਉਹ ਸਰਮਾਏਦਾਰਾਂ ਦੀਆਂ ਕਮੀਨੀਆਂ ਅਤੇ ਸੁਥਰੀਆਂ ਚਾਲਾਂ ਦੀ ਜਾਣ ਪਹਿਚਾਣ ਕਰ ਸਕਣ ਅਤੇ ਨਿੱਕ-ਬੁਰਜੂਆ ਲੋਕਾਂ ਅਤੇ ਮਿਹਨਤਕਸ਼ ਲੋਕਾਂ ਦੇ ਗੈਰ-ਪ੍ਰੋਲੇਤਾਰੀ ਲੋਕਾਂ ਨੂੰ ਪ੍ਰਭਾਵਤ ਕਰਨਾ ਸਿੱਖ ਸਕਣ। ਇਸ "ਸਕੂਲਿੰਗ" ਤੋਂ ਬਿਨਾਂ, ਪ੍ਰੋਲੇਤਾਰੀ ਸਫਲਤਾ ਨਾਲ਼ **ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ** ਦੇ ਕਾਰਜਾਂ ਨੂੰ ਨਹੀਂ ਕਰ ਸਕਦਾ; ਕਿਉਂਕਿ ਉਦੋਂ ਵੀ ਬੁਰਜੂਆਜ਼ੀ, ਨਵੀਂਆਂ ਪੁਜ਼ੀਸ਼ਨਾਂ ਤੋਂ ਕੰਮ ਕਰਦੇ ਹੋਏ (ਥੱਲੇ ਲੱਗੀ ਹੋਈ ਜਮਾਤ ਦੀਆਂ ਪੁਜ਼ੀਸ਼ਨਾਂ ਤੋਂ), ਵੱਖਰੇ ਖੇਤਰਾਂ ਵਿੱਚ ਅਤੇ ਵੱਖਰੇ ਢੰਗਾਂ ਨਾਲ਼, ਕਿਸਾਨਾਂ ਨੂੰ ਧੋਖਾ ਦੇਣ, ਡਰੇ ਹੋਏ ਮੁਲਾਜ਼ਮਾਂ ਨੂੰ ਰਿਸ਼ਵਤਾਂ ਦੇਣ ਅਤੇ ਆਪਣੀਆਂ ਵਿਸ਼ੇਸ਼ ਅਤੇ ਕਮੀਨੀਆਂ ਇੱਛਾਵਾਂ ਉੱਤੇ "ਜਮਹੂਰੀਅਤ" ਬਾਰੇ ਗੱਲਾਂ ਰਾਹੀਂ ਪਰਦਾ ਪਾਉਣ, ਦੀ ਨੀਤੀ ਚਲਾਉਂਦੀ ਰਹੇਗੀ।

ਨਹੀਂ, ਆਸਟਰੀਆਈ ਕਮਿਊਨਿਸਟ ਰੈਨਰਜ ਅਤੇ ਬੁਰਜੂਆਜ਼ੀ ਦੇ ਅਜਿਹੇ ਹੋਰ ਬੂਟ-ਚੱਟਾਂ ਦੇ ਘਟੀਆ ਰੌਲ਼ੇ ਤੋਂ ਨਹੀਂ ਡਰਨਗੇ। ਆਸਟਰੀਆਈ ਕਮਿਊਨਿਸਟ ਕੌਮਾਂਤਰੀ ਪ੍ਰੋਲੇਤਾਰੀ ਜ਼ਾਬਤੇ ਨੂੰ ਖੁੱਲ੍ਹੇਆਮ ਪ੍ਰਵਾਨ ਕਰਨ ਦੇ ਐਲਾਨ ਕਰਨ ਤੋਂ ਨਹੀਂ ਡਰਨਗੇ। ਸਾਨੂੰ ਇਸ ਗੱਲ ਦਾ ਮਾਣ ਹੈ ਕਿ ਅਸੀਂ ਮਜ਼ਦੂਰਾਂ ਦੀ ਬੰਦਖਲਾਸੀ ਲਈ ਉਹਨਾਂ ਦੇ ਸੰਘਰਸ਼ ਦੀਆਂ ਮਹਾਨ ਸਮੱਸਿਆਵਾਂ ਨੂੰ ਇਨਕਲਾਬੀ ਪ੍ਰੋਲੇਤਾਰੀ ਦੇ ਕੌਮਾਂਤਰੀ ਜ਼ਾਬਤੇ ਨੂੰ ਮੰਨਦੇ ਹੋਏ, ਵੱਖ ਵੱਖ ਦੇਸ਼ਾਂ ਦੇ ਮਜ਼ਦੂਰਾਂ ਦੇ ਤਜ਼ਰਬੇ ਤੋਂ ਸਿੱਖਦੇ ਹੋਏ, ਉਹਨਾਂ ਦੀ ਜਾਣਕਾਰੀ ਅਤੇ ਇੱਛਾ ਨੂੰ ਧਿਆਨ ਵਿੱਚ ਰੱਖਦੇ ਹੋਏ, ਹੱਲ ਕਰਦੇ ਹਾਂ ਅਤੇ ਇਸ ਤਰ੍ਹਾਂ ਮਜ਼ਦੂਰਾਂ ਦੇ ਸੰਸਾਰ ਵਿੱਚ ਕਮਿਊਨਿਜ਼ਮ ਲਈ ਜਮਾਤੀ ਘੋਲ਼ ਦੀ ਏਕਤਾ ਨੂੰ ਹਕੀਕਤ ਵਿੱਚ (ਨਾ ਕਿ ਸਿਰਫ਼ ਸ਼ਬਦਾਂ ਵਿੱਚ ਹੀ, ਜਿਵੇਂ ਰੈਨਰਜ਼, ਬਰਿਟਜ਼ ਐਲਡਰਜ਼ ਅਤੇ ਓਟੋ ਬਾਵਰਜ਼ ਕਰਦੇ ਹਨ) ਸਰਅੰਜ਼ਾਮ ਦਿੰਦੇ ਹਾਂ।

15 ਅਗਸਤ, 1920. **ਐਨ. ਲੈਨਿਨ**

31 ਅਗਸਤ, 1920 ਨੂੰ ਜਰਮਨੀ ਵਿੱਚ
Die Rote Fohme (ਵੀਆਨਾ)
ਨੰ. 396 ਵਿੱਚ ਛਪਿਆ।
ਪਹਿਲੀ ਵਾਰ ਰੂਸੀ ਵਿੱਚ 1925 ਵਿੱਚ
**ਲੈਨਿਨ ਮਿਸਲੇਨੀ IV** ਵਿੱਚ ਪ੍ਰਕਾਸ਼ਤ ਹੋਇਆ।

**ਸਮੁੱਚੀਆਂ ਲਿਖਤਾਂ**,
ਜਿਲਦ 31, ਸਫ਼ੇ 267-69.

# ਕਮਿਊਨਿਸਟ ਇੰਟਰਨੈਸ਼ਨਲ ਦੀ ਤੀਜੀ ਕਾਂਗਰਸ ਵਿੱਚ ਕਮਿਊਨਿਸਟ ਇੰਟਰਨੈਸ਼ਨਲ ਦੀ ਯੁੱਧਨੀਤੀ ਦੇ ਹੱਕ ਵਿੱਚ ਤਕਰੀਰ

1 ਜੁਲਾਈ, 1921

ਸਾਥੀਓ ! ਮੈਨੂੰ ਬਹੁਤ ਅਫ਼ਸੋਸ ਹੈ ਕਿ ਮੈਂ ਆਪਣੇ ਆਪ ਨੂੰ ਸਵੈ–ਰੱਖਿਆ ਤੱਕ ਹੀ ਸੀਮਤ ਰੱਖਾਂਗਾ। (**ਹਾਸਾ**) । ਮੈਂ ਕਹਿੰਦਾ ਹਾਂ ਬਹੁਤ ਅਫ਼ਸੋਸ ਹੈ, ਕਿਉਂਕਿ ਤਿੰਨ ਵਫ਼ਦਾਂ ਵੱਲੋਂ ਪੇਸ਼ ਕੀਤੀਆਂ ਤਰਮੀਮਾਂ ਅਤੇ ਕਾਮਰੇਡ ਤੈਰਾਸਿਨੀ ਦੀ ਤਕਰੀਰ ਨੂੰ ਸਮਝਣ ਤੋਂ ਮਗਰੋਂ ਮੈਂ ਹਮਲੇ ਵਾਲ਼ੀ ਤਕਰੀਰ ਕਰਨੀ ਚਾਹਾਂਗਾ, ਕਿਉਂਕਿ ਠੀਕ ਠੀਕ ਕਿਹਾ, ਤੈਰਾਸਿਨੀ ਅਤੇ ਇਨ੍ਹਾਂ ਤਿੰਨਾਂ ਵਫ਼ਦਾਂ ਵੱਲੋਂ ਜਿਹੜੇ ਵਿਚਾਰਾਂ ਦੀ ਏਨੀ ਰਾਖੀ ਕੀਤੀ ਗਈ ਹੈ, ਉਨ੍ਹਾਂ ਵਿਰੁੱਧ ਹਮਲਾਵਰ ਕਾਰਵਾਈ ਜ਼ਰੂਰੀ ਹੈ। ਜੇਕਰ ਕਾਂਗਰਸ ਅਜਿਹੀਆਂ ਗਲਤੀਆਂ, ਅਜਿਹੀਆਂ "ਖੱਬਚੂ ਬੇਵਕੂਫੀਆਂ" ਵਿਰੁੱਧ ਜ਼ਬਰਦਸਤ ਹਮਲਾ ਨਹੀਂ ਬੋਲੇਗੀ ਤਾਂ ਸਮੁੱਚੀ ਲਹਿਰ ਦਾ ਹੀ ਪਤਨ ਹੋ ਜਾਵੇਗਾ। ਇਹ ਮੇਰੀ ਬਹੁਤ ਡੂੰਘੀ ਪਹੁੰਚ ਹੈ। ਪਰ ਅਸੀਂ ਜਥੇਬੰਦ ਅਤੇ ਬਾਜ਼ਬਤ ਮਾਰਕਸਵਾਦੀ ਹਾਂ। ਅਸੀਂ ਇਕੱਲੇ ਇਕੱਲੇ ਕਾਮਰੇਡਾਂ ਵਿਰੁੱਧ ਤਕਰੀਰਾਂ ਨਾਲ਼ ਸੰਤੁਸ਼ਟ ਨਹੀਂ ਹੋ ਸਕਦੇ। ਅਸੀਂ ਰੂਸੀ ਸਦਾ ਹੀ ਅਜਿਹੀਆਂ ਗੱਲਾਂ ਤੋਂ ਦੁਖੀ ਹੋਏ ਹਾਂ। ਅਸੀਂ ਜਥੇਬੰਦੀ ਦੇ ਹੱਕ ਵਿੱਚ ਹਾਂ। ਆਪਣੀਆਂ ਯੋਜਨਾਵਾਂ ਤਿਆਰ ਕਰਨ ਵਿੱਚ ਸਾਨੂੰ ਜਥੇਬੰਦ ਢੰਗ ਨਾਲ਼ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਸਹੀ ਲਾਈਨ ਲੱਭਣ ਦਾ ਯਤਨ ਕਰਨਾ ਚਾਹੀਦਾ ਹੈ। ਨਿਸ਼ਚੇ ਹੀ ਇਹ ਕੋਈ ਗੁਪਤ ਗੱਲ ਨਹੀਂ ਹੈ ਕਿ ਸਾਡੇ ਥੀਸਸ ਇੱਕ ਸਮਝੌਤਾ ਹਨ ਅਤੇ ਕਿਉਂ ਨਹੀਂ ? ਕਮਿਊਨਿਸਟਾਂ ਦਰਮਿਆਨ, ਜਿਨ੍ਹਾਂ ਨੇ ਪਹਿਲਾਂ ਹੀ ਤੀਜੀ ਕਾਂਗਰਸ ਸੱਦੀ ਹੈ ਅਤੇ ਜਿਨ੍ਹਾਂ ਦ੍ਰਿੜ ਮੁਢਲੇ ਅਸੂਲ ਤੈਅ ਕੀਤੇ ਹਨ, ਵਿਸ਼ੇਸ਼ ਹਾਲਤਾਂ ਤਹਿਤ ਸਮਝੌਤੇ ਜ਼ਰੂਰੀ ਹਨ। ਸਾਡੇ ਥੀਸਸਾਂ, ਜਿਹੜੇ ਕਿ ਰੂਸੀ ਡੈਲੀਗੇਸ਼ਨ ਵੱਲੋਂ ਪੇਸ਼ ਕੀਤੇ ਗਏ ਸਨ, ਦਾ ਪੂਰੀ ਤਰ੍ਹਾਂ ਅਧਿਐਨ ਕੀਤਾ ਗਿਆ ਸੀ ਅਤੇ ਬਹੁਤ ਚੌਕਸੀ ਨਾਲ਼ ਤਿਆਰ ਕੀਤੇ ਗਏ ਸਨ ਅਤੇ ਉਹ ਕਈ ਡੈਲੀਗੇਸ਼ਨਾਂ ਦੀਆਂ ਮੀਟਿੰਗਾਂ ਅਤੇ ਲੰਬੀਆਂ ਬਹਿਸਾਂ ਦਾ ਸਿੱਟਾ ਸਨ। ਉਨ੍ਹਾਂ ਦਾ ਮਕਸਦ ਕਮਿਊਨਿਸਟ ਇੰਟਰਨੈਸ਼ਨਲ ਦੀ ਮੁਢਲੀ ਲਾਈਨ ਨਿਰਧਾਰਤ ਕਰਨਾ ਹੈ ਅਤੇ ਉਹ ਹੁਣ, ਜਦੋਂ ਕਿ ਅਸਾਂ ਹਾਲੇ ਰਸਮੀ ਤੌਰ 'ਤੇ ਹੀ ਹਕੀਕੀ ਕੇਂਦਰਵਾਦੀਆਂ ਦੀ ਨਿੰਦਾ ਨਹੀਂ ਕੀਤੀ ਹੈ, ਸਗੋਂ ਉਹਨਾਂ ਨੂੰ ਪਾਰਟੀ 'ਚੋਂ ਕੱਢ ਦਿੱਤਾ ਹੈ, ਵਿਸ਼ੇਸ਼ ਤੌਰ 'ਤੇ ਜ਼ਰੂਰੀ ਹਨ। ਤੱਥ ਇਹ ਹਨ। ਮੈਂ ਇਨ੍ਹਾਂ ਥੀਸਸਾਂ ਦੇ ਹੱਕ ਵਿੱਚ ਖੜ੍ਹਨਾ ਹੈ। ਹੁਣ, ਜਦੋਂ ਕਿ ਤੈਰਾਸਿਨੀ ਕਹਿੰਦਾ ਹੈ ਕਿ ਸਾਨੂੰ ਕੇਂਦਰਵਾਦੀਆਂ ਵਿਰੁੱਧ ਲੜਾਈ ਜਾਰੀ ਰੱਖਣੀ ਚਾਹੀਦੀ ਹੈ ਅਤੇ ਦੱਸਦਾ ਹੈ ਕਿ ਇਹ ਲੜਾਈ ਕਿਵੇਂ ਜਾਰੀ ਰੱਖਣੀ ਹੈ, ਮੈਂ ਕਹਿੰਦਾ ਹਾਂ ਕਿ ਜੇਕਰ ਇਹ ਤਰਮੀਮਾਂ ਇੱਕ ਦ੍ਰਿੜ ਰਉਂ ਦਾ ਪ੍ਰਗਟਾਵਾ ਹਨ, ਤਾਂ ਇਸ ਰਉਂ ਵਿਰੁੱਧ ਬੇਕਿਰਕ ਲੜਾਈ ਜ਼ਰੂਰੀ ਹੈ ਨਹੀਂ ਤਾਂ ਕੋਈ ਕਮਿਊਨਿਜ਼ਮ ਅਤੇ ਕਮਿਊਨਿਸਟ ਇੰਟਰਨੈਸ਼ਨਲ ਨਹੀਂ ਰਹਿ

ਜਾਂਦੇ। ਮੈਨੂੰ ਹੈਰਾਨੀ ਹੈ ਕਿ ਜਰਮਨ ਕਮਿਊਨਿਸਟ ਵਰਕਰਜ਼ ਪਾਰਟੀ[1] ਨੇ ਇਨ੍ਹਾਂ ਤਰਮੀਮਾਂ ’ਤੇ ਹਸਤਾਖਰ ਨਹੀਂ ਕੀਤੇ ਹਨ। (**ਹਾਸਾ**)। ਨਿਸ਼ਚੇ ਹੀ, ਦੇਖੋ ਕਿ ਤੈਰਾਸਿਨੀ ਕਿਸ ਗੱਲ ਦੀ ਰਾਖੀ ਕਰ ਰਿਹਾ ਹੈ ਅਤੇ ਉਸ ਦੀਆਂ ਤਰਮੀਮਾਂ ਕੀ ਕਹਿੰਦੀਆਂ ਹਨ। ਉਹ ਇਸ ਤਰ੍ਹਾਂ ਸ਼ੁਰੂ ਹੁੰਦੀਆਂ ਹਨ: “ਪਹਿਲੇ ਸਫ਼ੇ ’ਤੇ, ਪਹਿਲਾਂ ਕਾਲਮ, ਲਾਈਨ 19, ਸ਼ਬਦ “ਬਹੁਸੰਮਤੀ” ਕੱਢ ਦਿੱਤਾ ਜਾਣਾ ਚਾਹੀਦਾ ਹੈ।” ਇਹ ਬਹੁਤ ਹੀ ਖਤਰਨਾਕ ਹੈ। (**ਹਾਸਾ**)। ਤੇ ਅੱਗੇ, “ਮੁਢਲੀਆਂ ਗੱਲਾਂ ਦੀ ਥਾਂ “ਟੀਚੇ” ਪਾ ਦਿਓ”। ਮੁਢਲੀਆਂ ਗੱਲਾਂ ਅਤੇ ਟੀਚੇ ਦੋ ਵੱਖ ਵੱਖ ਗੱਲਾਂ ਹਨ: ਅਨਾਰਕਿਸਟ ਵੀ ਟੀਚਿਆਂ ਬਾਰੇ ਸਾਡੇ ਨਾਲ਼ ਸਹਿਮਤ ਹੋਣਗੇ, ਕਿਉਂਕਿ ਉਹ ਵੀ ਲੁੱਟ ਅਤੇ ਜਮਾਤੀ ਵਖਰੇਵੇਂ ਦੂਰ ਕਰਨ ਦੇ ਹੱਕ ਵਿੱਚ ਹਨ।

ਮੈਂ ਆਪਣੇ ਜੀਵਨ ਵਿੱਚ ਥੋੜ੍ਹੇ ਜਹੇ ਅਨਾਰਕਿਸਟਾਂ ਨੂੰ ਮਿਲਿਆ ਹਾਂ ਅਤੇ ਉਹਨਾਂ ਨਾਲ਼ ਗੱਲਾਂ ਕੀਤੀਆਂ ਹਨ, ਪਰ ਫਿਰ ਵੀ ਮੈਂ ਉਨ੍ਹਾਂ ਬਾਰੇ ਕਾਫੀ ਜਾਣਦਾ ਹਾਂ। ਮੈਂ ਕਈ ਵਾਰੀ ਟੀਚਿਆਂ ਬਾਰੇ ਉਹਨਾਂ ਨਾਲ਼ ਸਮਝੌਤੇ ’ਤੇ ਪੁੱਜਿਆ ਹਾਂ, ਪਰ ਕਦੇ ਵੀ ਅਸੂਲਾਂ ਬਾਰੇ ਨਹੀਂ। ਅਸੂਲ, ਟੀਚਾ, ਪ੍ਰੋਗਰਾਮ, ਦਾਅਪੇਚ ਜਾਂ ਸਿਧਾਂਤ ਨਹੀਂ ਹਨ। ਦਾਅਪੇਚ ਅਤੇ ਸਿਧਾਂਤ ਅਸੂਲ ਨਹੀਂ ਹਨ। ਸਾਡਾ ਸਿਧਾਂਤਕ ਤੌਰ ’ਤੇ ਅਨਾਰਕਿਸਟਾਂ ਨਾਲ਼ ਕੀ ਮਤਭੇਦ ਹੈ? ਕਮਿਊਨਿਜ਼ਮ ਦੇ ਅਸੂਲ ਪ੍ਰੋਲੇਤਾਰੀ ਦੀ ਡਿਕਟੇਟਰੀ ਕਾਇਮ ਕਰਨ ਅਤੇ ਤਬਦੀਲੀ ਦੇ ਦੌਰ ਵਿੱਚ ਸੱਤ੍ਹਾ ਦੇ ਜ਼ੋਰ ਦੀ ਵਰਤੋਂ ਕਰਨਾ ਹਨ। ਕਮਿਊਨਿਜ਼ਮ ਦੇ ਅਜਿਹੇ ਅਸੂਲ ਹਨ, ਪਰ ਇਹ ਇਸ ਦੇ ਟੀਚੇ ਨਹੀਂ ਹਨ ਅਤੇ ਜਿਹੜੇ ਕਾਮਰੇਡਾਂ ਨੇ ਇਹ ਪ੍ਰਸਤਾਵ ਪੇਸ਼ ਕੀਤਾ ਹੈ, ਉਨ੍ਹਾਂ ਨੇ ਇੱਕ ਗਲਤੀ ਕੀਤੀ ਹੈ।

ਦੂਜੇ, ਕਿਹਾ ਗਿਆ ਹੈ: “ਸ਼ਬਦ ‘ਬਹੁਗਿਣਤੀ’ ਕੱਟ ਦਿੱਤਾ ਜਾਵੇ।” ਪੂਰਾ ਪੈਰ੍ਹਾ ਪੜ੍ਹੋ:

> “ਕਮਿਊਨਿਸਟ ਇੰਟਰਨੈਸ਼ਨਲ ਦੀ ਤੀਜੀ ਕਾਂਗਰਸ ਉਸ ਹਾਲਤ ਤਹਿਤ ਦਾਅਪੇਚਾਂ ਦੇ ਸਵਾਲਾਂ ਦਾ ਜਾਇਜ਼ਾ ਲੈਣ ਜਾ ਰਹੀ ਹੈ ਜਦੋਂ ਸਾਰੇ ਦੇਸ਼ਾਂ ਵਿੱਚ ਬਾਹਰਮੁਖੀ ਹਾਲਤ, ਇਨਕਲਾਬੀ ਭਾਵਨਾ ਵਿੱਚ, ਗੰਭੀਰ ਹੋ ਚੁੱਕੀ ਹੈ ਅਤੇ ਜਦੋਂ ਸਮੁੱਚੀਆਂ ਕਮਿਊਨਿਸਟ ਜਨਤਕ ਪਾਰਟੀਆਂ ਜਥੇਬੰਦ ਹੋ ਚੁੱਕੀਆਂ ਹਨ, ਜਿਨ੍ਹਾਂ ਨੇ ਹਾਦਸਨ ਅਸਲ ਇਨਕਲਾਬੀ ਘੋਲ਼ ਵਿੱਚ ਕਿਤੇ ਵੀ ਮਜ਼ਦੂਰ ਜਮਾਤ ਦੀ ਬਹੁਗਿਣਤੀ ਦੀ ਹਕੀਕੀ ਲੀਡਰਸ਼ਿਪ ਆਪਣੇ ਹੱਥਾਂ ਵਿੱਚ ਨਹੀਂ ਲਈ ਹੈ।”

ਅਤੇ ਇੰਝ, ਉਹ ਸ਼ਬਦ “ਬਹੁਗਿਣਤੀ” ਕੱਟਣਾ ਚਾਹੁੰਦੇ ਹਨ। ਜੇਕਰ ਅਸੀਂ

---

1. **ਜਰਮਨ ਕਮਿਊਨਿਸਟ ਵਰਕਰਜ਼ ਪਾਰਟੀ** – ਇੱਕ ਖੱਬੇ ਪੱਖੀ ਗਰੁੱਪ ਜਿਹੜਾ 1919 ਵਿੱਚ ਜਰਮਨੀ ਦੀ ਕਮਿਊਨਿਸਟ ਪਾਰਟੀ ਤੋਂ ਨਿਕਲ ਗਿਆ ਅਤੇ ਜਿਸ ਨੇ 1920 ਵਿੱਚ ਇੱਕ ਨਵੀਂ ਪਾਰਟੀ, ਕਮਿਊਨਿਸਟ ਵਰਕਰਜ਼ ਪਾਰਟੀ ਆਫ਼ ਜਰਮਨੀ ਕਾਇਮ ਕਰ ਲਈ। ਇਸ ਨੇ ਅਰਧ-ਅਨਾਰਕਿਸਟ ਸਟੈਂਡ ਲਿਆ, ਇਸ ਦਾ ਮਜ਼ਦੂਰ ਜਮਾਤ ਵਿੱਚ ਕੋਈ ਅਸਰ ਨਹੀਂ ਸੀ ਅਤੇ ਇਹ ਕਮਿਊਨਿਸਟਾਂ ਪ੍ਰਤੀ ਬਹੁਤ ਗੁੱਸੇਖੋਰ ਬਣ ਗਿਆ।

ਅਜਿਹੀਆਂ ਸਾਦਾ ਗੱਲਾਂ ’ਤੇ ਸਹਿਮਤ ਨਹੀਂ ਹੋ ਸਕਦੇ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਅਸੀਂ ਇਕੱਠੇ ਕੰਮ ਕਿਵੇਂ ਕਰ ਸਕਦੇ ਹਾਂ ਅਤੇ ਕਿਵੇਂ ਪ੍ਰੋਲੇਤਾਰੀਆਂ ਦੀ ਜਿੱਤ ਲਈ ਅਗਵਾਈ ਕਰ ਸਕਦੇ ਹਾਂ। ਤੇ ਫੇਰ ਇਹ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਕਿ ਅਸੀਂ ਅਸੂਲਾਂ ਦੇ ਸਵਾਲ ’ਤੇ ਵੀ ਕਿਸੇ ਸਮਝੌਤੇ ’ਤੇ ਨਹੀਂ ਪਹੁੰਚ ਸਕਦੇ। ਮੈਨੂੰ ਕੋਈ ਅਜਿਹੀ ਪਾਰਟੀ ਦੱਸੋ ਜਿਸ ਨੇ ਮਜ਼ਦੂਰ ਜਮਾਤ ਦੀ ਬਹੁਗਿਣਤੀ ਨੂੰ ਆਪਣੇ ਹੱਕ ਵਿੱਚ ਕਰ ਲਿਆ ਹੈ। ਤੈਰਾਸਿਨੀ ਨੇ ਕੋਈ ਉਦਾਹਰਣ ਦੇਣ ਬਾਰੇ ਵੀ ਨਹੀਂ ਸੋਚਿਆ। ਨਿਸ਼ਚੇ ਹੀ, ਅਜਿਹੀ ਕੋਈ ਉਦਾਹਰਣ ਨਹੀਂ ਹੈ।

ਅਤੇ ਇਸ ਲਈ, “ਅਸੂਲਾਂ” ਦੀ ਥਾਂ ਸ਼ਬਦ “ਟੀਚੇ” ਪਾਇਆ ਜਾਣਾ ਹੈ ਅਤੇ ਸ਼ਬਦ “ਬਹੁਗਿਣਤੀ” ਕੱਟਿਆ ਜਾਣਾ ਹੈ। ਨਹੀਂ, ਮਿਹਰਬਾਨੀ! ਅਸੀਂ ਅਜਿਹਾ ਨਹੀਂ ਕਰਾਂਗੇ! ਜਰਮਨ ਪਾਰਟੀ – ਜਿਹੜੀ ਕਿ ਵਧੀਆ ਪਾਰਟੀਆਂ ਵਿੱਚੋਂ ਇੱਕ ਹੈ – ਪਾਸ ਵੀ ਮਜ਼ਦੂਰ ਜਮਾਤ ਦੀ ਬਹੁਗਿਣਤੀ ਦੀ ਹਮਾਇਤ ਨਹੀਂ ਹੈ। ਇਹ ਅਸਲੀਅਤ ਹੈ। ਅਸੀਂ, ਜਿਨ੍ਹਾਂ ਨੂੰ ਕਿ ਬਹੁਤ ਸਖ਼ਤ ਸੰਘਰਸ਼ ਦਾ ਸਾਹਮਣਾ ਹੈ, ਇਹ ਸੱਚਾਈ ਕਹਿਣ ਤੋਂ ਡਰਦੇ ਨਹੀਂ ਹਾਂ, ਪਰ ਇੱਥੇ ਤਿੰਨ ਅਜਿਹੇ ਡੈਲੀਗੇਸ਼ਨ ਹਨ ਜਿਹੜੇ ਇੱਕ ਗੈਰ–ਸੱਚਾਈ ਤੋਂ ਸ਼ੁਰੂ ਹੋਣਾ ਚਾਹੁੰਦੇ ਹਨ ਕਿਉਂਕਿ ਜੇਕਰ ਕਾਂਗਰਸ “ਬਹੁਗਿਣਤੀ” ਸ਼ਬਦ ਨੂੰ ਕੱਟ ਦਿੰਦੀ ਹੈ ਤਾਂ ਇਸ ਤੋਂ ਪਤਾ ਲੱਗੇਗਾ ਕਿ ਉਹ ਗੈਰ–ਸੱਚਾਈ ਚਾਹੁੰਦੀ ਹੈ। ਇਹ ਗੱਲ ਬਿਲਕੁਲ ਸਾਫ ਹੈ।

ਫੇਰ ਹੇਠਲੀ ਤਰਮੀਮ ਆਉਂਦੀ ਹੈ: “ਸਫ਼ਾ 4, ਕਾਲਮ 1, ਲਾਈਨ 10 ਵਿੱਚ ਸ਼ਬਦ ‘ਖੁੱਲ੍ਹਾ ਖ਼ਤ’[1] ਆਦਿ ਕੱਟ ਦਿੱਤੇ ਜਾਣੇ ਚਾਹੀਦੇ ਹਨ।” ਮੈਂ ਅੱਜ ਇੱਕ ਤਕਰੀਰ ਸੁਣ ਚੁੱਕਾ ਹਾਂ ਜਿਸ ਵਿੱਚ ਮੈਂ ਉਹੀ ਵਿਚਾਰ ਦੇਖਿਆ ਹੈ। ਪਰ ਇਹ ਬਿਲਕੁਲ ਕੁਦਰਤੀ ਸੀ। ਇਹ ਜਰਮਨ ਕਮਿਊਨਿਸਟ ਵਰਕਰਜ਼ ਪਾਰਟੀ ਦੇ ਮੈਂਬਰ ਕਾਮਰੇਡ ਹੈਂਪਲ ਦੀ ਤਕਰੀਰ ਸੀ। ਉਸ ਕਿਹਾ: “ਖੁੱਲ੍ਹਾ ਖ਼ਤ ਮੌਕਾਪ੍ਰਸਤੀ ਦੀ ਕਾਰਵਾਈ ਸੀ।” ਮੈਨੂੰ ਦੁੱਖ ਅਤੇ ਸ਼ਰਮ ਆਉਂਦੀ ਹੈ ਕਿ ਮੈਂ ਅਜਿਹੇ ਵਿਚਾਰ ਪ੍ਰਾਈਵੇਟ ਤੌਰ ’ਤੇ ਵੀ ਸੁਣ ਚੁੱਕਾ ਹਾਂ। ਪਰ ਜਦੋਂ, ਕਾਂਗਰਸ ਵਿਖੇ, ਲੰਬੀ ਬਹਿਸ ਮਗਰੋਂ, “ਖੁੱਲ੍ਹੇ ਖ਼ਤ” ਨੂੰ ਮੌਕਾਪ੍ਰਸਤਾਨਾ ਕਰਾਰ ਦਿੱਤਾ ਜਾਂਦਾ ਹੈ – ਇਹ ਸ਼ਰਮ ਆਉਣ ਵਾਲ਼ੀ ਅਤੇ ਅਪਮਾਨਜਨਕ ਗੱਲ ਹੈ। ਤਾਂ ਫਿਰ ਜਰਮਨ ਕਮਿਊਨਿਸਟ ਵਰਕਰਜ਼ ਪਾਰਟੀ ਵਿਰੁੱਧ ਲੜਾਈ ਦੀ ਕੀ ਚੰਗੀ ਗੱਲ ਹੈ? “ਖੁੱਲ੍ਹਾ ਖ਼ਤ” ਮਾਡਲ ਰਾਜਸੀ ਕਦਮ ਹੈ। ਇਹ ਗੱਲ ਸਾਡੇ ਥੀਸਸ ਵਿੱਚ ਕਹੀ ਗਈ ਹੈ ਅਤੇ ਸਾਨੂੰ ਨਿਸ਼ਚੇ ਹੀ ਇਸ ਦੀ ਹਮਾਇਤ ਕਰਨੀ ਚਾਹੀਦੀ ਹੈ। ਇਹ ਮਾਡਲ ਇਸ ਲਈ ਹੈ ਕਿਉਂਕਿ ਇਹ ਮਜ਼ਦੂਰ ਜਮਾਤ ਦੀ ਬਹੁਗਿਣਤੀ ਜਿੱਤਣ ਦੇ ਅਮਲੀ ਢੰਗ ਦੀ ਪਹਿਲੀ ਕਾਰਵਾਈ ਹੈ। ਯੂਰਪ ਵਿੱਚ, ਜਿੱਥੇ ਲਗਭਗ ਸਾਰੇ ਪ੍ਰੋਲੇਤਾਰੀ ਜਥੇਬੰਦ ਹਨ, ਸਾਨੂੰ ਮਜ਼ਦੂਰ ਜਮਾਤ ਦੀ ਬਹੁਗਿਣਤੀ ਜਿੱਤਣੀ

1. ਹਵਾਲਾ ਜਰਮਨੀ ਦੀ ਸਾਂਝੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਵੱਲੋਂ ਖੁੱਲ੍ਹੇ ਖ਼ਤ ਦਾ ਹੈ ਜਿਸ ਵਿੱਚ ਸਾਰੀਆਂ ਟਰੇਡ ਯੂਨੀਅਨਾਂ ਅਤੇ ਜਰਮਨੀ ਦੀਆਂ ਮਜ਼ਦੂਰ ਜਥੇਬੰਦੀਆਂ ਨੂੰ ਸੱਦਾ ਦਿੱਤਾ ਗਿਆ ਸੀ ਕਿ ਉਹ ਸਾਂਝਾ ਮੋਰਚਾ ਬਣਾਉਣ ਅਤੇ ਮਜ਼ਦੂਰ ਜਮਾਤ ਵਿਰੁੱਧ ਸਰਮਾਏਦਾਰੀ ਦੇ ਤੇਜ਼ ਕੀਤੇ ਗਏ ਹਮਲੇ ਵਿਰੁੱਧ ਸਾਂਝੇ ਤੌਰ ’ਤੇ ਲੜਾਈ ਕਰਨ। ਖੁੱਲ੍ਹਾ ਖ਼ਤ 8 ਜਨਵਰੀ, 1921 ਨੂੰ ਅਖ਼ਬਾਰ Die Rote Fahme ਵਿੱਚ ਛਪਿਆ ਸੀ।

ਚਾਹੀਦੀ ਹੈ ਅਤੇ ਜਿਹੜਾ ਵੀ ਇਹ ਗੱਲ ਸਮਝਣ ਵਿੱਚ ਅਸਮਰੱਥ ਰਹਿੰਦਾ ਹੈ, ਉਹ ਕਮਿਊਨਿਸਟ ਇੰਟਰਨੈਸ਼ਨਲ ਤੋਂ ਗੁਆਚ ਜਾਂਦਾ ਹੈ, ਉਹ ਕਦੇ ਵੀ ਕੁਝ ਨਹੀਂ ਸਿੱਖ ਸਕੇਗਾ ਜੇਕਰ ਉਹ ਮਹਾਨ ਇਨਕਲਾਬ ਦੇ ਤਿੰਨ ਸਾਲਾਂ ਦੌਰਾਨ ਏਨੀ ਗੱਲ ਨਹੀਂ ਸਿੱਖ ਸਕਿਆ।

ਤੈਰਾਸਿਨੀ ਕਹਿੰਦਾ ਹੈ ਕਿ ਅਸੀਂ ਰੂਸ ਵਿੱਚ ਜੇਤੂ ਹੋਏ, ਭਾਵੇਂ ਅਸੀਂ ਨਿੱਕੀ ਜਿਹੀ ਪਾਰਟੀ ਸਾਂ। ਉਹ ਉਸ ਤੋਂ ਨਿਰਾਸ਼ ਹੈ, ਜੋ ਇਸ ਥੀਸਸ ਵਿੱਚ ਚੈਕੋਸਲੋਵਾਕੀਆਂ ਬਾਰੇ ਕਿਹਾ ਗਿਆ ਹੈ। ਇੱਥੇ 27 ਤਰਮੀਮਾਂ ਹਨ ਅਤੇ ਜੇਕਰ ਮੈਂ ਉਨ੍ਹਾਂ ਸਭ ਦੀ ਨੁਕਤਾਚੀਨੀ ਕਰਨੀ ਹੋਵੇਗੀ ਤਾਂ ਮੈਨੂੰ, ਕੁਝ ਬੁਲਾਰਿਆਂ ਵਾਂਗ, ਤਿੰਨ ਘੰਟੇ ਤੋਂ ਘੱਟ ਨਹੀਂ ਬੋਲਣਾ ਪਵੇਗਾ...। ਅਸੀਂ ਸੁਣਿਆ ਹੈ ਕਿ ਚੈਕੋਸਲੋਵਾਕੀਆਂ ਵਿੱਚ ਕਮਿਊਨਿਸਟ ਪਾਰਟੀ ਦੇ 3,00,000-4,00,000 ਮੈਂਬਰ ਹਨ ਅਤੇ ਇਹ ਬਹੁਗਿਣਤੀ ਨੂੰ ਜਿੱਤਣ, ਇੱਕ ਅਜਿੱਤ ਤਾਕਤ ਕਾਇਮ ਕਰਨ ਅਤੇ ਮਜ਼ਦੂਰਾਂ ਦੇ ਨਵੇਂ ਸਮੂਹਾਂ ਨੂੰ ਸ਼ਾਮਲ ਕਰਨ ਲਈ ਲਾਜ਼ਮੀ ਹੈ। ਤੈਰਾਸਿਨੀ ਹਮਲੇ ਲਈ ਪਹਿਲਾਂ ਹੀ ਤਿਆਰ ਹੈ। ਉਹ ਕਹਿੰਦਾ ਹੈ: ਜੇਕਰ ਪਾਰਟੀ ਵਿੱਚ 4,00,000 ਵਰਕਰ ਹਨ, ਤਾਂ ਸਾਨੂੰ ਹੋਰਾਂ ਦੀ ਕੀ ਲੋੜ ਹੈ ? ਕੱਟ ਦਿਓ ! (**ਹਾਸਾ**)। ਉਹ ਸ਼ਬਦ "ਲੋਕਾਂ" ਤੋਂ ਡਰਦਾ ਹੈ ਅਤੇ ਇਸ ਨੂੰ ਖ਼ਤਮ ਕਰਨਾ ਚਾਹੁੰਦਾ ਹੈ। ਕਾਮਰੇਡ ਤੈਰਾਸਿਨੀ ਨੇ ਰੂਸੀ ਇਨਕਲਾਬ ਨੂੰ ਬਹੁਤ ਘੱਟ ਸਮਝਿਆ ਹੈ। ਰੂਸ ਵਿੱਚ, ਅਸੀਂ ਛੋਟੀ ਜਿਹੀ ਪਾਰਟੀ ਸਾਂ, ਪਰ ਸਾਨੂੰ ਇਸ ਤੋਂ ਬਿਨਾਂ ਮਜ਼ਦੂਰਾਂ ਦੀਆਂ ਸੋਵੀਅਤਾਂ ਦੀ ਬਹੁਗਿਣਤੀ ਅਤੇ ਦੇਸ਼ ਭਰ ਦੇ ਕਿਸਾਨਾਂ ਦੇ ਡਿਪਟੀਆਂ ਦੀ ਹਮਾਇਤ ਹਾਸਲ ਸੀ। (**ਅਵਾਜ਼ਾਂ**: "ਬਿਲਕੁਲ ਠੀਕ !") ਕੀ ਤੁਹਾਡੇ ਪਾਸੇ ਅਜਿਹੀ ਕੋਈ ਗੱਲ ਹੈ ? ਸਾਡੇ ਨਾਲ਼ ਲਗਭਗ ਅੱਧੀ ਫੌਜ ਸੀ, ਜਿਸ ਦੀ ਉਸ ਸਮੇਂ ਗਿਣਤੀ ਇੱਕ ਕਰੋੜ ਬਣਦੀ ਸੀ। ਕੀ ਤੁਹਾਨੂੰ ਸੱਚਮੁਚ ਫੌਜ ਦੀ ਹਮਾਇਤ ਹਾਸਲ ਹੈ ? ਮੈਨੂੰ ਅਜਿਹਾ ਦੇਸ਼ ਦਿਖਾਓ ! ਜੇਕਰ ਕਾਮਰੇਡ ਤੈਰਾਸਿਨੀ ਦੇ ਇਹ ਵਿਚਾਰ ਤਿੰਨ ਡੈਲੀਗੇਸ਼ਨਾਂ ਨਾਲ਼ ਸਾਂਝੇ ਹਨ, ਤਾਂ ਇੰਟਰਨੈਸ਼ਨਲ ਵਿੱਚ ਕੁਝ ਗੜਬੜ ਹੈ। ਤਾਂ ਸਾਨੂੰ ਲਾਜ਼ਮੀ ਤੌਰ 'ਤੇ ਕਹਿਣਾ ਚਾਹੀਦਾ ਹੈ, "ਰੁਕੋ ! ਫੈਸਲਾਕੁੰਨ ਲੜਾਈ ਹੋਣੀ ਚਾਹੀਦੀ ਹੈ ! ਨਹੀਂ ਤਾਂ ਕਮਿਊਨਿਸਟ ਇੰਟਰਨੈਸ਼ਨਲ ਦਾ ਕੋਈ ਅਰਥ ਨਹੀਂ।" (**ਜੋਸ਼ਪੂਰਨ ਅਵਾਜ਼ਾਂ**)

ਆਪਣੇ ਤਜ਼ਰਬੇ ਦੇ ਅਧਾਰ 'ਤੇ ਮੈਂ ਕਹਾਂਗਾ; ਭਾਵੇਂ ਮੈਂ ਸੁਰੱਖਿਆਤਮਕ ਪੁਜ਼ੀਸ਼ਨ ਲੈ ਰਿਹਾ ਹਾਂ (**ਹਾਸਾ**), ਕਿ ਮੇਰੇ ਭਾਸ਼ਣ ਦਾ ਟੀਚਾ ਅਤੇ ਅਸੂਲ ਸਾਡੇ ਡੈਲੀਗੇਸ਼ਨ ਵੱਲੋਂ ਪੇਸ਼ ਪ੍ਰਸਤਾਵ ਅਤੇ ਥੀਸਸਾਂ ਦੀ ਰਾਖੀ ਕਰਨਾ ਹੈ। ਇਹ ਗੱਲ ਕਹਿਣੀ, ਨਿਸ਼ਚੇ ਹੀ ਲਟਕਣਬਾਜ਼ੀ ਹੋਵੇਗੀ ਕਿ ਇਨ੍ਹਾਂ ਵਿੱਚੋਂ ਇੱਕ ਵੀ ਸ਼ਬਦ ਨਾ ਬਦਲਿਆ ਜਾਵੇ। ਮੈਨੂੰ ਕਈ ਪ੍ਰਸਤਾਵ ਪੜ੍ਹਨੇ ਪਏ ਸਨ ਅਤੇ ਮੈਂ ਇਸ ਗੱਲ ਤੋਂ ਪੂਰੀ ਤਰ੍ਹਾਂ ਸੁਚੇਤ ਹਾਂ ਕਿ ਉਨ੍ਹਾਂ ਦੀ ਹਰ ਸਤਰ ਵਿੱਚ ਬਹੁਤ ਚੰਗੀਆਂ ਤਰਮੀਮਾਂ ਕੀਤੀਆਂ ਜਾ ਸਕਦੀਆਂ ਹਨ। ਪਰ ਇਹ ਵੀ ਉਹੀ ਗੱਲ ਹੋਵੇਗੀ। ਫਿਰ ਵੀ, ਜੇ ਮੈਂ ਹੁਣ ਐਲਾਨ ਕਰਾਂ ਕਿ ਰਾਜਸੀ ਭਾਵਨਾ ਵਜੋਂ ਇੱਕ ਵੀ ਸ਼ਬਦ ਬਦਲਿਆ ਨਹੀਂ ਜਾਣਾ ਚਾਹੀਦਾ, ਕਿਉਂਕਿ ਤਰਮੀਮਾਂ, ਜਿਵੇਂ ਕਿ ਮੈਂ ਦੇਖਦਾ ਹਾਂ, ਕਾਫ਼ੀ ਨਿਸ਼ਚਿਤ ਰਾਜਸੀ ਖਾਸੇ ਵਾਲ਼ੀਆਂ ਹਨ ਅਤੇ ਕਿਉਂਕਿ ਉਹ ਸਾਨੂੰ ਉਸ ਰਾਹ 'ਤੇ ਲਿਜਾਂਦੀਆਂ ਹਨ ਜਿਹੜਾ ਕਮਿਊਨਿਸਟ ਇੰਟਰਨੈਸ਼ਨਲ ਲਈ ਬਹੁਤ ਹਾਨੀਕਾਰਕ ਅਤੇ ਖਤਰਨਾਕ ਹੈ। ਇਸ ਲਈ ਮੈਂ

ਅਤੇ ਅਸੀਂ ਸਾਰੇ ਤੇ ਰੂਸੀ ਡੈਲੀਗੇਸ਼ਨ ਨੂੰ ਇਸ ਗੱਲ 'ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਥੀਸਸਾਂ ਦਾ ਇੱਕ ਵੀ ਸ਼ਬਦ ਨਾ ਬਦਲਿਆ ਜਾਵੇ। ਅਸੀਂ ਆਪਣੇ ਸੱਜੇ ਪੱਖੀ ਅਨਸਰਾਂ ਦੀ ਨਿੰਦਾ ਹੀ ਨਹੀਂ ਕੀਤੀ, ਅਸੀਂ ਉਹਨਾਂ ਨੂੰ ਖਾਰਜ ਵੀ ਕਰ ਦਿੱਤਾ ਹੈ। ਪਰ ਜੇਕਰ, ਤੈਰਾਸਿਨੀ ਵਾਂਗ ਲੋਕ ਸੱਜੇ-ਪੱਖੀਆਂ ਵਿਰੁੱਧ ਲੜਾਈ ਨੂੰ ਖੇਡ ਵਿੱਚ ਬਦਲ ਦੇਣ, ਤਾਂ ਸਾਨੂੰ ਕਹਿਣਾ ਚਾਹੀਦਾ ਹੈ: "ਰੁਕੋ ! ਨਹੀਂ ਤਾਂ ਖ਼ਤਰਾ ਬਹੁਤ ਗੰਭੀਰ ਹੋ ਜਾਵੇਗਾ।"

ਤੈਰਾਸਿਨੀ ਨੇ ਹਮਲਾਵਰ ਘੋਲ਼ ਦੇ ਸਿਧਾਂਤ ਦੀ ਰੱਖਿਆ ਕੀਤੀ ਹੈ। ਇਸ ਸਬੰਧ ਵਿੱਚ ਖ਼ਤਰਨਾਕ ਤਰਮੀਮ ਦੋ ਜਾਂ ਤਿੰਨ ਸਫ਼ੇ ਲੰਬਾ ਪ੍ਰਸਤਾਵ ਪੇਸ਼ ਕਰਦੀ ਹੈ। ਸਾਨੂੰ ਉਹਨੂੰ ਪੜ੍ਹਣ ਦੀ ਕੋਈ ਲੋੜ ਨਹੀਂ। ਅਸੀਂ ਜਾਣਦੇ ਹਾਂ ਕਿ ਉਹ ਕੀ ਕਹਿੰਦੇ ਹਨ। ਤੈਰਾਸਿਨੀ ਨੇ ਮਾਮਲਾ ਕਾਫ਼ੀ ਸਾਫ਼ ਢੰਗ ਨਾਲ਼ ਦੱਸ ਦਿੱਤਾ ਹੈ। ਉਸ ਨੇ ਹਮਲੇ ਦੇ ਸਿਧਾਂਤ ਦੀ ਪੁਸ਼ਟੀ ਕੀਤੀ ਹੈ, "ਖਾੜਕੂ ਰੁਚੀਆਂ" ਅਤੇ "ਗੈਰ ਸਰਗਰਮੀ ਤੋਂ ਸਰਗਰਮੀ ਵਿੱਚ ਤਬਦੀਲੀ" ਦਾ ਜ਼ਿਕਰ ਕਰਦੇ ਹੋਏ। ਸਾਨੂੰ ਰੂਸ ਵਿੱਚ ਕੇਂਦਰਵਾਦੀਆਂ ਵਿਰੁੱਧ ਘੋਲ਼ ਵਿੱਚ ਕਾਫ਼ੀ ਰਾਜਸੀ ਤਜ਼ਰਬਾ ਹੈ। ਲਗਭਗ ਪੰਦਰਾਂ ਸਾਲ ਪਹਿਲਾਂ, ਅਸੀਂ ਆਪਣੇ ਮੌਕਾਪ੍ਰਸਤਾਂ ਅਤੇ ਕੇਂਦਰਵਾਦੀਆਂ ਵਿਰੁੱਧ ਅਤੇ ਮੈਨਸ਼ਵਿਕਾਂ ਵਿਰੁੱਧ ਘੋਲ਼ ਕਰ ਰਹੇ ਸਾਂ ਅਤੇ ਅਸੀਂ ਨਾ ਸਿਰਫ਼ ਮੈਨਸ਼ਵਿਕਾਂ ਉੱਤੇ ਹੀ ਜੇਤੂ ਰਹੇ ਸਾਂ ਸਗੋਂ ਨੀਮ ਅਨਾਰਕਿਸਟਾਂ ਉੱਤੇ ਵੀ ਜੇਤੂ ਹੋਏ ਸਾਂ।

ਜੇਕਰ ਅਸੀਂ ਅਜਿਹਾ ਨਾ ਕੀਤਾ ਹੁੰਦਾ, ਤਾਂ ਅਸੀਂ ਸਾਢੇ ਤਿੰਨ ਸਾਲ ਤਾਂ ਕੀ ਸਿਰਫ਼ ਸਾਢੇ ਤਿੰਨ ਹਫ਼ਤੇ ਵੀ ਸੱਤ੍ਹਾ ਨੂੰ ਆਪਣੇ ਹੱਥਾਂ ਵਿੱਚ ਰੱਖਣ ਦੇ ਸਮਰੱਥ ਨਾ ਹੋਏ ਹੁੰਦੇ ਅਤੇ ਅਸੀਂ ਇੱਥੇ ਕਮਿਊਨਿਸਟ ਕਾਂਗਰਸਾਂ ਨਾ ਕਰ ਰਹੇ ਹੁੰਦੇ। "ਖਾੜਕੂ ਰੁਚੀਆਂ" "ਗੈਰ ਸਰਗਰਮੀ ਤੋਂ ਸਰਗਰਮੀ ਵਿੱਚ ਤਬਦੀਲੀ" – ਇਹ ਉਹ ਗੱਲਾਂ ਹਨ ਜਿਹੜੀਆਂ ਖੱਬੇ ਸੋਸ਼ਲਿਸਟ ਇਨਕਲਾਬੀਆਂ ਨੇ ਸਾਡੇ ਵਿਰੁੱਧ ਵਰਤੀਆਂ ਹਨ। ਹੁਣ ਉਹ ਜੇਲ੍ਹ ਵਿੱਚ ਹਨ ਅਤੇ "ਕਮਿਊਨਿਜ਼ਮ ਦੇ ਟੀਚਿਆਂ" ਦੀ ਰਾਖੀ ਕਰ ਰਹੇ ਹਨ ਅਤੇ "ਗੈਰ ਸਰਗਰਮੀ ਤੋਂ ਸਰਗਰਮੀ ਵਿੱਚ ਤਬਦੀਲੀ" ਬਾਰੇ ਸੋਚ ਰਹੇ ਹਨ। (**ਹਾਸਾ**)। ਪ੍ਰਸਤਾਵਤ ਤਰਮੀਮਾਂ ਵਿੱਚ ਦੱਸੇ ਗਏ ਕਾਰਨਾਂ ਦੀ ਲਾਈਨ ਅਸੰਭਵ ਹੈ, ਕਿਉਂਕਿ ਉਨ੍ਹਾਂ ਵਿੱਚ ਮਾਰਕਸਵਾਦ ਨਹੀਂ, ਰਾਜਸੀ ਤਜ਼ਰਬਾ ਨਹੀਂ ਅਤੇ ਕੋਈ ਦਲੀਲ ਨਹੀਂ ਹੈ। ਕੀ ਅਸੀਂ ਆਪਣੇ ਥੀਸਸ ਵਿੱਚ ਇਨਕਲਾਬੀ ਹੰਭਲੇ ਦੇ ਆਮ ਸਿਧਾਂਤ ਦੀ ਵਿਆਖਿਆ ਕੀਤੀ ਹੈ ? ਕੀ ਰਾਦੇਕ ਜਾਂ ਸਾਡੇ ਵਿੱਚੋਂ ਕਿਸੇ ਨੇ ਅਜਿਹੀ ਬੇਵਕੂਫੀ ਕੀਤੀ ਹੈ ? ਅਸੀਂ ਹੰਭਲੇ ਦੇ ਸਿਧਾਂਤ ਦੀ ਗੱਲ ਬਿਲਕੁਲ ਨਿਸ਼ਚਿਤ ਕੰਮ ਅਤੇ ਬਿਲਕੁਲ ਨਿਸ਼ਚਿਤ ਦੌਰ ਦੇ ਸੰਗਠਨ ਵਿੱਚ ਕੀਤੀ ਹੈ।

ਮੈਨਸ਼ਵਿਕਾਂ ਵਿਰੁੱਧ ਸਾਡੇ ਸੰਘਰਸ਼ ਤੋਂ ਅਸੀਂ ਹਵਾਲੇ ਦੇ ਸਕਦੇ ਹਾਂ, ਇਹ ਦਰਸਾਉਣ ਲਈ ਕਿ ਪਹਿਲੇ ਇਨਕਲਾਬ ਤੋਂ ਪਹਿਲਾਂ ਵੀ ਅਜਿਹੇ ਲੋਕ ਸਨ ਜਿਹੜੇ ਸ਼ੱਕ ਕਰਦੇ ਸਨ ਕਿ ਇਨਕਲਾਬੀ ਪਾਰਟੀ ਨੂੰ ਹਮਲਾ ਕਰਨਾ ਚਾਹੀਦਾ ਹੈ ਜਾਂ ਨਹੀਂ। ਜੇਕਰ ਅਜਿਹੇ ਸ਼ੱਕ ਕਿਸੇ ਸੋਸ਼ਲ ਡੈਮੋਕਰੈਟ ਉੱਤੇ ਦੋਸ਼ ਲਾਉਂਦੇ ਸਨ – ਜਿਵੇਂ ਅਸੀਂ ਆਪਣੇ ਆਪ ਨੂੰ ਉਸ ਸਮੇਂ ਕਹਿੰਦੇ ਸਾਂ – ਅਸੀਂ ਉਸ ਵਿਰੁੱਧ ਘੋਲ਼ ਕੀਤਾ ਅਤੇ ਕਿਹਾ ਕਿ ਉਹ ਮੌਕਾਪ੍ਰਸਤ ਸੀ, ਕਿ ਉਹ ਮਾਰਕਸਵਾਦ ਅਤੇ ਇਨਕਲਾਬੀ ਪਾਰਟੀ ਦੇ ਵਿਰੋਧ ਵਿਕਾਸ ਬਾਰੇ ਕੁਝ ਨਹੀਂ ਸਮਝਦਾ। ਕੀ

ਕਿਸੇ ਲਈ ਇਸ ਬਾਰੇ ਝਗੜਾ ਕਰਨਾ ਸੱਚਮੁਚ ਸੰਭਵ ਹੈ ਕਿ ਆਮ ਤੌਰ ’ਤੇ ਇਨਕਲਾਬੀ ਹਮਲਾ ਜਾਇਜ਼ ਹੈ ? ਇਸ ਦੇਸ਼ ਵਿੱਚ ਅਜਿਹੀਆਂ ਉਦਾਹਰਣਾਂ ਲੱਭਣ ਲਈ ਸਾਨੂੰ ਪੰਦਰਾਂ ਸਾਲ ਪਿੱਛੇ ਜਾਣਾ ਪਵੇਗਾ। ਜੇਕਰ ਕੇਂਦਰਵਾਦੀ ਜਾਂ ਲੁਕਵੇਂ ਕੇਂਦਰਵਾਦੀ ਹਨ, ਜਿਹੜੇ ਹਮਲੇ ਦੇ ਸਿਧਾਂਤ ਬਾਰੇ ਮਤਭੇਦ ਰੱਖਦੇ ਹਨ, ਉਹਨਾਂ ਨੂੰ ਫੌਰੀ ਤੌਰ ’ਤੇ ਕੱਢ ਦਿੱਤਾ ਜਾਣਾ ਚਾਹੀਦਾ ਹੈ। ਇਹ ਸਵਾਲ ਮਤਭੇਦ ਪੈਦਾ ਨਹੀਂ ਕਰ ਸਕਦਾ। ਪਰ ਇਹ ਤੱਥ ਕਿ ਹੁਣ ਵੀ, ਕਮਿਊਨਿਸਟ ਇੰਟਰਨੈਸ਼ਨਲ ਦੇ ਤਿੰਨ ਸਾਲਾਂ ਮਗਰੋਂ, ਅਸੀਂ “ਖਾੜਕੂ ਰੁਚੀਆਂ” ਬਾਰੇ, “ਗੈਰ ਸਰਗਰਮੀ ਤੋਂ ਸਰਗਰਮੀ ਵਿੱਚ ਤਬਦੀਲੀ” ਬਾਰੇ ਬਹਿਸ ਕਰ ਰਹੇ ਹਾਂ – ਇਹ ਸ਼ਰਮ ਵਾਲ਼ੀ ਅਤੇ ਬੇਇਜ਼ਤੀ ਵਾਲ਼ੀ ਗੱਲ ਹੈ।

ਸਾਨੂੰ ਇਸ ਬਾਰੇ ਕਾਮਰੇਡ ਰਾਦੇਕ ਨਾਲ਼ ਕੋਈ ਮਤਭੇਦ ਨਹੀਂ, ਜਿਸ ਨੇ ਸਾਡੇ ਨਾਲ਼ ਰਲ਼ ਕੇ ਇਹ ਥੀਸਸ ਤਿਆਰ ਕੀਤੇ ਹਨ। ਸ਼ਾਇਦ ਜਰਮਨੀ ਵਿੱਚ ਇਨਕਲਾਬੀ ਹਮਲੇ ਦੇ **ਸਿਧਾਂਤ ਬਾਰੇ** ਗੱਲ ਕਰਨਾ ਠੀਕ ਨਹੀਂ ਸੀ ਜਦੋਂ ਕਿ ਹਾਲਾਂ ਅਸਲ ਹਮਲੇ ਦੀ ਤਿਆਰੀ ਨਹੀਂ ਕੀਤੀ ਗਈ। ਫਿਰ ਵੀ ਮਾਰਚ ਦੀ ਐਕਸ਼ਨ[1], ਇਸ ਦੇ ਆਗੂਆਂ ਦੀ ਗਲਤੀ ਦੇ ਬਾਵਜੂਦ ਅੱਗੇ ਵੱਲ ਨੂੰ ਇੱਕ ਮਹਾਨ ਕਦਮ ਸੀ। ਪਰ ਇਸ ਦੀ ਕੋਈ ਪਰਵਾਹ ਨਹੀਂ। ਹਜ਼ਾਰਾਂ ਮਜ਼ਦੂਰਾਂ ਨੇ ਬਹਾਦਰੀ ਨਾਲ਼ ਲੜਾਈ ਕੀਤੀ। ਜਰਮਨ ਕਮਿਊਨਿਸਟ ਵਰਕਰਜ਼ ਪਾਰਟੀ ਨੇ ਜਿੰਨੇ ਵੀ ਹੌਸਲੇ ਨਾਲ਼ ਬੁਰਜੂਆਜ਼ੀ ਵਿਰੁੱਧ ਲੜਾਈ ਕੀਤੀ, ਸਾਨੂੰ ਲਾਜ਼ਮੀ ਤੌਰ ’ਤੇ ਉਹ ਗੱਲ ਦੁਹਰਾਉਣੀ ਚਾਹੀਦੀ ਹੈ, ਜਿਹੜੀ ਕਾਮਰੇਡ ਰਾਦੇਕ ਨੇ ਹੋਲਜ਼ ਬਾਰੇ ਰੂਸੀ ਵਿੱਚ ਲਿਖੇ ਲੇਖ ਵਿੱਚ ਕਹੀ ਸੀ। ਜੇਕਰ ਕੋਈ ਵੀ ਅਨਾਰਕਿਸਟ ਵੀ, ਬੁਰਜੂਆਜ਼ੀ ਵਿਰੁੱਧ ਬਹਾਦਰੀ ਨਾਲ਼ ਲੜਦਾ ਹੈ, ਤਾਂ ਨਿਸ਼ਚੇ ਹੀ ਇਹ ਇੱਕ ਮਹਾਨ ਚੀਜ਼ ਹੈ; ਪਰ ਜੇਕਰ ਸਮਾਜੀ ਗੱਦਾਰਾਂ ਅਤੇ ਬੁਰਜੂਆਜ਼ੀ ਦੀ ਕਮੀਨੀ ਭੜਕਾਹਟ ਵਿਰੁੱਧ ਹਜ਼ਾਰਾਂ ਹੀ ਮਜ਼ਦੂਰ ਲੜਾਈ ਕਰਦੇ ਹਨ ਤਾਂ ਇਹ ਅੱਗੇ ਵੱਲ ਨੂੰ ਇੱਕ ਕਦਮ ਹੈ।

ਆਪਣੀਆਂ ਗਲਤੀਆਂ ਪ੍ਰਤੀ ਪੜਚੋਲ਼ੀ ਰਵੱਈਆ ਅਖ਼ਤਿਆਰ ਕਰਨਾ ਬਹੁਤ ਮਹੱਤਵਪੂਰਨ ਹੈ। ਜੇਕਰ ਕੋਈ ਜਣਾ, ਅਜਿਹੇ ਘੋਲ਼ ਮਗਰੋਂ, ਜਿਸ ਵਿੱਚ ਹਜ਼ਾਰਾਂ ਹੀ ਲੋਕਾਂ ਨੇ ਭਾਗ ਲਿਆ ਹੋਵੇ, ਇਸ ਘੋਲ਼ ਦੇ ਵਿਰੁੱਧ ਹੋ ਜਾਵੇ ਅਤੇ ਲੈਵੀ ਵਾਂਗ ਵਰਤੇ, ਤਾਂ ਉਸ ਨੂੰ ਕੱਢ ਦੇਣਾ ਚਾਹੀਦਾ ਹੈ ਅਤੇ ਇਹੀ ਕੀਤਾ ਗਿਆ ਸੀ। ਪਰ ਸਾਨੂੰ ਇਸ ਤੋਂ ਸਬਕ ਕੱਢਣਾ ਚਾਹੀਦਾ ਹੈ। ਕੀ ਅਸੀਂ ਸੱਚਮੁਚ ਹਮਲੇ ਲਈ ਤਿਆਰੀ ਕੀਤੀ ਸੀ ? (**ਰਾਦੇਕ**; “ਅਸੀਂ ਰਾਖੀ ਲਈ ਵੀ ਤਿਆਰੀ ਨਹੀਂ ਕੀਤੀ ਸੀ”) ਨਿਸ਼ਚੇ ਹੀ ਸਿਰਫ਼ ਅਖ਼ਬਾਰਾਂ ਦੇ ਲੇਖ ਹੀ ਹਮਲੇ ਦੀਆਂ ਗੱਲਾਂ ਕਰਦੇ ਹਨ। ਇਹ ਸਿਧਾਂਤ ਜਿਵੇਂ ਕਿ 1921 ਵਿੱਚ ਜਰਮਨੀ ਵਿੱਚ ਮਾਰਚ ਐਕਸ਼ਨ ਵਿੱਚ ਲਾਗੂ ਕੀਤਾ ਗਿਆ ਗ਼ਲਤ ਸੀ – ਸਾਨੂੰ ਇਹ ਗੱਲ ਮੰਨਣੀ ਪਵੇਗੀ – ਪਰ ਆਮ ਤੌਰ ’ਤੇ ਇਨਕਲਾਬੀ ਹਮਲੇ ਦਾ ਸਿਧਾਂਤ ਬਿਲਕੁਲ ਹੀ ਗਲਤ ਨਹੀਂ ਹੈ।

---

1. **ਮਾਰਚ ਐਕਸ਼ਨ** – ਮਾਰਚ 1921 ਵਿੱਚ ਕੇਂਦਰੀ ਜਰਮਨੀ ਵਿੱਚ – ਮਜ਼ਦੂਰਾਂ ਦਾ ਹਥਿਆਰਬੰਦ ਵਿਦਰੋਹ। ਇਸ ਦੀ ਹੋਰ ਸਨਅਤੀ ਕਿਲ੍ਹਿਆਂ ਦੇ ਵਰਕਰਾਂ ਨੇ ਹਮਾਇਤ ਕੀਤੀ ਸੀ ਅਤੇ ਮਜ਼ਦੂਰਾਂ ਦੇ ਬਹਾਦਰਾਨਾ ਸੰਘਰਸ਼ ਦੇ ਬਾਵਜੂਦ, ਉਨ੍ਹਾਂ ਨੂੰ ਛੇਤੀ ਹੀ ਦਬਾ ਦਿੱਤਾ ਗਿਆ ਸੀ।

ਅਸੀਂ ਰੂਸ ਵਿੱਚ ਜੇਤੂ ਰਹੇ ਅਤੇ ਏਨੀ ਅਸਾਨੀ ਨਾਲ਼ ਜੇਤੂ ਰਹੇ ਕਿਉਂਕਿ ਅਸੀਂ ਜੰਗ ਦੌਰਾਨ ਇਨਕਲਾਬ ਲਈ ਤਿਆਰੀ ਕੀਤੀ। ਇਹ ਪਹਿਲੀ ਸ਼ਰਤ ਸੀ। ਰੂਸ ਵਿੱਚ ਇੱਕ ਕਰੋੜ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਹਥਿਆਰਬੰਦ ਕੀਤਾ ਗਿਆ ਅਤੇ ਸਾਡਾ ਨਾਅਰਾ ਸੀ: ਹਰ ਕੀਮਤ 'ਤੇ ਫੌਰੀ ਅਮਨ। ਅਸੀਂ ਜੇਤੂ ਹੋਏ ਕਿਉਂਕਿ ਕਿਸਾਨੀ ਦੇ ਚੁਰੇੜੇ ਸਮੂਹ ਵੱਡੇ ਜਗੀਰਦਾਰਾਂ ਦੇ ਕੱਟੜ ਵਿਰੁੱਧ ਸਨ। ਸੋਸ਼ਲਿਸਟ ਇਨਕਲਾਬੀ, ਜਿਹੜੇ ਕਿ ਦੂਜੀ ਅਤੇ ਢਾਈਵੀਂ ਕੌਮਾਂਤਰੀ[1] ਅਨੁਸਾਰ ਚੱਲਦੇ ਸਨ, ਨਵੰਬਰ 1917 ਵਿੱਚ ਵੱਡੇ ਕਿਸਾਨਾਂ ਦੀ ਪਾਰਟੀ ਸਨ। ਉਨ੍ਹਾਂ ਇਨਕਲਾਬੀ ਢੰਗਾਂ ਦੀ ਮੰਗ ਕੀਤੀ, ਪਰ ਦੂਜੀ ਅਤੇ ਢਾਈਵੀਂ ਇੰਟਰਨੈਸ਼ਨਲ ਦੇ ਹੀਰੋਆਂ ਵਾਂਗ ਉਹਨਾਂ ਵਿੱਚ ਇਨਕਲਾਬੀ ਢੰਗ ਨਾਲ਼ ਕੰਮ ਕਰਨ ਦਾ ਹੌਸਲਾ ਨਹੀਂ ਸੀ। ਅਗਸਤ ਅਤੇ ਸਤੰਬਰ 1917 ਵਿੱਚ ਅਸੀਂ ਕਿਹਾ: "ਸਿਧਾਂਤਕ ਤੌਰ 'ਤੇ ਅਸੀਂ ਪਹਿਲਾਂ ਵਾਂਗ ਹੀ ਸੋਸ਼ਲਿਸਟ ਇਨਕਲਾਬੀਆਂ ਨਾਲ਼ ਲੜਾਈ ਕਰ ਰਹੇ ਹਾਂ, ਪਰ ਅਮਲੀ ਤੌਰ 'ਤੇ ਅਸੀਂ ਉਨ੍ਹਾਂ ਦਾ ਪ੍ਰੋਗਰਾਮ ਪ੍ਰਵਾਨ ਕਰਨ ਲਈ ਤਿਆਰ ਹਾਂ ਕਿਉਂਕਿ ਸਿਰਫ਼ ਅਸੀਂ ਇਸ ਨੂੰ ਲਾਗੂ ਕਰਨ ਦੇ ਸਮਰੱਥ ਰਹੇ ਸਾਂ।" ਅਸੀਂ ਉਹ ਕੀਤਾ ਜੋ ਅਸੀਂ ਕਿਹਾ। ਕਿਸਾਨੀ, ਜਿਹੜੀ ਕਿ ਨਵੰਬਰ 1917 ਵਿੱਚ ਸਾਡੇ ਖਿਲਾਫ ਸੀ ਤੇ ਜਿਸ ਨੇ ਸੰਵਿਧਾਨਕ ਅਸੰਬਲੀ ਵਿੱਚ ਬਹੁਸੰਮਤੀ ਸੋਸ਼ਲਿਸਟ ਇਨਕਲਾਬੀਆਂ ਨੂੰ ਸਾਡੀ ਜਿੱਤ ਤੋਂ ਬਾਅਦ ਭੇਜਿਆ, ਨੂੰ ਆਪਣੇ ਵੱਲ ਜਿੱਤ ਲਿਆ, ਜੇਕਰ ਕੁਝ ਦਿਨਾਂ ਵਿੱਚ ਨਹੀਂ – ਜਿਵੇਂ ਕਿ ਮੈਂ ਗਲਤੀ ਨਾਲ਼ ਆਸ ਕੀਤੀ ਅਤੇ ਭਵਿੱਖਬਾਣੀ ਕੀਤੀ ਸੀ – ਤਾਂ ਕਿਸੇ ਵੀ ਰਫ਼ਤਾਰ ਨਾਲ਼ ਕੁਝ ਹਫ਼ਤਿਆਂ ਵਿੱਚ। ਮਤਭੇਦ ਬਹੁਤ ਵੱਡਾ ਨਹੀਂ ਸੀ (ਕੀ ਤੁਸੀਂ ਯੂਰਪ ਵਿੱਚ ਕੋਈ ਦੇਸ਼ ਦੱਸ ਸਕਦੇ ਹੋ, ਜਿੱਥੇ ਤੁਸੀਂ ਕਿਸਾਨੀ ਦੀ ਬਹੁਗਿਣਤੀ ਨੂੰ ਕੁਝ ਹਫ਼ਤਿਆਂ ਵਿੱਚ ਆਪਣੇ ਵੱਲ ਕਰ ਸਕਦੇ ਹੋ ? ਸ਼ਾਇਦ ਇਟਲੀ ? (**ਹਾਸਾ।**) ਜੇਕਰ ਇਹ ਕਿਹਾ ਜਾਂਦਾ ਹੈ ਕਿ ਅਸੀਂ ਰੂਸ ਵਿੱਚ ਵੱਡੀ ਪਾਰਟੀ ਨਾ ਹੁੰਦੇ ਹੋਏ ਵੀ ਜੇਤੂ ਰਹੇ ਤਾਂ ਇਹ ਸਿਰਫ਼ ਇਹੀ ਗੱਲ ਸਿੱਧ ਕਰਦਾ ਹੈ ਕਿ ਜਿਹੜੇ ਲੋਕ ਇਹ ਕਹਿੰਦੇ ਹਨ, ਉਨ੍ਹਾਂ ਨੇ ਰੂਸੀ ਇਨਕਲਾਬ ਨੂੰ ਨਹੀਂ ਸਮਝਿਆ ਹੈ ਅਤੇ ਕਿ ਉਨ੍ਹਾਂ ਨੂੰ ਇਸ ਗੱਲ ਦੀ ਬਿਲਕੁਲ ਹੀ ਕੋਈ ਸੂਝ ਨਹੀਂ ਕਿ ਇਨਕਲਾਬ ਲਈ ਤਿਆਰੀ ਕਿਵੇਂ ਕਰਨੀ ਹੈ।

ਸਾਡਾ ਪਹਿਲਾ ਕਦਮ ਹਕੀਕੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਸੀ ਤਾਂ ਜੋ ਅਸੀਂ ਜਾਣ ਸਕੀਏ ਕਿਹਨਾਂ ਨਾਲ਼ ਗੱਲ ਕਰ ਰਹੇ ਹਾਂ ਅਤੇ ਕਿਹਨਾਂ ਉੱਤੇ ਅਸੀਂ ਪੂਰੇ ਤੌਰ 'ਤੇ ਭਰੋਸਾ ਕਰ ਸਕਦੇ ਹਾਂ। ਪਹਿਲੀ ਅਤੇ ਦੂਜੀ ਕਾਂਗਰਸ ਦਾ ਨਾਅਰਾ ਸੀ "ਕੇਂਦਰਵਾਦੀ ਮੁਰਦਾਬਾਦ।" ਅਸੀਂ ਕਮਿਊਨਿਜ਼ਮ ਦੇ ੳ, ਅ, ੲ, ਦੀ ਮੁਕੰਮਲ ਜਾਣਕਾਰੀ ਸੀ ਆਸ ਨਹੀਂ ਰੱਖ ਸਕਦੇ ਜੇਕਰ ਬਿਲਕੁਲ ਲਾਈਨ ਮੁਤਾਬਕ ਅਤੇ ਸੰਸਾਰ ਭਰ ਵਿੱਚ ਅਸੀਂ ਕੇਂਦਰਵਾਦੀਆਂ

---

1. **ਢਾਈਵੀਂ ਕੌਮਾਂਤਰੀ** – 1921 ਵੀਆਨਾ ਵਿੱਚ ਕੇਂਦਰਵਾਦੀ ਪਾਰਟੀਆਂ ਅਤੇ ਗਰੁੱਪਾਂ ਦੀ ਕਾਨਫਰੰਸ ਵਿੱਚ ਕਾਇਮ ਕੀਤੀ ਗਈ ਕੌਮਾਂਤਰੀ ਐਸੋਸੀਏਸ਼ਨ, ਜਿਸ ਨੇ ਇਨਕਲਾਬੀ ਮਜ਼ਦੂਰ ਸਮੂਹਾਂ ਦੇ ਦਬਾਅ ਹੇਠ ਕੁਝ ਸਮੇਂ ਲਈ ਦੂਜੀ ਇੰਟਰਨੈਸ਼ਨਲ ਦਾ ਤਿਆਗ ਕਰ ਦਿੱਤਾ। 1923 ਵਿੱਚ, ਢਾਈਵੀਂ ਇੰਟਰਨੈਸ਼ਨਲ ਫੇਰ ਦੂਜੀ ਇੰਟਰਨੈਸ਼ਨਲ ਵਿੱਚ ਸ਼ਾਮਲ ਹੋ ਗਈ।

ਅਤੇ ਨੀਮ-ਕੇਂਦਰਵਾਦੀਆਂ ਦਾ ਖਾਤਮਾ ਨਹੀਂ ਕਰਦੇ, ਜਿਨ੍ਹਾਂ ਨੂੰ ਅਸੀਂ ਰੂਸ ਵਿੱਚ ਮੈਨਸ਼ਵਿਕ ਕਹਿੰਦੇ ਸਾਂ। ਸਾਡਾ ਪਹਿਲਾ ਕਾਰਜ ਹਕੀਕੀ ਇਨਕਲਾਬੀ ਪਾਰਟੀ ਕਾਇਮ ਕਰਨਾ ਅਤੇ ਮੈਨਸ਼ਵਿਕਾਂ ਨਾਲ਼ੋਂ ਤੋੜ ਵਿਛੋੜਾ ਕਰਨਾ ਹੈ। ਪਰ ਇਹ ਸਿਰਫ ਤਿਆਰੀ ਸਕੂਲ ਹੀ ਹੈ। ਅਸੀਂ ਤੀਜੀ ਕਾਂਗਰਸ ਸੱਦ ਰਹੇ ਹਾਂ ਅਤੇ ਕਾਮਰੇਡ ਤੈਰਾਸਿਨੀ ਇਹ ਕਹੀ ਜਾ ਰਿਹਾ ਹੈ ਕਿ ਤਿਆਰੀ ਸਕੂਲ ਦਾ ਕਾਰਜ ਕੇਂਦਰਵਾਦੀਆਂ ਨੂੰ ਲੱਭ ਕੇ ਬਾਹਰ ਕੱਢਣਾ, ਉਨ੍ਹਾਂ ਦੀ ਨਿਗਰਾਨੀ ਰੱਖਣਾ ਅਤੇ ਉਨ੍ਹਾਂ ਨੂੰ ਬੇਨਕਾਬ ਕਰਨਾ ਹੈ। ਨਹੀਂ ਮਿਹਰਬਾਨੀ! ਅਸੀਂ ਇਹ ਕਾਫ਼ੀ ਲੰਬਾ ਸਮਾਂ ਪਹਿਲਾਂ ਕਰ ਚੁੱਕੇ ਹਾਂ। ਦੂਜੀ ਕਾਂਗਰਸ ਵਿੱਚ ਅਸੀਂ ਕਿਹਾ ਕਿ ਕੇਂਦਰਵਾਦੀ ਸਾਡੇ ਦੁਸ਼ਮਣ ਹਨ। ਪਰ ਸਾਨੂੰ ਸੱਚਮੁਚ ਅੱਗੇ ਜਾਣਾ ਚਾਹੀਦਾ ਹੈ। ਪਾਰਟੀ ਵਿੱਚ ਜਥੇਬੰਦੀ ਤੋਂ ਅੱਗੇ ਦੂਜਾ ਪੜਾਅ, ਇਨਕਲਾਬ ਲਈ ਤਿਆਰੀ ਕਰਨਾ ਸਿੱਖਣਾ ਹੈ। ਕਈ ਦੇਸ਼ਾਂ ਵਿੱਚ ਅਸੀਂ ਇਹ ਵੀ ਨਹੀਂ ਸਿੱਖਿਆ ਕਿ ਅਗਵਾਈ ਦਾ ਰੋਲ ਕਿਵੇਂ ਸਾਂਭਣਾ ਹੈ। ਅਸੀਂ ਰੂਸ ਵਿੱਚ ਸਿਰਫ਼ ਇਸ ਕਾਰਨ ਜੇਤੂ ਨਹੀਂ ਹੋਏ ਸਾਂ ਕਿ ਮਜ਼ਦੂਰ ਜਮਾਤ ਦੀ ਬਹੁਸੰਮਤੀ ਬਿਨਾਂ ਕਿਸੇ ਸ਼ੱਕ ਦੇ ਸਾਡੇ ਨਾਲ਼ ਸੀ (1917 ਵਿੱਚ ਚੋਣਾਂ ਦੌਰਾਨ, ਮਜ਼ਦੂਰਾਂ ਦੀ ਬਹੁਤ ਵੱਡੀ ਬਹੁਸੰਮਤੀ ਸਾਡੇ ਪਾਸੇ ਅਤੇ ਮੈਨਸ਼ਵਿਕਾਂ ਦੇ ਵਿਰੁੱਧ ਸੀ), ਸਗੋਂ ਇਸ ਕਰਕੇ ਵੀ ਕਿ ਅੱਧੀ ਫੌਜ, ਸਾਡੇ ਵੱਲੋਂ ਸੱਤ੍ਹਾ ਖੋਹੇ ਜਾਣ ਤੋਂ ਫੌਰਨ ਮਗਰੋਂ ਅਤੇ ਕਿਸਾਨੀ ਦਾ ਦਸ ਵਿੱਚੋਂ ਨੌਂਵਾਂ ਹਿੱਸਾ, ਕੁਝ ਹਫ਼ਤਿਆਂ ਵਿੱਚ ਹੀ ਸਾਡੇ ਪਾਸੇ ਆ ਗਏ; ਅਸੀਂ ਜੇਤੂ ਰਹੇ ਕਿਉਂਕਿ ਅਸੀਂ ਆਪਣੇ ਪ੍ਰੋਗਰਾਮ ਦੀ ਥਾਂ ਸੋਸ਼ਲਿਸਟ ਇਨਕਲਾਬੀਆਂ ਦਾ ਖੇਤੀ ਪ੍ਰੋਗਰਾਮ ਅਪਣਾਇਆ ਅਤੇ ਇਸ ਨੂੰ ਲਾਗੂ ਕੀਤਾ। ਸਾਡੀ ਜਿੱਤ ਇਸ ਤੱਥ ਕਾਰਨ ਵੀ ਸੀ ਕਿ ਅਸੀਂ ਸੋਸ਼ਲਿਸਟ ਇਨਕਲਾਬੀ ਪ੍ਰੋਗਰਾਮ ਲੈ ਕੇ ਤੁਰੇ; ਇਸੇ ਕਾਰਨ ਇਹ ਜਿੱਤ ਏਨੀ ਅਸਾਨ ਸੀ। ਕੀ ਇਹ ਗੱਲ ਸੰਭਵ ਹੈ ਕਿ ਤੁਸੀਂ ਪੱਛਮ ਵਿੱਚ ਇਸ ਤਰ੍ਹਾਂ ਦੇ ਭੁਚਲਾਵੇ ਪਾਲੋ! ਕਾਮਰੇਡ ਤੈਰਾਸਿਨੀ ਅਤੇ ਹੋਰ ਸਾਰੇ, ਜਿਨ੍ਹਾਂ ਪ੍ਰਸਤਾਵਤ ਤਰਮੀਮਾਂ ਉੱਤੇ ਦਸਤਖ਼ਤ ਕੀਤੇ ਹਨ, ਜ਼ਰਾ ਠੋਸ ਆਰਥਕ ਸਥਿਤੀਆਂ ਦਾ ਟਾਕਰਾ ਕਰਨ! ਇਸ ਤੱਥ ਦੇ ਬਾਵਜੂਦ ਕਿ ਬਹੁਸੰਮਤੀ ਏਨੀ ਤੇਜ਼ੀ ਨਾਲ਼ ਸਾਡੇ ਵਾਲ਼ੇ ਪਾਸੇ ਆ ਗਈ, ਜਿੱਤ ਤੋਂ ਬਾਅਦ ਸਾਨੂੰ ਦਰਪੇਸ਼ ਮੁਸ਼ਕਲਾਂ ਕਿਤੇ ਵੱਡੀਆਂ ਸਨ। ਫਿਰ ਵੀ ਅਸੀਂ ਜਿੱਤੇ ਕਿਉਂਕਿ ਅਸੀਂ ਆਪਣੇ ਮਨਾਂ ਵਿੱਚ ਨਾ ਸਿਰਫ਼ ਟੀਚੇ ਹੀ ਰੱਖੇ ਸਗੋਂ ਅਸੂਲ ਵੀ ਰੱਖੇ ਅਤੇ ਆਪਣੀ ਪਾਰਟੀ ਵਿੱਚ ਅਜਿਹੇ ਲੋਕਾਂ ਨੂੰ ਸਹਿਣ ਨਹੀਂ ਕੀਤਾ ਜਿਹੜੇ ਅਸੂਲਾਂ ਬਾਰੇ ਚੁੱਪ-ਚਾਂ ਰੱਖਦੇ ਹਨ, ਪਰ ਟੀਚਿਆਂ, "ਖਾੜਕੂ ਰੁਚੀਆਂ" ਅਤੇ "ਗੈਰ ਸਰਗਰਮੀ ਤੋਂ ਸਰਗਰਮੀ ਵਿੱਚ ਤਬਦੀਲੀ" ਬਾਰੇ ਗੱਲਾਂ ਕਰਦੇ ਹਨ। ਸ਼ਾਇਦ ਸਾਡੀ ਅਜਿਹੇ ਭੱਦਰ ਪੁਰਸ਼ਾਂ ਨੂੰ ਜੇਲ੍ਹ ਵਿੱਚ ਰੱਖਣ ਲਈ ਨੁਕਤਾਚੀਨੀ ਕੀਤੀ ਜਾਵੇਗੀ। ਪਰ ਹੋਰ ਕਿਸੇ ਵੀ ਤਰ੍ਹਾਂ ਡਿਕਟੇਟਰਸ਼ਿਪ ਅਸੰਭਵ ਹੈ। ਸਾਨੂੰ ਲਾਜ਼ਮੀ ਤੌਰ 'ਤੇ ਡਿਕਟੇਟਰਸ਼ਿਪ ਲਈ ਤਿਆਰੀ ਕਰਨੀ ਚਾਹੀਦੀ ਹੈ ਅਤੇ ਇਹ ਤਿਆਰੀ ਦਾ ਇੱਕ ਅੰਗ ਅਜਿਹੀਆਂ ਗੱਲਾਂ ਅਤੇ ਅਜਿਹੀਆਂ ਤਰਮੀਮਾਂ ਵਿਰੁੱਧ ਮੁਹਿੰਮ ਚਲਾਉਣਾ ਵੀ ਹੈ। (**ਹਾਸਾ।**) ਲਗਭਗ ਸਾਰੇ ਦਾ ਸਾਰਾ, ਸਾਡਾ ਥੀਸਸ ਜਨਤਾ ਬਾਰੇ ਗੱਲ ਕਰਦਾ ਹੈ। ਪਰ ਸਾਥੀਓ, ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਜਨਤਾ ਦਾ ਅਰਥ ਕੀ ਹੈ। ਜਰਮਨ ਕਮਿਊਨਿਸਟ ਵਰਕਰਜ਼ ਪਾਰਟੀ ਖੱਬੇ ਪੱਖੀ ਕਾਮਰੇਡ, ਇਸ ਸ਼ਬਦ ਦੀ ਦੁਰਵਰਤੋਂ

ਕਰਦੇ ਹਨ। ਪਰ ਕਾਮਰੇਡ ਤੈਰਾਸਿਨੀ ਵੀ ਅਤੇ ਉਹ ਸਾਰੇ ਵੀ, ਜਿਨ੍ਹਾਂ ਨੇ ਇਹ ਤਰਮੀਮਾਂ ਪੇਸ਼ ਕੀਤੀਆਂ ਹਨ, ਨਹੀਂ ਜਾਣਦੇ ਕਿ ਸ਼ਬਦ "ਲੋਕ" ਨੂੰ ਕਿਵੇਂ ਪੜ੍ਹਿਆ ਜਾਵੇ।

ਮੈਨੂੰ ਬੋਲਦੇ ਨੂੰ ਕਾਫ਼ੀ ਸਮਾਂ ਹੋ ਗਿਆ ਹੈ; ਇਸ ਲਈ ਮੈਂ "ਜਨਤਾ" ਦੀ ਪਰਿਭਾਸ਼ਾ ਬਾਰੇ ਕੁਝ ਸ਼ਬਦ ਕਹਿਣਾ ਚਾਹੁੰਦਾ ਹਾਂ। ਇਹ ਪਰਿਭਾਸ਼ਾ ਘੋਲ਼ ਦੇ ਖਾਸੇ ਵਿੱਚ ਤਬਦੀਲੀ ਦੇ ਨਾਲ਼ ਨਾਲ਼ ਬਦਲਦੀ ਰਹਿੰਦੀ ਹੈ। ਘੋਲ਼ ਦੇ ਆਰੰਭ ਵਿੱਚ ਜਨਤਾ ਦਾ ਅਰਥ ਸਿਰਫ਼ ਕੁਝ ਹਜ਼ਾਰ ਹਕੀਕੀ ਇਨਕਲਾਬੀ ਵਰਕਰਾਂ ਤੋਂ ਲਿਆ ਜਾਂਦਾ ਹੈ। ਜੇਕਰ ਪਾਰਟੀ ਘੋਲ਼ ਵਿੱਚ ਨਾ ਸਿਰਫ਼ ਆਪਣੇ ਮੈਂਬਰਾਂ ਤੋਂ ਅੱਗੇ ਵੀ ਲੋਕਾਂ ਨੂੰ ਸ਼ਾਮਲ ਕਰਨ ਵਿੱਚ ਸਫ਼ਲ ਹੋ ਜਾਂਦੀ ਹੈ, ਜੇਕਰ ਇਹ ਗੈਰ-ਪਾਰਟੀ ਲੋਕਾਂ ਨੂੰ ਉਭਾਰਨ ਵਿੱਚ ਵੀ ਸਫ਼ਲ ਹੋ ਜਾਂਦੀ ਹੈ, ਤਾਂ ਇਹ ਲੋਕਾਂ ਨੂੰ ਜਿੱਤਣ ਦੇ ਠੀਕ ਰਾਹ 'ਤੇ ਹੋਵੇਗੀ। ਆਪਣੇ ਇਨਕਲਾਬਾਂ ਦੌਰਾਨ ਅਜਿਹੀ ਕਈ ਮੌਕੇ ਆਏ ਜਦੋਂ ਕੁਝ ਹਜ਼ਾਰ ਮਜ਼ਦੂਰ ਹੀ ਜਨਤਾ ਦੀ ਪ੍ਰਤੀਨਿਧਤਾ ਕਰਦੇ ਸਨ। ਸਾਡੀ ਲਹਿਰ ਅਤੇ ਮੈਨਸ਼ਵਿਕਾਂ ਵਿਰੁੱਧ ਸਾਡੇ ਘੋਲ਼ ਦੇ ਇਤਿਹਾਸ ਵਿੱਚ ਤੁਸੀਂ ਕਈ ਉਦਾਹਰਣਾਂ ਦੇਖੋਗੇ ਜਿੱਥੇ ਇੱਕ ਕਸਬੇ ਵਿੱਚ ਕੁਝ ਹਜ਼ਾਰ ਮਜ਼ਦੂਰ ਹੀ ਲਹਿਰ ਨੂੰ ਸਾਫ਼ ਜਨਤਕ ਖਾਸਾ ਪ੍ਰਦਾਨ ਕਰਨ ਦੇ ਸਮਰੱਥ ਸਨ। ਜਨਤਾ ਉਦੋਂ ਹੁੰਦੀ ਹੈ ਜਦੋਂ ਕਈ ਹਜ਼ਾਰ ਗੈਰ-ਪਾਰਟੀ ਮਜ਼ਦੂਰ, ਜਿਹੜੇ ਆਮ ਤੌਰ 'ਤੇ ਅਗਿਆਨੀ ਵਾਲ਼ਾ ਜੀਵਨ ਬਤੀਤ ਕਰਦੇ ਹਨ ਅਤੇ ਬਹੁਤ ਤਰਸਯੋਗ ਹਾਲਤ ਵਿੱਚ ਰਹਿੰਦੇ ਹਨ ਅਤੇ ਜਿਨ੍ਹਾਂ ਨੇ ਰਾਜਨੀਤੀ ਬਾਰੇ ਕੁਝ ਨਹੀਂ ਸੁਣਿਆ ਹੁੰਦਾ, ਇਨਕਲਾਬੀ ਢੰਗ ਨਾਲ਼ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ, ਜੇਕਰ ਲਹਿਰ ਫੈਲਦੀ ਅਤੇ ਤੇਜ਼ ਹੁੰਦੀ ਹੈ ਤਾਂ ਇਹ ਹੌਲ਼ੀ ਹੌਲ਼ੀ ਹਕੀਕੀ ਇਨਕਲਾਬ ਵਿੱਚ ਬਦਲ ਜਾਂਦੀ ਹੈ। ਅਸੀਂ 1905 ਅਤੇ 1917 ਵਿੱਚ ਤਿੰਨ ਇਨਕਲਾਬਾਂ ਦੌਰਾਨ ਇਹ ਗੱਲ ਦੇਖੀ ਅਤੇ ਤੁਹਾਨੂੰ ਵੀ ਇਸ ਸਾਰੇ ਅਮਲ ਵਿੱਚੋਂ ਗੁਜਰਨਾ ਪਵੇਗਾ। ਜਦੋਂ ਇਨਕਲਾਬ ਦੀ ਕਾਫ਼ੀ ਹੱਦ ਤੱਕ ਤਿਆਰੀ ਹੋ ਚੁੱਕੀ ਹੁੰਦੀ ਹੈ ਤਾਂ "ਜਨਤਾ" ਦੀ ਪਰਿਭਾਸ਼ਾ ਬਦਲੀ ਜਾਂਦੀ ਹੈ; ਫੇਰ ਕੁਝ ਹਜ਼ਾਰ ਮਜ਼ਦੂਰ ਜਨਤਾ ਨਹੀਂ ਰਹਿੰਦੇ। ਇਸ ਸ਼ਬਦ ਦਾ ਅਰਥ ਕੁਝ ਹੋਰ ਹੋ ਜਾਂਦਾ ਹੈ। "ਜਨਤਾ" ਦੀ ਪਰਿਭਾਸ਼ਾ ਵਿੱਚ ਤਬਦੀਲੀ ਹੁੰਦੀ ਹੈ ਅਤੇ ਇਸ ਦਾ ਅਰਥ ਬਹੁਸੰਮਤੀ ਅਤੇ ਸਿਰਫ਼ ਮਜ਼ਦੂਰਾਂ ਦੀ ਬਹੁਸੰਮਤੀ ਹੀ ਨਹੀਂ, ਸਗੋਂ ਸਾਰੇ ਲੁਟੀਂਦੇ ਲੋਕਾਂ ਦੀ ਬਹੁਸੰਮਤੀ ਹੋ ਜਾਂਦਾ ਹੈ। ਇਸ ਦੀ ਕੋਈ ਹੋਰ ਵਿਆਖਿਆ ਇਨਕਲਾਬੀ ਲਈ ਠੀਕ ਨਹੀਂ ਅਤੇ ਸ਼ਬਦ ਦੀ ਕੋਈ ਵੀ ਹੋਰ ਭਾਵਨਾ ਪਹੁੰਚ ਤੋਂ ਬਾਹਰੀ ਹੋ ਜਾਂਦੀ ਹੈ। ਇਹ ਸੰਭਵ ਹੈ ਕਿ ਛੋਟੀ ਜਿਹੀ ਪਾਰਟੀ, ਮਿਸਾਲ ਵਜੋਂ ਬਰਤਾਨਵੀ ਜਾਂ ਅਮਰੀਕਨ ਪਾਰਟੀ, ਜਦੋਂ ਕਿ ਇਸ ਨੇ ਰਾਜਸੀ ਵਿਕਾਸ ਦੇ ਰਾਹ ਦਾ ਚੰਗੀ ਤਰ੍ਹਾਂ ਅਧਿਐਨ ਕਰ ਲਿਆ ਹੋਵੇ ਅਤੇ ਗੈਰ-ਪਾਰਟੀ ਲੋਕਾਂ ਦੇ ਜੀਵਨ ਅਤੇ ਰਸਮਾਂ ਰਿਵਾਜਾਂ ਬਾਰੇ ਜਾਣੂੰ ਹੋ ਗਈ ਹੋਵੇ, ਵੀ ਕਿਸੇ ਚੰਗੇ ਮੌਕੇ ਇਨਕਲਾਬ ਸ਼ੁਰੂ ਕਰ ਸਕਦੀ ਹੈ (ਕਾਮਰੇਡ ਰਾਦੇਕ ਨੇ ਖਾਣ-ਪੁੱਟਾਂ ਦੀ ਹੜਤਾਲ ਦੀ ਚੰਗੀ ਉਦਾਹਰਣ ਦਿੱਤੀ ਹੈ)। ਜੇਕਰ ਪਾਰਟੀ ਅਜਿਹੇ ਮੌਕੇ ਆਪਣੇ ਨਾਅਰੇ ਲੈ ਕੇ ਅੱਗੇ ਆਵੇ ਅਤੇ ਲੱਖਾਂ ਮਜ਼ਦੂਰਾਂ ਨੂੰ ਆਪਣੇ ਮਗਰ ਲਾਉਣ ਵਿੱਚ ਸਫ਼ਲ ਹੋ ਸਕੇ ਤਾਂ ਇਹ ਜਨਤਕ ਲਹਿਰ ਹੋਵੇਗੀ। ਮੈਂ ਇਸ ਗੱਲ ਤੋਂ ਬਿਲਕੁਲ ਹੀ ਇਨਕਾਰ ਨਹੀਂ ਕਰਾਂਗਾ ਕਿ ਇਨਕਲਾਬ ਇੱਕ ਬਹੁਤ ਛੋਟੀ ਜਿਹੀ ਪਾਰਟੀ ਵੱਲੋਂ ਵੀ ਸ਼ੁਰੂ ਕੀਤਾ ਅਤੇ ਸਫ਼ਲ ਕੀਤਾ ਜਾ

ਸਕਦਾ ਹੈ। ਪਰ ਉਨ੍ਹਾਂ ਢੰਗਾਂ ਦੀ ਜਾਣਕਾਰੀ ਹੋਣੀ ਲਾਜ਼ਮੀ ਹੈ, ਜਿਨ੍ਹਾਂ ਰਾਹੀਂ ਲੋਕਾਂ ਨੂੰ ਜਿੱਤਿਆਂ ਜਾ ਸਕਦਾ ਹੈ। ਇਸ ਲਈ ਇਨਕਲਾਬ ਦੀ ਸਰਬ-ਪੱਖੀ ਤਿਆਰੀ ਜ਼ਰੂਰੀ ਹੈ। ਪਰ ਇੱਥੇ ਕਾਮਰੇਡ ਇਹ ਗੱਲ ਕਹਿ ਰਹੇ ਹਨ ਕਿ ਸਾਨੂੰ ਫੌਰਨ "ਵਿਸ਼ਾਲ" ਜਨਤਾ ਦੀ ਮੰਗ ਛੱਡ ਦੇਣੀ ਚਾਹੀਦੀ। ਉਨ੍ਹਾਂ ਨੂੰ ਚੈਲੰਜ ਕਰਨਾ ਜ਼ਰੂਰੀ ਹੈ। ਸਰਬ-ਪੱਖੀ ਤਿਆਰੀ ਤੋਂ ਬਿਨਾਂ ਤੁਸੀਂ ਕਿਸੇ ਵੀ ਦੇਸ਼ ਵਿੱਚ ਜਿੱਤ ਪ੍ਰਾਪਤ ਨਹੀਂ ਕਰ ਸਕਦੇ। ਛੋਟੀ ਜਿਹੀ ਪਾਰਟੀ ਵੀ ਜਨਤਾ ਦੀ ਅਗਵਾਈ ਕਰਨ ਦੇ ਸਮਰੱਥ ਹੈ। ਕੁਝ ਸਮਿਆਂ 'ਤੇ ਵੱਡੀਆਂ ਜਥੇਬੰਦੀਆਂ ਦੀ ਕੋਈ ਜ਼ਰੂਰਤ ਨਹੀਂ ਹੁੰਦੀ।

ਪਰ ਜਿੱਤ ਪ੍ਰਾਪਤ ਕਰਨ ਲਈ ਸਾਨੂੰ ਜਨਤਾ ਦੀ ਹਮਦਰਦੀ ਜ਼ਰੂਰ ਹੋਣੀ ਚਾਹੀਦੀ ਹੈ। ਮੁਕੰਮਲ ਬਹੁਸੰਮਤੀ ਸਦਾ ਹੀ ਜ਼ਰੂਰੀ ਨਹੀਂ ਹੁੰਦੀ; ਪਰ ਸੱਤ੍ਹਾ ਜਿੱਤਣ ਅਤੇ ਕਾਇਮ ਰੱਖਣ ਲਈ ਜੋ ਜ਼ਰੂਰੀ ਹੈ, ਉਹ ਸਿਰਫ਼ ਮਜ਼ਦੂਰ ਜਮਾਤ ਦੀ ਬਹੁਸੰਮਤੀ ਨਹੀਂ – ਮੈਂ "ਮਜ਼ਦੂਰ ਜਮਾਤ" ਸ਼ਬਦ ਦੀ ਵਰਤੋਂ ਇਸ ਦੀ ਪੱਛਮ ਯੂਰਪੀ ਭਾਵਨਾ ਵਿੱਚ ਕਰਦਾ ਹਾਂ, ਅਰਥਾਤ ਸਨਅਤੀ ਪ੍ਰੋਲੇਤਾਰੀ ਦੀ ਭਾਵਨਾ ਵਿੱਚ – ਸਗੋਂ ਮਜ਼ਦੂਰ ਅਤੇ ਲੁਟੀਂਦੀ ਪੇਂਡੂ ਜਨ ਸੰਖਿਆ ਦੀ ਬਹੁਸੰਮਤੀ ਵੀ ਲੋੜੀਂਦੀ ਹੁੰਦੀ ਹੈ। ਕੀ ਤੁਸੀਂ ਇਸ ਬਾਰੇ ਸੋਚਿਆ ਹੈ ? ਕੀ ਸਾਨੂੰ ਤੈਰਾਸਿਨੀ ਦੀ ਤਕਰੀਰ ਵਿੱਚ ਇਸ ਦਾ ਰਤਾ ਕੁ ਸੰਕੇਤ ਵੀ ਮਿਲਦਾ ਹੈ ? ਉਹ ਸਿਰਫ਼ "ਖਾੜਕੂ ਰੁਚੀ" ਅਤੇ "ਗੈਰ ਪ੍ਰੋਲੇਤਾਰੀ ਤੋਂ ਪ੍ਰੋਲੇਤਾਰੀ ਵੱਲ ਤਬਦੀਲੀ" ਬਾਰੇ ਗੱਲਾਂ ਕਰਦਾ ਹੈ। ਕੀ ਉਸ ਖੁਰਾਕ ਸਥਿਤੀ ਬਾਰੇ ਇੱਕ ਵੀ ਸ਼ਬਦ ਕਹਿੰਦਾ ਹੈ ? ਅਤੇ ਫਿਰ ਵੀ ਮਜ਼ਦੂਰ ਆਪਣੀ ਖੁਰਾਕ ਦੀ ਮੰਗ ਕਰਦੇ ਹਨ, ਹਾਲਾਂ ਕਿ ਉਹ ਕਾਫੀ ਸਿਰੜ ਰੱਖ ਸਕਦੇ ਹਨ ਅਤੇ ਭੁੱਖੇ ਰਹਿ ਸਕਦੇ ਹਨ, ਜਿਵੇਂ ਕਿ ਰੂਸ ਵਿੱਚ ਕੁਝ ਹੱਦ ਤੱਕ ਦੇਖਿਆ ਹੈ। ਇਸ ਲਈ ਸਾਨੂੰ ਨਾ ਸਿਰਫ ਮਜ਼ਦੂਰ ਜਮਾਤ ਹੀ ਸਗੋਂ ਮਿਹਨਤਕਸ਼ ਅਤੇ ਲੁਟੀਂਦੀ ਪੇਂਡੂ ਜਨਸੰਖਿਆ ਦੀ ਬਹੁਸੰਮਤੀ ਨੂੰ ਆਪਣੇ ਹੱਕ ਵਿੱਚ ਜਿੱਤਣਾ ਚਾਹੀਦਾ ਹੈ। ਕੀ ਤੁਸੀਂ ਇਸ ਗੱਲ ਲਈ ਤਿਆਰੀ ਕੀਤੀ ਹੈ ? ਲਗਭਗ ਕਿਤੇ ਨਹੀਂ।

ਅਤੇ ਇਸ ਲਈ, ਮੈਂ ਦੁਹਰਾਉਂਦਾ ਹਾਂ: ਮੈਂ ਬਿਨਾਂ ਕਿਸੇ ਰੱਖ ਰਖਾ ਦੇ ਆਪਣੇ ਥੀਸਸ ਦੀ ਰਾਖੀ ਕਰਾਂਗਾ ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਅਜਿਹਾ ਕਰਨਾ ਮੇਰਾ ਫਰਜ਼ ਹੈ। ਅਸੀਂ ਨਾ ਸਿਰਫ਼ ਕੇਂਦਰਵਾਦੀਆਂ ਦੀ ਨਿੰਦਾ ਹੀ ਕੀਤੀ, ਸਗੋਂ ਉਨ੍ਹਾਂ ਨੂੰ ਪਾਰਟੀ 'ਚੋਂ ਕੱਢ ਦਿੱਤਾ। ਹੁਣ ਸਾਨੂੰ ਲਾਜ਼ਮੀ ਤੌਰ 'ਤੇ ਦੂਜੇ ਪਾਸੇ ਨਾਲ਼ ਨਜਿੱਠਣਾ ਚਾਹੀਦਾ ਹੈ, ਜਿਸ ਨੂੰ ਵੀ ਅਸੀਂ ਖ਼ਤਰਨਾਕ ਸਮਝਦੇ ਹਾਂ। ਸਾਨੂੰ ਕਾਮਰੇਡਾਂ ਨੂੰ ਸੱਚਾਈ ਬਾਰੇ ਬਹੁਤ ਨਰਮ ਢੰਗ ਨਾਲ਼ ਦੱਸਣਾ ਚਾਹੀਦਾ ਹੈ (ਅਤੇ ਆਪਣੇ ਥੀਸਸ ਵਿੱਚ ਇਹ ਸੱਚ ਬਹੁਤ ਨਰਮ ਅਤੇ ਸਮਝ ਵਾਲ਼ੇ ਢੰਗ ਨਾਲ਼ ਦੱਸਿਆ ਗਿਆ ਹੈ), ਤਾਂ ਜੋ ਕੋਈ ਵੀ ਬੇਇੱਜ਼ਤ ਮਹਿਸੂਸ ਨਾ ਕਰੇ: ਸਾਨੂੰ ਹੁਣ ਹੋਰ ਕੇਂਦਰਵਾਦੀਆਂ ਉੱਤੇ ਹਮਲੇ ਨਾਲ਼ੋਂ ਕਿਤੇ ਮਹੱਤਵਪੂਰਨ ਸਵਾਲ ਦਾ ਸਾਹਮਣਾ ਹੈ। ਅਸੀਂ ਇਸ ਸਵਾਲ ਬਾਰੇ ਬਥੇਰਾ ਕੁਝ ਕਹਿ ਲਿਆ ਹੈ। ਇਹ ਕੁਝ ਬੋਰੀਅਤ ਵਾਲ਼ਾ ਬਣ ਚੁੱਕਾ ਹੈ। ਇਸ ਦੀ ਥਾਂ ਕਾਮਰੇਡਾਂ ਨੂੰ ਹਕੀਕੀ ਇਨਕਲਾਬੀ ਘੋਲ਼ ਕਰਨਾ ਸਿੱਖਣਾ ਚਾਹੀਦਾ ਹੈ। ਜਰਮਨ ਮਜ਼ਦੂਰਾਂ ਨੇ ਇਹ ਸ਼ੁਰੂ ਵੀ ਕਰ ਦਿੱਤਾ ਹੈ। ਉਸ ਦੇਸ਼ ਵਿੱਚ ਸੈਂਕੜੇ ਪ੍ਰੋਲੇਤਾਰੀ

ਬਹਾਦਰੀ ਨਾਲ਼ ਲੜ ਰਹੇ ਹਨ। ਜਿਹੜਾ ਵੀ ਇਸ ਘੋਲ਼ ਦਾ ਵਿਰੋਧ ਕਰਦਾ ਹੈ, ਉਸ ਨੂੰ ਫੌਰਨ ਕੱਢ ਦੇਣਾ ਚਾਹੀਦਾ ਹੈ। ਪਰ ਉਸ ਤੋਂ ਬਾਅਦ ਸਾਨੂੰ ਸ਼ਬਦ-ਬੁਣਤੀ ਵਿੱਚ ਨਹੀਂ ਲੱਗੇ ਰਹਿਣਾ ਚਾਹੀਦਾ ਸਗੋਂ ਸਾਨੂੰ, ਕੀਤੀਆਂ ਗਲਤੀਆਂ ਦੇ ਅਧਾਰ 'ਤੇ ਸਿੱਖਣਾ ਚਾਹੀਦਾ ਹੈ ਕਿ ਕਿਵੇਂ ਚੰਗੀ ਤਰ੍ਹਾਂ ਘੋਲ਼ ਕੀਤਾ ਜਾਵੇ। ਸਾਨੂੰ ਦੁਸ਼ਮਣ ਤੋਂ ਆਪਣੀਆਂ ਗਲਤੀਆਂ ਲੁਕਾਉਣੀਆਂ ਨਹੀਂ ਚਾਹੀਦੀਆਂ। ਜਿਹੜਾ ਇਸ ਗੱਲ ਤੋਂ ਡਰਦਾ ਹੈ, ਉਹ ਇਨਕਲਾਬੀ ਨਹੀਂ ਹੈ। ਇਸ ਦੇ ਉਲਟ ਜੇਕਰ ਅਸੀਂ ਮਜ਼ਦੂਰਾਂ ਨੂੰ ਖੁੱਲ੍ਹੇ ਤੌਰ 'ਤੇ ਐਲਾਨ ਕਰੀਏ: "ਹਾਂ, ਅਸੀਂ ਗਲਤੀਆਂ ਕੀਤੀਆਂ ਹਨ", ਇਸ ਦਾ ਅਰਥ ਹੋਵੇਗਾ ਕਿ ਇਹ ਦੁਹਰਾਈਆਂ ਨਹੀਂ ਜਾਣਗੀਆਂ ਅਤੇ ਅਸੀਂ ਲਹਿਰ ਚੁਣਨ ਦੇ ਵਧੇਰੇ ਚੰਗੀ ਤਰ੍ਹਾਂ ਸਮਰੱਥ ਹੋਵਾਂਗੇ। ਪਰ ਜੇਕਰ ਸੰਘਰਸ਼ ਦੌਰਾਨ ਬਹੁਸੰਮਤੀ ਮਜ਼ਦੂਰ ਸਾਡੇ ਪਾਸੇ ਹੋਣ – ਨਾ ਸਿਰਫ਼ ਮਜ਼ਦੂਰਾਂ ਦੀ ਬਹੁਸੰਮਤੀ, ਸਗੋਂ ਸਾਰੇ ਦੱਬੇ ਕੁਚਲੇ ਅਤੇ ਲੁਟੀਂਦੇ ਲੋਕਾਂ ਦੀ ਬਹੁਸੰਮਤੀ – ਤਾਂ ਅਸੀਂ ਸੱਚਮੁਚ ਜੇਤੂ ਹੋਵਾਂਗੇ। (**ਲੰਬੀਆਂ, ਜ਼ੋਰਦਾਰ ਤਾਲੀਆਂ**)

ਅਖ਼ਬਾਰੀ ਰਿਪੋਰਟਾਂ 5 ਜੁਲਾਈ 1921
ਨੂੰ **ਪ੍ਰਾਵਦਾ ਨੰ.** 144 ਅਤੇ
**ਇਜ਼ਵਸਤੀਆ VTs IK ਨੰ. 144 ਵਿੱਚ ਛਪੀ।**

ਪੂਰੀ **ਕਮਿਊਨਿਸਟ ਇੰਟਰਨੈਸ਼ਨਲ**
**ਦੀ ਤੀਜੀ ਕਾਂਗਰਸ ਦੇ ਬੁਲੇਟਿਨ**
ਨੰ. 11 ਵਿੱਚ 8 ਜੁਲਾਈ,
1921 ਨੂੰ ਛਪੀ।

**ਸਮੁੱਚੀਆਂ ਲਿਖਤਾਂ,**
ਜਿਲਦ 32, ਸਫ਼ੇ 468-77.

**'ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ'** ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਸਰਮਾਏਦਾਰ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ 'ਤੇ ਅੱਗੇ ਵੱਧ ਰਿਹਾ ਹੈ।



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 65. ਰੁਪਏ